*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com — ਸਾਲ-8, ਅੰਕ-8, ਅਗਸਤ 2018 — Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਭਾਰਤੀਆਂ ਨੇ ਕੈਨੇਡਾ 'ਚ ਵੋਟ ਦਾ ਹੱਕ ਕਿਸ ਤਰ੍ਹਾਂ ਲਿਆ ?

**ਸੁਖਵੰਤ ਹੁੰਦਲ**
**ਸਾਧੂ ਬਿਨਿੰਗ**

ਕੈਨੇਡਾ ਦੀ ਭਾਰਤੀ ਕਮਿਊਨਿਟੀ ਵਲੋਂ ਇੱਥੇ ਆਪਣੇ ਹੱਕ ਲੈਣ ਲਈ ਕੀਤੀਆਂ ਜੱਦੋਜਹਿਦਾਂ ਦਾ ਇਕ ਲੰਮਾ ਇਤਿਹਾਸ ਹੈ। ਜਿੱਥੇ ਕਮਿਊਨਿਟੀ ਵਲੋਂ ਕੈਨੇਡਾ ਦੇ ਇਮੀਗਰੇਸ਼ਨ ਦੇ ਕਾਨੂੰਨਾਂ ਵਿੱਚ ਤਬਦੀਲੀਆਂ ਲਿਆਉਣ ਵਾਸਤੇ ਜਾਂ ਭਾਰਤ ਨੂੰ ਆਜ਼ਾਦ ਕਰਾਉਣ ਵਾਸਤੇ ਕੀਤੀਆਂ ਸਰਗਰਮੀਆਂ ਅਤੇ ਕੁਰਬਾਨੀਆਂ ਆਮ ਜਾਣੀਆਂ ਜਾਂਦੀਆਂ ਹਨ ਉੱਥੇ ਉਨ੍ਹਾਂ ਦੀ ਕੈਨੇਡਾ ਵਿੱਚ ਵੋਟ ਦਾ ਹੱਕ ਪ੍ਰਾਪਤ ਕਰਨ ਵਾਸਤੇ ਕੀਤੀ ਲੰਮੀ ਅਤੇ ਮਾਣਮੱਤੀ ਜੱਦੋਜਹਿਦ ਬਾਰੇ ਬਹੁਤ ਘੱਟ ਲਿਖਿਆ ਅਤੇ ਵਿਚਾਰਿਆ ਗਿਆ ਹੈ। ਇਸ ਹੱਕ ਲਈ ਚਾਲੀ ਵਰ੍ਹੇ ਘੋਲ ਕਰਨ ਵਾਲੇ ਲੋਕਾਂ ਦੇ ਮਨਾਂ ਵਿੱਚ ਸੀ ਕਿ ਇਹ ਦਿਨ ਭਾਰਤੀ-ਕੈਨੇਡੀਅਨਾਂ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਇਸ ਲੰਮੀ ਜਦੋਜਹਿਦ ਬਾਰੇ ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਵਲੋਂ 1947 ਵਿੱਚ ਛਾਪੀ ਰਿਪੋਰਟ ਵਿੱਚ ਇਸ ਦਿਨ ਦੀ ਮਹੱਤਤਾ ਬਾਰੇ ਕੁਝ ਇਸ ਤਰ੍ਹਾਂ ਲਿਖਿਆ ਹੈ: 2 ਅਪ੍ਰੈਲ ਦਾ ਦਿਨ ਸਾਡੀ ਕਮਿਊਨਿਟੀ ਦੇ ਇਤਿਹਾਸ ਵਿੱਚ ਸਦਾ ਹੀ ਲਾਲ ਅੱਖਰਾਂ ਵਾਲੇ ਦਿਨ ਵਜੋਂ ਜਾਣਿਆ ਜਾਵੇਗਾ। ਅਜਿਹਾ ਦਿਨ ਜੋ ਸਾਡੇ ਲਈ ਡੁਮੀਨਿਅਨ ਅਤੇ ਸੂਬੇ ਦੇ ਕਾਨੂੰਨਾਂ ਅਧੀਨ ਕੈਨੇਡੀਅਨ ਨਾਗਰਿਕਾਂ ਬਰਾਬਰ ਸਿਆਸੀ ਆਜ਼ਾਦੀ ਅਤੇ ਬਰਾਬਰੀ ਲੈ ਕੇ ਆਇਆ।(1) ਇਸ ਲਈ ਅਸੀਂ ਆਪਣੇ ਫਰਜ਼ ਤੋਂ ਕੁਤਾਹੀ ਕਰ ਰਹੇ ਹੋਵਾਂਗੇ ਜੇ ਅਸੀਂ ਉਨ੍ਹਾਂ ਦੇ ਇਸ ਆਸ਼ੇ ਨੂੰ ਸ਼ਰਧਾ ਦੇ ਫੁੱਲ ਨਾ ਚੜ੍ਹਾਏ। ਅੱਜ ਜਦੋਂ ਸਾਡੀ ਆਪਣੀ ਕਮਿਊਨਿਟੀ ਵਿਚੋਂ ਕੈਨੇਡਾ ਦੀਆਂ ਹਰ ਪੱਧਰ ਦੀਆਂ ਸਰਕਾਰਾਂ ਵਿੱਚ ਚੁਣੇ ਹੋਏ ਨੁਮਾਇੰਦੇ ਹਨ ਅਤੇ ਸਾਡੇ ਆਪਣੇ ਭਾਈਚਾਰੇ ਵਿਚੋਂ ਲੋਕ ਮੰਤਰੀਆਂ ਦੇ ਅਹੁਦਿਆਂ ਉੱਤੇ ਹਨ ਤਾਂ ਸਾਡੇ ਵਾਸਤੇ ਸਾਡੇ ਬਜ਼ੁਰਗਾਂ ਵਲੋਂ ਕੀਤੀ ਇਸ ਘਾਲਣਾ ਨੂੰ ਯਾਦ ਕਰਨਾ ਬੇਹੱਦ ਜ਼ਰੂਰੀ ਹੋ ਜਾਂਦਾ ਹੈ।



ਵੋਟ ਦਾ ਹੱਕ ਲੈਣ ਵਾਸਤੇ ਸਾਡੀ ਕਮਿਊਨਿਟੀ ਦੇ ਵੱਖ ਵੱਖ ਲੋਕਾਂ ਨੇ, ਵੱਖ ਵੱਖ ਤਰੀਕਿਆਂ ਨਾਲ, ਲੰਮਾ ਸਮਾਂ ਸੰਘਰਸ਼ ਕੀਤਾ। ਇਸ ਲੰਮੇ ਸੰਘਰਸ਼ ਵਿੱਚ ਕੈਨੇਡੀਅਨ ਭਾਈਚਾਰੇ ਜਾਂ ਗੋਰੇ ਲੋਕਾਂ ਵਿਚੋਂ ਜਿੱਥੇ ਕਈ ਲੋਕ, ਖਾਸ ਕਰ ਹੁਕਮਰਾਨ, ਅਜਿਹੇ ਸਨ ਜੋ ਸਾਡੇ ਵਲ ਨਫਰਤ ਵਾਲਾ ਨਜ਼ਰੀਆ ਅਤੇ ਵਤੀਰਾ ਰੱਖਦੇ ਸਨ ਉੱਥੇ ਅਜਿਹੇ ਲੋਕ ਅਤੇ ਜਥੇਬੰਦੀਆਂ ਵੀ ਸਨ ਜਿਨ੍ਹਾਂ ਨੇ ਵੋਟ ਦੇ ਹੱਕ ਲਈ ਜੱਦੋਜਹਿਦ ਵਿੱਚ ਸਾਡੀ ਹਰ ਤਰ੍ਹਾਂ ਨਾਲ ਹਿਮਾਇਤ ਕੀਤੀ। ਕੈਨੇਡੀਅਨ ਸਮਾਜ ਵਿਚਲੇ ਅਗਾਂਹਵਧੂ ਅਤੇ ਜਮਹੂਰੀਅਤ ਪਸੰਦ ਲੋਕਾਂ, ਜਿਨ੍ਹਾਂ ਵਿੱਚ ਸੀ. ਸੀ. ਐਫ਼ (ਕੋਅਪ੍ਰੇਟਿਵ ਕਾਮਨਵੈਲਥ ਫੈਡਰੇਸ਼ਨ, ਜੋ ਅੱਗੇ ਚਲ ਕੇ ਐਨ. ਡੀ. ਪੀ. ਪਾਰਟੀ ਬਣੀ) ਵਰਗੀਆਂ ਸਿਆਸੀ ਪਾਰਟੀਆਂ ਅਤੇ ਮਜ਼ਦੂਰ ਯੂਨੀਅਨਾਂ ਸ਼ਾਮਲ ਸਨ, ਵਲੋਂ 1940ਵਿਆਂ ਦੌਰਾਨ ਕੀਤੀ ਗਈ ਹਿਮਾਇਤ ਬਹੁਤ ਗੌਲਣਯੋਗ ਹੈ। ਕਨੇਡਾ ਵਿਚਲੇ ਸਾਡੇ ਇਤਿਹਾਸ ਦੇ ਇਸ ਕਾਂਡ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਕੁੱਝ ਲਿਖਿਆ ਗਿਆ ਹੈ ਉਸ ਵਿੱਚ ਇਸ ਜੱਦੋਜਹਿਦ ਦੀ ਪੂਰੀ ਤਸਵੀਰ ਉਜਾਗਰ ਨਹੀਂ ਹੁੰਦੀ। ਜੇ ਸਾਡਾ ਇਹ ਲੇਖ ਇਸ ਅਧੂਰੀ ਅਤੇ ਧੁੰਦਲੀ ਤਸਵੀਰ ਨੂੰ ਹੋਰ ਸਪਸ਼ਟ ਕਰਨ ਵਿੱਚ ਥੋੜ੍ਹਾ ਬਹੁਤ ਵੀ ਕਾਮਯਾਬ ਹੋ ਜਾਵੇ ਤਾਂ ਅਸੀਂ ਸਮਝਾਂਗੇ ਕਿ ਸਾਡੀ ਮਿਹਨਤ ਵਰ ਆਈ ਹੈ।

ਇਸ ਲੇਖ ਵਿੱਚ ਅਸੀਂ ਕੈਨੇਡਾ ਵਿਚਲੀ ਭਾਰਤੀ ਕਮਿਊਨਿਟੀ ਦੇ ਵੋਟ ਪਾਉਣ ਦੇ ਹੱਕ ਦੇ ਮਸਲੇ ਦੇ ਵੱਖ ਵੱਖ ਪਹਿਲੂਆਂ ਉੱਪਰ ਵੇਰਵੇ ਸਹਿਤ ਰੌਸ਼ਨੀ ਪਾਉਣ ਦੀ ਕੋਸ਼ਿਸ਼ ਕਰਾਂਗੇ। ਅਸੀਂ ਵਿਚਾਰਾਂਗੇ ਕਿ ਸਾਡੇ ਲੋਕਾਂ ਦੇ ਏਥੇ ਆਉਣ ਪਿੱਛੋਂ ਕਾਨੂੰਨ ਬਣਾ ਕੇ, ਉਹਨਾਂ ਤੋਂ ਵੋਟ ਪਾਉਣ ਦਾ ਹੱਕ ਕਿਵੇਂ ਅਤੇ ਕਿਉਂ ਖੋਹਿਆ ਗਿਆ; ਉਹ ਕਿਹੜੇ ਆਰਥਿਕ, ਸਿਆਸੀ ਜਾਂ ਸਭਿਆਚਾਰਕ ਕਾਰਨ ਸਨ ਜਿਨ੍ਹਾਂ ਦੇ ਡਰ ਤੋਂ ਕੈਨੇਡਾ ਦੇ ਹੁਕਮਰਾਨ ਸਾਡੇ ਲੋਕਾਂ ਨੂੰ ਕੈਨੇਡਾ ਆਉਣ ਤੋਂ ਰੋਕਣ ਜਾਂ ਹੇਠਲੇ ਦਰਜੇ ਦੇ ਸ਼ਹਿਰੀ ਬਣਾ ਕੇ ਰੱਖਣ ਵਾਸਤੇ ਨਸਲ ਨੂੰ ਆਧਾਰ ਬਣਾਉਂਦੇ ਸਨ ਅਤੇ ਵੋਟ ਦਾ ਹੱਕ ਨਾ ਹੋਣ ਕਾਰਨ ਭਾਰਤੀ ਕੈਨੇਡੀਅਨ ਲੋਕਾਂ ਦੇ ਰੋਜ਼ਾਨਾ ਜੀਵਨ ਉੱਪਰ ਕਿਸ ਕਿਸਮ ਦੇ ਨਾਂਹ-ਪੱਖੀ ਅਸਰ ਪੈਂਦੇ ਸਨ? ਇਸ ਤੋਂ ਅੱਗੇ ਅਸੀਂ ਇਹ ਦੇਖਾਂਗੇ ਕਿ ਬਰਤਾਨਵੀ ਸਾਮਰਾਜ ਦਾ ਅਤੇ ਖਾਸ ਕਰ ਭਾਰਤ ਵਿਚਲੀ ਅੰਗ੍ਰੇਜ਼ੀ ਸਰਕਾਰ ਦਾ ਇਸ ਮਸਲੇ ਵੱਲ ਕੀ ਰਵੱਈਆ ਸੀ ਅਤੇ ਉਨ੍ਹਾਂ ਨੇ ਕੈਨੇਡਾ ਵਸਦੇ ਭਾਰਤੀਆਂ ਵਾਸਤੇ ਵੋਟ ਦੇ ਹੱਕ ਦੀ ਕਿਉਂ ਹਿਮਾਇਤ ਕੀਤੀ ਜਦੋਂ ਕਿ ਉਹ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਸਾਊਥ ਅਫਰੀਕਾ ਆਦਿ ਡੁਮੀਨਿਅਨਾਂ ਦੇ ਹਾਕਮ ਗੋਰਿਆਂ ਦੀਆਂ ਗੈਰ-ਗੋਰਿਆਂ ਵੱਲ ਅਪਣਾਈਆਂ ਬਾਕੀ ਸਾਰੀਆਂ ਨੀਤੀਆਂ ਦੀ ਹਿਮਾਇਤ ਕਰਦੇ ਸਨ ਅਤੇ ਡੁਮੀਨਿਅਨਾਂ ਨੂੰ ਗੋਰਿਆਂ ਵਾਸਤੇ ਰਾਖਵੀਆਂ ਰੱਖਣ ਦੇ ਇਰਾਦੇ ਨਾਲ ਸਹਿਮਤ ਸਨ। ਅਖੀਰ ਵਿੱਚ ਸਥਾਨਕ ਭਾਰਤੀ ਕਮਿਊਨਿਟੀ ਵਲੋਂ ਵੋਟ ਦਾ ਹੱਕ ਮੁੜ ਪ੍ਰਾਪਤ ਕਰਨ ਲਈ ਲੜੀ ਲੰਮੀ ਲੜਾਈ ਦੇ ਵੱਖ ਵੱਖ ਪਹਿਲੂਆਂ ਉੱਪਰ ਵਿਚਾਰ ਕੀਤੀ ਜਾਵੇਗੀ। ਇਸ ਦੇ ਨਾਲ ਹੀ ਇਹ ਵੀ ਦੇਖਿਆ

(ਬਾਕੀ ਸਫ਼ਾ 26 'ਤੇ)

CONGRATULATIONS
TEAM OVER 425 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689

CAMBRIDGE
Call Rani - 403-612-7881
Amar - 403-470-2627

A Class Granite Ltd.
A CLASS GRANITE
PRICED RIGHT AND DONE RIGHT
WWW.ACLASSGRANITE.ORG
CALL FOR A FREE ESTIMATE
MALKIT
778 889 9526
#48,49 13315 115 Ave Surrey
Office: 604.496.6746
m.swaich@aclassgranite.org
www.aclassgraniteltd.com
• KITCHEN COUNTERS • STAIRCASES
• VANITIES • INSTALLATIONS
• FIRE PLACES • REPAIRS

urban Real Estate Services Ltd.
BALJINDER SANGHA
MLS Real Estate Associate
CERTIFIED CONDOMINIUM SPECIALIST
"All our buyers Get 2 year Purchase Guarantee"
"Buy or Sell Home with 1 year Home Warranty"
(call for more detail)
Urban Real Estate Services Ltd.
Email : baljindersangha@urban-realty.ca www.urban-realty.ca
Cell :403-680-3212

Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans
SAVE UPTO 35%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215 - 2323 32 Ave NE Calgary AB T2E 6Z3

SUPER VISA INSURANCE
Punjab Insurance Inc
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010


Si SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
❖ Professional Services
❖ Free Home Evaluation
❖ Digital Marketing & Social Media
❖ Top Dollars in your Pocket
❖ Superb Negotiation Skills
❖ Team of 3 Realtors With Full Time Office Staff
ROYAL LEPAGE
100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary, AB T2H 2H8
www.TiwanaTeam.com

**SARO KARAN DI AWAZ**

**Publisher**
**Pro-People Arts Project Media Group 29 Mapleview Ave, Brampton Ontario, CA, L6R 1M2**

**Chief Editor**
**Harbans Singh**
416-817-7142
ppapmg@gmail.com

**Managing Director**
**Devinder Toor, Toronto**
416-902-9372
ppapmg@gmail.com

**Sub Editor**
**Master Bhajan Singh**
Calgary (Alberta)
403-455-4220
btarksheel@gmail.com

**Sub Editor**
**Dr. Hardeep Singh, Milton (Ontario)**
416-209-6363
deephsingh@gmail.com

**Sub Editor**
**Randeep Singh (India)**
09855695905
rvs0001@gmail.com

**Literary Advisor**
**Haripal**
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

**Surinder Mavi Winnipeg**
204-510-6284
surindermavi@gmail.com

**Parminder Swaich Surrey (BC)**
604-760-4794

**Rupinder Singh Kaler**
Edmonton
780-807-6517

**Graphic Desinger**
**Baljinder Singh**
+91-98782-29598
+91-92167-29598
akashdeep.1064@gmail.com

**Honorary Advisory Board**

**Sukhdev Singh Sandhu (Toronto)**

**Master Balbir Singh Gill (Toronto)**
**Jaspreet Dhaliwal (Toronto)**

**Harcharan Singh Parhar Calgary**

**Malkit Singh Abbotsford (BC)**

**Narbhinder Singh (India) (Punjab)**
935-443-0211

**Buta Singh Nawan Shahr (Punjab)**
946-347-4342
atoozed@gmail.com

**Jaswant Zirakh (India) (Punjab)**
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:

Practically in downtown

brand new 2300 sq ft townhouses
with single garage

You can't beat these
spectacular view

Priced to sell at $889,000



Call Rani - 403-612-7881
Amar - 403-470-2627

# ਕੀ ਸਖ਼ਤ ਕਾਨੂੰਨ ਹਜੂਮੀ ਕਤਲਾਂ ਨੂੰ ਰੋਕ ਸਕੇਗਾ ?



ਬੂਟਾ ਸਿੰਘ ਨਵਾਂਸ਼ਹਿਰ
94634-74342



ਪਿਛਲੇ ਦਿਨੀਂ ਜਦੋਂ ਸੰਸਦ ਵਿਚ ਬੇਵਿਸਾਹੀ ਦੇ ਮਤੇ ਉੱਪਰ ਬਹਿਸ ਮੌਕੇ ਪ੍ਰਧਾਨ ਮੰਤਰੀ ਵਲੋਂ ਹਜੂਮੀ ਕਤਲਾਂ ਦੀ ਨਿਖੇਧੀ ਕੀਤੀ ਗਈ ਅਤੇ ਕੇਂਦਰੀ ਗ੍ਰਹਿ ਮੰਤਰੀ ਵਲੋਂ ਐਸੇ ਕਤਲਾਂ ਨੂੰ ਰੋਕਣ ਲਈ ਸੂਬਿਆਂ ਨੂੰ ਲੋੜ ਪੈਣ 'ਤੇ ਸਖ਼ਤ ਕਾਨੂੰਨ ਬਣਾਉਣ ਦਾ ਸੁਝਾਅ ਦਿੱਤਾ ਗਿਆ ਉਸੇ ਰਾਤ ਰਾਜਸਥਾਨ ਦੇ ਅਲਵਰ ਵਿਚ ਆਪੇ ਬਣੇ ਗਊ ਰਖਵਾਲਿਆਂ ਵਲੋਂ ਇਕ ਮੁਸਲਮਾਨ ਅਕਬਰ ਨੂੰ ਕੁੱਟ-ਕੁੱਟਕੇ ਮਾਰ ਦਿੱਤਾ ਗਿਆ। ਪ੍ਰਧਾਨ ਮੰਤਰੀ ਸਮੇਤ ਭਾਜਪਾ ਦੇ ਸਿਖ਼ਰਲੇ ਆਗੂ, ਹਜੂਮੀ ਹਮਲਿਆਂ ਦੀਆਂ ਸੂਤਰਧਾਰ ਸੰਘ ਪਰਿਵਾਰ ਦੀਆਂ ਜਥੇਬੰਦੀਆਂ, ਹਜੂਮੀ ਕਤਲਾਂ ਅਤੇ ਇਹਨਾਂ ਕਤਲਾਂ ਨੂੰ ਜਾਇਜ਼ ਠਹਿਰਾਉਣ ਵਾਲੇ ਆਪਣੇ ਹੇਠਲੇ ਆਗੂਆਂ ਦੇ ਬਿਆਨਾਂ ਅਤੇ ਕਾਰਵਾਈਆਂ ਪ੍ਰਤੀ ਆਮ ਤੌਰ 'ਤੇ ਖ਼ਾਮੋਸ਼ ਹੀ ਰਹਿੰਦੇ ਹਨ। ਜੇ ਮਜਬੂਰੀ ਵੱਸ ਉਹਨਾਂ ਨੂੰ ਕਦੇ-ਕਦਾਈਂ ਐਸੇ ਬਿਆਨ ਦੇਣਾ ਵੀ ਪੈਂਦਾ ਹੈ ਤਾਂ ਇਹਨਾਂ ਬਿਆਨਾਂ ਦਾ 'ਗਊ ਰਖਵਾਲੇ' ਹਜੂਮਾਂ ਉੱਪਰ ਕੋਈ ਅਸਰ ਪੈਣ ਵਾਲਾ ਨਹੀਂ। ਇਸ ਦੀ ਖ਼ਾਸ ਵਜ੍ਹਾ ਹੈ।

ਭੀੜਤੰਤਰ ਵੱਖ-ਵੱਖ ਕਾਰਨਾਂ ਕਰਕੇ ਸੱਤਾਧਾਰੀ ਧਿਰ ਦੀ ਰਾਜਸੀ ਜ਼ਰੂਰਤ ਹੈ। ਸੰਘ ਪਰਿਵਾਰ ਦੇ ਤਾਣੇਬਾਣੇ ਅਤੇ ਪ੍ਰਚਾਰਤੰਤਰ ਨੇ ਬਹੁਗਿਣਤੀ ਫਿਰਕੇ ਦੇ ਹਜੂਮਾਂ ਨੂੰ ਇਕ ਖ਼ਾਸ ਦ੍ਰਿਸ਼ਟੀ ਦੇਕੇ 'ਦੁਸ਼ਮਣ' ਦੀ ਨਿਸ਼ਾਨਦੇਹੀ ਕਰਨ ਅਤੇ ਧਾਰਮਿਕ ਫ਼ਰਜ਼ ਨਿਭਾਉਣ ਲਈ ਖ਼ਾਸ ਜਨੂੰਨੀ ਰੰਗ ਵਿਚ ਰੰਗ ਦਿੱਤਾ ਹੈ ਜਿਸ ਮੁਤਾਬਿਕ ਦਾੜ੍ਹੀ ਅਤੇ ਕਲੰਦਰੀ ਟੋਪੀ ਭਾਵ ਮੁਸਲਿਮ ਪਛਾਣ ਵਾਲਾ ਕੋਈ ਵੀ ਮਨੁੱਖ ਉਹਨਾਂ ਲਈ ਸੁਤੇਸਿੱਧ ਹੀ ਦੇਸ਼ਧ੍ਰੋਹੀ ਹੈ। ਜੇ ਉਹ ਗਊ ਲੈਕੇ ਜਾ ਰਿਹਾ ਹੈ ਤਾਂ ਜਨੂੰਨੀ ਹਜੂਮ ਦੇ ਤਸੱਵਰ ਵਿਚ ਉਹ ਬੁੱਚੜਖ਼ਾਨੇ ਨੂੰ ਗਊਆਂ ਸਪਲਾਈ ਕਰਨ ਵਾਲਾ ਪੱਕਾ ਪੇਸ਼ੇਵਰ ਤਸਕਰ ਹੈ ਜਿਸ ਨੂੰ ਤੁਰੰਤ ਮੌਤ ਦੇ ਘਾਟ ਉਤਾਰਨਾ ਉਹ ਆਪਣਾ ਫਰਜ਼ ਸਮਝਦੇ ਹਨ। ਉਹਨਾਂ ਲਈ ਤਾਂ ਹਿੰਦੂ ਧਰਮ ਦਾ ਪੈਰੋਕਾਰ ਸਵਾਮੀ ਅਗਨੀਵੇਸ਼ ਵੀ ਈਸਾਈ ਧਰਮ ਦਾ ਪ੍ਰਚਾਰਕ ਜਾਂ ਨਕਸਲੀ ਏਜੰਟ ਹੈ ਜੋ ਹਿੰਦੂ ਧਰਮ ਦਾ ਐਸਾ ਦੁਸ਼ਮਣ ਹੈ ਜਿਸ ਨੂੰ ਸਰੇਆਮ ਸੜਕ ਉੱਪਰ ਵਹਿਸ਼ੀ ਤਰੀਕੇ ਨਾਲ ਕੁਟਾਪਾ ਚਾੜ੍ਹਕੇ ਹੀ ਹਿੰਦੂ ਧਰਮ ਦੀ ਰਾਖੀ ਕੀਤੀ ਜਾ ਸਕਦੀ ਹੈ। ਇਹ ਜ਼ਿਹਨੀਅਤ ਖ਼ੁਦ ਨੂੰ ਕਾਨੂੰਨ ਦੇ ਰਾਜ ਤੋਂ ਉੱਪਰ ਸਮਝਦੀ ਹੈ ਅਤੇ ਇਹਨਾਂ ਹਜੂਮਾਂ ਲਈ ਕਿਸੇ ਨੂੰ ਸਬੂਤਾਂ ਦੇ ਅਧਾਰ 'ਤੇ ਦੋਸ਼ੀ ਠਹਿਰਾਕੇ ਕਾਨੂੰਨੀ ਤੌਰ 'ਤੇ ਸਜ਼ਾ ਦੇਣ ਦਾ ਅਦਾਲਤੀ ਵਿਧੀ-ਵਿਧਾਨ ਅਤੇ ਅਮਲ ਕੋਈ ਮਾਇਨੇ ਨਹੀਂ ਰੱਖਦੇ। ਸਵਾਮੀ ਵਰਗੀ ਕੱਦਾਵਰ ਸ਼ਖ਼ਸੀਅਤ ਉੱਪਰ ਅਤੇ ਕਾਂਗਰਸ ਦੇ ਆਗੂ ਸ਼ਸ਼ੀ ਥਰੂਰ ਦੇ ਦਫ਼ਤਰ ਉੱਪਰ ਬੇਖ਼ੌਫ਼ ਹਜੂਮੀ ਹਮਲਿਆਂ ਤੋਂ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਕਿ ਇਸ ਨਿਜ਼ਾਮ ਵਿਚ ਗ਼ਰੀਬ ਮੁਸਲਮਾਨਾਂ ਜਾਂ ਦਲਿਤਾਂ ਦੀ ਜ਼ਿੰਦਗੀ ਕਿਸ ਕਦਰ ਅਸੁਰੱਖਿਅਤ ਹੈ।

ਹਾਲ ਹੀ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਕਰਨਾਟਕਾ ਦੇ ਦਕਸ਼ਿਣ ਕੰਨੜ ਜ਼ਿਲ੍ਹੇ ਦੇ ਹਰ ਪਿੰਡ ਵਿਚ ਦਸ ਮੈਂਬਰੀ ਗਊ ਰਕਸ਼ਾ ਦਲ ਬਣਾਉਣ ਦਾ ਐਲਾਨ ਕੀਤਾ ਹੈ। ਇਸ ਬਾਰੇ ਮੋਦੀ ਵਜ਼ਾਰਤ ਖ਼ਾਮੋਸ਼ ਰਹੇਗੀ। ਸਵਾਲ ਇਹ ਹੈ ਕਿ ਕੀ ਹਜੂਮੀ ਕਤਲਾਂ ਨੂੰ ਰੋਕਣ ਲਈ ਸੰਸਦ ਵਿਚ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਰਸਮੀਂ ਬਿਆਨ ਅਤੇ 17 ਜੁਲਾਈ ਨੂੰ ਇਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਵਲੋਂ ਸੰਸਦ ਨੂੰ ਹਜੂਮੀ ਕਤਲਾਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਦੇ ਮਸ਼ਵਰੇ ਉਹਨਾਂ ਹਜੂਮਾਂ ਲਈ ਕੋਈ ਅਹਿਮੀਅਤ ਰੱਖਦੇ ਹਨ ਜਿਹਨਾਂ ਦੀ ਪਰਵਰਿਸ਼ ਹਿੰਦੂਤਵ ਦੇ ਇਕ ਖ਼ਾਸ ਏਜੰਡੇ ਤਹਿਤ ਗਿਣ-ਮਿਥਕੇ ਕੀਤੀ ਜਾ ਰਹੀ ਹੈ? ਕੀ ਹਜੂਮੀ ਹਮਲਿਆਂ ਵਿਚ ਵਾਧਾ ਸਖ਼ਤ ਕਾਨੂੰਨ ਦੀ ਅਣਹੋਂਦ ਕਾਰਨ ਹੈ ਜਾਂ ਸੱਤਾਧਾਰੀ ਧਿਰ ਦੀ ਰਾਜਸੀ ਪੁਸ਼ਤਪਨਾਹੀ ਕਾਰਨ? ਮੁਲਕ ਦੇ ਦੰਡ-ਵਿਧਾਨ ਵਿਚ ਐਸੇ ਬਹੁਤ ਸਾਰੇ ਸਖ਼ਤ ਕਾਨੂੰਨ ਅਤੇ ਐਸੀਆਂ ਧਾਰਾਵਾਂ ਪਹਿਲਾਂ ਹੀ ਮੌਜੂਦ ਹਨ ਜਿਹਨਾਂ ਨੂੰ ਲਾਗੂ ਕਰਕੇ ਇਹਨਾਂ ਜੁਰਮਾਂ ਦੇ ਦੋਸ਼ੀਆਂ ਨੂੰ ਵੀ ਢੁੱਕਵੀਂਆਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ। ਜੇ ਇਹ ਨਹੀਂ ਹੋ ਰਿਹਾ ਤਾਂ ਇਸ ਦਾ ਮੁੱਖ ਕਾਰਨ ਕੇਂਦਰ ਅਤੇ ਬਹੁਗਿਣਤੀ ਸੂਬਿਆਂ ਵਿਚ ਸੱਤਾਧਾਰੀ ਭਗਵੇਂ ਹੁਕਮਰਾਨਾਂ ਦੀ ਇਹਨਾਂ ਮਾਮਲਿਆਂ ਵਿਚ ਰਾਜਸੀ ਦਖ਼ਲਅੰਦਾਜ਼ੀ ਅਤੇ ਪੁਲਿਸ ਤੇ ਹੋਰ ਜਾਂਚ ਏਜੰਸੀਆਂ ਦਾ ਪੇਸ਼ੇਵਾਰਾਨਾ ਪਹੁੰਚ ਨੂੰ ਤਿਲਾਂਜਲੀ ਦੇਕੇ ਸੱਤਾਧਾਰੀ ਧਿਰ ਦੀ ਇੱਛਾ ਮੁਤਾਬਿਕ ਕੰਮ ਕਰਨਾ ਹੈ। ਅਲਵਰ ਕਾਂਡ ਵਿਚ ਖ਼ੁਲਾਸਾ ਹੋਇਆ ਹੈ ਕਿ ਪੁਲਿਸ ਵਲੋਂ ਜ਼ਖ਼ਮੀ ਅਕਬਰ ਦੀ ਜਾਨ ਬਚਾਉਣ ਲਈ ਉਸ ਨੂੰ ਹਸਪਤਾਲ ਲਿਜਾਣ ਦੀ ਬਜਾਏ ਗਊਆਂ ਨੂੰ ਗਊਸ਼ਾਲਾ ਪਹੁੰਚਾਉਣ ਨੂੰ ਤਰਜ਼ੀਹ ਦਿੱਤੀ ਗਈ ਅਤੇ ਇਸ ਪੂਰੇ ਸਮੇਂ ਦੌਰਾਨ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਆਗੂ ਉਹਨਾਂ ਦੇ ਨਾਲ ਸੀ ਜਿਸਨੇ ਕਥਿਤ ਗਊ ਤਸਕਰੀ ਦੀ ਇਤਲਾਹ ਪੁਲਿਸ ਨੂੰ ਦਿੱਤੀ ਸੀ। ਉਂਞ ਗੱਲ ਨਿਰੀ ਦਖ਼ਲਅੰਦਾਜ਼ੀ ਤਕ ਸੀਮਤ ਨਹੀਂ, ਪਿਛਲੇ ਚਾਰ ਸਾਲਾਂ ਵਿਚ ਹਜੂਮੀ ਕਤਲਾਂ ਦੇ ਮਾਮਲਿਆਂ ਵਿਚ ਸੱਤਾਧਾਰੀ ਧਿਰ ਵਲੋਂ ਇਸ ਵਰਤਾਰੇ ਦੀ ਜ਼ਾਹਰਾ ਪੁਸ਼ਤਪਨਾਹੀ ਅਤੇ ਹੱਲਾਸ਼ੇਰੀ ਵਾਰ-ਵਾਰ ਚਰਚਾ ਦਾ ਵਿਸ਼ਾ ਬਣਦੀ ਆ ਰਹੀ ਹੈ।

ਪਿਛਲੇ ਦਿਨੀਂ ਭਾਜਪਾ ਦੇ ਮੰਤਰੀ ਜੈਯੰਤ ਸਿਨਹਾ ਵਲੋਂ ਅੱਠ ਮੁਜਰਿਮਾਂ ਨੂੰ ਜ਼ਮਾਨਤ ਮਿਲਣ 'ਤੇ ਉਹਨਾਂ ਦੇ ਗਲਾਂ ਵਿਚ ਹਾਰ ਪਾਕੇ ਉਹਨਾਂ ਨੂੰ ਨਾਇਕਾਂ ਵਜੋਂ ਵਡਿਆਇਆ ਗਿਆ ਜਿਹਨਾਂ ਨੂੰ ਅਦਾਲਤ ਵਲੋਂ ਅਲੀਮੂਦੀਨ ਅੰਸਾਰੀ ਦੇ ਹਜੂਮੀ ਕਤਲ ਦੇ ਮਾਮਲੇ ਵਿਚ ਦੋਸ਼ੀ ਨਾਮਜ਼ਦ ਕੀਤਾ ਗਿਆ ਹੈ। ਰਾਜਸਥਾਨ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਰਾਮਨੌਵੀਂ ਜਲੂਸ ਦੇ ਮੌਕੇ ਕੱਢੇ ਪੈਂਫਲੈਂਟ ਵਿਚ ਰਾਮ ਅਤੇ ਸੀਤਾ ਦੇ ਨਾਲ ਹਤਿਆਰੇ ਸ਼ੰਭੂਲਾਲ ਨੂੰ ਨਾਇਕ ਵਜੋਂ ਪੇਸ਼ ਕੀਤਾ ਗਿਆ ਜਿਸਨੇ ਮਜ਼ਦੂਰ ਮੁਹੰਮਦ ਅਫ਼ਰਾਜੁਲ ਦਾ ਕਤਲ ਕਰਦਿਆਂ ਉਸ ਘਿਣਾਉਣੇ ਕਾਂਡ ਨੂੰ ਫਿਲਮਾਕੇ ਸੋਸ਼ਲ ਮੀਡੀਆ ਉੱਪਰ ਵੀਡੀਓ ਕਲਿੱਪ ਪਾਇਆ ਸੀ। ਇਸ ਤੋਂ ਪਹਿਲਾਂ ਭਾਜਪਾ ਦਾ ਸੈਰਸਪਾਟਾ ਮੰਤਰੀ ਮਹੇਸ਼ ਚੰਦ ਸ਼ਰਮਾ ਦਾਦਰੀ ਕਾਂਡ ਵਿਚ ਮਾਰੇ ਗਏ ਮੁਹੰਮਦ ਅਖ਼ਲਾਕ ਦੇ ਕਤਲ ਦੇ ਦੋਸ਼ੀ ਰਵੀ ਸਿਸੌਦੀਆ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਹੋਇਆ ਜਿਸਦੀ ਜੇਲ੍ਹ ਵਿਚ ਮੌਤ ਹੋ ਗਈ ਸੀ। ਮੰਤਰੀ ਦੀ ਅਗਵਾਈ ਹੇਠ ਲਾਸ਼ ਉੱਪਰ ਤਿਰੰਗਾ ਝੰਡਾ ਪਾਕੇ ਮ੍ਰਿਤਕ ਨੂੰ ਸ਼ਹੀਦ ਦਾ ਦਰਜਾ ਦਿੱਤਾ ਗਿਆ, ਸਿਸੌਦੀਆ ਦੇ ਪਰਿਵਾਰ ਨੂੰ ਅੱਠ ਲੱਖ ਰੁਪਏ ਦੀ ਸਹਾਇਤਾ ਅਤੇ ਉਸਦੀ ਪਤਨੀ ਨੂੰ ਅਧਿਆਪਕਾ ਦੀ ਨੌਕਰੀ ਦਿੱਤੀ ਗਈ। ਪੰਦਰਾਂ ਮੁੱਖ ਦੋਸ਼ੀਆਂ ਨੂੰ ਐੱਨ.ਟੀ.ਪੀ.ਸੀ. ਵਿਚ ਠੇਕੇ 'ਤੇ ਨੌਕਰੀਆਂ ਦਿੱਤੀਆਂ ਗਈਆਂ। ਭਾਜਪਾ ਦੇ ਸਾਂਸਦ ਨਿਸ਼ੀਕਾਂਤ ਦੁੱਬੇ ਵਲੋਂ ਝਾਰਖੰਡ ਵਿਚ ਹਜੂਮੀ ਕਾਤਲਾਂ ਦੀ ਹਮਾਇਤ ਕਰਦਿਆਂ ਉਹਨਾਂ ਦੇ ਬਚਾਓ ਲਈ ਵਕੀਲਾਂ ਦਾ ਖਰਚਾ ਦੇਣ ਦੀ ਐਲਾਨੀਆ ਤੌਰ 'ਤੇ ਪੇਸ਼ਕਸ਼ ਕੀਤੀ ਗਈ। ਜਦੋਂ ਹਜੂਮੀ ਕਤਲਾਂ ਦੇ ਘਿਣਾਉਣੇ ਕਾਂਡਾਂ ਲਈ ਨਾਮਜ਼ਦ ਮੁਜਰਿਮਾਂ ਦੇ ਹੱਕ ਵਿਚ ਮੰਤਰੀਆਂ ਵਲੋਂ ਇਸ ਕਦਰ ਨਿਰਸੰਕੋਚ ਭੂਮਿਕਾ ਨਿਭਾਈ ਜਾ ਰਹੀ ਹੈ ਤਾਂ ਅਦਾਲਤੀ ਅਮਲ ਅੰਦਰ ਪੁਲਿਸ ਅਤੇ ਜਾਂਚ ਏਜੰਸੀਆਂ ਦਾ ਨਿਰਲੇਪ ਹੋਕੇ ਕੰਮ ਕਰਨਾ ਕਿਵੇਂ ਸੰਭਵ ਹੈ। ਐਸੇ ਹਾਲਾਤ ਵਿਚ ਕਾਨੂੰਨ ਸਖ਼ਤ ਹੈ ਜਾਂ ਨਰਮ, ਕੋਈ ਮਾਇਨੇ ਨਹੀਂ ਰੱਖਦਾ।

ਇਥੇ ਇਨਕਾਰ, ਸਵਾਗਤ ਅਤੇ ਗੁਣਗਾਣ ਦਾ ਇਕ ਖ਼ਾਸ ਤਰ੍ਹਾਂ ਦਾ ਪੈਟਰਨ ਕੰਮ ਕਰ ਰਿਹਾ ਹੈ। ਇਤਿਹਾਸ ਤੋਂ ਵਰਤਮਾਨ ਤਕ ਇਸਦੀ ਇਕ ਲਗਾਤਾਰਤਾ ਹੈ। ਇਸ ਦੀਆਂ ਪੈੜਾਂ ਮਹਾਤਮਾ ਗਾਂਧੀ ਦੇ ਕਤਲ ਤਕ ਸੱਤ ਦਹਾਕੇ ਪਿੱਛੇ ਤਕ ਜਾਂਦੀਆਂ ਹਨ। ਹਿੰਦੂਤਵ ਦੇ ਪ੍ਰਮੁੱਖ ਰਾਹਬਰ, ਨੱਥੂਰਾਮ ਗੌਡਸੇ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧਾਂ ਤੋਂ ਸਾਫ਼ ਮੁੱਕਰਦੇ ਰਹੇ। ਫਿਰ ਸਾਜ਼ਗਰ ਹਾਲਾਤ ਦੇਖਕੇ ਗਾਂਧੀ ਦੇ ਕਾਤਲ ਦਾ ਕੌਮੀ ਨਾਇਕ ਵਜੋਂ ਗੁਣਗਾਣ ਸ਼ੁਰੂ ਕਰ ਦਿੱਤਾ ਗਿਆ। ਹੁਣ ਵੀ ਜਦੋਂ ਕਿਸੇ ਹਜੂਮੀ ਕਤਲ ਵਿਚ ਕਾਤਲਾਂ ਨਾਲ ਸੰਘ ਪਰਿਵਾਰ ਦਾ ਸਬੰਧ ਨਸ਼ਰ ਹੋਣਾ ਸ਼ੁਰੂ ਹੁੰਦਾ ਹੈ ਤਾਂ ਮੁਜਰਿਮਾਂ ਨਾਲ ਕੋਈ ਵਾਹ-ਵਾਸਤਾ ਨਾ ਹੋਣ ਦੀ ਸਫ਼ਾਈਨੁਮਾ ਬਿਆਨਬਾਜ਼ੀ ਸ਼ੁਰੂ ਹੋ ਜਾਂਦੀ ਹੈ ਲੇਕਿਨ ਨਾਲ ਹੀ ਬਾਕਾਇਦਗੀ ਨਾਲ ਦਲੀਲਾਂ ਦੇਕੇ ਹਜੂਮਾਂ ਦੇ ਕਾਰੇ ਨੂੰ ਜਾਇਜ਼ ਵੀ ਠਹਿਰਾਇਆ ਜਾਂਦਾ ਹੈ। ਸਵਾਮੀ ਅਗਨੀਵੇਸ਼ ਉੱਪਰ ਹਮਲਾ ਇਸਦੀ ਤਾਜ਼ਾ ਮਿਸਾਲ ਹੈ। ਭਾਜਪਾ ਦੇ ਵਿਦਿਆਰਥੀ ਵਿੰਗ ਵਲੋਂ ਬਾਕਾਇਦਾ ਧਮਕੀ ਦਿੱਤੀ ਜਾਂਦੀ ਹੈ ਕਿ ਸਵਾਮੀ ਦਾ ਕਾਲੀਆਂ ਝੰਡੀਆਂ ਨਾਲ ਵਿਰੋਧ ਕੀਤਾ ਜਾਵੇਗਾ। ਸਵਾਮੀ ਸਥਾਨਕ ਪੁਲਿਸ ਨੂੰ ਲਿਖਤੀ ਬੇਨਤੀ ਕਰਕੇ ਸੁਰੱਖਿਆ ਦੀ ਮੰਗ ਕਰਦਾ ਹੈ। ਹਮਲਾਵਰ ਹਜੂਮ ਵਲੋਂ ਕੁੱਟਮਾਰ ਕਰਦੇ ਵਕਤ "ਜੈ ਸੀਆਰਾਮ" ਦੇ ਜੈਕਾਰੇ ਗੁੰਜਾਉਣ ਦੀਆਂ ਵੀਡੀਓ ਫੁੱਟੇਜ ਮੌਜੂਦ ਹਨ। ਫਿਰ ਵੀ, ਭਾਜਪਾ ਆਗੂ ਕਹਿ ਰਹੇ ਹਨ ਕਿ ਹਮਲਾਵਰਾਂ ਦਾ ਏ.ਬੀ.ਵੀ.ਪੀ. ਨਾਲ ਕੋਈ ਤਾਅਲੁੱਕ ਨਹੀਂ। ਇਕ ਭਾਜਪਾ ਆਗੂ ਨੇ ਤਾਂ ਇੱਥੋਂ ਤਕ ਦਾਅਵਾ ਕੀਤਾ ਕਿ ਹਮਲਾ ਹੋਇਆ ਹੀ ਨਹੀਂ ਇਹ ਤਾਂ ਸਵਾਮੀ ਦਾ ਪਬਲਿਸਟੀ ਸਟੰਟ ਸੀ। ਇਕ ਮੰਤਰੀ ਸੀ.ਪੀ.ਸਿੰਘ ਕੁੱਟਮਾਰ ਨੂੰ ਇਹ ਦਲੀਲ ਦੇਕੇ ਜਾਇਜ਼ ਠਹਿਰਾਉਂਦਾ ਹੈ ਕਿ ਸਵਾਮੀ ਹਿੰਦੂਆਂ ਦੇ ਖ਼ਿਲਾਫ਼ ਬੋਲਦਾ ਹੈ ਅਤੇ ਕਸ਼ਮੀਰੀ ਵੱਖਵਾਦੀਆਂ ਤੇ ਨਕਸਲੀਆਂ ਦਾ ਹਮਾਇਤੀ ਹੈ। ਭਾਵ ਹਜੂਮ ਨੇ ਉਸਦੀ ਕੁੱਟਮਾਰ ਕਰਕੇ ਸ਼ੁਭ ਕੰਮ ਕੀਤਾ ਹੈ! ਇਹ ਪਹਿਲੀ ਮਿਸਾਲ ਨਹੀਂ। ਪਿਛਲੇ ਸਾਲ ਰਾਜਸਥਾਨ ਦੇ ਗ੍ਰਹਿ ਮੰਤਰੀ ਗੁਲਾਬ ਚੰਦ ਕਟਾਰੀਆ ਨੇ ਹਜੂਮ ਵਲੋਂ ਕਤਲ ਕੀਤੇ ਗਏ ਪਹਿਲੂ ਖ਼ਾਨ ਨੂੰ ਹੀ ਗਊ ਤਸਕਰ ਕਰਾਰ ਦੇ ਦਿੱਤਾ ਸੀ। ਜਿਸ ਦਾ ਭਾਵ ਸੀ ਕਿ ਉਸਨੂੰ ਕਤਲ ਕਰਨਾ ਜਾਇਜ਼ ਸੀ। ਹਾਲ ਹੀ ਵਿਚ ਅਲਵਰ ਵਿਚ ਹੋਏ ਹਜੂਮੀ ਕਤਲ ਬਾਰੇ ਕੇਂਦਰੀ ਮੰਤਰੀ ਅਰਜਨ ਮੇਘਵਾਲ ਨੇ ਨਵਾਂ ਸਿਧਾਂਤ ਪੇਸ਼ ਕਰ ਦਿੱਤਾ ਗਿਆ ਕਿ ਮੋਦੀ ਦੀ ਹਰਮਨਪਿਆਰਤਾ ਵਧ ਰਹੀ ਹੋਣ ਕਾਰਨ ਉਸ ਦਾ ਅਕਸ ਵਿਗਾੜਨ ਲਈ ਹਜੂਮੀ ਹਮਲੇ ਕਰਵਾਏ ਜਾ ਰਹੇ ਹਨ ਜੋ ਆਉਣ ਵਾਲੇ ਦਿਨਾਂ ਵਿਚ ਹੋਰ ਵਧਣਗੇ ਕਿਉਂਕਿ ਮੋਦੀ ਦੀ ਹਰਮਨਪਿਆਰਤਾ ਵਧੇਗੀ। ਸੰਸਦ ਵਿਚ ਮੋਦੀ ਵਜ਼ਾਰਤ ਦਾ ਹੋਰ ਵੀ ਘਿਣਾਉਣਾ ਰੂਪ ਸਾਹਮਣੇ ਆਇਆ ਜਦੋਂ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਦੀ ਮੁਹਾਰਤ ਤਹਿਤ ਕਾਂਗਰਸ ਨੂੰ ਨਿਸ਼ਾਨਾ ਬਣਾਉਣ ਲਈ ਇਹ ਰਾਜਸੀ ਗੋਲਾ ਦਾਗ਼ਿਆ ਗਿਆ ਕਿ ਸਭ ਤੋਂ ਵੱਡਾ ਹਜੂਮੀ ਕਤਲ ਕਾਂਡ ਤਾਂ 1984 ਦਾ ਕਤਲੇਆਮ ਸੀ। ਲੇਕਿਨ ਇਹ ਨਹੀਂ ਦੱਸਿਆ ਇਸੇ ਪੱਧਰ ਦਾ ਇਕ ਹੋਰ ਕਤਲੇਆਮ 2002 ਵਿਚ ਗੁਜਰਾਤ ਵਿਚ ਮੋਦੀ ਰਾਜ ਵਿਚ ਵੀ ਹੋਇਆ ਗਿਆ ਸੀ ਅਤੇ ਇਹ ਦੋਵੇਂ ਕਾਂਡ ਦਰਅਸਲ ਘੱਟਗਿਣਤੀਆਂ ਦੀ ਨਸਲਕੁਸ਼ੀ ਸੀ।

ਇਕ ਸੋਚੀ-ਸਮਝੀ ਨੀਤੀ ਤਹਿਤ ਹਜੂਮੀ ਕਤਲਾਂ ਅਤੇ ਹਮਲਿਆਂ ਦੇ ਲਗਾਤਾਰ ਸਿਲਸਿਲੇ ਦੇ ਬਾਵਜੂਦ ਕੌਮੀ ਜੁਰਮ ਰਿਕਾਰਡ ਬਿਊਰੋ ਵਲੋਂ ਇਹਨਾਂ ਖ਼ਾਸ ਤਰ੍ਹਾਂ ਦੇ ਜੁਰਮਾਂ ਦਾ ਕੋਈ ਰਿਕਾਰਡ ਨਹੀਂ ਰੱਖਿਆ ਜਾ ਰਿਹਾ। ਇਸ ਤੱਥ ਨੂੰ ਗ੍ਰਹਿ ਰਾਜ ਮੰਤਰੀ ਮਾਰਚ ਮਹੀਨੇ ਰਾਜ ਸਭਾ ਵਿਚ ਸਵੀਕਾਰ ਕਰ ਚੁੱਕੇ ਹਨ। ਗ੍ਰਹਿ ਮੰਤਰਾਲੇ ਵਲੋਂ ਗ਼ੈਰਸਰਕਾਰੀ ਅੰਕੜਿਆਂ ਦੇ ਅਧਾਰ 'ਤੇ ਦਿੱਤੀ ਜਾਣਕਾਰੀ ਅਨੁਸਾਰ 2014 ਤੋਂ ਲੈਕੇ ਮਾਰਚ 2018 ਤਕ ਮੁਲਕ ਦੇ ਨੌਂ ਸੂਬਿਆਂ ਵਿਚ ਹਜੂਮੀ ਕਤਲਾਂ ਦੀਆਂ 40 ਵਾਰਦਾਤਾਂ ਵਾਪਰ ਚੁੱਕੀਆਂ ਸਨ ਜਿਹਨਾਂ ਵਿਚ 45 ਵਿਅਕਤੀ ਮਾਰੇ ਜਾ ਚੁੱਕੇ ਹਨ। ਕਥਿਤ ਗਊ ਰੱਖਿਆ, ਫਿਰਕੂ ਅਤੇ ਜਾਤਪਾਤੀ ਨਫ਼ਰਤ ਜਾਂ ਬੱਚੇ ਅਗਵਾ ਕਰਨ ਦੀਆਂ ਅਫ਼ਵਾਹਾਂ ਨੇ ਇਹਨਾਂ ਹੱਤਿਆਵਾਂ ਲਈ ਹਜੂਮਾਂ ਨੂੰ ਉਕਸਾਇਆ। ਗ਼ੈਰਸਰਕਾਰੀ ਸੰਸਥਾ ਇੰਡੀਆ ਸਪੈਂਡ ਨੇ ਅੰਗਰੇਜ਼ੀ ਮੀਡੀਆ ਦੀ ਰਿਪੋਰਟਿੰਗ ਦੇ ਅਧਾਰ 'ਤੇ ਹਿਸਾਬ ਲਗਾਇਆ ਹੈ ਕਿ 2010 ਤੋਂ ਲੈਕੇ ਗਊ ਹੱਤਿਆ ਜਾਂ ਬੀਫ਼ ਖਾਣ ਦੇ ਸ਼ੱਕ ਵਿਚ 86 ਹਮਲੇ ਹੋਏ ਇਹਨਾਂ ਵਿੱਚੋਂ 98ਫ਼ੀਸਦੀ ਹਮਲੇ ਮਈ 2014 ਵਿਚ ਭਾਜਪਾ ਦੇ ਸੱਤਾਧਾਰੀ ਹੋਣ ਤੋਂ ਬਾਦ ਅਤੇ ਜ਼ਿਆਦਾਤਰ ਭਾਜਪਾ ਸ਼ਾਸਤ ਸੂਬਿਆਂ ਵਿਚ ਹੋਏ। ਮਾਰੇ ਗਏ 33 ਵਿੱਚੋਂ 29 ਯਾਨੀ 88ਫ਼ੀਸਦੀ ਮੁਸਲਮਾਨ ਸਨ। ਇਸੇ ਵਿਸ਼ਲੇਸ਼ਣ ਅਨੁਸਾਰ 2018 ਦੇ ਸ਼ੁਰੂ ਤੋਂ ਲੈਕੇ ਹੁਣ ਤਕ ਸੋਸ਼ਲ ਮੀਡੀਆ ਜ਼ਰੀਏ ਬੱਚਿਆਂ ਨੂੰ ਅਗਵਾ ਕੀਤੇ ਜਾਣ ਦੀ ਅਫ਼ਵਾਹ ਕਾਰਨ ਹਜੂਮੀ ਹਮਲਿਆਂ ਦੀਆਂ 66 ਘਟਨਾਵਾਂ ਵਾਪਰ ਚੁੱਕੀਆਂ ਹਨ ਜਿਸ ਵਿਚ 27 ਲੋਕਾਂ ਦਾ ਕਤਲ ਹੋ ਚੁੱਕਾ ਹੈ। 2017 ਦੇ ਮੁਕਾਬਲੇ ਇਹ ਹਮਲੇ ਅੱਠ ਗੁਣਾਂ ਜ਼ਿਆਦਾ ਅਤੇ ਮੌਤਾਂ ਦੇ ਮਾਮਲੇ ਤਿੰਨ ਗੁਣਾਂ ਜ਼ਿਆਦਾ ਹਨ। ਯਾਦ ਰਹੇ ਕਿ ਮੋਦੀ ਅਤੇ ਸਮੁੱਚੇ ਸੰਘ ਪਰਿਵਾਰ ਦਾ ਚਹੇਤਾ ਰੋਜ਼ਗਾਰਹੀਣ ਕਥਿਤ ਵਿਕਾਸ ਮਾਡਲ ਇਸ ਵਿਚ ਕਾਫ਼ੀ ਸਹਾਈ ਹੋ ਰਿਹਾ ਹੈ। ਇਸ ਮਾਡਲ ਵਲੋਂ ਪੈਦਾ ਕੀਤੀ ਵਿਆਪਕ ਬੇਰੋਜ਼ਗਾਰੀ ਦੇ ਆਲਮ ਵਿਚ ਮੋਬਾਈਲ ਕੰਪਨੀਆਂ ਵਲੋਂ ਦਿੱਤਾ ਜਾ ਰਿਹਾ ਫਰੀ ਇੰਟਰਨੈੱਟ ਡੇਟਾ ਬੇਕਾਰਾਂ ਦੀ ਫ਼ੌਜ ਨੂੰ ਜਨੂੰਨੀ ਹਜੂਮਾਂ ਵਿਚ ਬਦਲਣ ਅਤੇ ਉਹਨਾਂ ਨੂੰ ਸੋਸ਼ਲ ਮੀਡੀਆ ਉੱਪਰ ਸਰਗਰਮ ਜਥੇਬੰਦ ਅਫ਼ਵਾਹਤੰਤਰ ਦੇ ਜਾਲ ਵਿਚ ਫਸਾਕੇ ਹਿੰਦੂਤਵ ਦੇ ਏਜੰਡੇ ਦੇ ਪੈਦਲ ਸੈਨਿਕ ਬਣਾਉਣ ਵਿਚ ਖ਼ਾਸ ਭੂਮਿਕਾ ਨਿਭਾ ਰਿਹਾ ਹੈ।

ਸਖ਼ਤ ਕਾਨੂੰਨ ਹਜੂਮੀ ਹਮਲਿਆਂ ਨੂੰ ਠੱਲ ਨਹੀਂ ਪਾ ਸਕਦੇ। ਇਸਦਾ ਅਸਲ ਹੱਲ ਇਸ ਵਰਤਾਰੇ ਪਿੱਛੇ ਕੰਮ ਕਰਦੇ ਸਿਆਸੀ ਏਜੰਡੇ ਬਾਰੇ ਆਵਾਮ ਨੂੰ ਜਾਗਰੂਕ ਕਰਨ ਅਤੇ ਪ੍ਰਭਾਵਿਤ ਹਿੱਸਿਆਂ ਨੂੰ ਫਿਰਕੂ ਜ਼ਹਿਰ ਤੋਂ ਮੁਕਤ ਕਰਨ ਵਿਚ ਪਿਆ ਹੈ। ਮੁਲਕ ਦੀਆਂ ਸੱਚੀਆਂ ਧਰਮਨਿਰਪੱਖ ਅਤੇ ਅਗਾਂਹਵਧੂ ਤਾਕਤਾਂ ਨੂੰ ਹਿੰਦੂਤਵੀ ਦਹਿਸ਼ਤਵਾਦ ਦਾ ਮੁਕਾਬਲਾ ਕਰਨ ਲਈ ਸੰਕੇਤਕ ਵਿਰੋਧ ਤੋਂ ਅੱਗੇ ਵੱਧਕੇ ਵਿਆਪਕ ਲਾਮਬੰਦੀ ਦਾ ਰਾਹ ਅਖ਼ਤਿਆਰ ਕਰਨਾ ਚਾਹੀਦਾ ਹੈ।



ਰਾਜਸਥਾਨ: ਗਊ ਤਸਕਰੀ ਦੇ ਸ਼ੱਕ ਹੇਠ ਨੌਜਵਾਨ ਦੀ ਹੱਤਿਆ

# ਮੁੱਦਾ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ

ਅਮਰਜੋਗ ਜੌਹਲ



ਕੈਨੇਡਾ ਵਿੱਚ ਆਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਲੜਾਈ ਦਾ ਮੁੱਦਾ ਅੱਜ-ਕੱਲ੍ਹ ਪੰਜਾਬ ਅਤੇ ਪੰਜਾਬੋਂ ਬਾਹਰ ਵਸੇ ਪੰਜਾਬੀਆਂ 'ਚ ਗੰਭੀਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕਿਹਾ ਜਾ ਰਿਹਾ ਹੈ ਕਿ 20-25 ਮੁੰਡਿਆਂ ਦੇ ਇੱਕ ਟੋਲੇ ਨੇ ਜੋ ਕਿ ਪੰਜਾਬੋਂ ਸਟੂਡੈਂਟ ਵੀਜ਼ੇ ਤੇ ਕੈਨੇਡਾ ਆਏ ਹੋਏ ਸਨ ਨੇ ਕੈਨੇਡਾ ਦੇ ਇੱਕ ਰਿਅਲਟਰ ਨੂੰ ਪੈਸੇ ਦੇ ਲੈਣ-ਦੇਣ ਜਾਂ ਕਿਸੇ ਕੁੜੀ ਦੇ ਨਾਲ ਬਦਸਲੂਕੀ ਕਰਨ ਦੇ ਕਰਕੇ ਬੇਹੱਦ ਬੁਰੀ ਤਰਾਂ ਨਾਲ ਕੁੱਟਿਆ ਤੇ ਉਹ ਰਿਅਲਟਰ ਤੇ ਉਸਦਾ ਇੱਕ ਦੋਸਤ ਗੰਭੀਰ ਰੂਪ 'ਚ ਜ਼ਖਮੀ ਹੋ ਗਏ ਤੇ ਹਸਪਤਾਲ 'ਚ ਜ਼ੇਰੇ ਇਲਾਜ ਨੇ। ਖ਼ੈਰ ਮਸਲਾ ਇਹ ਨਹੀਂ ਕਿ ਲੜਾਈ ਹੋਈ, ਮਸਲਾ ਇਹ ਹੈ ਕਿ ਨੌਬਤ ਇੱਥੋਂ ਤੱਕ ਪਹੁੰਚੀ ਕਿਵੇਂ ਤੇ ਅਤੇ ਆਏ ਦਿਨ ਇਸ ਤਰ੍ਹਾਂ ਦੀਆਂ ਵਾਰਦਾਤਾਂ ਕਿਓਂ ਹੋ ਰਹੀਆਂ ਹਨ।

ਸਟੂਡੈਂਟ ਵੀਜ਼ੇ ਬੜੇ ਚਿਰਾਂ ਤੋਂ ਮਿਲਦੇ ਆ ਰਹੇ ਨੇ ਅਤੇ ਇਹਨਾਂ ਤੋਂ ਕੈਨੇਡਾ ਵਿੱਚ ਆਉਣ ਦਾ ਸਿਲਸਿਲਾ ਬਹੁਤ ਪੁਰਾਣਾ ਹੈ। ਸੰਨ 2006 ਦੇ ਲਾਗੇ ਸਟੂਡੈਂਟ ਵੀਜ਼ੇ ਤੇ ਆਉਣ ਵਾਲੇ ਬਹੁਤ ਹੀ ਥੋੜ੍ਹੇ ਵਿਦਿਆਰਥੀ ਸਨ। ਕਾਰਨ ਇਹ ਸੀ ਸਟੂਡੈਂਟ ਵੀਜ਼ਾ ਲੈਣ ਲਈ, ਐਪਲੀਕੈਂਟ ਨੂੰ ਇਹ ਦਿਖਾਉਣਾ ਪੈਂਦਾ ਸੀ ਕਿ ਉਸ ਕੋਲ ਜਾਂ ਉਸਦੇ ਸਪਾਂਸਰ ਕੋਲ ਇੰਨੇ ਪੈਸੇ ਹਨ ਕਿ ਉਹ ਆਪਣੇ ਪੂਰੇ ਕੋਰਸ ਦੀ ਫ਼ੀਸ ਅਤੇ ਰਹਿਣ ਦਾ ਖ਼ਰਚਾ ਦੇ ਸਕੇ। ਇਸ ਤੋਂ ਇਲਾਵਾ ਕੋਰਸ ਪੂਰਾ ਹੋਣ ਤੋਂ 90 ਦਿਨਾਂ ਵਿੱਚ ਕੋਰਸ ਦੇ ਮੁਤਾਬਿਕ ਨੌਕਰੀ ਨਾ ਮਿਲਣ ਦੀ ਸੂਰਤ ਵਿੱਚ ਉਸ ਵਿਦਿਆਰਥੀ ਨੂੰ ਕੈਨੇਡਾ ਛੱਡਣਾ ਪੈਂਦਾ ਸੀ। ਇਹ ਬਹੁਤ ਹੀ ਸਖ਼ਤ ਸ਼ਰਤਾਂ ਸਨ। ਫਿਰ ਇਸ ਵਿੱਚ ਤਬਦੀਲੀ ਕਰਕੇ 1 ਸਾਲ ਦੇ ਕੋਰਸ ਵਾਲੇ ਨੂੰ 1 ਸਾਲ ਦਾ ਤੇ 2 ਜਾਂ ਉਸ ਤੋਂ ਵੱਧ ਦੇ ਕੋਰਸ ਵਾਲੇ ਨੂੰ 3 ਸਾਲ ਦਾ ਰੁਰਗਾ ਵਰਕ ਪਰਮਿਟ ਕੋਰਸ ਪੂਰਾ ਹੋਣ ਉਪਰੰਤ ਮਿਲਣ ਲੱਗਾ ਪਰ ਖ਼ਰਚਾ ਦਿਖਾਉਣ ਦੀ ਸ਼ਰਤ ਜਿਓਂ ਦੀ ਤਿਓਂ ਰਹੀ। ਉਸ ਵੇਲੇ 20 ਘੰਟੇ ਦਾ off campus Work permit ਸਿਰਫ ਉਹਨਾਂ ਵਿਦਿਆਰਥੀਆਂ ਨੂੰ ਮਿਲਦਾ ਸੀ ਜਿਹਨਾਂ ਦੇ ਨੰਬਰ 70 % ਤੋਂ ਉੱਪਰ ਹੁੰਦੇ ਸਨ ਅਤੇ ਕੈਨੇਡਾ ਵਿੱਚ ਆਇਆਂ ਨੂੰ ਉਹਨਾਂ ਨੂੰ 6 ਮਹੀਨੇ ਪੂਰੇ ਹੋ ਗਏ ਹੁੰਦੇ ਸਨ। ਇਸ ਗੱਲ ਦੀ ਤਸਦੀਕ ਕਾਲਜ ਜਾਂ ਯੂਨੀਵਰਸਿਟੀ ਕਰਦੀ ਸੀ ਤੇ ਉਸਨੂੰ EVN (Electronic Verification Number) ਕਿਹਾ ਜਾਂਦਾ ਸੀ। ਨੰਬਰ 70% ਤੋਂ ਘਟਣ ਦੀ ਸੂਰਤ ਵਿੱਚ ਕਾਲਜ ਜਾਂ ਯੂਨੀਵਰਸਿਟੀ EVN ਰੱਦ ਕਰ ਦਿੰਦੀ ਸੀ ਅਤੇ ਵਰਕ ਪਰਮਿਟ ਰੱਦ ਹੋ ਜਾਂਦਾ ਸੀ। ਉਸ ਸਮੇਂ ਅੰਤਰਰਾਸ਼ਟਰੀ ਵਿਦਿਆਰਥੀ ਦੀ ਫ਼ੀਸ ਵੀ 5 ਤੋਂ 6 ਹਜ਼ਾਰ ਡਾਲਰ ਪ੍ਰਤੀ ਸਮੈਸਟਰ ਹੁੰਦੀ ਸੀ। ਫਿਰ ਬਹਿਚਰਚਿਤ SPP (Student Partnership Program) ਲਾਂਚ ਕੀਤਾ ਗਿਆ। 2014 ਦੇ ਲਾਗੇ ਇਸ ਸਾਰੇ ਪ੍ਰੋਗਰਾਮ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਜਿਸ ਮੁਤਾਬਿਕ ਫ਼ੀਸ 10 ਹਜ਼ਾਰ ਡਾਲਰ ਕਰ ਦਿੱਤੀ ਗਈ, EVN ਬੰਦ ਕਰ ਦਿੱਤਾ ਤੇ ਸਾਰਾ ਖ਼ਰਚਾ ਦਿਖਾਉਣ ਦੀ ਸ਼ਰਤ ਵੀ ਚੁੱਕ ਦਿੱਤੀ ਗਈ ਅਤੇ ਹਰੇਕ ਸਟੂਡੈਂਟ ਵੀਜ਼ੇ'ਤੇ ਆਏ ਨੂੰ ਜਹਾਜ਼ 'ਚੋਂ ਉੱਤਰਨ ਸਾਰ ਹੀ 20 ਘੰਟੇ ਕੰਮ ਦਾ ਰੁਰਗਾ Work permit ਸ਼ੁਰੂ ਕਰ ਦਿੱਤਾ।

ਹੁਣ ਸਾਰਾ ਪ੍ਰੋਗਰਾਮ ਲੋਕਾਂ ਨੂੰ ਸਟੂਡੈਂਟ ਵੀਜ਼ੇ ਤੇ ਸੱਦਕੇ ਉਹਨਾਂ ਤੋਂ ਕੰਮ ਕਰਵਾਉਣ ਅਤੇ ਭਾਰੀਆਂ ਫ਼ੀਸਾਂ ਉਗਰਾਹੁਣ ਤੱਕ ਸੀਮਿਤ ਹੋ ਗਿਆ। ਕਿਓਂਕਿ ਫ਼ੀਸ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵਧਦੀ ਸੀ ਤੇ ਵਧਾਈ ਵੀ ਟਰਮ ਤੋਂ ਬਾਅਦ ਜਾਂਦੀ ਸੀ, ਇਸ ਲਈ ਇਸਦਾ ਕਿਸੇ ਨੇ ਵਿਰੋਧ ਨਹੀਂ ਕੀਤਾ। ਭਾਵੇਂ ਕਾਲਜਾਂ ਨੇ ਆਪ ਹੀ ਬਿਨਾ ਸੰਕੋਚ ਦੇ ਫ਼ੀਸਾਂ ਵਧਾ ਲਈਆਂ ਪਰ ਇਸਦੇ ਮੁਕਾਬਲਤਨ ਨਾ ਤਾਂ ਕੋਈ ਨਵੀਆਂ ਸਹੂਲਤਾਂ ਨੇ ਤੇ ਨਾ ਹੀ ਕਾਲਜਾਂ 'ਚ ਕੰਮ ਕਰਨ ਵਾਲੇ ਸਟਾਫ਼ ਦੀਆਂ ਤਨਖ਼ਾਹਾਂ ਹੀ ਫ਼ੀਸ ਦੇ ਵਾਧੇ ਦੇ ਅਨੁਕੂਲ ਨੇ। ਇਸ ਸਾਰੇ ਮਾਮਲੇ ਦਾ ਫ਼ਾਇਦਾ ਸਟੂਡੈਂਟ ਬੇਸ ਤੇ ਕਨੇਡਾ ਆਉਣ ਵਾਲ਼ਿਆਂ ਨੇ ਨਹੀਂ ਬਲਕਿ ਉਹਨਾਂ ਦਾ ਘੱਟ ਪੈਸਿਆਂ ਤੇ ਕੰਮ ਕਰਵਾਕੇ ਸ਼ੋਸ਼ਣ ਕਰਨ ਵਾਲੇ ਇੰਪਲਾਇਰਾਂ ਨੇ ਦੱਬਕੇ ਚੁੱਕਿਆ। ਪ੍ਰਾਈਵੇਟ ਕਾਲਜਾਂ ਨੇ ਵੀ ਵਗਦੀ ਗੰਗਾ'ਚ ਹੱਥ ਧੋਣ ਨੂੰ ਸਿਆਣਪ ਸਮਝਿਆ ਅਤੇ ਕਿਰਾਏ ਤੇ ਮਕਾਨ ਦੇਕੇ ਟੈਕਸ ਨਾ ਦੇਣ ਵਾਲੇ ਸੱਜਣਾਂ ਦੀ ਵੀ ਭਰਮਾਰ ਹੋ ਗਈ। ਇਸ ਸਾਰੇ ਪ੍ਰੋਗਰਾਮ ਵਿੱਚ ਸੂਈ ਦੇ ਨੱਕੇ 'ਚੋਂ ਜਿਹੜੇ 2-4% ਨਿਕਲ ਗਏ, ਉਹ ਇੱਥੇ ਪੱਕੇ ਹੋ ਗਏ ਤੇ ਬਾਕੀ ਦੇ ਕੋਹਲੂ ਦੇ ਬੈਲ ਵਾਂਗ ਬੱਸ ਗੇੜੇ ਦੇਣ ਲਈ ਮਜਬੂਰ ਨੇ।

ਕੈਨੇਡਾ ਸਰਕਾਰ ਦੀ ਆਫੀਸ਼ੀਅਲ ਵੈਬਸਾਈਟ ਤੇ Designated Learning Institute (DLI) List ਹੈ ਅਤੇ ਸਟੂਡੈਂਟ ਵੀਜ਼ੇ ਤੇ ਆਏ ਵਿਦਿਆਰਥੀ ਸਿਰਫ਼ ਇਹਨਾਂ ਇੰਸਟੀਟਿਊਸ਼ਨਾਂ ਵਿੱਚ ਹੀ ਪੜ੍ਹ ਸਕਦੇ ਹਨ ਪਰ ਇਹਨਾਂ ਵਿੱਚੋਂ ਬਹੁਤਿਆਂ ਪ੍ਰਾਈਵੇਟ ਕਾਲਜਾਂ ਨੂੰ DLI ਮਾਨਤਾ ਤਾਂ ਪ੍ਰਾਪਤ ਹੈ ਪਰ ਡਿਪਲੋਮਾ ਲੈਣ ਤੋਂ ਬਾਅਦ ਪਬਲਿਕ ਕਾਲਜਾਂ ਵਾਂਗ Post Graduate Work Permit (PGWP) ਨਹੀਂ ਮਿਲਦਾ। ਇਹਨਾਂ ਦੀਆਂ ਫ਼ੀਸਾਂ ਵੀ ਪਬਲਿਕ ਕਾਲਜਾਂ ਜਿੰਨੀਆਂ ਹੀ ਨੇ ਪਰ ਇਸ ਗੱਲ ਦੀ ਕਾਫ਼ੀ ਚਰਚਾ ਹੈ ਕਿ ਇਹਨਾਂ ਵਿੱਚੋਂ ਬਹੁਤਿਆਂ'ਚ ਪੇਪਰ ਦੇਣ ਵੀ ਨਹੀਂ ਜਾਣਾ ਪੈਂਦਾ ਤੇ ਡਿਪਲੋਮਾ ਵੀ ਮਿਲ ਜਾਂਦਾ ਹੈ।

ਸੁਣਨ 'ਚ ਇਹ ਵੀ ਆਇਆ ਹੈ ਕਿ ਭਾਵੇਂ ਅਜਿਹੀਆਂ ਦੁਕਾਨ-ਨੁਮਾਂ ਥਾਂਵਾਂ ਤੋਂ ਡਿਪਲੋਮਾ ਲੈਣ ਵਾਲ਼ਿਆਂ ਨੂੰ ਕੋਈ ਵਰਕ ਪਰਮਿਟ ਨਹੀਂ ਮਿਲਦਾ ਪਰ ਜ਼ਿਆਦਾ ਤਰ ਲੋਕ ਇੱਥੇ ਅਡਮੀਸ਼ਨ ਸਿਰਫ਼ ਲੀਗਲ ਸਟੇਟਸ ਜਾਰੀ ਰੱਖਣ ਲਈ ਹੀ ਲੈਂਦੇ ਨੇ ਅਤੇ ਸਟੱਡੀ ਪਰਮਿਟ ਤੇ ਲੀਗਲ ਸਟੇਟਸ ਹੋਣ ਦੀ ਆੜ'ਚ ਦੋ ਨੰਬਰ ਤੇ ਕੰਮ ਕਰਦੇ ਨੇ। ਇੱਕ ਇਹ ਗੱਲ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿ ਮੀਡੀਆ ਦੇ ਕੁਝ ਵਿਕਾਊ ਹਿੱਸੇ ਨੇ ਪ੍ਰਾਈਵੇਟ ਕਾਲਜਾਂ ਤੋਂ ਲੈਣੀ ਹੁੰਦੀ ਹੈ ਇਸ ਲਈ ਉਹਨਾਂ ਨੇ ਫ਼ੀਸ ਦੇ ਰੂਪ 'ਚ ਇਕੱਠੇ ਕੀਤੇ ਪੈਸਿਆਂ 'ਚੋਂ ਥੋੜ੍ਹਾ ਭੋਗ ਆਪ ਵੀ ਛੱਕ ਲਿਆ ਹੈ ਅਤੇ ਹੁਣ ਉਹ ਇਸ ਸਾਰੇ ਮਸਲੇ ਤੇ ਕਿਸੇ ਨਾ ਕਿਸੇ ਤਰੀਕੇ ਪੜਦਾ ਪਾਉਣ 'ਚ ਜੁਟੇ ਹਨ।

ਪਬਲਿਕ ਕਾਲਜ ਧੜਾ-ਧੜ ਪੂਰੀ ਫ਼ੀਸ ਭਰਵਾਕੇ, offer letter issue ਕਰੀ ਜਾ ਰਹੇ ਨੇ। ਜਦੋਂ ਕੋਈ ਸਟੂਡੈਂਟ ਬੇਸ ਤੇ ਕੈਨੇਡਾ ਦਾ ਵੀਜ਼ਾ ਲੈਣ 'ਚ ਕਾਮਯਾਬ ਹੋ ਜਾਂਦਾ ਹੈ ਤੇ ਇਹਨਾਂ ਕਾਲਜਾਂ ਦੇ ਪਾਸ registration ਕਰਾਉਣ ਪਹੁੰਚਦਾ ਹੈ ਤਾਂ ਬਹੁਤੇ ਵਿਦਿਆਰਥੀਆਂ ਨੂੰ ਇਹ ਕਹਿ ਦਿੱਤਾ ਜਾਂਦਾ ਹੈ ਕਿ ਸਾਡੇ ਕੋਲ ਤਾਂ ਸੀਟ ਹੀ ਨਹੀਂ ਹੈ, ਜਗ੍ਹਾ ਹੀ ਨਹੀਂ ਹੈ। ਇਹ ਵੀ ਸੁਣਨ 'ਚ ਆਇਆ ਹੈ ਕਿ ਇਹ ਕਾਲਜਾਂ ਦੇ ਪ੍ਰਬੰਧਕ ਆਪ ਇਹ ਦੱਸਦੇ ਹਨ ਕਿ ਤੁਸੀਂ ਕਿਸੇ ESL (English Second Language) ਕੋਰਸ ਜਿਸਦੀ ਹਫ਼ਤੇ 'ਚ ਇੱਕ ਹੀ ਕਲਾਸ ਹੈ ਵਿੱਚ ਹੋਰ 1500-2000 ਡਾਲਰ ਜਮਾਂ ਕਰਵਾਕੇ ਅਡਮੀਸ਼ਨ ਲੈ ਲਵੋ ਅਤੇ ਤੁਸੀਂ ਕੈਨੇਡਾ ਵਿੱਚ ਲੀਗਲ ਸਟੇਟਸ maintain ਸਕੋਗੇ ਅਤੇ ਉਹਨਾਂ ਦੇ ਆਪਣੇ ਪਸੰਦੀਦਾ ਕੋਰਸ ਵਿੱਚ ਉਹ ਪਹਿਲਾਂ ਜਮਾਂ ਕਰਵਾਈ ਫ਼ੀਸ ਤੇ ਹੀ ਅਗਲੀ ਟਰਮ 'ਚ ਪੜ੍ਹ ਸਕਦੇ ਹਨ। ਇਸ ਤਰਾਂ ਉਹ ਸਟੂਡੈਂਟ ਪੂਰਾ semester ਤਕਰੀਬਨ ਵਿਹਲਾ ਰਹਿੰਦਾ ਹੈ ਅਤੇ offer letter ਤੇ ਫ਼ੀਸ ਭਰੀ ਹੋਣਦੇ ਬਾਵਜੂਦ ਵੀ ਕਲਾਸਾਂ ਨਹੀਂ ਲਾ ਸਕਦਾ। ਹੁਣ ਜਿਹੜਾ ਵਿਹਲਾ ਹੈ ਉਹ ਦੋ ਨੰਬਰ 'ਚ ਕੰਮ ਕਰਕੇ ਸ਼ੋਸ਼ਣ ਕਰਨ ਵਾਲੇ ਇੰਪਲਾਇਰ ਦੇ ਧੱਕੇ ਚੜ੍ਹ ਜਾਂਦਾ ਹੈ ਜਾਂ ਕਿਸੇ ਤਰ੍ਹਾਂ ਦੇ ਹੋਰ ਗ਼ੈਰ ਕਾਨੂੰਨੀ ਕੰਮ ਵੱਲ ਮੂੰਹ ਕਰਦਾ ਹੈ।

ਪੰਜਾਬੋਂ ਆਏ ਵਿਦਿਆਰਥੀਆਂ 'ਚੋਂ ਬਹੁਤਿਆਂ ਦਾ ਕੋਰਸ ਵੀ ਉੱਥੇ ਬੈਠਾ ਏਜੰਟ ਮਿਥਦਾ ਹੈ, ਪੜ੍ਹਨ ਜਾਣ ਵਾਸਤੇ ਵੀਜ਼ੇ ਦੀ ਅਰਜ਼ੀ ਵੀ ਏਜੰਟ ਭਰਦਾ ਹੈ ਤੇ ਚੰਡੀਗੜ੍ਹ ਕੰਨਸਲੇਟ ਨੂੰ ਪੜ੍ਹਨ ਕਿਓਂ ਜਾਣਾ ਹੈ (letter of intent) ਇਹ ਫ਼ਾਰਮ ਵੀ ਏਜੰਟ ਹੀ ਭਰਦਾ ਹੈ। ਇਸ ਲਈ ਬਹੁਤਿਆਂ ਨੂੰ ਤਾਂ ਇਹ ਵੀ ਨਹੀਂ ਪਤਾ ਹੁੰਦਾ ਕਿ ਉਹਨਾਂ ਨੇ ਪੜ੍ਹਕੇ ਕੀ ਕੰਮ ਕਰਨਾ ਹੈ ਜਾਂ ਫਿਰ ਉਹਨਾਂ ਦਾ ਕੋਰਸ ਹੈ ਕਾਹਦਾ, ਉਹਦਾ ਸਿਲੇਬਸ ਕੀ ਹੈ। ਕਾਲਜ ਭਾਵੇਂ ਉਹ ਪਬਲਿਕ ਹੋਵੇ ਜਾਂ ਪ੍ਰਾਈਵੇਟ, ਹਰੇਕ ਐਡਮੀਸ਼ਨ ਤੇ ਏਜੰਟਾਂ ਨੂੰ ਕਮਿਸ਼ਨ ਦਿੰਦਾ ਹੈ। ਇਹ ਗੱਲ ਵੀ ਕਾਫ਼ੀ ਚਰਚਾ ਵਿੱਚ ਹੈ ਕਿ ਇਹ ਇੱਕ ਤਰ੍ਹਾਂ ਦਾ Nexus ਹੈ ਜਿਸ ਵਿੱਚ ਕਾਲਜ ਪ੍ਰਬੰਧਕ, ਏਜੰਟ, ਸਿਆਸਤਦਾਨ ਤੇ ਸ਼ੋਸ਼ਣ ਕਰਨ ਵਾਲੇ ਲੋਕ ਸ਼ਾਮਲ ਨੇ।

ਜਿਸ ਤਰ੍ਹਾਂ ਧੜਾ-ਧੜ offer letter issue ਕੀਤੇ ਜਾਂਦੇ ਨੇ ਉਸੇ ਤਰ੍ਹਾਂ ਧੜਾ-ਧੜ ਵੀਜ਼ੇ ਵੀ ਦਿੱਤੇ ਜਾਂਦੇ ਨੇ। ਕਦੀ ਕਿਸੇ ਕੰਨਸਲੇਟ ਵਾਲੇ ਨੇ ਜਾਂ ਕਿਸੇ ਸਰਕਾਰੀ ਬੰਦੇ ਨੇ ਇਹ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਕੀ ਕਾਲਜਾਂ ਕੋਲ ਇੰਨੇ ਵਿਦਿਆਰਥੀਆਂ ਨੂੰ ਠਾਹਰ ਦੇਣ ਲਈ, ਕਲਾਸਾਂ ਲਈ ਜਾਂ ਜਿਹੜੇ ਸ਼ਹਿਰ'ਚ ਉਹਨਾਂ ਨੇ ਜਾਣਾ ਹੈ, ਉੱਥੇ ਰਹਿਣ ਲਈ ਥਾਂ ਵੀ ਉਪਲਬਧ ਹੈ ਜਾਂ ਨਹੀਂ। ਜਦ ਉਹ ਸਟੂਡੈਂਟ ਵੀਜ਼ਾ ਲੈਕੇ ਇੱਥੇ ਆ ਹੀ ਜਾਂਦੇ ਨੇ ਫੇਰ ਥਾਂ ਨਾ ਹੋਣ ਕਰਕੇ ਉਹਨਾਂ ਨੂੰ ਬੇਸਮੈਂਟਾਂ ਜਾਂ ਫਿਰ ਪੂਰਾ ਘਰ ਕਿਰਾਏ ਤੇ ਲੈਕੇ ਰਹਿਣਾ ਪੈਂਦਾ ਹੈ। ਜਿੱਥੇ 1 ਦੇ ਰਹਿਣ ਦੀ ਥਾਂ ਹੋਵੇ ਉੱਥੇ 4-4 ਰਹਿੰਦੇ ਨੇ। ਫੇਰ ਕੀਹਨੇ ਸਫਾਈ ਕੱਦ ਕਰਨੀ ਹੈ ਇਸ ਪਿੱਛੇ ਆਪਸ 'ਚ ਲੜਾਈਆਂ ਹੁੰਦੀਆਂ ਨੇ ਅਤੇ ਹਰੇਕ ਕੋਲ ਗੱਡੀ ਹੋਣ ਕਰਕੇ ਗੱਡੀ ਖੜ੍ਹੀ ਕਰਨ ਕਰਕੇ ਮਾਲਕ ਮਕਾਨਾਂ ਨਾਲ ਵੀ ਲੜਾਈਆਂ ਹੋਣੀਆਂ ਆਮ ਗੱਲ ਹੈ।

ਸਟੂਡੈਂਟ ਵੀਜ਼ੇ ਤੇ ਆਉਣ ਵਾਲ਼ਿਆਂ ਨੂੰ ਪਹਿਲਾਂ 6 ਮਹੀਨੇ ਅਤੇ ਹੁਣ ਇੱਕ ਸਾਲ ਦੀ ਫ਼ੀਸ ਪਹਿਲਾਂ ਜਮਾਂ ਕਰਵਾਉਣੀ ਪੈਂਦੀ ਹੈ ਤੇ GIC account 'ਚ $10,000 ਵੀ ਪਹਿਲਾਂ ਜਮ੍ਹਾਂ ਕਰਵਾਉਣਾ ਪੈਂਦਾ ਹੈ। ਪੰਜਾਬ 'ਚ ਬੈਠੇ ਏਜੰਟ ਲੋਕਾਂ ਨੂੰ ਇਹ ਭੁਲੇਖਾ ਪਾਈ ਜਾਂਦੇ ਨੇ ਕਿ ਉਹਨਾਂ ਨੇ ਸਿਰਫ਼ ਇੱਕ ਸਾਲ ਦੀ ਫ਼ੀਸ ਤੇ GIC account 'ਚ $10,000 ਹੀ ਜਮ੍ਹਾਂ ਕਰਵਾਉਣਾ ਹੈ ਅਤੇ ਕਿਉਂਕਿ ਸਟੂਡੈਂਟ ਵੀਜ਼ੇ ਵਾਲੇ ਨੂੰ 20 ਘੰਟੇ ਦਾ ਵਰਕ ਪਰਮਿਟ ਮਿਲਦਾ ਹੈ ਇਸ ਲਈ ਬਾਕੀ ਦੀ ਫ਼ੀਸ ਤੇ ਬਾਕੀ ਦਾ ਰਹਿਣ ਦਾ ਖ਼ਰਚਾ ਤਾਂ ਉਹਨਾਂ ਨੇ ਇੱਕ ਨੰਬਰ ਜਾਂ ਦੋ ਨੰਬਰ'ਚ ਕੰਮ ਕਰਕੇ ਕੱਢ ਹੀ ਲੈਣਾ ਹੈ। ਉਹ ਲੋਕ ਜ਼ਮੀਨਾਂ ਵੇਚਕੇ, ਗਹਿਣੇ ਧਰਕੇ ਜਾਂ ਕਿਸੇ ਹੋਰ ਤਰਾਂ ਦੇ ਹੀਲੇ ਵਸੀਲੇ ਕਰਕੇ ਪੈਸੇ ਜਮਾਂ ਕਰਵਾ ਦਿੰਦੇ ਨੇ, ਪਰ ਬਾਅਦ 'ਚ ਕਨੇਡਾ ਆਉਣ ਤੇ ਇੱਥੋਂ ਦੀ ਅਸਲੀਅਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਥੇ ਪਹੁੰਚਕੇ ਉਹ ਅਗਲੇਰੀ ਫ਼ੀਸ ਤੇ ਖ਼ਰਚਾ ਇਕੱਠਾ ਕਰਨ ਦੇ ਪਿੱਛੇ ਪੈ ਜਾਂਦੇ ਨੇ ਤੇ ਕਲਾਸਾਂ ਵੀ ਨਹੀਂ ਲਾਉਂਦੇ। ਖ਼ਬਰ ਹੈ ਕਿ ਪਬਲਿਕ ਕਾਲਜਾਂ ਵਿੱਚ ਵੀ 80% ਤੱਕ ਗ਼ੈਰ ਹਾਜ਼ਰੀ ਆਮ ਗੱਲ ਹੈ। ਕਿਉਂਕਿ ਪੇਪਰ ਦੇਣ ਲਈ ਹਾਜ਼ਰੀ ਦੀ ਸ਼ਰਤ ਨਾਂਹ ਦੇ ਬਰਾਬਰ ਹੈ ਇਸ ਲਈ ਕੋਈ ਖ਼ਾਸ ਚੱਕਰ ਨਹੀਂ ਪੈਂਦਾ। ਹੁਣ ਉਹ ਪੜ੍ਹਾਈ ਦੇ ਮਕਸਦ ਨੂੰ ਪਿੱਛੇ ਛੱਡਕੇ ਪੜ੍ਹਾਈ ਲਈ ਫ਼ੀਸ ਅਤੇ ਰਹਿਣ ਦਾ ਖ਼ਰਚਾ ਇਕੱਠਾ ਕਰਨ ਦੇ ਚੱਕਰ 'ਚ ਪੈ ਜਾਂਦੇ ਨੇ। ਜਦ ਤੱਕ ਤਾਂ ਪਹਿਲੇ ਸਾਲ ਦੀ ਫ਼ੀਸ ਤੇ 793 ਵਿੱਚ ਪਏ ਪੈਸੇ ਚੱਲਦੇ ਨੇ ਤਦ ਤੱਕ ਤਾਂ ਠੀਕ, ਪਰ ਬਾਅਦ 'ਚ ਇਨ੍ਹਾਂ ਕੋਲ ਭਾਰੀ ਭਰਕਮ ਫ਼ੀਸ ਤੇ ਰਹਿਣ ਦੇ ਖ਼ਰਚੇ ਤੇ ਪਿੱਛੋਂ ਮਾਂ ਪਿਓ ਦਾ ਚੁੱਕਿਆ ਕਰਜ਼ਾ ਚੁਕਾਉਣ ਲਈ ਪੁੱਠੇ-ਸਿੱਧੇ ਕੰਮ ਕਰਨ ਤੋਂ ਬਿਨਾਂ ਕੋਈ ਰਾਹ ਨਹੀਂ ਰਹਿ ਜਾਂਦਾ। ਮੀਡੀਆ ਅਤੇ ਸੋਸ਼ਲ ਮੀਡੀਆ ਤੇ ਇਹ ਵੀ ਚਰਚਾ ਹੈ ਕਿ ਇਸੇ ਮਜਬੂਰੀ ਦੇ ਚੱਲਦੇ ਇਹਨਾਂ 'ਚੋਂ ਕੁਝ ਮੁੰਡੇ ਡਰੱਗ ਦੇ ਧੰਦੇ 'ਚ ਪੈ ਜਾਂਦੇ ਨੇ ਤੇ ਕੁਝ ਕੁੜੀਆਂ ਵੇਸ਼ਵਾ ਬਿਰਤੀ ਦੇ ਧੰਦੇ 'ਚ।

ਖ਼ਬਰ ਹੈ ਕਿ ਟੋਰਾਂਟੋ ਇਲਾਕੇ ਦੇ ਇੱਕ ਮਸ਼ਹੂਰ ਰੈਸਟੋਰੈਂਟ ਮਾਲਿਕ ਜਿੰਨਾਂ ਨੇ ਕਈ ਵਾਰ ਗੁਰਦਵਾਰਿਆਂ ਨੂੰ ਹਜ਼ਾਰਾਂ ਡਾਲਰਾਂ ਦਾ ਚੰਦਾ ਦਿੱਤਾ ਹੈ, ਉਹਨਾਂ ਉੱਤੇ ਕੁਝ ਵਿਦਿਆਰਥੀ ਦੱਬੀ ਆਵਾਜ਼ 'ਚ ਇਹ ਦੋਸ਼ ਲਾਉਂਦੇ ਹਨ ਕਿ ਇਹ ਰੈਸਟੋਰੈਂਟ ਵਾਲੇ ਉਹਨਾਂ ਨੂੰ £14 ਦਾ ਸਰਕਾਰੀ ਰੇਟ ਛੱਡੋ, ਸਿਰਫ਼ ਰੋਟੀ ਤੇ ਕੰਮ ਕਰਵਾਉਂਦੇ ਨੇ। ਸਟੂਡੈਂਟਾਂ ਦੀ ਮਿਹਨਤ ਅਤੇ ਟਿੱਪ ਮਾਰਨ ਦੇ ਕਿੱਸੇ ਵੀ ਕਾਫ਼ੀ ਮਸ਼ਹੂਰ ਹਨ। ਕਿਉਂਕਿ ਕੰਮ ਦੋ ਨੰਬਰ 'ਚ ਕੀਤਾ ਗਿਆ ਸੀ ਇਸ ਲਈ ਉਹਨਾਂ ਦਾ ਮਿਹਨਤਾਨਾ ਮਾਰਨਾ ਜਾਂ ਘੱਟ ਪੈਸੇ ਦੇਣੇ ਆਮ ਜਿਹੀ ਗੱਲ ਹੈ। ਇਸ ਲਈ ਕਈ ਲੜਾਈਆਂ ਇਹਨਾਂ ਕਾਰਨਾਂ ਕਰਕੇ ਵੀ ਹੁੰਦੀਆਂ ਨੇ ਤੇ ਕਿਉਂਕਿ ਇਨ੍ਹਾਂ ਲੜਾਈਆਂ ਦੀ ਵੀਡੀਓ ਨਹੀਂ ਬਣਾਈ ਜਾਂਦੀ, ਇਸ ਲਈ ਰੌਲਾ ਨਹੀਂ ਪੈਂਦਾ।

IELTS ਦਾ ਟੈਸਟ ਸਿਰਫ਼ ਅੰਗਰੇਜ਼ੀ ਦਾ ਟੈਸਟ ਹੈ ਅਤੇ common sense ਤੇ ਇਸ ਮੁਲਕ ਦੇ ਕਾਨੂੰਨਾਂ ਅਤੇ ਤਰਫਜਕਵ ਡ ਨੂੰ ਮਾਪਣ ਦਾ ਇਸ ਵਿੱਚ ਕੋਈ ਪ੍ਰਬੰਧ ਨਹੀਂ। ਕਿਸੇ ਸਰਕਾਰੀ ਅਦਾਰੇ ਵੱਲੋਂ ਨਵੇਂ ਆਏ ਲੋਕਾਂ ਨੂੰ ਕਿਸੇ ਕਿਸਮ ਦੀ orientation ਦੇਣ ਦਾ ਵੀ ਕੋਈ ਪ੍ਰਬੰਧ ਨਹੀਂ ਹੈ, ਜਿਸ ਕਾਰਨ ਕੁਝ ਲੋਕ ਭਾਰਤ ਦੇ ਤਰੀਕਿਆਂ ਨਾਲ ਕੈਨੇਡਾ ਦੇ ਮਸਲਿਆਂ ਦਾ ਹੱਲ ਕੱਢਣ ਲੱਗ ਪੈਂਦੇ ਹਨ। ਇਹ ਗੱਲ ਵੀ ਹਿੰਸਾ ਵਿੱਚ ਕਿਸੇ ਨਾ ਕਿਸੇ ਤਰੀਕੇ ਇਜ਼ਾਫ਼ਾ ਕਰ ਰਹੀ ਹੈ।

ਇੱਕ ਬਹੁਤ ਥੋੜ੍ਹਾ ਹਿੱਸਾ ਇਹੋ ਜਿਹੇ ਲੋਕਾਂ ਦਾ ਵੀ ਹੈ ਜੋ ਗੰਨ ਕਲਚਰ ਅਤੇ ਮਹਿੰਗੇ ਸ਼ੌਂਕਾਂ ਦੇ ਸਮਰਥਕ ਨੇ ਤੇ ਹਿੰਸਾ ਕਰਨ ਨੂੰ ਆਪਣੀ ਅਣਖ ਜਾਂ ਟੌਹਰ ਨਾਲ ਜੋੜਕੇ ਵੇਖਦੇ ਨੇ। ਇਹੋ ਜਿਹੇ ਮਹਿੰਗੀਆਂ ਕਾਰਾਂ ਲੈਕੇ, ਭੱਦੀ ਅਤੇ ਅਸੱਭਿਅਕ ਲਾਈਸੈਂਸ ਪਲੇਟਾਂ ਲੈਂਦੇ ਨੇ ਤੇ ਬੇਮਤਲਬ ਬਿਨਾ ਕੰਮ ਤੋਂ ਗੇੜੇ ਕੱਢਦੇ ਨੇ ਤੇ ਮਗਰੋਂ ਪੈਸੇ ਮੰਗਵਾਕੇ ਜਾਂ ਗੈਰ ਕਾਨੂੰਨੀ ਕੰਮ ਕਰਕੇ ਐਸ਼ ਕਰਦੇ ਨੇ।

ਇਹਨਾਂ ਸਾਰੇ ਮਸਲਿਆਂ ਦੇ ਕਰਕੇ ਵਾਪਰ ਰਹੀਆਂ ਵਾਰਦਾਤਾਂ ਤੋਂ ਕੈਨੇਡਾ ਵਿੱਚ ਰਹਿਣ ਵਾਲੇ ਲੋਕ ਬੇਹੱਦ ਪਰੇਸ਼ਾਨ ਨੇ ਤੇ ਉਹ ਇਸ ਸਾਰੇ ਕਾਸੇ ਤੋਂ ਨਿਜਾਦ ਚਾਹੁੰਦੇ ਨੇ। ਕਈਆਂ ਨੇ ਤਾਂ ਸੋਸ਼ਲ ਮੀਡੀਆ ਤੇ ਸ਼ਰੇਆਮ ਇਹਨਾਂ ਨੂੰ ਹਿੰਸਕ ਰੂਪ 'ਚ ਸਬਕ ਸਿਖਾਉਣ ਦੀ ਗੱਲ ਵੀ ਕਹੀ ਹੈ ਜੋ ਕਿ ਅਤਿ ਨਿੰਦਣਯੋਗ ਹੈ।

ਹਾਲਟਨ ਤੇ ਬਰੈਂਪਟਨ ਬਾਰਡਰ ਤੇ ਹੋਈ ਖ਼ੂਨੀ ਝੜਪ ਨੇ ਲੋਕਾਂ ਨੂੰ ਇਸ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਤੇ ਲੋਕਾਂ ਦੇ pressure 'ਚ ਬਰੈਂਪਟਨ ਇਲਾਕੇ ਦੇ ਚਾਰ MPs ਨੇ ਇਸ ਬਾਬਤ ਸਾਂਝਾ ਬਿਆਨ ਵੀ ਦੇ ਦਿੱਤਾ। ਖ਼ੈਰ ਉਹਨਾਂ ਦੇ ਬਿਆਨ ਵਿੱਚ ਕਿਸੇ ਪਾਸੇ ਇਸ ਮਸਲੇ ਦੀ ਜੜ੍ਹ ਲੱਭਣ ਦੀ ਕੋਈ ਗੱਲ ਨਹੀਂ ਕੀਤੀ ਗਈ, ਬੱਸ ਕਾਨੂੰਨ ਦੇ ਹਿਸਾਬ ਨਾਲ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਚਿਤਾਵਨੀ ਤੋਂ ਬਿਨਾਂ ਕੁਝ ਨਹੀਂ ਸੀ।

ਇਸੇ ਤਰ੍ਹਾਂ ਇੱਕ ਚੜ੍ਹਦੀਕਲਾ ਗਰੁੱਪ ਵੱਲੋਂ ਬਰੈਂਪਟਨ ਸਿਟੀ ਹਾਲ ਮੂਹਰੇ ਰੋਸ ਮੁਜ਼ਾਹਰਾ ਕੀਤਾ ਗਿਆ ਜਿੱਥੇ ਲੋਕ ਆਪ ਮੁਹਾਰੇ ਹੋਕੇ ਵੀ ਪਹੁੰਚੇ। ਲੋਕਾਂ ਨੇ ਆਪਣੀਆਂ ਮੁਸ਼ਕਲਾਂ ਸਰਕਾਰਾਂ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ।

ਅਗਲੇ ਦਿਨ ਓਂਟਾਰੀਓ ਗੁਰਦਵਾਰਾ ਕਮੇਟੀ ਤੇ ਯੂਥ ਸਿੱਖਸ ਨਾਮੀ ਦੋ ਅਦਾਰਿਆਂ ਵੱਲੋਂ ਪੈਨਲ ਬਹਿਸ ਰੱਖੀ ਗਈ। ਪੈਨਲ ਵਿੱਚ ਬੈਠੇ ਮਨੋਵਿਗਿਆਨ ਦੇ ਮਾਹਿਰ ਨੇ ਸਾਰਾ ਕੁਝ ਮਨੋਵਿਗਿਆਨ ਨਾਲ ਜੋੜ ਦਿੱਤਾ ਤੇ ਉਚੇਚੇ ਤੌਰ ਤੇ ਪਹੁੰਚੇ ਸਿਆਸਤਦਾਨਾਂ ਨੇ ਬਿਨਾ ਕਿਸੇ ਪਲਾਨ ਤੋਂ ਆਪਣਾ ਪਹਿਲਾਂ ਵਾਲਾ ਬਿਆਨ ਦੁਹਰਾਇਆ ਕਿ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਮਿਲਣਗੀਆਂ ਅਤੇ ਇੱਕ ਦੂਜੇ ਵੱਲ ਨੂੰ ਜ਼ੁੰਮੇਵਾਰੀ ਸੁੱਟਣ ਦੀ ਕੋਸ਼ਿਸ਼ ਕੀਤੀ। ਸਭ ਤੋਂ ਵੱਧ ਮਜ਼ਾਕ ਦਾ ਪਾਤਰ ਪੈਨਲ 'ਚ ਬੈਠਾ ਸਟੂਡੈਂਟ ਨੁਮਾਇੰਦਾ ਬਣਿਆ ਜੋ ਇਸ ਸਾਰੇ ਮਸਲੇ ਨੂੰ ਸਿੱਖ ਮਸਲਾ ਬਣਾਉਣ ਦੀ ਨਾਕਾਮ ਕੋਸ਼ਿਸ਼ 'ਚ ਹੀ ਲੱਗਾ ਰਿਹਾ। ਹੈਰਾਨੀ ਦੀ ਗੱਲ ਇਹ ਸੀ ਕਿ ਉਸ ਵਿਦਿਆਰਥੀ ਨੇ ਬਾਅਦ 'ਚ ਆਪਣੇ ਨਾਮ ਥੱਲੇ ਇੱਕ ਲੇਖ ਲਿਖਿਆ ਅਤੇ ਇਸਨੂੰ ਸਿੱਖ ਮਸਲਾ ਬਣਾਕੇ ਪੇਸ਼ ਕੀਤਾ ਤੇ ਉਸ ਤੋਂ ਵੀ ਵੱਧ ਹੈਰਾਨੀ ਵਾਲੀ ਗੱਲ ਇਹ ਸੀ ਕਿ ਕਿਸੇ ਅਖ਼ਬਾਰ ਨੇ ਉਹ ਲੇਖ ਛਾਪ ਵੀ ਦਿੱਤਾ। ਪ੍ਰਬੰਧਕਾਂ ਦਾ ਪੂਰਾ ਜ਼ੋਰ ਇਸ ਗੱਲ ਤੇ ਹੀ ਲੱਗਾ ਸੀ ਕਿ ਕਿਸੇ ਤਰਾਂ ਇਹ ਪੈਨਲ ਡਿਸਕਸ਼ਨ ਜੋ ਕਿ ਇੱਕ ਪ੍ਰਸ਼ਨ-ਉੱਤਰ ਸੈਸ਼ਨ ਹੋ ਨਿੱਬੜ ਰਿਹਾ ਸੀ ਨੂੰ ਕਿਸੇ ਨਾ ਕਿਸੇ ਤਰੀਕੇ ਛੇਤੀ ਨਾਲ ਖਤਮ ਕੀਤਾ ਜਾਵੇ। ਕੋਈ ਕਾਊਂਟਰ ਸਵਾਲ ਨਹੀਂ ਸੀ ਪੁੱਛ ਸਕਦਾ। ਸਿਆਸਤਦਾਨਾਂ ਨੇ ਤਾਂ ਬਾਹਰ ਆਕੇ ਬਿਆਨ ਵੀ ਦਾਗ ਦਿੱਤੇ ਕਿ ਇਹ ਬਹੁਤ ਸਫ਼ਲ ਪ੍ਰੋਗਰਾਮ ਸੀ ਤੇ ਇੱਕ ਨਵੇਂ ਚੁਣੇ MPP ਨੇ ਤਾਂ ਇਹਦੇ ਸਾਰਥਿਕ ਸਿੱਟੇ ਨਿਕਲ ਆਏ ਨੇ ਤੱਕ ਵੀ ਕਹਿ ਦਿੱਤਾ ਜਦਕਿ ਕਿਸੇ ਨਵੇਂ ਫ਼ੈਸਲੇ ਜਾਂ ਪਲਾਨ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਸਿਆਸਤਦਾਨ ਇਸ ਨੂੰ law and order ਦਾ ਮਸਲਾ ਕਹਿਕੇ ਪੱਲਾ ਝਾੜਦੇ ਨਜ਼ਰ ਆਏ। ਪੈਨਲ 'ਚ ਬੈਠੇ ਪੁਲੀਸ ਦੇ ਨੁਮਾਇੰਦਿਆਂ ਨੇ ਇਸ ਗੱਲ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਆਪਣੇ resources ਦੇ ਹਿਸਾਬ ਦੇ ਨਾਲ ਪੁਲੀਸ ਠੀਕ ਕੰਮ ਕਰ ਰਹੀ ਹੈ ਅਤੇ ਸਿਆਸਤਦਾਨਾਂ ਨੂੰ ਚੰਗੇ ਕਾਨੂੰਨ ਬਣਾਉਣ ਦੀ ਨਸੀਹਤ ਦਿੱਤੀ। ਇੱਕ ਕਨਜ਼ਰਵੇਟਿਵ ਸਾਬਕਾ ਇੰਮੀਗਰੇਸ਼ਨ ਜੱਜ ਸਾਹਿਬ ਨੇ ਦੱਸਿਆ ਕਿ ਕਿਸ ਤਰ੍ਹਾਂ 2022 ਤੱਕ 450,000 ਨਵੇਂ ਸਟੂਡੈਂਟ ਸੱਦਣ ਦਾ ਟੀਚਾ ਕਨਜ਼ਰਵੇਟਿਵ ਸਰਕਾਰ ਨੇ ਮਿਥਿਆ ਸੀ ਅਤੇ ਇੱਕ ਲਿਬਰਲ ਐਮ ਪੀ ਨੇ ਇਸਦੇ ਜਵਾਬ ਵਿੱਚ ਦੱਸਿਆ ਕਿ ਟੀਚਾ 5 ਸਾਲ ਪਹਿਲਾਂ ਹੀ ਪੂਰਾ ਕਰ ਲਿਆ ਤੇ ਕੁੱਲ 500,000 ਚੋਂ ਸਿਰਫ਼ 125,000 ਪੰਜਾਬੀ ਵਿਦਿਆਰਥੀ ਨੇ। ਖ਼ੈਰ 125,000 ਪੰਜਾਬੀ ਸਟੂਡੈਂਟ ਕੁੱਲ ਸਟੂਡੈਂਟਾਂ ਦਾ 25% ਬਣਦੇ ਨੇ।

ਸਾਡੇ ਟੈਕਸ ਦੇ ਪੈਸੇ ਤੇ ਚੁਣੇ ਗਏ ਇਹਨਾਂ ਸਿਆਸਤਦਾਨਾਂ ਨੂੰ ਹੁਣ ਵੀ ਚਾਹੀਦਾ ਹੈ ਕਿ ਸਿਰਫ਼ ਪੈਸੇ ਬਣਾਉਣ ਲਈ ਜਾਂ ਸਿਰਫ਼ ਆਪਣੇ ਆਕਾਵਾਂ ਤੇ ਸਪਾਂਸਰਾਂ ਨੂੰ ਖੁਸ਼ ਰੱਖਣ ਲਈ ਮਾੜੀ ਪਾਲਿਸੀ ਨਾ ਬਣਾਉਣ ਤੇ ਕੋਈ ਚੰਗੀ ਪਾਲਿਸੀ ਬਣਾਉਣ। ਨਹੀਂ ਤਾਂ ਜਿਸ ਤਰਾਂ ਮੌਜੂਦਾ ਪਾਲਿਸੀ ਨਾਲ ਸਮਾਜ 'ਚ ਪਾੜਾ ਪੈ ਰਿਹਾ ਹੈ ਅਤੇ ਨਿੱਤ ਦਿਹਾੜੇ ਕਿਸੇ ਨਾ ਕਿਸੇ ਵਜ੍ਹਾ ਕਾਰਨ ਲੜਾਈਆਂ ਹੋ ਰਹੀਆਂ ਨੇ, ਉਹ ਦਿਨ ਦੂਰ ਨਹੀਂ ਕਿ ਇਸਦਾ ਸਿੱਧਾ ਸੇਕ ਇਹਨਾਂ ਸਿਆਸਤਦਾਨਾਂ ਨੂੰ ਲੱਗੇ।

**(ਸਾਬਕਾ ਅੰਤਰਰਾਸ਼ਟਰੀ ਵਿਦਿਆਰਥੀ)**

# ‘ਮੇਰੇ ਭਾਈਚਾਰੇ ਨੂੰ ਲੋਕ ਥਾਂ-ਥਾਂ ਘੇਰ ਕੇ ਕੁੱਟਦੇ ਮਾਰਦੇ ਨੇ’

**ਡਾ. ਨਰਾਇਣ ਭੋਸਲੇ ਧੂਲੇ**





"ਪਿੰਡ ਕਿਹੜਾ ਹੈ ਤੁਹਾਡਾ? ਨਾਂ ਕੀ ਹੈ? ਤੇਰੇ ਪਰਿਵਾਰ ਵਿੱਚ ਕਿੰਨੀਆਂ ਔਰਤਾਂ ਮਰਦ ਹਨ? ਤੁਸੀਂ ਇੱਥੇ ਕਿਉਂ ਆਏ ਹੋ? ਤੁਸੀਂ ਦਿਨੇਂ ਘਰ ਦੇਖਦੇ ਹੋ ਅਤੇ ਰਾਤ ਨੂੰ ਚੋਰੀਆਂ ਕਰਦੇ ਹੋ। ਇਹ ਗੁੱਟ ਘੜੀ ਕਿੱਥੋਂ ਆਈ? ਫੜੋ ਇਨ੍ਹਾਂ ਨੂੰ ਮਾਰੋ, ਗਲੇ ਵਿੱਚ ਸੋਨੇ ਦਾ ਮੰਗਲ ਸੂਤਰ ਇਹ ਕਿੱਥੋਂ ਚੋਰੀ ਕੀਤਾ?"

ਪਿੰਡ ਦੇ ਕੁਝ ਲੋਕਾਂ ਨੇ ਸਾਨੂੰ ਇਨ੍ਹਾਂ ਸਵਾਲਾਂ ਨਾਲ ਘੇਰ ਲਿਆ।

ਅਸੀਂ ਮੱਧ ਪ੍ਰਦੇਸ਼ ਦੇ ਇੱਕ ਕਸਬੇ ਵਿੱਚ ਸੀ, ਜਦੋਂ ਸਾਨੂੰ ਇਹ ਸਭ ਝੱਲਣਾ ਪਿਆ। ਭੀੜ ਸਾਨੂੰ ਮਾਰਨ ਲੱਗ ਪਈ। ਸਾਡੇ ਨਾਲ ਆਏ ਬੱਚੇ ਅਤੇ ਔਰਤਾਂ ਰੋਣ ਲੱਗ ਪਈਆਂ। ਹੋ- ਹੱਲਾ ਸੁਣ ਕੇ ਕੁਝ ਹੋਰ ਪਿੰਡ ਵਾਲੇ ਮੌਕੇ 'ਤੇ ਇਕੱਠੇ ਹੋ ਗਏ।

ਕੁਝ ਲੋਕਾਂ ਨੇ ਸਾਨੂੰ ਕੁੱਟਣ ਦੀਆਂ ਅਤੇ ਕੁਝ ਨੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਕੁਝ ਲੋਕ ਸਾਨੂੰ ਪਿੰਡ ਦੇ ਮੁਖੀਆ ਕੋਲ ਲਿਜਾਣ ਦੀ ਗੱਲ ਕਰ ਰਹੇ ਸਨ ਤਾਂ ਕੁਝ ਲੋਕ ਪੁਲਿਸ ਨੂੰ ਫੜਾਉਣ ਬਾਰੇ ਕਹਿ ਰਹੇ ਸਨ। ਅਸੀਂ 15-20 ਲੋਕਾਂ ਦਾ ਸਮੂਹ ਸੀ ਅਤੇ ਸਾਡੇ ਵਿੱਚੋ ਕੁਝ ਨੂੰ ਪਤਾ ਸੀ ਕਿ ਇਹੋ-ਜਿਹੇ ਹਾਲਾਤ ਨਾਲ ਕਿਵੇਂ ਨਿਪਟਣਾ ਹੈ।

"ਅਸੀਂ ਚੋਰ ਨਹੀਂ ਹਾਂ। ਸਾਨੂੰ ਪੁਲਿਸ ਕੋਲ ਲੈ ਚੱਲੋ। ਸਾਡੇ ਕੋਲ ਸਥਾਨਕ ਪੁਲਿਸ ਵੱਲੋਂ ਦਿੱਤਾ ਸਰਟੀਫਿਕੇਟ ਹੈ ਕਿ ਅਸੀਂ ਚੋਰ ਨਹੀਂ ਹਾਂ। ਅਸੀਂ ਤਾਂ ਰੱਬ ਦੇ ਨਾਂ ਤੇ ਗਜਾ ਕਰਦੇ ਹੋਏ ਘੁੰਮਦੇ ਹਾਂ। ਇਹ ਸਾਡਾ ਪਤਾ ਹੈ, ਅਸੀਂ ਫਲਾਂ-ਫਲਾਂ ਪਿੰਡ ਤੋਂ ਹਾਂ ਅਤੇ ਅੱਗੇ



ਇਸ ਪਿੰਡ ਚੱਲੇ ਹਾਂ।" ਇਨ੍ਹਾਂ ਗੱਲਾਂ ਨਾਲ ਅਸੀਂ ਭੀੜ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

ਸਾਨੂੰ ਬੁਰੀ ਤਰ੍ਹਾਂ ਕੁੱਟਣ ਮਗਰੋਂ ਉਹ ਸਾਨੂੰ ਪੁਲਿਸ ਕੋਲ ਲੈ ਗਏ। ਪੁਲਿਸ ਨੇ ਸਾਡੇ ਨਾਲ ਪੂਰਾ ਪੁਲਿਸੀਆ ਸਲੂਕ ਕੀਤਾ। ਬਾਅਦ ਵਿੱਚ ਉਨ੍ਹਾਂ ਨੇ ਸਾਡੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਅਤੇ ਸਾਨੂੰ ਚੇਤਾਵਨੀ ਦੇ ਕੇ ਛੱਡ ਦਿੱਤਾ। ਅਸੀਂ ਉਸ ਕਸਬੇ ਤੋਂ ਬਾਹਰ ਆ ਕੇ ਕਈ ਦਿਨਾਂ ਤੱਕ ਲਗਾਤਾਰ ਤੁਰਦੇ ਰਹੇ। ਕੋਈ ਪਿੰਡ ਸਾਨੂੰ ਠਾਹਰ ਨਹੀਂ ਦੇਵੇਗਾਂ ਉਹ ਸਾਰੇ ਸਾਨੂੰ ਚੋਰ ਸਮਝਦੇ ਹਨ ਨਾ ਕਿ ਇਨਸਾਨ।

ਮੇਰੀ ਉਮਰ ਸਕੂਲ ਜਾਣ ਵਾਲੀ ਉਮਰ ਸੀ ਪਰ ਨਾਥਪੰਥੀ ਦਾਵਰੀ ਗੋਸਵਾਮੀ ਭਾਈਚਾਰੇ ਦਾ ਬੱਚਾ ਹੋਣ ਕਰਕੇ ਆਪਣੇ ਮਾਪਿਆਂ ਨਾਲ ਹਮੇਸ਼ਾ ਹੀ ਘੁੰਮਦਾ ਰਹਿੰਦਾ ਸੀ।

ਮੈਨੂੰ ਮੇਰੇ ਪਿਤਾ ਨੇ ਬੋਰਡਿੰਗ ਸਕੂਲ ਵਿੱਚ ਦਾਖਲ ਕਰਾ ਦਿੱਤਾ ਪਰ ਇਸ ਦੇ ਬਾਵਜੂਦ ਪਿਛਲੇ 35-40 ਸਾਲਾਂ ਵਿੱਚ ਅਜਿਹੀਆਂ ਘਟਨਾਵਾਂ ਦਾ ਕਈ ਵਾਰ ਸਾਹਮਣਾ ਕੀਤਾ ਹੈ।

ਜਦੋਂ ਮੈਂ ਧੂਲੇ, ਮਹਾਰਾਸ਼ਟਰ ਵਿੱਚ ਨਾਥਪੰਥੀ ਦਾਵਰੀ ਗੋਸਵਾਮੀ ਭਾਈਚਾਰੇ ਦੇ 5 ਜੀਆਂ ਦੇ ਭੀੜ ਵੱਲੋਂ ਕਤਲ ਦੀ ਖ਼ਬਰ ਸੁਣੀ ਤਾਂ ਇਹ ਸਾਰੀਆਂ ਘਟਨਾਵਾਂ ਮੇਰੀਆਂ



ਅੱਖਾਂ ਸਾਹਮਣੇ ਤਾਜ਼ਾ ਹੋ ਗਈਆਂ।

**ਡਰ ਦਾ ਮਾਹੌਲ :** ਭੀੜ ਵੱਲੋਂ ਬੱਚਿਆਂ ਨੂੰ ਅਗਵਾ ਕਰਨ ਦੀਆਂ ਖ਼ਬਰਾਂ ਮਹਾਰਾਸ਼ਟਰ ਸਮੇਤ ਪੂਰੇ ਭਾਰਤ ਵਿੱਚ ਹੀ ਵੱਖੋ-ਵੱਖ ਸਾਧਨਾਂ ਰਾਹੀਂ ਫੈਲ ਰਹੀਆਂ ਹਨ। ਧੂਲੇ ਦੇ ਰਾਇਨਪਾੜਾ ਦੀ ਭੀੜ ਵੀ ਅਜਿਹੀਆਂ ਹੀ ਅਫਵਾਹਾਂ ਦੀ ਸ਼ਿਕਾਰ ਸੀ ਜਿਸ ਨੇ ਸ਼ੋਲਾਪੁਰ ਜ਼ਿਲ੍ਹੇ ਦੇ ਮੰਗਲਵੇੜਾ ਨਾਲ ਸੰਬੰਧਿਤ 5 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਇਹ ਬੇਰਹਿਮ ਭੀੜ ਤਰਕ ਦਾ ਪੱਲਾ ਖੋ ਬੈਠੀ ਸੀ। ਭੀੜ ਕਦੇ ਵੀ ਛਾਣਬੀਣ ਕਰਨ ਜਾਂ ਪੁਲਿਸ ਕੋਲ ਜਾਣ ਦੀ ਕਸ਼ਟ ਨਹੀਂ ਚੁੱਕਦੀ। ਭੀੜ ਇੰਨੀਂ ਬੇਰਹਿਮ ਹੋ ਜਾਂਦੀ ਹੈ ਕਿ ਇਹ ਮਨੁੱਖੀ ਸਰੀਰ ਦੀ ਸ਼ਕਲ ਹੀ ਵਿਗਾੜ ਦਿੰਦੀ ਹੈ, ਜੋ ਕਿ ਇੱਕ ਦਹਿਲਾ ਦੇਣ ਵਾਲਾ ਕੰਮ ਹੈ।

ਸ਼ੋਲਾਪੁਰ ਦੇ 12 ਤਾਲੁਕਿਆਂ ਵਿੱਚ ਨਾਥਪੰਥੀ ਦਾਵਰੀ ਗੋਸਵਾਮੀ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿੱਚ ਵੱਸਦੇ ਹਨ। ਭਾਈਚਾਰਾ ਇਸ ਘਟਨਾ ਤੋਂ ਬਾਅਦ ਡਰਿਆ ਹੋਇਆ ਹੈ। ਉਨ੍ਹਾਂ ਦਾ ਇੱਕੋ ਸਵਾਲ ਹੈ 'ਕਿ ਬਚੀਏ ਕਿਵੇਂ?'

ਉਹ ਮੰਦਰਾਂ ਦੀ ਸਫਾਈ ਕਰਦੇ ਅਤੇ ਦੂਸਰੇ ਦਰਜੇ ਦੀਆਂ ਧਾਰਮਿਕ ਗਤੀਵਿਧੀਆਂ ਕਰਦੇ ਪਰ ਉਨ੍ਹਾਂ ਨੇ ਕਦੇ ਵੀ ਇੱਕ ਥਾਂ ਟਿਕ ਕੇ ਕੰਮ ਨਹੀਂ ਕੀਤਾ। ਇਸੇ ਕਰਕੇ ਉਹ ਗਜ਼ਾ ਕਰਕੇ ਹੀ ਗੁਜਾਰਾ ਕਰਦੇ ਆ ਰਹੇ ਹਨ।

ਉਹ ਗਜ਼ਾ ਕਰਨ ਸਮੇਂ ਆਪਣੇ ਨਾਲ ਨੰਦੀ ਬਲਦ ਰਖਦੇ ਹਨ, ਭਵਿੱਖ ਦੱਸਦੇ ਹਨ ਅਤੇ ਅੰਗੂਠੀਆਂ ਦੇ ਨਗ ਵੇਚਦੇ ਹਨ।

ਭਾਈਚਾਰੇ ਨੇ ਮੁਸ਼ਕਿਲਾਂ ਦੇਖੀਆਂ ਹਨ। ਇਨ੍ਹਾਂ ਦਾ ਕੋਈ ਜੱਦੀ ਪਿੰਡ ਨਹੀਂ, ਠਿਕਾਣਾ ਨਹੀਂ ਜ਼ਮੀਨ ਨਹੀਂ ਰਾਸ਼ਨ ਕਾਰਡ ਨਹੀਂ ਹਨ ਵੋਟਰ ਕਾਰਡ ਨਹੀਂ ਹਨ। ਇਨ੍ਹਾਂ ਕੋਲ ਨਾ ਹੀ ਸਿਖਿਆ ਹੈ ਅਤੇ ਨਾ ਹੀ ਸਰਕਾਰੀ ਨੌਕਰੀਆਂ ਹਨ।

ਪਿਛਲੇ 30-40 ਸਾਲਾਂ ਦੌਰਾਨ ਇਨ੍ਹਾਂ ਲੋਕਾਂ ਨੇ ਨੌਕਰੀਆਂ ਦੀ ਤਲਾਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਕਬਾੜੀਏ ਦਾ ਕੰਮ ਕਰਦੇ ਹਨ, ਮੱਝਾਂ ਪਾਲਦੇ ਹਨ ਅਤੇ ਗੈਸੀ ਚੁੱਲ੍ਹਿਆਂ ਦੀ ਆਦਿ ਦੀ ਮੁਰੰਮਤ ਕਰਦੇ ਹਨ।

ਸਾਖਰਤਾ ਦਰ 0.05 ਫੀਸਦੀ ਤੋਂ ਵੀ ਘੱਟ ਹੈ। ਮੈਂ ਇਸੇ ਭਾਈਚਾਰੇ ਵਿੱਚੋਂ ਪੀਐਚਡੀ ਕਰਨ ਵਾਲਾ ਪਹਿਲਾ ਵਿਅਕਤੀ ਹਾਂ। ਤੁਸੀਂ ਮੇਰੀ ਮਿਸਾਲ ਤੋਂ ਹਾਲਾਤ ਦਾ ਅੰਦਾਜ਼ਾ ਲਾ ਸਕਦੇ ਹੋ।

ਸਾਡੇ ਭਾਈਚਾਰੇ ਵਿੱਚੋਂ ਮੁਸ਼ਕਿਲ ਨਾਲ 700-800 ਲੋਕ ਹੀ ਸਰਕਾਰੀ ਨੌਕਰੀ ਵਿੱਚ ਹਨ। ਔਰਤਾਂ ਦੀ ਸਾਖਰਤਾ ਦਰ ਇਸ ਤੋਂ ਵੀ ਮਾੜੀ ਹੈ। ਭਾਈਚਾਰੇ ਲਈ ਗਜਾ ਕਰਨ ਤੋਂ ਇਲਾਵਾ ਗੁਜਾਰਾ ਕਰਨ ਦੇ ਹੋਰ ਵੀ ਸਾਧਨ ਭਾਲਣੇ ਪੈਣਗੇ। ਸਮਾਜ ਗਜਾ ਕਰਨ ਵਾਲਿਆਂ ਨੂੰ ਚੋਰ ਅਤੇ ਠੱਗ ਸਮਝਣ ਲੱਗ ਪਿਆ ਹੈ।

**ਗਜਾ ਕਰਨੀ ਛੱਡ ਦਿਓ**

ਮੈਂ ਆਪਣੇ ਗਜਾ ਕਰਨ ਵਾਲੇ ਭਰਾਵਾਂ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਇਹ ਕੰਮ ਛੱਡ ਦਿਓ। ਇਹ ਸਮਾਂ ਆਤਮ ਨਿਰਭਰ ਹੋਣ ਦਾ ਹੈ। ਕੋਈ ਨਹੀਂ ਜਾਣਦਾ ਕਦੋਂ, ਤੁਹਾਡੇ 'ਤੇ ਹਮਲਾ ਕਰ ਦਿੱਤਾ ਜਾਵੇ। ਗਜਾ ਉੱਪਰ ਨਿਰਭਰ ਰਹਿ ਕੇ ਕੋਈ ਭਲਾ ਨਹੀਂ ਹੋਣ ਵਾਲਾ ਸਗੋਂ ਤੁਹਾਡਾ ਆਪਣਾ ਨੁਕਸਾਨ ਹੀ ਹੋਵੇਗਾ।

ਜ਼ਿੰਦਗੀ ਵਿੱਚ ਸਖ਼ਤ ਫੈਸਲਾ ਲੈਣ ਦਾ ਸਮਾਂ ਹੈ। ਜਦੋਂ ਤੱਕ ਅਸੀਂ ਜਾਤੀ ਵੰਡ ਦੀਆਂ ਦਿੱਤੀਆਂ ਭੂਮਿਕਾਵਾਂ ਨਿਭਾਉਣਾ ਨਹੀਂ ਛਡਦੇ, ਇਸ ਜਾਲ ਵਿੱਚੋਂ ਨਹੀਂ ਨਿਕਲ ਸਕਦੇ। ਡਾ. ਅੰਬੇਦਕਰ ਨੇ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਮਰੇ ਹੋਏ ਡੰਗਰ ਢੋਣ ਅਤੇ ਖਾਣ ਤੋਂ ਰੋਕਿਆ ਸੀ। ਭਾਈਚਾਰੇ ਨੂੰ ਸ਼ੁਰੂ ਵਿੱਚ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਪਰ ਬਾਅਦ ਵਿੱਚ ਭਾਈਚਾਰਾ ਇਸ ਕੰਮ ਨਾਲ ਜੁੜਿਆ ਕਲੰਕ ਲਾਹੁਣ ਵਿੱਚ ਸਫਲ ਹੋ



ਗਿਆ। ਇਹੀ ਕੰਮ ਹੁਣ ਨਾਥਪੰਥੀ ਦਾਵਰੀ ਗੋਸਵਾਮੀ ਭਾਈਚਾਰੇ ਨੂੰ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਨੂੰ ਆਪਣੇ ਹੱਕਾਂ ਲਈ ਲੜਨਾ ਪਵੇਗਾ। ਮੈਂ ਸਰਕਾਰ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਇਸ ਭਾਈਚਾਰੇ ਨੂੰ ਗਜਾ ਕਰਨ ਤੋਂ ਰੋਕੇ। ਉਨ੍ਹਾਂ ਨੂੰ ਨੌਕਰੀਆਂ ਦੇਵੇ ਅਤੇ ਉਨ੍ਹਾਂ ਨੂੰ ਕੌਸ਼ਲ ਸਿਖਾਵੇ। ਵਸੰਤਰਾਓ ਨਾਇਕ ਆਰਥਿਕ ਵਿਕਾਸ ਕਾਰਪੋਰੇਸ਼ ਰਾਹੀਂ ਮਿਲਣ ਵਾਲੀ ਸਹਾਇਤਾ ਵਧਾਵੇ।

ਸਰਕਾਰ ਇਸ ਭਾਈਚਾਰੇ ਦੀ ਜਾਤੀ ਸਰਟੀਫਿਕੇਟ, ਰਾਸ਼ਨ ਕਾਰਡ ਅਧਾਰ ਕਾਰਡ ਆਦਿ ਹਾਸਲ ਕਰਨ ਵਿੱਚ ਮਦਦ ਕਰੇ। ਉਨ੍ਹਾਂ ਲਈ ਰਿਹਾਇਸ਼ੀ ਸਕੂਲ ਖੋਲ੍ਹੇ ਜਾਣ, ਜਿਨ੍ਹਾਂ ਵਿੱਚ ਉਨ੍ਹਾਂ ਨੂੰ ਚੰਗੀ ਖੁਰਾਕ ਦਿੱਤੀ ਜਾਵੇ। ਜੇ ਅਸੀਂ ਅਜਿਹਾ ਕਰਨ ਵਿੱਚ ਸਫ਼ਲ ਹੋ ਗਏ ਤਾਂ ਰਾਇਨਪਾੜਾ ਵਰਗੀਆਂ ਘਟਨਾਵਾਂ ਵਾਪਰਨ ਤੋਂ ਰੋਕਣ ਵਿੱਚ ਵੀ ਸਫ਼ਲ ਹੋ ਜਾਵਾਂਗਾ।

(ਪਿਛਲੇ ਮਹੀਨੇ ਮਹਾਰਾਸ਼ਟਰ ਦੇ ਧੂਲੇ ਵਿੱਚ ਭੀੜ ਵੱਲੋਂ ਨਾਥਪੰਥੀ ਦਾਵਰੀ ਗੋਸਵਾਮੀ ਭਾਈਚਾਰੇ ਦੇ ਪੰਜ ਵਿਅਕਤੀਆਂ ਨੂੰ ਵਟਸਐਪ ਉੱਪਰ ਬੱਚੇ ਚੁੱਕੇ ਜਾਣ ਦੀ ਵੀਡੀਓ ਵਾਇਰਲ ਹੋਣ ਮਗਰੋਂ ਕਤਲ ਕਰ ਦਿੱਤਾ ਗਿਆ ਸੀ। ਇਹ ਲੇਖ ਉਸੇ ਨਾਥਪੰਥੀ ਦਾਵਰੀ ਗੋਸਵਾਮੀ ਭਾਈਚਾਰੇ ਦੇ ਇਤਿਹਾਸ ਅਤੇ ਵਰਤਮਾਨ ਬਾਰੇ, ਉਸੇ ਭਾਈਚਾਰੇ ਨਾਲ ਸੰਬੰਧਤ ਪਹਿਲੇ ਪੀਐਚਡੀ ਪ੍ਰੋਫੈਸਰ ਵੱਲੋਂ ਬੀਬੀਸੀ ਲਈ ਲਿਖਿਆ ਗਿਆ ਹੈ। ਇਸ ਲੇਖ ਵਿਚਲੇ ਵਿਚਾਰ ਉਨ੍ਹਾਂ ਦੇ ਨਿੱਜੀ ਹਨ।)





## ਦੇਸੀ ਲੀਡਰ !


ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com



ਪਿਛਲੇ ਦਿਨੀਂ ਇੱਕ ਪਬਲਿਕ ਫੰਕਸ਼ਨ ਤੇ ਇੱਕ ਸੱਜਣ ਮਿਲੇ ਤਾਂ ਹਾਲ-ਚਾਲ ਪੁੱਛਣ ਤੋ ਬਾਅਦ ਕਹਿੰਦੇ ਵੀਰ ਜੀ ਹੁਣ ਤੁਹਾਡੀ ਮਦਦ ਦੀ ਲੋੜ ਹੈ। ਮੈਂ ਕਿਹਾ, ਦੱਸੋ ਕੀ ਕਰ ਸਕਦੇ ਹਾਂ। ਕਹਿੰਦਾ, ਮੈਂ ਇਲੈਕਸ਼ਨ 'ਚ ਖੜ੍ਹਨ ਦੀ ਸੋਚ ਰਿਹਾਂ ਤੇ ਨਾਮੀਨੇਸ਼ਨ ਲਈ ਵੋਟਾਂ ਚਾਹੀਦੀਆਂ ਹਨ, ਮੇਰੀ ਮਦਦ ਕਰੋ, ਤੁਹਾਨੂੰ ਤਾਂ ਬਥੇਰੇ ਲੋਕ ਜਾਣਦੇ ਨੇ। ਮੈਂ ਕਿਹਾ, ਉਹ ਤਾਂ ਠੀਕ ਹੈ, ਤੁਸੀਂ ਖੜ੍ਹੇ ਹੋਵੋ, ਕੋਈ ਗੱਲ ਨੀ, ਲੋਕ-ਤੰਤਰ ਵਿੱਚ ਹਰ ਇੱਕ ਨੂੰ ਖੜ੍ਹਨ ਦਾ ਹੱਕ ਹੈ, ਪਰ ਤੁਸੀਂ ਕਿਹੜੀ ਪਾਰਟੀ ਵੱਲੋਂ ਖੜ੍ਹ ਰਹੇ ਹੋ। ਕਹਿੰਦਾ ਮੇਰੇ ਦੋਸਤ ਵੀ ਕਹਿੰਦੇ ਸੀ ਖੜ੍ਹ ਜਾ, ਹੁਣ ਮੌਕਾ ਹੈ ਜਿੱਤਣ ਦਾ। ਕੈਨੀ ਵਾਲੀ ਯੂ ਸੀ ਪੀ ਦੀ ਅੱਜ-ਕੱਲ੍ਹ ਹਵਾ ਹੈ, ਕਹਿੰਦੇ ਅਗਲੀ ਵਾਰ ਇਨ੍ਹਾਂ ਹੀ ਜਿਤਣਾ ਹੈ? ਗੋਰੇ ਤਾਂ ਬਹੁਤੇ ਹੁਣ ਇਨ੍ਹਾਂ ਨਾਲ ਹਨ, ਐਨ ਡੀ ਪੀ ਨੇ ਤਾਂ ਜਿੱਤਣਾ ਲਗਦਾ ਨੀ।

ਇਹ ਉਹ ਲੀਡਰ ਹਨ, ਜੋ ਬਰਸਾਤੀ ਖੁੰਬਾਂ ਵਾਂਗ ਵੋਟਾਂ ਮੌਕੇ ਹੀ ਪ੍ਰਗਟ ਹੁੰਦੇ ਹਨ। ਉਪਰਲੀ ਵਾਰਤਾਲਾਪ ਤੋਂ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਅਜਿਹੇ ਮੌਕਾਪ੍ਰਸਤ ਲੀਡਰਾਂ ਨੂੰ ਪਾਰਟੀ ਦੀਆਂ ਪਾਲਿਸੀਆਂ ਨਾਲ ਕੋਈ ਮਤਲਬ ਨਹੀਂ, ਉਨ੍ਹਾਂ ਸਿਰਫ ਉਸ ਪਾਰਟੀ ਵਿੱਚ ਡੱਡੂ ਛੜੱਪਾ ਮਾਰਨਾ ਹੈ, ਜਿਸਦੇ ਜਿੱਤਣ ਦੇ ਵੱਧ ਆਸਾਰ ਹਨ। ਜੇ ਜਿੱਤ ਗਏ ਤਾਂ ਚਾਰ ਸਾਲ ਭੋਗਾਂ, ਵਿਆਹਾਂ, ਟੂਰਨਾਮੈਂਟਾਂ, ਸ਼ੋਆਂ ਤੇ ਮੂਹਰੇ ਬੈਠਾਂਗੇ, ਲੱਖਾਂ ਡਾਲਰ ਤਨਖ਼ਾਹ ਦੇ ਵੱਖਰੇ ਕੁੱਟਾਂਗੇ। ਹਾਰ ਗਏ ਤਾਂ ਕੁਝ ਵੱਡੇ ਲੋਕਾਂ ਨਾਲ ਜਾਂ ਪਾਰਟੀ ਲੀਡਰਾਂ ਸਬੰਧ ਬਣਨਗੇ, ਉਹ ਆਪਣੇ ਬਿਜਨੈਸ ਲਈ ਕੰਮ ਆਉਣਗੇ, ਮਸ਼ਹੂਰੀ ਵੱਖਰੀ ਹੋ ਜਾਊ। ਚਾਰ ਸਾਲ ਬਾਅਦ ਫਿਰ ਦੇਖੀ ਜਾਊ। ਵਹਿੰਦੀ ਗੰਗਾ ਵਿੱਚ ਹੱਥ ਧੋਣ ਵਾਲੇ ਅਜਿਹੇ ਲੀਡਰਾਂ ਦਾ ਲੋਕਾਂ ਨਾਲ ਕੋਈ ਮਤਲਬ ਨਹੀਂ, ਲੋਕਾਂ ਦੇ ਮਸਲਿਆਂ ਨਾਲ ਕੋਈ ਮਤਲਬ ਨਹੀਂ। ਉਨ੍ਹਾਂ ਦਾ ਮਕਸਦ ਜਿੱਤ ਕੇ ਚੌਧਰ ਦਾ ਆਨੰਦ ਲੈਣਾ ਤੇ ਚਾਰ ਸਾਲ ਘੁੰਮ ਫਿਰ ਕੇ ਚੋਖੀ ਤਨਖ਼ਾਹ ਕੁੱਟਣੀ ਹੈ। ਪਿਛਲੇ ਸਮੇਂ ਵਿੱਚ ਕਮਿਊਨਿਟੀ ਨੇ ਅਜਿਹੇ ਬਹੁਤ ਚੌਧਰੀ ਦੇਖੇ ਹਨ, ਜੋ ਸਿਰਫ ਵੋਟਾਂ ਵੇਲੇ ਪ੍ਰਗਟ ਹੁੰਦੇ ਹਨ, ਫਿਰ ਕਮਿਊਨਿਟੀ ਦੇ ਹਰ ਫੰਕਸ਼ਨ ਵਿੱਚ ਮੂਹਰੇ ਦਿਸਣਗੇ। ਪਰ ਅਸੀਂ ਵੋਟਾਂ ਮੌਕੇ ਅਜਿਹੇ ਲੋਕਾਂ ਨੂੰ ਸਵਾਲ ਕਰਨ ਦੀ ਥਾਂ ਵੋਟਾਂ ਪਾਉਣ ਤੁਰ ਪੈਂਦੇ ਹਾਂ ਕਿ ਜੀ ਇਹ ਪੰਜਾਬੀ ਹੈ, ਇਹ ਸਿੱਖ ਹੈ, ਇਹ ਸਾਡਾ ਰਿਸ਼ਤੇਦਾਰ ਹੈ, ਇਹ ਸਾਡੇ ਇਲਾਕੇ ਦਾ ਹੈ, ਇਹ ਸਾਡੀ ਜਾਤ ਬਰਾਦਰੀ ਦਾ ਹੈ, ਇਹ ਸਾਡਾ ਮਿੱਤਰ ਹੈ ਆਦਿ। ਅਗਲੇ ਸਾਲ ਅਲਬਰਟਾ ਤੇ ਫੈਡਰਲ ਚੋਣਾਂ ਹੋ ਰਹੀਆਂ ਹਨ, ਪੁਰਾਣੇ ਤੇ ਨਵੇਂ ਲੀਡਰਾਂ ਨੂੰ ਸਵਾਲ ਕਰੋ। ਪਾਰਟੀ ਪਾਲਸੀਆਂ ਬਾਰੇ ਪੁੱਛੋ, ਲੋਕਾਂ ਲਈ ਕੀ ਕਰਨਗੇ, ਕਮਿਊਨਿਟੀ ਲਈ ਕੀ ਕਰਨਗੇ, ਪਾਰਟੀ ਲਈ ਉਨ੍ਹਾਂ ਦੀ ਕੀ ਦੇਣ ਹੈ, ਸਮਾਜ ਲਈ ਉਨ੍ਹਾਂ ਕੀ ਕੀਤਾ, ਰਾਜਨੀਤੀ ਦਾ ਉਨ੍ਹਾਂ ਦਾ ਕੀ ਤਜ਼ਰਬਾ ਹੈ।

# ਲੋਕਾਂ ਦਾ ਕਵੀ : ਬਾਬਾ ਨਜਮੀ



ਹਰੀਪਾਲ
403-714-4816



ਇਨਕਲਾਬੀ ਲੋਕਾਂ ਦੀ ਇਹ ਖਾਸੀਅਤ ਹੁੰਦੀ ਹੈ ਕਿ ਉਹ ਕਿਸੇ ਇੱਕ ਖਿੱਤੇ ਦੇ, ਕਿਸੇ ਇੱਕ ਸੂਬੇ ਦੇ ਕਿਸੇ ਇੱਕ ਦੇਸ਼ ਦੀ ਜਗੀਰ ਨਹੀਂ ਹੁੰਦੇ ਬਲ ਕਿ ਉਹ ਤਾਂ ਸਾਰੇ ਸੰਸਾਰ ਦੀਆਂ, ਸੰਘਰਸ਼ ਕਰ ਰਹੀਆਂ ਜਮਾਤਾਂ ਦੇ ਰਾਹ ਦਸੇਰਾ ਹੁੰਦੇ ਹਨ। ਇਸ ਕਰਕੇ ਬਾਬਾ ਨਜਮੀ ਹੁਣ ਪੰਜਾਬ ਜਾਂ ਪਾਕਿਸਤਾਨ ਦਾ ਹੀ ਨਹੀਂ ਹੈ, ਬਲਕਿ ਦੂਨੀਆਂ ਭਰ ਵਿੱਚ ਮਜਦੂਰਾਂ ਦਾ ਪਰਤੀਕ ਹੈ । ਇਨਕਲਾਬ ਦੀ ਉਡੀਕ ਹੈ। ਜਿਵੇਂ ਬਸਤਰ ਇੱਕ ਇਨਕਲਾਬੀ ਗਾਇਕ ਪਾਸ਼ ਦੇ ਗੀਤ ਗਾਉਂਦਾ ਹੈ। ਕਾਜੀ ਨਜਹਲ ਇਸਲਾਮ ਦੀ ਗੱਲ ਹਿੰਦੁਸਤਾਨ ਵਿੱਚ ਹੁੰਦੀ ਹੈ। ਪਾਬਲੋ ਨੈਰੂਦੋ ਦੀ ਕਵਿਤਾ ਸੱਤ ਸਮੁੰਦਰ ਪਾਰ ਏਸ਼ੀਆ ਵਿੱਚ ਗਾਈ ਜਾਂਦੀ ਹੈ।

ਸਾਹਿਤ ਵਿੱਚ ਕਦੇ ਸੂਫ਼ੀ ਕਵਿਤਾ ਦਾ ਦੌਰ ਆਉਂਦਾ ਹੈ। ਕਦੇ ਪ੍ਰਯੋਗਵਾਦੀ, ਕਦੇ ਪ੍ਰਗਤੀਵਾਦੀ ਕਵਿਤਾ ਦਾ ਦੌਰ ਆਉਂਦਾ ਹੈ। ਇਹ ਦੌਰ ਆਏ ਚਲੇ ਗਏ। ਪਰ ਜਿਸ ਕਵੀ ਨੇ, ਲੋਕਾਂ ਦੇ ਦੁੱਖਾਂ, ਤਕਲੀਫ਼ਾਂ, ਸੰਘਰਸ਼ ਦੀ ਗੱਲ ਕੀਤੀ ਉਹ ਲੇਖਕ ਅਮਰ ਹੈ। ਉਨ੍ਹਾਂ ਦੀ ਕਵਿਤਾ ਅਮਰ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਸਰਕਾਰੀ ਸਰਪ੍ਰਸਤ ਸੰਸਥਾਵਾਂ ਦੇ ਇਨਾਮਾਂ ਦੀ ਝਾਕ ਨੇ ਬਹੁਤ ਮਾਅਰਕੇਬਾਜ਼ ਲੇਖਕਾਂ ਨੂੰ ਖੱਸੀ ਕਰ ਦਿੱਤਾ ਹੈ। ਇਹ ਲੋਕ ਸੱਜ਼ਾਦ ਜਹੀਰ ਵਰਗੇ ਜਿਨ੍ਹਾਂ ਨੇ ਲੋਕਾਂ ਦੇ ਦੁੱਖਾਂ ਦੀ ਗੱਲ ਕੀਤੀ ਸੀ ਬਾਅਦ ਵਿੱਚ ਫਿਲਮ ਇੰਡਸਟਰੀ ਵਿੱਚ ਜਾ ਕੇ 'ਮੁਰਗਾ-ਮੁਰਗੀ ਪਿਆਰ ਕਰੇ' ਵਰਗੇ ਘਟੀਆ ਪੱਧਰ ਦੇ ਗੀਤ ਲਿਖਣ ਲੱਗ ਪਏ।

ਪਰ ਹੁਣ ਪਾਸ਼ ਅਤੇ ਉਦਾਸੀ ਦੇ ਦੌਰ ਤੋਂ ਬਾਅਦ ਪੰਜਾਬੀ ਜੁਬਾਨ ਦੇ ਧਰਾਤਲ ਤੇ ਇੱਕ ਅਜਿਹਾ ਕਵੀ ਆਇਆ ਹੈ। ਜਿਹੜਾ ਸਰਕਾਰੀ ਇਨਾਮਾਂ ਵੱਲ ਨਹੀਂ ਝਾਕਦਾ। ਕਵਿਤਾ ਜਿਸ ਦੇ ਹੱਥਾਂ ਦੇ ਅੱਟਣਾਂ 'ਚੋਂ ਪੈਦਾ ਹੁੰਦੀ ਹੈ। ਜਿਹੜਾ ਸਥਾਪਤੀ ਮੂਹਰੇ ਲੇਲੜੀਆਂ ਨਹੀਂ ਕੱਢਦਾ ਬਲ ਕਿ ਸੱਤਾ ਦੀ ਧੌਣ 'ਤੇ ਗੋਡਾ ਧਰ ਕੇ ਕਹਿੰਦਾ ਹੈ।

**'ਜਿਸ ਧਰਤੀ ਤੇ ਰੱਜਵਾਂ ਟੁੱਕਰ**
**ਖਾਂਦੇ ਨਹੀਂ ਮਜ਼ਦੂਰ**
**ਉਸ ਧਰਤੀ ਦੇ ਹਾਕਮ ਕੁੱਤੇ,**
**ਉਸ ਦੇ ਹਾਕਮ ਸੂਰ'**

ਹੈ ਨਾ ਕੜਾਕੇਦਾਰ ਗੱਲ। ਇਹ ਕੀ ਗੱਲ ਹੋਈ ਕਿ ਸਥਾਪਤੀ ਨੂੰ ਚੈਲੰਜ ਵੀ ਕਰਨਾ ਅਤੇ ਨਰਾਜ ਵੀ ਨਹੀਂ ਹੋਣ ਦੇਣਾ। ਪੂਰਬੀ ਪੰਜਾਬ ਵਿੱਚ ਕਾਫ਼ੀ ਹੱਦ ਤੱਕ ਅੱਜ ਕੁਝ ਇਹੋ ਜਿਹੀ ਕਵਿਤਾ ਰਚੀ ਜਾ ਰਹੀ ਹੈ।

ਅਸੀਂ ਹੁਣ ਉਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ ਜਦ ਫੇਲ੍ਹ ਹੋ ਰਿਹਾ ਪੂੰਜੀਵਾਦ, ਫਾਸ਼ੀਵਾਦ ਜਿਹੇ ਸੱਪ ਕੱਢ ਰਿਹਾ ਹੈ ਅਤੇ ਹਰ ਰੋਜ਼ ਨਵੇਂ-ਨਵੇਂ ਹਿਟਲਰ ਪੈਦਾ ਕਰ ਰਿਹਾ ਹੈ। ਇਹ ਫਾਸ਼ੀਵਾਦ ਨਿਰਧਾਰਤ ਕਰਦਾ ਹੈ ਕਿ ਲੋਕਾਂ ਨੇ ਕੀ ਖਾਣਾ ਜਾਂ ਕੀ ਪਹਿਨਣਾ ਹੈ। ਇੱਕ ਖਾਸ ਜਾਨਵਰ ਦਾ ਮੀਟ ਖਾਣ ਕਰਕੇ ਜਾਂ ਮੀਟ ਖਾਣ ਦਾ ਦੋਸ਼ ਲਾ ਕੇ ਕਿਸੇ ਨੂੰ ਮਾਰਿਆ ਜਾਂਦਾ ਹੈ ਅਤੇ ਜਿਹੜੇ ਮਾਰ ਰਹੇ ਹਨ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਹ ਤਾਂ ਆਪਦੇ ਭਰਾ ਨੂੰ ਹੀ ਮਾਰ ਰਹੇ ਹਨ। ਇਹ ਸਭ ਕੁਝ ਕਰਵਾਉਣ ਵਾਲਾ ਕਦੇ ਵਸ਼ਿੰਗਟਨ ਜਾਂ ਲੰਡਨ ਵਿੱਚ ਬੈਠ ਕੇ ਹੱਸਦਾ ਹੈ, ਲੋਕਾਂ ਦੀ ਮੂਰਖਤਾ 'ਤੇ ਨੱਚਦਾ ਹੈ। ਇਹੋ-ਜਿਹੇ ਸਮੇਂ ਜਦ ਫਾਸ਼ੀਵਾਦ ਦਾ ਫਨੀਅਰ ਫੁੰਕਾਰੇ ਮਾਰ ਰਿਹਾ ਹੈ। ਬਾਬਾ ਨਜ਼ਮੀ ਭਰਾਤਰੀਵਾਦ ਦਾ ਸੁਨੇਹਾ ਦਿੰਦਾ ਹੈ।

**'ਤੂੰ ਕਿਉਂ ਢਾਹਵੇਂ ਮਸਜਿਦ ਨੂੰ**
**ਮੈਂ ਕਿਉਂ ਤੋੜਾਂ ਮੰਦਿਰ ਨੂੰ**
**ਆਜਾ ਬਹਿ ਕੇ ਦੋਵੇਂ ਪੜ੍ਹੀਏ**
**ਇੱਕ-ਦੂਜੇ ਦੇ ਅੰਦਰ ਨੂੰ'**

ਪਿੱਛੇ ਜਿਹੇ ਸ਼ਾਂਤੀ ਪਸੰਦ ਸੁਹਜਵਾਦੀ ਵਿਦਵਾਨਾਂ ਨੇ ਕਈ ਵਾਰ ਪਾਸ਼ ਦੀ ਕਵਿਤਾ ਤੇ ਮਾਅਰਕੇਬਾਜ਼ੀ, ਨਾਅਰੇਬਾਜ਼ੀ ਦਾ ਇਲਜਾਮ ਲਾਇਆ ਹੈ। ਹੁਣ ਸ਼ਾਇਦ ਬਾਬਾ ਨਜਮੀ 'ਤੇ ਵੀ ਲਾਉਣਗੇ ਪਰ ਬਾਬਾ ਨਜਮੀ ਦੀ ਕਵਿਤਾ ਦੀ ਮਕਬੂਲੀਅਤ ਇਨ੍ਹਾਂ ਲੋਕਾਂ ਦੇ ਮੂੰਹ 'ਤੇ ਚਪੇੜ ਹੈ। ਹੁਣ ਇਹੋ-ਜਿਹੀ ਸ਼ਾਂਤੀ ਪਸੰਦ ਕਵਿਤਾ ਦਾ ਦੌਰ ਖ਼ਤਮ ਹੋ ਗਿਆ ਹੈ ਅਤੇ ਨਾਲ ਨਜ਼ਮੀ ਦੀ ਕਵਿਤਾ ਹਾਕਮਾਂ ਦੀ ਧੌਣ 'ਤੇ ਗੋਡਾ ਰੱਖ ਕੇ ਪੁੱਛਦੀ ਹੈ ਕਿ ਸਾਡੇ ਚੁੱਲ੍ਹੇ ਠੰਡੇ ਕਿਉਂ ਹਨ, ਸਾਡੇ ਬੱਚੇ ਭੁੱਖੇ ਕਿਉਂ ਹਨ। ਜਦ ਕਿ ਤੁਹਾਡੇ ਤਾਂ ਕੁੱਤੇ-ਬਿੱਲੀਆਂ ਵੀ ਬਿਸਕੁੱਟ ਖਾ ਰਹੇ ਹਨ।

ਬਾਬਾ ਨਜ਼ਮੀ ਹਿੰਦੁਸਤਾਨ ਦਾ ਪਾਸ਼ ਹੈ, ਬੰਗਲਾ ਦੇਸ਼ ਦਾ ਨਜਹੁਲ ਇਸਲਾਮ ਹੈ। ਦਿੱਲੀ ਦਾ ਪਾਬਲੋ ਨੈਰੂਦੋ ਹੈ। ਇਸਤੋਂ ਵੀ ਅੱਗੇ ਬਾਬਾ ਨਜਮੀ ਮਜ਼ਦੂਰਾਂ ਦੇ ਬਲਦੇ ਚੁੱਲ੍ਹਿਆਂ ਦੀ ਆਸ ਹੈ। ਮਜ਼ਦੂਰਾਂ ਦੀਆਂ ਉਮੀਦਾਂ ਦਾ ਸਹਾਰਾ ਹੈ। ਮਸ਼ੂਕ ਦੀਆਂ ਜੁਲਫ਼ਾਂ ਜਾਂ ਉਸਦੀਆਂ ਸ਼ਰੀਰਿਕ ਗੋਲਾਈਆਂ ਦਾ ਜ਼ਿਕਰ ਕਰਨ ਦਾ ਯੁਗ ਨਹੀਂ ਹੈ। ਇਹ ਯੁੱਗ ਮਜ਼ਦੂਰ ਜਮਾਤ ਦੇ ਸੰਘਰਸ਼ ਦਾ ਯੁੱਗ ਹੈ। ਇਹ ਯੁੱਗ ਪੂੰਜੀਵਾਦ ਦੀਆਂ ਘਟੀਆਂ ਚਾਲਾਂ ਨੂੰ ਨੰਗਾ ਕਰਨ ਦਾ ਯੁੱਗ ਹੈ, ਇਹ ਯੁੱਗ ਜਮਾਤਾਂ ਦੇ ਭੇੜ ਦਾ ਯੁੱਗ ਹੈ। ਇਹ ਯੁੱਗ ਆਪਣੇ ਪਰਾਏ ਦੀ ਪਹਿਚਾਣ ਦਾ ਯੁੱਗ ਹੈ, ਇਹ ਯੁੱਗ ਮੁੜਕੇ ਹੀ ਸਾਂਝ ਦਾ ਯੁੱਗ ਹੈ। ਇਹ ਯੁੱਗ ਪਾਸ਼ ਦਾ ਉਦਾਸੀ ਦਾ ਯੁੱਗ ਹੈ। ਇਹ ਯੁੱਗ ਬਾਬਾ ਨਜਮੀ ਦਾ ਯੁੱਗ ਹੈ।

ਜੇਕਰ ਇੱਕ ਵਾਰ ਫਿਰ ਸਾਹਿਤ ਦੀ ਗੱਲ ਕਰੀਏ ਜਿਹੜੇ ਲੇਖਕ ਲਿਖਦੇ ਹਨ ਪਰ ਆਪ ਦੀ ਲਿਖਤ ਦੇ ਨਾਲ ਨਹੀਂ ਖੜ੍ਹਦੇ ਉਹ ਲੇਖਕ ਲੋਕਾਂ ਨਾਲ ਆਪਦੇ-ਆਪ ਨਾਲ ਬਹੁਤ ਵੱਡਾ ਧੋਖਾ ਕਮਾ ਰਹੇ ਹਨ। ਬਾਬਾ ਨਜਮੀ ਲਿਖਦਾ ਹੀ ਨਹੀਂ ਆਪਣੀਆਂ ਲਿਖਤਾਂ ਦੀ ਖਾਤਰ ਖੜ੍ਹਦਾ ਹੈ। ਬੇਇਨਸਾਫ਼ੀ ਦੇ ਉਲਟ ਝੰਡਾ ਬੁਲੰਦ ਕਰਦਾ ਹੈ ਅਤੇ ਉਸ ਦਾ ਇਨਾਮ ਮਿਲਿਆ ਹੈ, ਪੁਲਿਸ ਤਸ਼ੱਦਦ। ਪਰ ਤਸ਼ੱਦਦ ਨੇ ਬਾਬਾ ਨਜ਼ਮੀ ਨੂੰ ਤੋੜਿਆ ਨਹੀਂ ਸਗੋਂ ਹੋਰ ਤਕੜਾ ਕੀਤਾ ਹੈ। ਤਾਂ ਹੀ ਤਾਂ ਉਹ ਕਹਿੰਦਾ ਹੈ

**'ਬੇ ਹਿੰਮਤੇ ਨੇ ਜਿਹੜੇ ਬਹਿਕੇ,**
**ਸ਼ਿਕਵਾ ਕਰਨ ਮੁੱਕਦਰਾਂ ਦਾ**
**ਉਗਣ ਵਾਲੇ ਉਗ ਪੈਂਦੇ ਨੇ,**
**ਸੀਨਾ ਪਾੜ ਕੇ ਪੱਥਰਾਂ ਦਾ।**

ਸਾਡੀ ਗਰੀਬੀ ਲਈ , ਜ਼ਿੰਮੇਵਾਰ ਕੋਈ ਰੱਬ ਵਰਗੀ ਸ਼ੈਅ ਨਹੀਂ ਕੋਈ ਪਿਛਲੇ ਜਨਮਾਂ ਦਾ ਫਲ ਨਹੀਂ ਸਗੋਂ ਸਾਡੀ ਗਰੀਬੀ ਦਾ ਕਾਰਨ ਹਾਰਾਮ ਪੁਣਾ ਹੈ। ਜਿਨ੍ਹਾਂ ਨੇ ਆਪਣੀਆਂ ਹਕੂਮਤਾਂ ਕਾਇਮ ਕਰਨ ਲਈ ਕਾਰਪੋਰੇਸ਼ਨਾਂ ਨੂੰ ਲੁੱਟ ਕਰਨ ਦੀ ਖੁੱਲ੍ਹ ਦਿੱਤੀ ਹੈ। ਬਾਬਾ ਨਜਮੀ ਦੀ ਕਵਿਤਾ ਇਸ ਲੁੱਟ ਖਿਲਾਫ਼ ਲੜਾਈ ਵਿੱਚ ਮਜ਼ਦੂਰ ਜਮਾਤ ਦਾ ਚਾਨਣ ਮੁਨਾਰਾ ਬਣੇਗੀ।

ਬਾਰਸ਼ ਆਉਦੀ ਹੈ, ਸਰਦਾਰ ਲੋਕ ਜਸ਼ਨ ਮਨਾਉਦੇ ਹਨ ਪਰ ਝੁੱਗੀਆਂ ਵਿੱਚ ਭੁੱਖੇ ਢਿੱਡ ਗਰੜ ਗਰੜ ਕਰਦੇ ਹਨ ਕਿਉਂਕਿ ਉਨ੍ਹਾਂ ਦਾ ਤਾਂ ਬਾਲਣ ਵੀ ਗਿੱਲਾ ਹੋ ਗਿਆ ਉਨ੍ਹਾਂ ਦੇ ਚੁੱਲੇ ਵੀ ਭਿੱਜ ਗਏ ਹਨ। ਬਾਰਸ਼ ਆਸ਼ਕਾਨਾ ਮੌਸਮ ਹੈ, ਅਮੀਰਾਂ ਲਈ,

ਸਰਦਾਰਾਂ ਲਈ, ਵੱਡੇ ਘਰਾਂ ਲਈ ਪਰ ਗਰੀਬਾਂ ਦੀ,

ਝੁੱਗੀ ਵਾਲਿਆਂ ਦੀ ਹਾਲਤ ਬਾਬਾ ਨਜਮੀ ਬੜੀ ਸੁਚੱਜੀ ਤਰ੍ਹਾਂ ਬਿਆਨ ਕਰਦਾ ਹੈ।

**ਇੱਕ ਦਿਹਾੜੇ ਬੱਦਲ ਵਰ੍ਹਿਆ,**
**ਜਸ਼ਨ ਮਨਾਇਆ ਚੌਧਰੀਆਂ,**
**ਪਰ ਝੁੱਗੀਆਂ ਦੇ ਫਿਰ ਕਈ ਦਿਹਾੜੇ,**
**ਬਾਲਣ ਚੁੱਲੇ ਸਿੱਲੇ ਰਹੇ।**

ਆਖ਼ੀਰ ਵਿੱਚ

ਬਾਬਾ ਨਜਮੀ ਜਦ ਕਵਿਤਾ ਪੜਦਾ ਹੈ ਤਾਂ ਇਸਲਮਾਬਾਦ ਦਾ ਤਖਤ ਹਿੱਲਦਾ ਹੈ। ਸਾਡਾ ਵੀ ਫਰਜ਼ ਬਣਦਾ ਹੈ ਕਿ ਬਾਬਾ ਨਜਮੀ ਦੀਆਂ ਕਵਿਤਾਂ ਨੂੰ ਸੁਣ ਕੇ ਇੱਥੇ ਹੀ ਨਾਂ ਛੱਡ ਜਾਈਏ ਕਵਿਤਾ ਨੂੰ ਮਾਣੀਏ ਨਾਂ , ਕਿਉਂ ਕਿ ਕਵਿਤਾ ਕੋਈ ਮਾਨਣ ਵਾਲੀ ਚੀਜ਼ ਨਹੀਂ ਸਗੋਂ ਇੱਕ ਸੋਚ ਲੈ ਕੇ ਜਾਈਏ।

ਕਿ ਸਾਡੇ ਮੁਲਕ ਵਿੱਚ ਵਧ ਰਹੀ ਮਹਿੰਗਾਈ ਅਤੇ ਕੈਨੇਡੀਅਨ ਲੋਕਾਂ ਦੀ ਘਟ ਰਹੀ ਅਸਲ ਆਮਦਨ ਸਾਡੇ ਸਮਾਜ ਨੂੰ ਕਿੱਧਰ ਨੂੰ ਲੈ ਕੇ ਜਾ ਰਹੀ ਹੈ। ਸਾਡਾ ਫਰਜ਼ ਬਣਦਾ ਹੈ ਕਿ ਲੱਚਰ ਗਾਇਕੀ ਦੇ ਵਿਰੁੱਧ, ਕਾਰਪੋਰੇਸ਼ਨਾਂ ਦੀ ਆਪਾ-ਧਾਪੀ ਦੇ ਵਿਰੁੱਧ। ਮਜ਼ਦੂਰਾਂ ਦੀ ਹੋ ਰਹੀ ਲੁੱਟ ਦੇ ਵਿਰੁੱਧ ਨਸਲਵਾਦੀ ਜ਼ਹਿਰ ਦੇ ਵਿਰੁੱਧ ਸਿਰਫ਼ ਲਿਖੀਏ ਹੀ ਨਾ ਸਗੋਂ ਵਿਰੋਧ ਜਾਹਿਰ ਕਰਨ ਲਈ ਸੜਕਾਂ 'ਤੇ ਆਈਏ।


# ਸ਼ਨੀ ਗ੍ਰਹਿ ਦਾ ਭਾਰ

ਸੁਰਿੰਦਰ ਮਾਵੀ
204-510-6284



ਮਨੁੱਖ ਭਾਵੇਂ ਕਿੰਨਾ ਵੀ ਪੜ੍ਹ ਲਿਖ ਗਿਆ ਹੈ ਪਰੰਤੂ ਸਦੀਆਂ ਪੁਰਾਣੇ ਅੰਧ-ਵਿਸ਼ਵਾਸ ਹਾਲੇ ਵੀ ਉਸ ਦੇ ਨਾਲ ਹੀ ਚਲਦੇ ਹਨ ਅਤੇ ਖ਼ੁਦ ਨੂੰ ਆਧੁਨਿਕ ਦੱਸਣ ਵਾਲਾ ਦੇਸ਼ ਕੈਨੇਡਾ ਵਿਚ ਇਕ ਵੀ ਅੰਧ-ਵਿਸ਼ਵਾਸਾਂ ਅਤੇ ਕਰਮਕਾਂਡ ਵਿਚ ਫਸਿਆ ਹੋਇਆ ਹੈ. ਕਹਿਣ ਨੂੰ ਭਾਵੇਂ ਸਾਡਾ ਸਮਾਜ ਪੂਰੀ ਤਰ੍ਹਾਂ ਆਧੁਨਿਕ ਹੋ ਗਿਆ ਹੈ ਅਤੇ ਆਪਣੇ ਦਾਅਵਿਆਂ ਵਿਚ ਅਸੀਂ ਬਹੁਤ ਜ਼ਿਆਦਾ ਤਰੱਕੀ ਕਰ ਚੁੱਕੇ ਹਾਂ ਪਰੰਤੂ ਅੰਧ-ਵਿਸ਼ਵਾਸ ਅਤੇ ਵਹਿਮ ਭਰਮ ਸਾਡੇ ਸਮਾਜ ਉੱਪਰ ਬੁਰੀ ਤਰ੍ਹਾਂ ਹਾਵੀ ਹਨ ਅਤੇ ਇਹਨਾਂ ਦੀ ਭਰਮਾਰ ਸਾਨੂੰ ਇਹ ਅਹਿਸਾਸ ਕਰਵਾਉਂਦੀ ਹੈ ਜਿਵੇਂ ਅਸੀਂ ਹੁਣ ਵੀ ਕਿਸੇ ਅਜਿਹੇ ਪਿਛੜੇ ਸਮਾਜ ਦੇ ਹੀ ਵਸਨੀਕ ਹੋਈਏ ਜਿੱਥੇ ਜਾਦੂ ਟੂਣੇ, ਤੰਤਰ ਮੰਤਰ, ਕਾਲੇ ਜਾਦੂ ਅਤੇ ਅਜਿਹੇ ਹੋਰ ਪਤਾ ਨਹੀਂ ਅਜਿਹੇ ਕਿੰਨੇ ਅੰਧਵਿਸ਼ਵਾਸ ਮਨੁੱਖ ਨੂੰ ਆਪਣਾ ਗ਼ੁਲਾਮ ਬਣਾਈ ਬੈਠੇ ਹਨ. ਇਸ ਬਿਰਤੀ ਵਾਲੇ ਹੀ ਇਕ ਪਰਿਵਾਰ ਵੱਲੋਂ ਕੱਲ੍ਹ ਜਾਣੀ ਸਨਿੱਚਰਵਾਰ 'ਵਿਨੀਪੈਗ ਦੇ ਇਕ ਬਿਜ਼ਨਸ ਦੇ ਨੇੜੇ ਚੌਰਾਹੇ ਵਿਚ ਜਾਦੂ ਟੂਣਾ ਕੀਤਾ ਗਿਆ । ਉਸ ਬਿਜ਼ਨਸ ਵਾਲੇ ਦੇ ਮੁਤਾਬਿਕ ਉੱਥੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਬਦੌਲਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ । ਬਹੁਤ ਸਾਰੇ ਲੋਕ ਨੂੰ ਨਹੀ ਪਤਾ ਕਿ ਜਾਦੂ-ਟੂਣੇ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਨਹੀਂ, ਸਗੋਂ ਭਲਾਈ ਲਈ ਕੀਤੇ ਜਾਂਦੇ ਹਨ। ਸ਼ਾਇਦ ਇਹ ਕੰਮ ਕਰਨ ਵਾਲੇ ਨੂੰ ਨਹੀ ਪਤਾ ਕਿ ਜਾਦੂ-ਟੂਣੇ ਕਰਨ ਵਾਲਾ ਜੋ ਵੀ ਟੂਣਾ ਕਰਦਾ ਹੈ, ਉਸ ਦਾ ਖ਼ੁਦ ਆਪਣੇ ਉੱਤੇ ਤਿੰਨ ਗੁਣਾਂ ਅਸਰ ਪੈਂਦਾ ਹੈ।

ਅਜਿਹੀ ਬਿਰਤੀ ਮਨੁੱਖ ਨੂੰ ਜੋਤਸ਼ੀਆਂ ਦੇ ਚੱਕਰ ਵਿਚ ਫਸਾ ਦਿੰਦੀ ਹੈ। ਇਹ ਜੋਤਸ਼ੀ (ਇਹਨਾਂ ਨੂੰ ਭਾਵੇਂ ਖ਼ੁਦ ਦੇ ਭਵਿੱਖ ਦੀ ਕੋਈ ਜਾਣਕਾਰੀ ਨਾ ਹੋਵੇ) ਆਮ ਲੋਕਾਂ ਦੀ ਇਸ ਮਾਨਸਿਕਤਾ ਦਾ ਖੁੱਲ੍ਹ ਕੇ ਫ਼ਾਇਦਾ ਉਠਾਉਂਦੇ ਹਨ ਅਤੇ ਇਹਨਾਂ ਦਾ ਦਾਅਵਾ ਹੁੰਦਾ ਹੈ ਉਹ ਨਾ ਸਿਰਫ਼ ਆਪਣੇ ਕੋਲ ਆਉਣ ਵਾਲੇ ਭਗਤਾਂ ਦੇ ਭਵਿੱਖ ਦਾ ਪੂਰਾ ਵੇਰਵਾ ਦੱਸ ਸਕਦੇ ਹਨ ਬਲਕਿ ਭਵਿੱਖ ਵਿਚ ਆਉਣ ਵਾਲੀਆਂ ਪਰੇਸ਼ਾਨੀਆਂ ਦਾ ਹੱਲ ਕਰਨ ਦਾ ਦਾਅਵਾ ਵੀ ਇਹਨਾਂ ਵੱਲੋਂ ਕੀਤਾ ਜਾਂਦਾ ਹੈ.ਅਸਲੀਅਤ ਇਹ ਹੈ ਕਿ ਲੋਕਾਂ ਦੇ ਭਵਿੱਖ ਦਾ ਪੂਰਾ ਹਾਲ ਦੱਸਣ ਦਾ ਦਾਅਵਾ ਕਰਨ ਵਾਲੇ ਇਹਨਾਂ ਜੋਤਸ਼ੀਆਂ (ਇਹਨਾਂ ਦੀਆਂ ਦੁਕਾਨਾਂ ਥਾਂ ਥਾਂ ਤੇ ਖੁੱਲ੍ਹੀਆਂ ਹੋਈਆਂ ਹਨ) ਵੱਲੋਂ ਆਮ ਲੋਕਾਂ ਨੂੰ ਮੂਰਖ ਬਣਾ ਕੇ ਉਨ੍ਹਾਂ ਨਾਲ ਠੱਗੀ ਮਾਰੀ ਜਾਂਦੀ ਹੈ. ਇਹਨਾਂ ਜੋਤਸ਼ੀਆਂ ਵੱਲੋਂ ਸੰਚਾਰ ਮਾਧਿਅਮਾਂ ਵਿਚ ਵੱਡੇ ਵੱਡੇ ਇਸ਼ਤਿਹਾਰ ਦਿੱਤੇ ਜਾਂਦੇ ਹਨ ਅਤੇ ਇਹਨਾਂ ਵੱਲੋਂ ਲੋਕਾਂ ਨੂੰ ਪ੍ਰਭਾਵਿਤ ਕਰਨ (ਜਾਂ ਇੰਜ ਕਹੋ ਕਿ ਆਪਣੇ ਕੋਲ ਆਉਣ ਵਾਲ ਸੰਭਾਵੀ ਸ਼ਿਕਾਰਾਂ ਨੂੰ ਫਸਾਉਣ) ਲਈ ਕੀਤੀ ਜਾਣ ਵਾਲੀ ਇਸ਼ਤਿਹਾਰਬਾਜ਼ੀ ਵਿਚ ਇਹ ਤਮਾਮ ਦਾਅਵੇ ਕੀਤੇ ਜਾਂਦੇ ਹਨ. ਤੰਤਰ ਮੰਤਰ ਅਤੇ ਜਾਦੂ ਟੂਣੇ ਦੀ ਮਦਦ ਨਾਲ ਆਪਣੀ ਸ਼ਰਨ ਵਿਚ ਆਉਣ ਵਾਲੇ ਕਿਸੇ ਵੀ ਵਿਅਕਤੀ ਦਾ ਕੋਈ ਵੀ ਕੰਮ ਕਰਵਾ ਦੇਣ ਦਾ ਦਾਅਵਾ ਕਰਨ ਵਾਲੇ ਇਹਨਾਂ ਜੋਤਸ਼ੀਆਂ ਕੋਲ ਆਉਣ ਵਾਲੇ ਲੋਕ ਕਿਸੇ ਚਮਤਕਾਰ ਦੀ ਆਸ ਵਿਚ ਇਹਨਾਂ ਕੋਲ ਪਹੁੰਚਦੇ ਹਨ ਅਤੇ ਫਿਰ ਇਹਨਾਂ ਦੀ ਠੱਗੀ ਦਾ ਸ਼ਿਕਾਰ ਹੋ



ਜਾਂਦੇ ਹਨ। ਜੰਤਰ ਮੰਤਰ ਜਾਂ ਜੋਤਸ਼ ਵਿਦਿਆ ਦੇ ਸਹਾਰੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਨਾਮ ਤੇ ਉਨ੍ਹਾਂ ਨੂੰ ਗੁਮਰਾਹ ਕਰ ਕੇ ਠੱਗੀ ਮਾਰਨ ਦੀ ਇਹਨਾਂ ਨਜੂਮੀਆਂ ਦੀ ਇਹ ਕਾਰਵਾਈ ਸਿੱਧੇ ਰੂਪ ਵਿਚ ਕਾਨੂੰਨ ਦੀ ਉਲੰਘਣਾ ਦੇ ਦਾਇਰੇ ਵਿਚ ਆਉਂਦੀ ਹੈ ਅਤੇ ਅਜਿਹਾ ਕਰਨ ਵਾਲੇ ਵਿਅਕਤੀ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ।

ਦੁਨੀਆਂ ਉੱਤੇ ਜਿੰਨੇ ਵੀ ਵੱਡੇ ਵੱਡੇ ਜਾਦੂਗਰ ਹਨ, ਉਹ ਸਾਰੇ ਹੀ ਸਿਖਲਾਈ ਲੈ ਕੇ ਜਾਦੂ ਦੇ ਟਰਿਕ ਕਰਦੇ ਹਨ। ਉਂਜ, ਸਭ ਤੋਂ ਪਹਿਲਾਂ ਤਾਂ ਲੋਕਾਂ ਨੂੰ ਆਪਣੇ ਦਿਮਾਗ਼ ਵਿਚੋਂ ਇਹ ਡਰ ਕੱਢਣਾ ਪਵੇਗਾ ਕਿ ਕਾਲੇ ਜਾਦੂ ਨਾਲ ਕਿਸੇ ਦਾ ਨੁਕਸਾਨ ਹੋ ਜਾਂਦਾ ਹੈ। ਕੋਈ ਵੀ ਬੰਗਾਲ ਦਾ ਜਾਂ ਕਾਲਾ ਜਾਦੂ ਨਹੀਂ ਹੈ। ਜਦੋਂ ਕੋਈ ਜਾਦੂਗਰ ਟਰਿਕ ਕਰਦਾ ਹੈ ਤਾਂ ਜੇ ਤੁਸੀਂ ਪੂਰੇ ਧਿਆਨ ਨਾਲ ਉਸ ਵੱਲ ਵੇਖੋਗੇ ਤਾਂ ਉਸ ਦੀ ਚੁਸਤੀ ਫੜ ਸਕਦੇ ਹੋ। ਕੋਈ ਵੀ ਟਰਿਕ ਹੱਥ ਦੀ ਸਫ਼ਾਈ ਹੁੰਦੀ ਹੈ। ਪੰਜਾਬ, ਇੰਗਲੈਂਡ, ਕੈਨੇਡਾ ਤੇ ਹੋਰ ਥਾਂਈਂ ਤਰਕਸ਼ੀਲ ਸੁਸਾਇਟੀਆਂ ਨੇ ਕਰੋੜਾਂ ਰੁਪਏ ਦੇ ਇਨਾਮ ਰੱਖੇ ਹੋਏ ਹਨ। ਅੱਜ ਤਕ ਇਕ ਵੀ ਅਜਿਹਾ ਬੰਦਾ ਨਹੀਂ ਨਿੱਤਰਿਆ ਜਿਸ ਨੇ ਕਾਲਾ ਜਾਦੂ ਜਾਂ ਗੈਬੀ ਸ਼ਕਤੀ ਦਿਖਾਉਣ ਦਾ ਚੈਲੰਜ ਕਬੂਲ ਕੀਤਾ ਹੋਵੇ। ਅਸਲ ਵਿਚ ਜਿਨ੍ਹਾਂ ਚੀਜ਼ਾਂ ਨੂੰ ਟੂਣਾ ਬਣਾ ਕੇ ਡਰ ਬਿਠਾਇਆ ਜਾਂਦਾ ਹੈ, ਉਹ ਸਭ ਚੀਜ਼ਾਂ ਕਿਸੇ ਨਾ ਕਿਸੇ ਦੁਕਾਨ ਜਾਂ ਸਟੋਰ ਤੋਂ ਹੀ ਖ਼ਰੀਦਿਆਂ ਹੁੰਦੀਆਂ ਹਨ ਤੇ ਉਹ ਵੀ ਕਿਸੇ ਜਿਉਂਦੇ ਜਾਗਦੇ ਇਨਸਾਨ ਵੱਲੋਂ ਹੀ ਰੱਖੀਆਂ ਹੁੰਦੀਆਂ ਹਨ। ਇਹ ਸਭ ਚੀਜ਼ਾਂ ਬੇਜਾਨ ਹੁੰਦੀਆਂ ਹਨ ਤੇ ਕੋਈ ਵੀ ਬੇਜਾਨ ਚੀਜ਼ ਆਪਣੇ ਆਪ ਹਿੱਲ ਨਹੀਂ ਸਕਦੀ।ਸਾਡਾ ਸਿਰਫ਼ ਇਕੋ ਹੀ ਮਕਸਦ ਹੈ ਕਿ ਲੋਕ ਸਿਆਣੇ ਹੋਣ ਅਤੇ ਇਨ੍ਹਾਂ ਕੁ-ਚੱਕਰਾਂ ਵਿਚੋਂ ਬਾਹਰ ਨਿਕਲਣ। ਇਸ ਲਈ ਕਿਸੇ ਨੂੰ ਵੀ ਜਾਦੂ ਟੂਣੇ ਤੋਂ ਡਰਨ ਦੀ ਜ਼ਰੂਰਤ ਨਹੀਂ ਹੈ। ਇਸ ਤੋਂ ਡਰੋ ਨਾ, ਸਗੋਂ ਇਹ ਵਹਿਮ ਪਾਉਣ ਵਾਲਿਆਂ ਨੂੰ ਸਮਝਾਉਣ ਦੀ ਲੋੜ ਹੈ।




## Matrimonial Advertisement

- ਜੱਟ ਸਿੱਖ ਦਿਓਲ 26 ਸਾਲ , 5'-8", ਬਰਨਾਲੇ ਤੋਂ ਵਿਨੀਪੈਗ ਵਿਚ ਰਹਿ ਰਹੀ ਲੜਕੀ ਲਈ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ ਕਰੋ +919417034180 ਜਾਂ jaspreetd96@gmail.com
- ਜੱਟ ਸਿੱਖ ਢਿੱਲੋਂ 32 ਸਾਲਾ , 5'-11" ਕੈਨੇਡੀਅਨ ਸਿਟੀਜਨ, ਵਿਨੀਪੈਗ, ਲਈ ਪੜ੍ਹੀ ਲਿਖੀ ਹੋਣਹਾਰ ਲੜਕੀ ਦੀ ਲੋੜ ਹੈ। ਸੰਪਰਕ ਕਰੋ -204-960-9055 ਜਾਂ dhillon_jasvirsingh@yahoo.com
- ਜੱਟ ਸਿੱਖ ਸਿੱਧੂ 29 ਸਾਲਾ , 5'-8" ਕੈਨੇਡੀਅਨ ਸਿਟੀਜਨ, ਵਿਨੀਪੈਗ, ਲਈ ਪੜ੍ਹੀ ਲਿਖੀ ਹੋਣਹਾਰ ਵਰ ਦੀ ਲੋੜ ਹੈ। ਸੰਪਰਕ ਕਰੋ -204-333-5094 ਜਾਂ rivereastpharmacy@hotmail.com
- ਜੱਟ ਸਿੱਖ ਗਿੱਲ ਕੈਨੇਡੀਅਨ ਪੀ.ਆਰ. 1991 'ਚ ਜਨਮੇ ਐਮ.ਏ. 5-9" ਲੜਕੇ ਲਈ ਲੜਕੀ ਦੀ ਲੋੜ। ਸਟੂਡੈਂਟ ਵੀ ਵਿਚਾਰਨ ਯੋਗ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਵਿਚ ਸੈਟਲ ਹੈ। ਲੁਧਿਆਣਾ ਜ਼ਿਲੇ ਨੂੰ ਪਹਿਲ। ਸੰਪਰਕ: 780-850-7730 ਜਾਂ 780-762-4681, navgill72@gmail.com
- A healthy fit 38 year old male looking for a life partner! For more information email lookingforlifepartner@outlook.com or phone 204-488-6960.

# ਬਚਪਨ ਤੋਂ ਆਖਰੀ ਸਾਹਾਂ ਤੱਕ ਰੰਗਮੰਚੀ ਅਦਾਕਾਰੀ ਨਾਲ ਜੁੜਿਆ ਰਿਹਾ ਪਰਵੇਸ਼ ਸੇਠੀ

**ਨਾਹਰ ਸਿੰਘ ਔਜਲਾ**



29 ਜੂਨ ਦਾ ਦਿਨ ਸੀ ਜਦੋਂ ਇਹ ਖਬਰ ਰੰਗ ਕਰਮੀਆਂ 'ਚ ਅੱਗ ਦੀ ਤਰ੍ਹਾਂ ਫੈਲ ਗਈ ਕਿ ਪਰਵੇਸ਼ ਸੇਠੀ ਜੀ ਇਸ ਦੁਨੀਆਂ 'ਚ ਨਹੀਂ ਰਹੇ। ਜਿਹੜੇ ਲੋਕ ਉਹਨਾਂ ਨੂੰ ਨੇੜਿਉਂ ਜਾਣਦੇ ਸਨ ਉਹਨਾਂ ਲਈ ਬੜੀ ਦੁਖਦਾਈ ਖਬਰ ਸੀ ਤੇ ਖਾਸ ਤੌਰ 'ਤੇ ਨਾਟਕੀ ਕਲਾ ਨਾਲ ਜੁੜੇ ਰੰਗਕਰਮੀਆਂ ਲਈ। ਸੇਠੀ ਜੀ ਦਾ ਜਨਮ 1943 ਨੂੰ ਅੱਜ ਦੇ ਪਾਕਿਸਤਾਨ ਦੀ ਧਰਤੀ ਤੇ ਹੋਇਆ ਸੀ ਤੇ ਸੰਨ ਸਨਤਾਲੀ ਦੀ ਦੁਖਦਾਈ ਵੰਡ ਸਮੇਂ ਉਸਦਾ ਪ੍ਰੀਵਾਰ ਆ ਕੇ ਰੋਹਤਕ 'ਚ ਰਹਿਣ ਲੱਗ ਪਿਆ ਸੀ। ਇਹ ਉਦੋਂ ਅਜੇ ਮਸਾਂ ਸੱਤ ਕੁ ਸਾਲ ਦੇ ਸਨ ਜਦੋਂ ਇਹਨਾਂ ਨੂੰ ਇਕ ਰੰਗਮੰਚੀ ਪ੍ਰੋਗਰਾਮ 'ਚ ਹਿੱਸਾ ਲੈਣ ਦਾ ਮੌਕਾ ਮਿਲਿਆ ਬੱਸ ਉਸ ਤੋਂ ਬਾਅਦ ਇਹਨਾਂ ਦਾ ਅਦਾਕਾਰੀ ਦੀ ਦੁਨੀਆਂ ਨਾਲ ਇਹੋ ਜਿਹਾ ਨਾਤਾ ਬਣਿਆ ਕਿ ਆਖਰੀ ਸਾਹਾਂ ਤੱਕ ਨਾਲ ਹੀ ਨਿਭਿਆ। ਸੇਠੀ ਜੀ ਨੂੰ ਜਿੱਥੇ ਪੰਜਾਬ ਤੇ ਭਾਰਤ ਦੇ ਬਹੁਤ ਸਾਰੇ ਸ਼ਹਿਰਾਂ 'ਚ ਨਾਟਕ ਕਰਨ ਦਾ ਮੌਕਾ ਮਿਲਿਆ ਉੱਥੇ ਬਾਹਰਲੇ ਦੇਸ਼ਾਂ 'ਚ ਵੀ ਇਹਨਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ। ਸੇਠੀ ਜੀ ਹੋਰਾਂ ਦਾ ਬੇਟਾ ਕੈਨੇਡਾ ਦੇ ਸ਼ਹਿਰ ਬਰੈਂਪਟਨ 'ਚ ਹੀ ਰਹਿੰਦਾ ਹੈ ਜਿਸ ਦੀ ਬਦੋਲਤ ਉਹ ਸਾਲ, ਦੋ-ਸਾਲ ਬਾਅਦ ਇੱਥੇ ਆਉਂਦੇ ਹੀ ਰਹਿੰਦੇ ਸਨ। ਕਈ ਸੰਸਥਾਵਾਂ ਵਲੋਂ ਕਰਵਾਏ ਜਾਂਦੇ ਨਾਟਕਾਂ 'ਚ ਹਿੱਸਾ ਲੈਣਾਂ ਜਾਂ ਮੇਕਅੱਪ ਲਈ ਉਹਨਾਂ ਦੀ ਹਾਜ਼ਰੀ ਜ਼ਰੂਰੀ ਹੁੰਦੀ ਸੀ। ਕੁਝ ਨਾਟਕ ਤਾਂ ਉਹਨਾਂ ਦੀ ਨਿਰਦੇਸ਼ਨਾ ਹੇਠ ਕੈਨੇਡਾ ਦੇ ਕਈ ਵੱਡੇ ਸ਼ਹਿਰਾਂ 'ਚ ਖੇਡੇ ਵੀ ਗਏ।

ਮੈਂ ਸੇਠੀ ਜੀ ਨੂੰ ਕਾਫੀ ਪ੍ਰੋਗਰਾਮਾਂ ਤੇ ਮਿਲ ਚੁੱਕਿਆ ਸੀ ਪਰ ਉਹਨਾਂ ਨੂੰ ਨੇੜਿਉਂ ਜਾਨਣ ਦਾ ਸਬੱਬ ਉਦੋਂ ਹੀ ਬਣਿਆ ਜਦੋਂ ਸੇਠੀ ਹੋਰਾਂ ਨੇ ਮੇਰੇ ਨਾਟਕ ਸੁਪਰ-ਵੀਜ਼ਾ 'ਚ ਕੰਮ ਕਰਨ ਲਈ ਹਾਮੀ ਭਰੀ। ਹਰ ਹਫਤੇ 'ਚ ਦੋ ਤਿੰਨ ਵਾਰ ਮਿਲਣ ਗਿਲਣ ਨਾਲ ਰਿਸ਼ਤਾ ਪ੍ਰੀਵਾਰਿਕ ਦੋਸਤੀ ਵਾਲਾ ਹੀ ਬਣ ਗਿਆ। ਨਾਟਕ ਸੁਪਰ-ਵੀਜ਼ਾ ਕੈਨੇਡਾ 'ਚ ਵਸਦੀ ਪੰਜਾਬੀ ਕਮਿਊਨਟੀ ਦੇ ਪ੍ਰੀਵਾਰਾਂ ਨਾਲ ਨੇੜਿਉਂ ਜੁੜਿਆ ਹੋਇਆ ਸੀ ਤੇ ਉਪਰੋਂ ਸੇਠੀ ਵਰਗੇ ਘੈਂਟ ਕਲਾਕਾਰ ਦਾ ਨਾਲ ਜੁੜ ਜਾਣਾ ਸਾਡੀ ਟੀਮ ਲਈ ਬੜੀ ਮਾਣ ਵਾਲੀ ਗੱਲ ਬਣ ਗਈ। ਸੇਠੀ ਜੀ ਹੋਰਾਂ ਦੇ ਦੱਸਣ ਮੁਤਾਬਕ ਕਿਸੇ ਨੁੱਕੜ ਨਾਟਕ 'ਚ ਹਿੱਸਾ ਲੈਣਾ ਇਹ ਉਹਨਾਂ ਲਈ ਪਹਿਲਾ ਮੌਕਾ ਸੀ, ਜਿਸਨੂੰ ਉਹਨਾਂ ਨੇ ਬੜਾ ਪਸੰਦ ਕੀਤਾ। 2014 ਵਾਲੇ ਸਾਲ 'ਚ ਅਸੀਂ ਇਸ ਨਾਟਕ ਦੇ ਚੌਦਾਂ ਸ਼ੋਅ ਕੀਤੇ ਜੋ ਕੈਨੇਡਾ 'ਚ ਕੰਮ ਕਰਦੀ ਕਿਸੇ ਵੀ ਰੰਗਮੰਚ ਦੀ ਟੀਮ ਲਈ ਕਾਫੀ ਔਖਾ ਕਾਰਜ ਹੁੰਦਾ ਹੈ।

ਉਹ ਸਮੇਂ ਦੇ ਬੜੇ ਪੱਕੇ ਸਨ ਜੋ ਸਮਾਂ ਕਿਸੇ ਨਾਲ ਤਹਿ ਕਰ ਲਿਆ ਉਸ ਤੋਂ ਦਸ ਮਿੰਟ ਪਹਿਲਾ ਹੀ ਉਹ ਤਿਆਰ ਹੋ ਕੇ ਦਰਾਂ ਤੋਂ ਬਾਹਰ ਤੁਹਾਡੀ ਉਡੀਕ ਕਰਦੇ ਹੋਣਗੇ। ਇੱਕ ਵਾਰ ਜੋ ਨਾਟਕ ਦੀ ਸਕਰਿਪਟ ਓਹਨਾਂ ਨੂੰ ਮਿਲ ਗਈ ਉਹ ਉਦੋਂ ਤੱਕ ਉਹਨਾਂ ਦੇ ਹੱਥ 'ਚ ਮਿਲੇਗੀ ਜਦੋਂ ਤੱਕ ਉਹ ਪੂਰੇ ਨਾਟਕ ਨੂੰ ਯਾਦ ਨਹੀਂ ਕਰ ਲੈਂਦੇ। ਖਾਣ ਪੀਣ ਦਾ ਬੜਾ ਪ੍ਰਹੇਜ ਰੱਖਦੇ ਸਨ, ਕਈ ਦਾਲਾਂ ਸਬਜੀਆਂ ਉਹਨਾਂ ਨੂੰ ਮੁਆਫਕ ਨਹੀਂ ਸਨ। ਹਾਰਡ ਡਰਿੰਕ ਤੋਂ ਤਾਂ ਬਿਲਕੁਲ ਦੂਰ ਰਹਿੰਦੇ ਸਨ। ਕਦੀ ਨਾਟਕ ਦਾ ਸ਼ੋਅ ਵਧੀਆ ਹੋ ਜਾਣਾ ਫਿਰ ਕਦੀ ਕਦਾਈ ਜ਼ਰੂਰ ਇੱਕ ਗਲਾਸ ਰੈੱਡ ਵਾਈਨ ਦਾ ਲੈ ਲੈਂਦੇ ਸਨ। ਹੋਰ ਕੋਈ ਬਰੈਂਡ ਨਹੀਂ ਸੀ ਪੀਂਦੇ। ਕਦੀ ਕਦਾਈ ਕਿਸੇ ਕਲਾਕਾਰ ਦੀ ਸਿਹਤ ਠੀਕ ਨਾ ਹੋਣੀ ਤਾਂ ਉਹ ਹਰ ਬਿਮਾਰੀ ਦਾ ਇਲਾਜ ਹੱਥਾਂ ਦੇ ਪੁਆਇੰਟ ਦੱਬ ਕੇ ਦੱਸਦੇ। ਉਹ ਆਪ ਵੀ ਐਲੋਪੈਥੀ ਦਵਾਈ ਬਹੁਤ ਘੱਟ ਵਰਤਦੇ ਸਨ। ਆਪ ਭਾਵੇਂ ਉਹ ਧਰਮ 'ਚ ਪੱਕਾ ਵਿਸ਼ਵਾਸ ਰੱਖਦੇ ਸਨ ਤੇ ਸਾਰੇ ਰੀਤੀ ਰਿਵਾਜਾਂ ਨੂੰ ਸਰਧਾ ਨਾਲ ਨੇਪਰੇ ਚਾੜ੍ਹਦੇ ਸਨ ਪਰ ਜਦੋਂ ਗੱਲ ਨਾਟਕ ਦੇ ਰੋਲ ਦੀ ਆਉਂਦੀ ਫੇਰ ਉਸ ਨੂੰ ਪੂਰੀ ਤਰ੍ਹਾਂ ਨਾਲ ਖੁੱਭ ਕੇ ਕਰਦੇ ਭਾਵੇਂ ਉਹ ਰੋਲ ਨਾਸਤਿਕ ਬੰਦੇ ਵਾਲਾ ਹੀ ਕਿਉਂ ਨਾ ਹੋਵੇ। ਉਹ ਮੋਦੀ ਜੀ ਦੇ ਕਾਫੀ ਪ੍ਰਸ਼ੰਸਕ ਸਨ ਕਦੀ ਕਦਾਈ ਤਾਂ ਮੋਦੀ ਜੈਕਟ ਵੀ ਬੜੇ ਮਾਣ ਨਾਲ ਪਹਿਨਦੇ ਪਰ ਜਦੋਂ ਕਦੀ ਨਾਟਕ 'ਚ ਰੋਲ ਮੋਦੀ ਸਰਕਾਰ ਦੇ ਖਿਲਾਫ ਵੀ ਹੁੰਦਾ ਤਾਂ ਉਹ ਵੀ ਪੂਰਾ ਨਿੱਠ ਕੇ ਕਰਦੇ।

ਪਿਛਲੇ ਸਾਲ ਅਕਤੂਬਰ 'ਚ ਅਸੀਂ ਚੇਤਨਾਂ ਕਲਚਰਲ ਮੰਚ ਵਲੋਂ ਨਾਟਕ ਸੁਪਰ-ਵੀਜ਼ਾ ਨੂੰ ਪੰਜਾਬ 'ਚ ਖੇਡਣ ਦਾ ਪ੍ਰੋਗਰਾਮ ਬਣਾਇਆ, ਸੇਠੀ ਜੀ ਦੀ ਵੀ ਤਮੰਨਾਂ ਸੀ ਕਿ ਇਹ ਨਾਟਕ ਪੰਜਾਬ 'ਚ ਖੇਡਿਆ ਜਾਵੇ ਤੇ ਇਸ ਨਾਲ ਲੋਕਾਂ ਨੂੰ ਕੈਨੇਡਾ ਬਾਰੇ ਵੀ ਹੋਰ ਜਾਣਕਾਰੀ ਮਿਲੇਗੀ। ਇਸ ਨਾਟਕ 'ਚ ਕੰਮ ਕਰਨ ਲਈ ਸੇਠੀ ਨੇ ਵੀ ਹਾਮੀ ਭਰ ਦਿੱਤੀ ਤੇ ਉਹ ਪ੍ਰੈਕਟਿਸ ਕਰਨ ਲਈ ਚੰਡੀਗੜ੍ਹ ਤੋਂ ਸਮਰਾਲੇ ਆਉਂਦੇ ਰਹੇ ਤੇ ਸਾਰੇ ਸ਼ੋਆਂ 'ਚ ਸਾਡੇ ਨਾਲ ਰਹੇ, ਦਿੱਤੇ ਸਮੇਂ ਤੋਂ ਹਮੇਸਾਂ ਹੀ ਪਹਿਲਾਂ ਪਹੁੰਚਦੇ। ਇਸ ਪੱਧਰ ਦੇ ਕਲਾਕਾਰ ਵਲੋਂ ਬਿਨਾਂ ਕੋਈ ਪੈਸਾ ਲਿਆ ਇੰਨਾਂ ਸਮਾਂ ਦੇਣਾ ਉਨ੍ਹਾਂ ਦੀ ਮੁਹੱਬਤ ਹੀ ਸੀ। ਰੋਲ ਸਮੇਂ ਪੱਗ ਬੰਨ ਕੇ ਸਰਦਾਰ ਲੱਗਣਾ ਵੀ ਉਹਨਾਂ ਨੂੰ ਚੰਗਾਂ ਲੱਗਦਾ ਸੀ, ਸੁਪਰ-ਵੀਜ਼ਾ ਨਾਟਕ ਸਮੇਂ ਕਦੀ ਕਦਾਈ ਤਾਂ ਉਹਨਾਂ ਨੇ ਕਈ ਰੰਗਾਂ ਵਾਲੀ ਰਾਜਸਥਾਨੀ ਸਟਾਇਲ ਪੱਗ ਬੰਨ ਲੈਣੀ ਜਿਹੜੀ ਦਰਸ਼ਕਾਂ ਲਈ ਇੱਕ ਖਾਸ ਹੀ ਖਿੱਚ ਦਾ ਕਾਰਨ ਬਣਦੀ। ਇਹ ਪੱਗ ਉਹਨਾਂ ਨੂੰ ਕਿਸੇ ਦੋਸਤ ਨੇ ਗਿਫਟ ਦੇ ਤੌਰ ਤੇ ਦਿੱਤੀ ਸੀ।

ਰੰਗਮੰਚ ਤਾਂ ਉਹਨਾਂ ਦੇ ਰੂਹ ਦੀ ਖੁਰਾਕ ਸੀ। ਜਦੋਂ ਵੀ ਕਦੀ ਨਾਟਕਾਂ ਬਾਰੇ ਗੱਲ ਚਲਦੀ ਤਾਂ ਉਹ ਹਮੇਸਾਂ ਹੀ ਕੋਰਟ ਮਾਰਸਲ ਨਾਟਕ ਦੀ ਚਰਚਾ ਜ਼ਰੂਰ ਕਰਦੇ ਇਸ ਨਾਟਕ 'ਚ ਓਹਨਾਂ ਨੇ ਕਰਨਲ ਸੂਰਤ ਸਿੰਘ ਦਾ ਕਿਰਦਾਰ ਨਿਭਾਇਆ ਸੀ। ਇਸ ਨਾਟਕ ਦੇ ਵੱਖਰੋ-ਵੱਖਰੇ ਸ਼ਹਿਰਾਂ 'ਚ ਚਾਰ ਸੌ ਤੋਂ ਵੱਧ ਸ਼ੋਅ ਹੋਏ ਸਨ। ਸੇਠੀ ਜੀ ਨੇ ਜਿੱਥੇ ਸੈਂਕੜੇ ਹੀ ਨਾਟਕਾਂ 'ਚ ਕੰਮ ਕੀਤਾ ਉੱਥੇ ਹੀ ਉਹਨਾਂ ਨੇ ਦਰਜਨਾਂ ਹੀ ਫਿਲਮਾਂ 'ਚ ਵੀ ਵੱਖਰੋ ਵੱਖਰੇ ਕਿਰਦਾਰ ਨਿਭਾਏ। ਮੇਕਅੱਪ ਕਰਨ ਦੀ ਤਾਂ ਉਹਨਾਂ ਕੋਲ ਖਾਸ ਹੀ ਮੁਹਾਰਤ ਸੀ। ਕੈਨੇਡਾ 'ਚ ਟੋਰਾਂਟੋਂ, ਵੈਨਕੂਵਰ ਤੇ ਇੰਡੀਆ ਦੀਆਂ ਕਈ ਸੰਸਥਾਵਾਂ ਵਲੋਂ ਉਹਨਾਂ ਨੂੰ ਮਾਨ ਸਨਮਾਨ ਵੀ ਦਿੱਤੇ ਗਏ। ਸੰਨ 2013 'ਚ ਉਹਨਾਂ ਨੂੰ ਵਧੀਆ ਅਦਾਕਾਰੀ ਲਈ ਰਾਸ਼ਟਰਪਤੀ ਐਵਾਰਡ ਵੀ ਮਿਲਿਆ। ਇਹੋ ਜਿਹੇ ਮੰਝੇ ਹੋਏ ਰੰਗਕਰਮੀ ਦਾ ਅਚਾਨਕ ਹੀ ਵਿਛੜ ਜਾਣਾ ਰੰਗਮੰਚ ਲਈ ਇੱਕ ਵੱਡਾ ਘਾਟਾ ਹੈ। ਪ੍ਰਵੇਸ਼ ਸੇਠੀ ਦੀ ਅਦਾਕਾਰੀ ਹਮੇਸਾਂ ਹੀ ਸਾਡੇ ਚੇਤਿਆਂ 'ਚ ਵਸਦੀ ਰਹੇਗੀ।
















# ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਵੱਲੋਂ ਕਨਵੈਨਸ਼ਨ ਅਤੇ ਮਾਰਚ

## • ਭਵਿੱਖ 'ਚ ਮਾਈਕਰੋ ਫਾਸ਼ਿਜ਼ਮ ਦਾ ਖ਼ਤਰਾ: ਅਰੁੰਧਤੀ ਰਾਏ • ਲੋਕ ਇਤਿਹਾਸਕ ਭੂਮਿਕਾ ਲਈ ਅੱਗੇ ਆਉਣ: ਵਰਵਰਾ ਰਾਓ



ਬਰਨਾਲਾ : ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਪੰਜਾਬ ਦੇ ਸੱਦੇ 'ਤੇ ਅੱਜ ਸਥਾਨਕ ਮਹਾਂ ਸ਼ਕਤੀ ਕਲਾ ਮੰਦਰ ਵਿਖੇ ਯਾਦਗਾਰੀ ਕਨਵੈਨਸ਼ਨ ਕਰਨ ਉਪਰੰਤ ਰੇਲਵੇ ਸਟੇਸ਼ਨ ਤੱਕ ਮਾਰਚ ਕੀਤਾ ਗਿਆ।

ਕਨਵੈਨਸ਼ਨ ਨੂੰ ਪ੍ਰਮੁੱਖ ਤੌਰ 'ਤੇ ਚੋਟੀ ਦੇ ਇਨਕਲਾਬੀ ਕਵੀ ਵਰਵਰਾ ਰਾਓ ਅਤੇ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਨੇ ਸੰਬੋਧਨ ਕੀਤਾ।

ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਪੰਜਾਬ ਦੇ ਕਨਵੀਨਰ ਡਾ. ਪਰਮਿੰਦਰ, ਪ੍ਰੋ. ਏ. ਕੇ. ਮਲੇਰੀ, ਯਸ਼ਪਾਲ ਤੋਂ ਇਲਾਵਾ ਸੂਬਾ ਕਮੇਟੀ ਮੈਂਬਰ ਪ੍ਰੋ. ਜਗਮੋਹਣ ਸਿੰਘ ਅਤੇ ਮਨਜੀਤ ਕੌਰ ਔਲਖ ਦੀ ਪ੍ਰਧਾਨਗੀ 'ਚ ਹੋਈ ਕਨਵੈਨਸ਼ਨ ਦਾ ਮੰਚ ਸੰਚਾਲਨ ਯਸ਼ਪਾਲ ਅਤੇ ਡਾ. ਪਰਮਿੰਦਰ ਨੇ ਕੀਤਾ।

ਜਿਕਰਯੋਗ ਹੈ ਕਿ ਕਨਵੈਨਸ਼ਨ 'ਚ ਕਿਰਤੀ, ਕਿਸਾਨਾਂ, ਨੌਜਵਾਨਾਂ, ਮੁਲਾਜ਼ਮਾਂ, ਬੇਰੁਜ਼ਗਾਰਾਂ, ਔਰਤਾਂ, ਵਿਦਿਆਰਥੀਆਂ, ਲੇਖਕਾਂ, ਸਾਹਿਤਕਾਰਾਂ, ਬੁੱਧੀਜੀਵੀਆਂ, ਜਮਹੂਰੀ ਇਨਕਲਾਬੀ ਲਹਿਰ ਦੇ ਆਗੂਆਂ, ਕਾਰਕੁੰਨਾਂ ਦਾ ਹੜ੍ਹ ਆ ਗਿਆ। ਨਾਮਵਰ ਬੁਲਾਰਿਆਂ ਨੂੰ ਸੁਣਨ ਵਾਸਤੇ ਆਏ ਜਨਤਕ ਸ਼ੈਲਾਬ ਨੂੰ ਤਸੱਲੀਬਖਸ਼ ਢੰਗ ਨਾਲ ਬੈਠਣ ਅਤੇ ਗੱਲਬਾਤ ਸੁਣਨਾ ਯਕੀਨੀ ਬਣਾਉਣ ਲਈ ਦੋਵੇਂ ਵੱਡੇ ਹਾਲ ਵਿੱਚ ਐਲ. ਸੀ. ਡੀ. ਲਾਉਣ ਦੇ ਬਾਵਜੂਦ ਵੀ ਬਾਜ਼ਾਰ ਦੀਆਂ ਸੜਕਾਂ ਤੱਕ ਲੋਕਾਂ ਦੀ ਭੀੜ ਜੁੜੀ ਰਹੀ ਅਤੇ ਜੱਥਿਆਂ ਦੇ ਜੱਥੇ ਜਗ੍ਹਾ ਨਾ ਮਿਲਣ ਤੋਂ ਵੀ ਵਿਰਵੇ ਰਹਿ ਗਏ।

ਕਨਵੈਨਸ਼ਨ ਦੇ ਪਹਿਲੇ ਬੁਲਾਰੇ ਕਵੀ ਵਰਵਰਾ ਰਾਓ ਨੇ ਕਿਹਾ ਕਿ ਵੰਨ-ਸੁਵੰਨੀਆਂ ਹਕੂਮਤਾਂ ਨੇ ਮਾਓਵਾਦੀਆਂ, ਆਦਿਵਾਸੀਆਂ, ਕਸ਼ਮੀਰੀਆਂ ਨੂੰ ਫਾਸ਼ੀ ਜਬਰ ਦਾ ਸ਼ਿਕਾਰ ਬਣਾਉਣ ਦਾ ਲਾਈਸੈਂਸ ਲੈ ਰੱਖਿਆ ਹੈ। ਉਨ੍ਹਾਂ ਕਿਹਾ ਕਿ ਮੁਲਕ ਅੰਦਰ ਜਿਹੜੀ ਵੀ ਤਾਕਤ ਜਾਗੀਰਦਾਰਾਂ, ਕਾਰਪੋਰੇਟ ਘਰਾਣਿਆਂ, ਪੂੰਜੀਪਤੀਆਂ, ਸੂਦਖੋਰਾਂ ਅਤੇ ਫਿਰਕੂ ਤਾਕਤਾਂ ਖਿਲਾਫ਼ ਆਵਾਜ਼ ਬੁਲੰਦ ਕਰਦੀ ਹੈ, ਉਸਨੂੰ ਝੂਠੇ ਕੇਸਾਂ ਤਹਿਤ ਸੀਖਾਂ ਪਿੱਛੇ ਤੱਕਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਲੋਕਾਂ ਦੀ ਮੁਕਤੀ ਲਈ ਉਨ੍ਹਾਂ ਅੱਗੇ ਜੋ ਸਹੀ ਮਾਰਗ ਦਿਖਾਈ ਦਿੰਦਾ ਹੈ ਉਸ ਮਾਰਗ ਵੱਲ ਜਾਣ ਤੋਂ ਰੋਕਣ ਲਈ ਹਰ ਰਕਬਾ ਵਰਤਿਆ ਜਾ ਰਿਹਾ ਹੈ। ਉਨ੍ਹਾਂ ਇਨਕਲਾਬੀ ਸ਼ਕਤੀਆਂ ਨੂੰ ਅਪਰੇਸ਼ਨ ਗਰੀਨ ਹੰਟ ਵਰਗੇ ਫਾਸ਼ੀ ਹੱਲੇ ਤੱਕਣ ਲਈ ਇਤਿਹਾਸਕ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ।

ਦੁਨੀਆਂ ਦੀ ਮੰਨੀ ਪ੍ਰਮੰਨੀ ਲੇਖਕਾ ਅਰੁੰਧਤੀ ਰਾਏ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਫੌਜ ਨੂੰ ਪੁਲਸ ਵਾਲਾ ਰੋਲ ਸੰਭਾਲ ਦਿੱਤਾ ਗਿਆ ਹੈ ਕਿਉਂਕਿ ਲੋਕਾਂ ਨੂੰ ਖ਼ਾਮੋਸ਼ ਕਰਨਾ ਅਸੰਭਵ ਹੋ ਰਿਹਾ ਹੈ।

ਅਰੁੰਧਤੀ ਰਾਏ ਨੇ ਕਿਹਾ ਕਿ ਮੁਲਕ ਦੇ ਸਮੂਹ ਦਲਿਤ, ਆਦਿਵਾਸੀ, ਕਸ਼ਮੀਰੀ, ਮੁਸਲਿਮ, ਜਮਹੂਰੀ ਕਾਮੇ, ਵਕੀਲ, ਪੱਤਰਕਾਰ, ਸਭ ਹੀ ਹਕੂਮਤ ਨੂੰ ਦਹਿਸ਼ਤਗਰਦ ਦਿਖਾਈ ਦੇਣ ਲੱਗ ਗਏ ਹਨ। ਹੁਣ ਇਹਨਾਂ ਸਭਨਾਂ ਦੀ ਜ਼ੁਬਾਨਬੰਦੀ ਕਰਨ ਲਈ ਮਾਈਕਰੋ ਫਾਸ਼ਿਜਮ ਦਾ ਬਹੁਤ ਹੀ ਸੂਖਮ ਅਤੇ ਮਾਰੂ ਹਥਿਆਰ ਵਰਤਿਆ ਜਾ ਰਿਹਾ ਹੈ।

ਅਰੁੰਧਤੀ ਰਾਏ ਨੇ ਕਿਹਾ ਕਿ ਲੋਕਾਂ ਕੋਲੋਂ ਮੀਡੀਆ ਰਾਹੀਂ ਅਤੇ ਹੋਰ ਹਾਸਲ ਸਰੋਤਾਂ ਰਾਹੀਂ ਜ਼ਮੀਨ ਨਾਲ ਜੁੜੀ ਹਕੀਕੀ ਜਾਣਕਾਰੀ ਤੋਂ ਵਿਰਵੇ ਰੱਖਕੇ, ਲੋਕਾਂ ਨੂੰ ਜਾਤ ਪਾਤ, ਫਿਰਕੂ ਦਹਿਸ਼ਤਗਰਦੀ ਦੇ ਹੱਲੇ ਨਾਲ ਦਬਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਭਵਿੱਖ ਦੀ ਬੁੱਕਲ ਵਿੱਚ ਲੋਕਾਂ ਅਤੇ ਲੋਕਾਂ ਦੀ ਬਾਂਹ ਫੜਨ ਵਾਲਿਆਂ ਸਾਹਮਣੇ ਹੋਰ ਵੀ ਤਿੱਖੀਆਂ ਚੁਣੌਤੀਆਂ ਹਨ ਜੋ ਇਕਜੁੱਟ ਹੋ ਕੇ ਹੀ ਸਰ ਕੀਤੀਆਂ ਜਾ ਸਕਦੀਆਂ ਹਨ।

ਪ੍ਰੋ. ਜਗਮੋਹਨ ਸਿੰਘ ਨੇ ਆਪਣੇ ਸੰਬੋਧਨ 'ਚ ਪੰਜਾਬ ਦੇ ਲੋਕਾਂ ਨੂੰ ਐਨੀ ਵੱਡੀ ਗਿਣਤੀ ਵਿੱਚ ਆਉਣ ਅਤੇ ਆਪਣੇ ਸ਼ਾਨਦਾਰ ਇਨਕਲਾਬੀ ਇਤਿਹਾਸਕ ਵਿਰਸੇ ਉੱਪਰ ਪਹਿਰਾ ਦਿੰਦਿਆ ਹਰ ਵੰਨਗੀ ਦੀਆਂ ਫਿਰਕੂ ਅਤੇ ਹਕੂਮਤੀ ਤਾਕਤਾਂ ਖਿਲਾਫ ਉੱਠਣ ਤੇ ਮੁਬਾਰਕ ਦਿੱਤੀ।

ਜਮਹੂਰੀ ਫਰੰਟ ਦੇ ਕਨਵੀਸ਼ਨਰ ਪ੍ਰੋ. ਏ. ਕੇ. ਮਲੇਰੀ ਨੇ ਕਿਹਾ ਕਿ ਲੋਕਾਂ ਨੂੰ ਹੱਕ, ਸੱਚ ਇਨਸਾਫ ਦੇ ਪੱਖ 'ਚ ਖੜ੍ਹੇ ਕਰਨ ਵਾਲੇ ਲੇਖਕਾਂ, ਜਮਹੂਰੀ ਕਾਮਿਆਂ ਅਤੇ ਵਕੀਲਾਂ ਉੱਪਰ ਹੱਲਾ ਬੋਲਣ ਗੰਭੀਰ ਚੁਣੌਤੀ ਹੈ।

**ਮੰਚ ਸੰਚਾਲਕ ਡਾ. ਪਰਮਿੰਦਰ ਨੇ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਖਚਾ ਖਚ ਭਰੇ ਪੰਡਾਲ ਨੇ ਹੱਥ ਖੜ੍ਹੇ ਕਰਕੇ ਪਾਸ ਕੀਤੀ।**

ਅਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਪੰਜਾਬ ਵੱਲੋਂ ਅੱਜ 30 ਜੂਨ 2018 ਨੂੰ ਸ਼ਕਤੀ ਕਲਾ ਮੰਦਰ, ਬਰਨਾਲਾ ਵਿਖੇ ਕੀਤੀ ਕਨਵੈਨਸ਼ਨ 'ਚ ਜੁੜੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਸਾਹਿਤਕਾਰਾਂ, ਰੰਗ ਕਰਮੀਆਂ, ਕਿਰਤੀ ਕਿਸਾਨਾਂ, ਬੇਰੁਜ਼ਗਾਰਾਂ, ਵਿਦਿਆਰਥੀਆਂ, ਨੌਜਵਾਨਾਂ, ਤਰਕਸ਼ੀਲਾਂ, ਜਮਹੂਰੀ ਇਨਕਲਾਬੀ ਕਾਰਕੁੰਨਾ ਨੇ ਹੱਥ ਖੜ੍ਹੇ ਕਰਕੇ ਪਾਸ ਕੀਤੇ ਮਤਿਆਂ ਰਾਹੀਂ ਮੰਗ ਕੀਤੀ ਕਿ ਬੀਤੇ ਦਿਨੀਂ ਫੜੇ 6 ਬੁੱਧੀਜੀਵੀਆਂ ਨੂੰ ਫੌਰੀ ਰਿਹਾ ਕੀਤਾ ਜਾਵੇ। ਜਿਨ੍ਹਾਂ ਦੀ ਸੰਖੇਪ ਜਾਣ-ਪਹਿਚਾਣ ਇਹ ਹੈ :

ਭੀਮਾਕੋਰੇਗਾਓ 'ਚ ਦਲਿਤ ਜੰਤਾਂ ਵੱਲੋਂ ਮਨਾਏ ਜਾ ਰਹੇ 200 ਸਾਲਾ ਸਮਾਗਮ ਸਮੇਂ ਫਿਰਕੂ ਹਿੰਦੂ ਜਨੂੰਨੀ ਫਾਸ਼ੀ ਜੱਥੇਬੰਦੀਆਂ ਵੱਲੋਂ ਹੱਲਾ ਬੋਲਣ ਦੇ ਜੁਰਮ 'ਚ ਉਨ੍ਹਾਂ ਉੱਪਰ ਕਾਰਵਾਈ ਕਰਨ ਦੀ ਬਜਾਏ ਉਲਟਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਾਰਨ ਦੇ ਘੜੇ ਛੜਯੰਤਰ ਤਹਿਤ ਕਬੀਰ ਕਲਾ ਮੰਚ, ਜਮਹੂਰੀ ਜੱਥਬੰਦੀਆਂ, ਵਕੀਲਾਂ ਸੰਪਾਦਕਾਂ, ਪੱਤਰਕਾਰਾਂ ਨੂੰ ਚੋਣਵਾਂ ਨਿਸ਼ਾਨਾ ਬਣਾਕੇ ਸੀਖਾਂ ਪਿੱਛੇ ਡੱਕ ਦਿੱਤਾ ਗਿਆ ਹੈ।

1. ਜਿਕਰਯੋਗ ਹੈ ਕਿ ਪ੍ਰੋ. ਸਾਈ ਬਾਬਾ ਦਾ ਕੇਸ ਲੜ ਰਹੇ ਵਕੀਲ ਸੁਰਿੰਦਰ ਗੈਡਲਿੰਗ ਉੱਪਰ ਝੂਠੇ ਕੇਸ ਮੜ੍ਹਕੇ ਜੇਲ੍ਹ ਬੰਦ ਕਰਕੇ ਇਹ ਦੱਸਿਆ ਗਿਆ ਹੈ ਕਿ 90 ਪ੍ਰਤੀਸ਼ਤ ਸਰੀਰਕ ਪੱਖੋਂ ਅਪੰਗ ਪ੍ਰੋ. ਸਾਈ ਬਾਬਾ ਦੀ ਰਿਹਾਈ ਲਈ ਯਤਨ ਕਰਨ ਵਾਲਿਆਂ ਦੀ ਆਵਾਜ਼ ਵੀ ਬੰਦ ਕੀਤੀ ਜਾਵੇਗੀ। ਸੁਰਿੰਦਰ ਗੈਡਲਿੰਗ ਵਕੀਲਾਂ ਦੀ ਜੱਥੇਬੰਦੀ ਆਈ. ਏ. ਪੀ. ਐਲ. ਦਾ ਆਗੂ ਹੈ।

2. ਸਿਆਸੀ ਕੈਦੀਆਂ ਦੀ ਰਿਹਾਈ ਸਬੰਧੀ ਬਣੇ ਮੰਚ ਦੇ ਆਗੂ ਰੋਨਾ ਵਿਲਸਨ ਨੂੰ ਵੀ ਏਸੇ ਛੜਯੰਤਰ 'ਚ ਫੜਿਆ ਹੈ।

3. ਨਾਗਪੁਰ ਯੂਨੀਵਰਸਟੀ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਅਤੇ ਜਾਣੇ-ਪਹਿਚਾਣੇ ਜਮਹੂਰੀ ਕਾਮੇ ਪ੍ਰੋ. ਸੋਮਾ ਸੇਨ ਵੀ ਸੀਖਾਂ ਪਿੱਛੇ ਹੈ।

4. ਟਾਟਾ ਇੰਸਟੀਚਿਊਟ ਸੋਸਲ ਸਾਵਿੰਸਜ ਮੁੰਬਈ ਦੇ ਕਾਰਕੁੰਨ ਮਹੇਸ਼ ਤੇ ਵੀ ਝੂਠੇ ਕੇਸ ਪਾਏ ਗਏ ਹਨ।

5. ਦਲਿਤ ਆਗੂ ਅਤੇ 'ਵਿਦਰੋਹੀ' ਪੱਤ੍ਰਿਕਾ ਦੇ ਸੰਪਾਦਕ ਸੁਧੀਰ ਧਾਵਲੇ ਨੂੰ ਵੀ ਗੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਮੜ੍ਹਕੇ ਜੇਲ੍ਹ 'ਚ ਸੁੱਟ ਦਿੱਤਾ ਗਿਆ ਹੈ।

6. ਤਾਮਿਲਨਾਡੂ 'ਚ ਤੂਤੀਕੋਰੀਨ ਦੇ ਲੋਕ ਜਿਹੜੇ ਬਹੁਕੌਮੀ ਕਾਰਪੋਰੇਟ ਸਮੂਹ ਵੇਦਾਂਤਾ ਗਰੁੱਪ ਦੀ ਸਟਰ ਲਾਈਟ ਕੰਪਨੀ ਦੇ ਤੂਤੀਕੋਰੀਨ ਪਲਾਂਟ ਵੱਲੋਂ ਪ੍ਰਦੂਸ਼ਣ ਫੈਲਾਉਣ ਖਿਲਾਫ਼ ਜੋਰਦਾਰ ਵਿਰੋਧ ਕਰ ਰਹੇ ਸਨ ਉਨ੍ਹਾਂ ਉੱਪਰ ਗੋਲੀਆਂ ਦੀ ਵਾਛੜ ਕਰਕੇ 13 ਮਜ਼ਦੂਰਾਂ ਨੂੰ ਮਾਰ ਦਿੱਤਾ। ਅਨੇਕਾਂ ਨੂੰ ਫੱਟੜ ਕਰ ਦਿੱਤਾ। ਜਿਹੜਾ ਵਕੀਲ ਇਹਨਾਂ ਕਿਰਤੀਆਂ ਨੂੰ ਇਨਸਾਫ ਦਿਵਾਉਣ ਲਈ ਕੇਸ ਹੱਥ ਲੈ ਰਿਹਾ ਹੈ; ਐਡਵੋਕੇਟ ਵਾਂਚੀ ਨਾਥ ਉਸਨੂੰ ਮਦਰਾਸ ਪੁਲਸ ਵੱਲੋਂ ਚੈਨੇਈ ਹਵਾਈ ਅੱਡੇ ਤੋਂ ਫੜ ਲਿਆ ਗਿਆ ਹੈ।

ਸੋ ਇੱਕ ਵਾਰ ਫੇਰ ਅੱਜ ਦੀ ਕਨਵੈਨਸ਼ਨ ਇਹਨਾਂ ਬੁੱਧੀਜੀਵੀਆਂ ਸਮੇਤ ਪ੍ਰੋ. ਸਾਈ ਬਾਬਾ ਨੂੰ ਜੇਲ੍ਹ ਅੰਦਰ ਹੀ ਇਲਾਜ ਅਤੇ ਸੰਭਾਲ ਤੋਂ ਵਿਰਵਾ ਕਰਕੇ ਮਾਰਨ ਦੀ ਸਾਜਸ਼ ਤੋਂ ਹੱਥ ਪਿੱਛੇ ਕਰਕੇ, ਫੌਰੀ ਰਿਹਾ ਕਰਨ ਦੀ ਮੰਗ ਕਰਦੀ ਹੈ।

• ਅੱਜ ਦੀ ਕਨਵੈਨਸ਼ਨ ਮੰਗ ਕਰਦੀ ਹੈ ਕਿ ਗੜ੍ਹਚਰੌਲੀ 'ਚ ਗਿਣੀ ਮਿੱਥੀ ਯੋਜਨਾ ਤਹਿਤ ਮਾਓਵਾਦੀ ਕਮਿਊਨਿਸਟ ਇਨਕਲਾਬੀਆਂ ਦੀ ਸਮੂਹਿਕ ਹੱਤਿਆ ਕਰਨ ਵਾਲੇ ਦੋਸ਼ੀਆਂ ਉੱਪਰ ਫੌਰੀ ਕਾਰਵਾਈ ਕੀਤੀ ਜਾਵੇ। ਮੁਲਕ ਅੰਦਰ ਮਾਓਵਾਦੀਆਂ ਅਤੇ ਆਦਿਵਾਸੀਆਂ ਖਿਲਾਫ਼ ਛੇੜੀ ਜੰਗ ਬੰਦ ਕੀਤੀ ਜਾਵੇ।

• ਮੁਲਕ ਦੇ ਲੋਕਾਂ ਖਾਸ ਕਰਕੇ ਦਲਿਤ ਅਤੇ ਮੁਸਲਿਮ ਭਾਈਚਾਰੇ ਨੂੰ ਚੋਣਵਾ ਨਿਸ਼ਾਨਾ ਬਣਾਕੇ ਕਤਲ ਕਰਨ, ਉਜਾੜਨ, ਜਲੀਲ ਕਰਨ ਦੇ ਕਾਰੇ ਬੰਦ ਕੀਤੇ ਜਾਣ।

• ਦੇਸ਼ ਨੂੰ ਫਿਰਕੂ ਫਾਸ਼ੀ ਅੱਗ ਦੇ ਭਾਂਬੜਾਂ ਵਿੱਚ ਸੁੱਟਕੇ ਆਪਣੇ ਸੌੜੇ ਸਿਆਸੀ ਮਨੋਰਥਾਂ ਦੀਆਂ ਰੋਟੀਆਂ ਸੇਕਣ 'ਚ ਗਲਤਾਨ ਮੋਦੀ ਹਕੂਮਤ ਅਤੇ ਉਸਦੇ ਆਕਾਵਾਂ ਵੱਲੋਂ ਹਕੂਮਤੀ ਥਾਪੜੇ ਨਾਲ ਸਿਸਕਾਰੀਆਂ ਜਾ ਰਹੀਆਂ ਫਿਰਕੂ ਜੱਥੇਬੰਦੀਆਂ ਅਤੇ ਕਾਤਲੀ ਗਰੋਹਾ ਨੂੰ ਨੱਥ ਪਾਈ ਜਾਵੇ।


• ਕਸ਼ਮੀਰੀ ਲੋਕਾਂ ਉੱਪਰ ਹੋਰ ਵੀ ਘਿਨੌਣਾ ਫਾਸ਼ੀ ਹੱਲਾ ਤਿੱਖਾ ਕਰਨ ਦੀਆਂ ਚਾਲਾਂ ਬੰਦ ਕੀਤੀਆਂ ਜਾਣ।

• ਰਵੀਸ਼ ਕੁਮਾਰ ਅਤੇ ਰਾਣਾ ਅਯੂਬ ਨੂੰ ਜਾਨੋ ਮਾਰਨ ਅਤੇ ਜਲੀਲ ਕਰਨ ਵਾਲੇ, ਜਿਨ੍ਹਾਂ ਨੂੰ ਨੈੱਟ ਤੇ ਖ਼ੁਦ ਪ੍ਰਧਾਨ ਮੰਤਰੀ ਫਾਲੋ ਕਰਦੇ ਹਨ, ਅਜਿਹੇ ਤੱਤਾਂ ਨੂੰ ਫੌਰੀ ਨੱਥ ਪਾਈ ਜਾਵੇ।

'ਰਾਈਜਿੰਗ ਕਸ਼ਮੀਰ' ਦੇ ਸੰਪਾਦਕ ਸੁਜਾਤ ਬੁਖ਼ਾਰੀ ਦੇ ਕਾਤਲਾਂ ਨੂੰ ਫੌਰੀ ਗ੍ਰਿਫਤਾਰ ਕੀਤਾ ਜਾਵੇ।

• ਕਨਵੈਨਸ਼ਨ ਇਹ ਸਮਝਦੀ ਹੈ ਕਿ ਮੁਲਕ ਦੇ ਲੋਕਾਂ ਉੱਪਰ ਚੌਤਰਫ਼ਾ ਹੱਲਾ ਬੋਲਿਆ ਜਾ ਰਿਹਾ ਹੈ। ਦੇਸੀ-ਬਦੇਸ਼ੀ ਲੁੱਟ ਨੂੰ ਜਰਬਾਂ ਦਿੱਤੀਆਂ ਜਾ ਰਹੀਆਂ ਹਨ। ਇਸ ਲੋਟੂ ਅਤੇ ਜਾਬਰ ਪ੍ਰਬੰਧ ਖਿਲਾਫ ਲੋਕ ਕਰਵਟ ਲੈ ਰਹੇ ਹਨ। ਇਸ ਜਾਗਦੀ, ਜੂਝਦੀ ਅਤੇ ਲੋਕਾਂ ਦੀ ਪੁੱਗਤ ਵਾਲੇ ਸਮਾਜ ਦੀ ਸਿਰਜਣਾ ਨੂੰ ਪਰਨਾਈ ਲੋਕ-ਸ਼ਕਤੀ ਦੇ ਗਲ਼ ਗੂਠਾ ਦੇਣ ਲਈ ਨਿੱਤ ਨਵੇਂ ਕਾਲੇ ਕਾਨੂੰਨ ਘੜਨੇ, ਫਿਰਕੂ ਫਾਸ਼ੀ, ਜਾਤ-ਪਾਤੀ ਹੱਲੇ ਬੋਲਣੇ ਬੰਦ ਕੀਤੇ ਜਾਣ।

ਕਨਵੈਨਸ਼ਨ ਦਾ ਮੱਤ ਹੈ ਕਿ ਲੋਕਾਂ ਦੀਆਂ ਹਕੀਕੀ ਸਮੱਸਿਆਵਾਂ ਦਾ ਮੌਜੂਦਾ ਰਾਜ ਭਾਗ ਕੋਲ ਕੋਈ ਹੱਲ ਨਹੀਂ ਇਸ ਕਰਕੇ ਹੀ ਉਹ ਮੁਲਕ ਨੂੰ ਫਿਰਕੂ ਫਾਸ਼ੀ ਹਨੇਰੀ ਦੀ ਲਪੇਟ 'ਚ ਧੱਕ ਰਹੇ ਹਨ। ਕਨਵੈਨਸ਼ਨ ਲੋਕਾਂ ਨੂੰ ਸੱਦਾ ਦਿੰਦੀ ਹੈ ਕਿ ਉਹ ਹਰ ਵੰਨਗੀ ਦੇ ਜ਼ਾਲਮ ਫਿਰਕੂ ਫਾਸ਼ੀਪੁਣੇ, ਲੁੱਟ, ਦਾਬੇ ਖਿਲਾਫ਼ ਵਿਸ਼ਾਲ ਜੋਟੀ ਮਜ਼ਬੂਤ ਕਰਕੇ ਸਾਂਝੇ ਲੋਕ ਸੰਗਰਾਮ ਦੇ ਅਖਾੜੇ ਮਘਾਉਣ ਲਈ ਅੱਗੇ ਆਉਣ।






# ਭਾਰਤ ਔਰਤਾਂ ਲਈ ਸਭ ਤੋਂ ਵੱਧ ਖ਼ਤਰਨਾਕ ਮੁਲਕ

ਸਚਿੰਦਰਪਾਲ ਪਾਲੀ




ਥੌਮਸਨ ਰਿਉਟਰਜ਼ ਫਾਊਂਡੇਸ਼ਨ ਨੇ ਔਰਤਾਂ ਦੇ ਮੁੱਦਿਆਂ ’ਤੇ 550 ਮਾਹਿਰਾਂ ਦੇ ਸਰਵੇਖਣ ਦੇ ਨਤੀਜਿਆਂ ਦਾ ਐਲਾਨ ਕੀਤਾ? 550 ਲੋਕਾਂ ਦੇ ਸਰਵੇਖਣ ਨੂੰ 26 ਮਾਰਚ ਅਤੇ 4 ਮਈ ਦੇ ਵਿਚਕਾਰ ਆਨਲਾਈਨ ਅਤੇ ਫ਼ੋਨ ਦੁਆਰਾ ਕੀਤਾ ਗਿਆ ਸੀ ਜਿਸ ਵਿੱਚ ਯੂਰੋਪ, ਅਫ਼ਰੀਕਾ, ਅਮਰੀਕਾ, ਦੱਖਣੀ ਪੂਰਬੀ ਏਸ਼ੀਆ, ਦੱਖਣੀ ਏਸ਼ੀਆ ਆਦਿ ਦੇ ਲੋਕ ਸ਼ਾਮਿਲ ਸਨ? ਇਸ ਸਰਵੇਖਣ ਵਿੱਚ ਜਵਾਬਕਰਤਾ ਨੂੰ ਪੁੱਛਿਆ ਗਿਆ ਕਿ ਸੰਯੁਕਤ ਰਾਸ਼ਟਰ ਦੇ 193 ਮੈਂਬਰ ਮੁਲਕਾਂ ਵਿੱਚੋਂ ਕਿਹੜੇ ਪੰਜ ਮੈਂਬਰ ਉਹ ਸੋਚਦੇ ਹਨ ਕਿ ਔਰਤਾਂ ਲਈ ਸਭ ਤੋਂ ਵੱਧ ਖ਼ਤਰਨਾਕ ਹਨ ਅਤੇ ਕਿਹੜਾ ਮੁਲਕ ਸਿਹਤ ਸੰਭਾਲ, ਆਰਥਿਕ ਸਾਧਨਾਂ, ਸੱਭਿਆਚਾਰਕ ਜਾਂ ਪੁਰਾਣੇ ਰੀਤੀ ਰਵਾਜਾਂ, ਜਿਨਸੀ ਹਿੰਸਾ ਅਤੇ ਛੇੜਛਾੜ, ਗੈਰ-ਜਿਨਸੀ ਹਿੰਸਾ ਅਤੇ ਮਨੁੱਖੀ ਤਸਕਰੀ ਲਈ ਸਭ ਤੋਂ ਬੁਰਾ ਹੈ? ਜਵਾਬਕਰਤਾਵਾਂ ਨੇ ਮਨੁੱਖੀ ਤਸਕਰੀ, ਜਿਣਸੀ ਗ਼ੁਲਾਮੀ ਅਤੇ ਘਰੇਲੂ ਗ਼ੁਲਾਮੀ ਸਮੇਤ, ਅਤੇ ਪ੍ਰਚਲਿਤ ਪਰੰਪਰਾਵਾਂ (ਜਿਵੇਂ ਕਿ ਜ਼ਬਰਦਸਤੀ ਵਿਆਹ ਅਤੇ ਭਰੂਣ ਹੱਤਿਆ ਆਦਿ) ਲਈ ਭਾਰਤ ਨੂੰ ਸਭ ਤੋਂ ਖ਼ਤਰਨਾਕ ਮੁਲਕ ਦਾ ਦਰਜਾ ਦਿੱਤਾ ਹੈ?

ਸਰਕਾਰੀ ਅੰਕੜੇ ਦਸਦੇ ਹਨ ਕਿ 2007 ਤੋਂ 2016 ਤੱਕ ਔਰਤਾਂ ਵਿਰੁੱਧ ਜ਼ੁਰਮਾਂ ਦੇ ਮਾਮਲਿਆਂ ਵਿੱਚ 83 ਫ਼ੀਸਦੀ ਦਾ ਵਾਧਾ ਹੋਇਆ ਹੈ, ਜਿੱਥੇ ਹਰ ਘੰਟੇ ਵਿੱਚ ਬਲਾਤਕਾਰ ਦੇ ਚਾਰ ਮਾਮਲੇ ਸਾਹਮਣੇ ਆਉਂਦੇ ਹਨ? ਇਸਨੇ ਭਾਰਤ ਨੂੰ ਘਰੇਲੂ ਕੰਮ ਲਈ ਮਨੁੱਖੀ ਤਸਕਰੀ, ਜਬਰਨ ਮਜ਼ਦੂਰੀ, ਜ਼ਬਰਦਸਤੀ ਵਿਆਹ ਅਤੇ ਜਿਨਸੀ ਗੁਲਾਮੀ, ਹੋਰ ਕਾਰਨਾਂ ਸਮੇਤ ਔਰਤਾਂ ਵਿਰੁੱਧ ਜਿਣਸੀ ਹਿੰਸਾ ਲਈ ਸਭ ਤੋਂ ਖ਼ਤਰਨਾਕ ਮੁਲਕ ਮੰਨਿਆ ਹੈ? ਹਾਲਾਂਕਿ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਨਤੀਜਿਆਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ? ਸਰਵੇਖਣ ਵਿੱਚ ਇਹ ਪਾਇਆ ਗਿਆ ਕਿ ਤੇਜ਼ਾਬ ਦੇ ਹਮਲੇ, ਬਾਲ ਵਿਆਹ ਅਤੇ ਸਰੀਰਕ ਸ਼ੋਸ਼ਣ ਹੋਣ ਕਰਕੇ ਇਹ ਸੱਭਿਆਚਾਰਕ ਰੀਤੀ-ਰਿਵਾਜ਼ਾਂ ਲਈ ਵੀ ਸੰਸਾਰ ਵਿੱਚ ਸਭ ਤੋਂ ਖ਼ਤਰਨਾਕ ਮੁਲਕ ਸੀ ਜਿਨ੍ਹਾਂ ਨੇ ਔਰਤਾਂ ਨੂੰ ਪ੍ਰਭਾਵਤ ਕੀਤਾ?

ਇਸ ਸੂਚੀ ਵਿੱਚ 10 ਵਿੱਚੋਂ 9 ਮੁਲਕ ਏਸ਼ੀਆ, ਮੱਧ ਪੂਰਬ ਜਾਂ ਅਫ਼ਰੀਕਾ ਦੇ ਹਨ? 10 ਵੇਂ ਨੰਬਰ ’ਤੇ ਪੱਛਮੀ ਮੁਲਕਾਂ ਵਿੱਚੋਂ ਸਿਰਫ਼ ਅਮਰੀਕਾ (ਯੂ.ਐੱਸ.ਏ) ਹੈ? ਫਾਊਂਡੇਸ਼ਨ ਦਾ ਇਹ ਸਰਵੇਖਣ ਅਕਤੂਬਰ 2017 ਤੋਂ ਬਾਅਦ ਕੀਤਾ ਗਿਆ ਸੀ, ਇਸ ਲਈ ਮੀ ਟੂ ਮੁਹਿੰਮ ਹੋਣ ਕਰਕੇ ਅਮਰੀਕਾ ਦੀ ਦਰਜੇਬੰਦੀ ਉੱਪਰ ਵੀ ਇਸਦਾ ਅਸਰ ਦੇਖਿਆ ਜਾ ਸਕਦਾ ਹੈ? ਉਦੋਂ ਤੋਂ ਲੈ ਕੇ ਵੱਡੀ ਗਿਣਤੀ ਔਰਤਾਂ ਦੁਆਰਾ ਜਿਨਸੀ ਬਦਸਲੂਕੀ ਦਾ ਦੋਸ਼ ਲਗਾਉਣ ਕਰਕੇ ਅਮਰੀਕਾ ਵੀ ਇਸ ਸੂਚੀ ਵਿੱਚ ਸ਼ਾਮਿਲ ਹੋ ਗਿਆ ਹੈ?

ਸਰਵੇਖਣ ਅਨੁਸਾਰ ਔਰਤਾਂ ਲਈ ਦੁਨੀਆ ਦੇ 10 ਸਭ ਤੋਂ ਖ਼ਤਰਨਾਕ ਮੁਲਕਾਂ ਦੀ ਸੂਚੀ:

ਭਾਰਤ
ਅਫਗਾਨਿਸਤਾਨ
ਸੀਰੀਆ
ਸੋਮਾਲਿਆ
ਸਾਊਦੀ ਅਰਬ
ਪਾਕਿਸਤਾਨ
ਡੈਮੋਕ੍ਰੇਟਿਕ ਰਿਪਬਲਿਕ ਆਫ਼ ਕਾਂਗੋ
ਯਮਨ
ਨਾਈਜੀਰੀਆ
ਅਮਰੀਕਾ

ਰਿਪੋਰਟ ਉਸ ਸਮੇਂ ਆਈ ਹੈ ਜਦੋਂ ਜੰਮੂ ਵਿੱਚ ਇੱਕ 8 ਸਾਲ ਦੀ ਬੱਚੀ ਦੇ ਬਲਾਤਕਾਰ ਅਤੇ ਕਤਲ ਉੱਤੇ ਲੋਕਾਂ ਦਾ ਸਰਕਾਰ ਖਿਲਾਫ਼ ਗੁੱਸਾ ਲਗਾਤਾਰ ਵਧ ਰਿਹਾ ਹੈ? ਇਸੇ ਸਮੇਂ ਯੂ.ਪੀ.ਦੇ ਉਨਾਓ ਵਿੱਚ ਵੀ ਇੱਕ 16 ਦੀ ਬੱਚੀ ਨਾਲ ਬਲਾਤਕਾਰ ਅਤੇ ਰਿਪੋਰਟ ਲਿਖਾਉਣ ਉੱਤੇ ਉਸਦੇ ਪਿਤਾ ਦੇ ਕਤਲ ਦਾ ਮਾਮਲਾ ਸਾਹਮਣੇ ਆਇਆ ਸੀ? ਕੁੜੀਆਂ ਨਾਲ ਬਲਾਤਕਾਰ ਸੰਬੰਧੀ ਇਹਨਾਂ ਦੋ ਮਾਮਲਿਆਂ ਨੇ ਬਲਾਤਕਾਰ ਅਤੇ ਛੇੜਛਾੜ ਸੰਬੰਧੀ ਔਰਤਾਂ ਦੀ ਸੁਰੱਖਿਆ ਦੇ ਮੁੱਦਿਆਂ ਨੂੰ ਇੱਕ ਵਾਰ ਫਿਰ ਕੌਮੀ ਏਜੰਡੇ ਵਿੱਚ ਵਾਪਸ ਲੈ ਆਂਦਾ ਹੈ?

ਦਸੰਬਰ 2012 ਦੇ ਦਿੱਲੀ ਵਿੱਚ ਬਲਾਤਕਾਰ ਅਤੇ ਕਤਲ ਦੀ ਘਟਨਾ ਤੋਂ ਬਾਅਦ ਇਸ ਸਾਲ ਅਪ੍ਰੈਲ ਵਿੱਚ ਫਿਰ ਲੋਕ ਔਰਤਾਂ ਦੀ ਸੁਰੱਖਿਆ ਦੇ ਮੁੱਦੇ ਉੱਤੇ ਮੁਲਕ ਭਰ ਵਿੱਚ ਸੜਕਾਂ ’ਤੇ ਆਏ? 2012 ਦੇ ਮਾਮਲੇ ਤੋਂ ਬਾਅਦ ਕੇਂਦਰ ਸਰਕਾਰ ਨੇ ਦੋਸ਼ੀਆਂ ਨੂੰ ਸਜ਼ਾ ਵਧਾਉਣ ਅਤੇ ਮੌਤ ਦੀ ਸਜ਼ਾ (12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੇ ਬਲਾਤਕਾਰ ਲਈ) ਦੇਣ ਤੱਕ ਸਮੇਤ ਕਈ ਕਾਨੂੰਨ ਪਾਸ ਕੀਤੇ? ਪਰ ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ, ਮੁਲਕ ਵਿੱਚ ਸਖ਼ਤ ਕਾਨੂੰਨ ਬਣਨ ਦੇ ਬਾਵਜ਼ੂਦ ਹਰ ਦਿਨ ਲਗਭਗ 100 ਸਰੀਰਕ ਸ਼ੋਸ਼ਣ ਦੇ ਮਾਮਲੇ ਦਰਜ ਕੀਤੇ ਜਾਂਦੇ ਹਨ, ਜਿਨ੍ਹਾਂ ਵਿੱਚ ਸਾਲ 2016 ਵਿੱਚ 39000 ਹਮਲੇ ਹੋਏ ਹਨ ਜੋ ਪਿਛਲੇ ਸਾਲ ਦੇ ਮੁਕਾਬਲੇ 12 ਫ਼ੀਸਦੀ ਵੱਧ ਸਨ?

ਜੰਗ ਲੜ੍ਹ ਰਿਹਾ ਅਫ਼ਗਾਨਿਸਤਾਨ ਦੂਜੇ ਸਥਾਨ ਉੱਤੇ ਦਰਜ ਹੈ? ਸੀਰੀਆ, ਜਿਥੇ ਸੱਤ ਸਾਲਾਂ ਤੋਂ ਵੀ ਵੱਧ ਸਮੇਂ ਤੋਂ ਅੰਦਰੂਨੀ ਜੰਗ ਚੱਲ ਰਹੀ ਹੈ, ਸੂਚੀ ਵਿੱਚ ਤੀਜੇ ਸਥਾਨ ’ਤੇ ਹੈ? ਇਸ ਫਾਊਂਡੇਸ਼ਨ ਨੇ ਸੱਤ ਸਾਲ ਪਹਿਲਾਂ ਜੋ ਸਰਵੇਖਣ ਕੀਤਾ ਸੀ, ਉਸ ਵਿੱਚ ਅਫ਼ਗਾਨਿਸਤਾਨ, ਡੈਮੋਕ੍ਰੇਟਿਕ ਰਿਪਬਲਿਕ ਆਫ਼ ਕਾਂਗੋ, ਪਾਕਿਸਤਾਨ, ਭਾਰਤ ਅਤੇ ਸੋਮਾਲੀਆ ਪੰਜੇ ਮੁਲਕ ਲੜੀਵਾਰ ਔਰਤਾਂ ਲਈ ਸਭ ਤੋਂ ਖ਼ਤਰਨਾਕ ਮੁਲਕ ਸਨ?

ਸੰਸਾਰ ਆਗੂਆਂ ਨੇ ਤਿੰਨ ਸਾਲ ਪਹਿਲਾਂ 2030 ਤੱਕ ਔਰਤਾਂ ਅਤੇ ਕੁੜੀਆਂ ਦੇ ਵਿਰੁੱਧ ਹਰ ਤਰ੍ਹਾਂ ਦੀ ਹਿੰਸਾ ਅਤੇ ਵਿਤਕਰੇ ਨੂੰ ਖ਼ਤਮ ਕਰਨ ਦਾ ਸੰਕਲਪ ਲਿਆ ਸੀ, ਜਿਸ ਨਾਲ ਉਨ੍ਹਾਂ ਨੂੰ ਸਿਆਸੀ, ਆਰਥਿਕ ਅਤੇ ਜਨਤਕ ਜ਼ਿੰਦਗੀ ਵਿੱਚ ਬਰਾਬਰ ਦੀ ਭੂਮਿਕਾ ਲਈ ਆਜ਼ਾਦ ਅਤੇ ਸੁਰੱਖਿਅਤ ਢੰਗ ਨਾਲ ਰਹਿਣ ਦੀ ਇਜਾਜ਼ਤ ਦਿੱਤੀ ਜਾਣੀ ਸੀ? ਪਰ ਇਸ ਸਹੁੰ ਦੇ ਬਾਵਜੂਦ ਇਹ ਮੰਨਿਆ ਜਾਂਦਾ ਹੈ ਕਿ ਸੰਸਾਰ ਭਰ ਵਿੱਚ ਹਰ ਤਿੰਨ ਔਰਤਾਂ ਵਿੱਚੋਂ ਇੱਕ ਔਰਤ ਨੇ ਆਪਣੇ ਜੀਵਨ ਕਾਲ ਦੌਰਾਨ ਸਰੀਰਕ ਜਾਂ ਜਿਨਸੀ ਹਿੰਸਾ ਨੂੰ ਅਨੁਭਵ ਕੀਤਾ ਹੈ? ਫਾਊਂਡੇਸ਼ਨ ਨੇ ਕਿਹਾ?


2016 ਵਿੱਚ ਨਿਊ ਐਕਸ਼ਨਏਡ ਦੁਆਰਾ ਕੀਤੇ ਗਏ ਇੱਕ ਸਰਵੇਖਣ ਦਾ ਇਹ ਵੀ ਕਹਿਣਾ ਸੀ ਕਿ ਭਾਰਤ ਵਿੱਚ 10 ਵਿੱਚੋਂ 4 ਤੋਂ ਵੱਧ (41 ਫ਼ੀਸਦੀ) ਔਰਤਾਂ 19 ਸਾਲ ਦੀ ਉਮਰ ਤੋਂ ਪਹਿਲਾਂ ਛੇੜਛਾੜ/ਹਿੰਸਾ ਦਾ ਸਾਹਮਣਾ ਕਰਦੀਆਂ ਹਨ? ਕੌਮਾਂਤਰੀ ਔਰਤਾਂ ਅਤੇ ਬਾਲ ਅਧਿਕਾਰਾਂ ਦੀ ਐੱਨ.ਜੀ.ਓ. ਦੁਆਰਾ ਕਰਵਾਏ ਗਏ ਚਾਰ ਮੁਲਕਾਂ ਦੇ ਇਸ ਸਰਵੇਖਣ ਤੋਂ ਇਹ ਖੁਲਾਸਾ ਹੋਇਆ ਸੀ ਕਿ ਭਾਰਤ ਵਿੱਚ 10 ਸਾਲ ਤੋਂ ਛੋਟੀ ਉਮਰ ਵਿੱਚ 6 ਫ਼ੀਸਦੀ ਕੁੜੀਆਂ ਨੂੰ ਪਹਿਲੀ ਵਾਰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ? ਬ੍ਰਾਜ਼ੀਲ ਵਿੱਚ ਇਹ 16 ਫ਼ੀਸਦੀ ਹੈ, ਜਦਕਿ ਯੂ.ਕੇ. ਵਿੱਚ ਇਹ 12 ਫ਼ੀਸਦੀ ਅਤੇ ਥਾਈਲੈਂਡ ਵਿੱਚ 8 ਫ਼ੀਸਦੀ ਹੈ?

ਇਸ ਤੋਂ ਇਲਾਵਾ ਯੂ.ਗੋਵ. ਦੁਆਰਾ 18 ਸਾਲ ਅਤੇ ਉਸਤੋਂ ਉੱਪਰ ਦੀਆਂ ਲਗਭਗ 2500 ਕੁੜੀਆਂ ਦੇ ਪੋਲਿੰਗ ਰਾਹੀਂ ਕੀਤੇ ਇੱਕ ਸਰਵੇਖਣ ਨੇ ਦੱਸਿਆ ਕਿ ਲਗਭਗ 73 ਫ਼ੀਸਦੀ ਔਰਤਾਂ ਨੇ ਪਿਛਲੇ ਮਹੀਨੇ ਵਿੱਚ ਕਿਸੇ ਕਿਸਮ ਦੀ ਹਿੰਸਾ ਜਾਂ ਪ੍ਰੇਸ਼ਾਨੀ ਦਾ ਅਨੁਭਵ ਕੀਤਾ ਹੈ? 4 ਵਿੱਚੋਂ 1 ਔਰਤ ਦਾ ਕਹਿਣਾ ਹੈ ਕਿ ਉਸ ਨੂੰ ਪਿਛਲੇ ਇੱਕ ਮਹੀਨੇ ਵਿੱਚ ਕਿਸੇ ਦੁਆਰਾ ਜ਼ਬਰਦਸਤੀ ਛੂਹਿਆ ਗਿਆ ਸੀ? ਇਸ ਪੋਲ ਨੂੰ ਔਰਤਾਂ ਖਿਲਾਫ਼ ਹਿੰਸਾ ਨੂੰ ਖ਼ਤਮ ਕਰਨ ਦੇ ਕੋਮਾਂਤਰੀ ਦਿਨ ਵਜੋਂ ਮਨਾਉਣ ਲਈ ਕੀਤਾ ਗਿਆ ਸੀ ਜਿਸ ਵਿੱਚ 2518 ਭਾਗੀਆਂ ਨੇ ਆਨਲਾਈਨ ਭਾਗ ਲਿਆ ਸੀ?

ਕਹਿਣ ਨੂੰ ਸੰਸਾਰ ਦੇ ‘ਸਭ ਤੋਂ ਤੇਜ਼ੀ ਨਾਲ’ ਵਿਕਸਤ ਅਰਥਚਾਰੇ ਅਤੇ ਭਾਰਤ ਨੂੰ 21ਵੀਂ ਸਦੀ ਵਿੱਚ ਦੁਨੀਆਂ ਦਾ ‘ਤਾਕਤਵਰ ਮੁਲਕ’ ਕਹਿਣ ਵਾਲੇ ਆਗੂਆਂ ਤੋਂ ਔਰਤਾਂ ਵਿਰੁੱਧ ਹਿੰਸਾ ਦੇ ਲਈ ਇਸ ਸੂਚੀ ਵਿੱਚ ਅਵੱਲ ਆਉਣ ਉੱਤੇ ਕੁਝ ਸਵਾਲ ਤਾਂ ਪੁੱਛਣੇ ਬਣਦੇ ਹੀ ਹਨ?

ਹੁਣ ਸਵਾਲ ਇਹ ਉੱਠਦਾ ਹੈ ਕਿ ਹਰ ਵਾਰ ਭਾਰਤ ਵਿੱਚ ਔਰਤਾਂ ਨੂੰ ਅਕਸਰ ਬਲਾਤਕਾਰ ਜਾਂ ਯੌਨ ਉਤਪੀੜਨ ਲਈ ਕਿਉਂ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ? ਹਾਲਾਂਕਿ ਆਮ ਤੌਰ ’ਤੇ ਮਰਦ ਪ੍ਰਧਾਨ ਸਮਾਜ ਵਿੱਚ ਖੁਦ ਜਵਾਬ ਦੇਣ ਨਾਲੋਂ ਔਰਤਾਂ ਦੁਆਰਾ ਭੜਕਾਇਆ ਜਾਂਦਾ ਹੈ ਜਾਂ ਉਹ ਇਸਦੀਆਂ ਹੱਕਦਾਰ ਹਨ ਵਰਗੇ ਤਰਕ ਆਮ ਹੀ ਦਿੱਤੇ ਜਾਂਦੇ ਹਨ? ਵਿਆਖਿਆਵਾਂ ਵਿੱਚ ਮੁੰਡੇ ਤਾਂ ਮੁੰਡੇ ਹਨ ਤੋਂ ਲੈ ਕੇ ਜੀਨਸ ਪਾਉਣ ਕਾਰਨ, ਚੌਮਿਨ ਖਾਣ ਨਾਲ, ਭਾਈ ਕਹਿ ਕੇ ਬਚ ਜਾਓ, ਆਦਿ ਹਜ਼ਾਰਾਂ ਤਰ੍ਹਾਂ ਦੇ ਬੇਤੁਕੇ ਤਰਕ ਸੁਣਨ ਨੂੰ ਮਿਲਦੇ ਹਨ? ਪਰ ਮਰਦ ਕਦੇ ਹੀ ਦੋਸ਼ੀ ਹੁੰਦੇ ਹਨ? ਜ਼ਿਆਦਾਤਰ ਬਲਾਤਕਾਰ ਅਤੇ ਛੇੜਛਾੜ ਅਤੇ ਔਰਤਾਂ ਵਿਰੋਧੀ ਜ਼ੁਲਮਾਂ ਦੀਆਂ ਘਟਨਾਵਾਂ ਇਸ ਲਈ ਵੀ ਵੱਧ ਰਹੀਆਂ ਹਨ ਕਿਉਂਕਿ ਔਰਤ ਵਿਰੋਧੀ ਮਾਨਸਿਕਤਾ ਵਾਲੀ ਭਾਜਪਾ ਸਰਕਾਰ ਹੀ ਬਹੁਤੇ ਲੋਕਾਂ ਨੂੰ ਸ਼ਹਿ ਦੇਣ ’ਤੇ ਲੱਗੀ ਹੋਈ ਹੈ? ਇਸਦਾ ਮਤਲਬ ਇਹ ਨਹੀਂ ਹੈ ਕਿ ਕਾਂਗਰਸ ਵੇਲੇ ਅਜਿਹਾ ਕੁਝ ਨਹੀਂ ਹੁੰਦਾ ਸੀ ਪਰ ਹੁਣ ਆਰ.ਐੱਸ.ਐੱਸ. (ਸੰਘ ਪਰਿਵਾਰ) ਅਤੇ ਭਾਜਪਾ ਦੀ ਸਰਕਾਰ ਦੀਆ ਤਾਂ ਬੁਨਿਆਦ ਹੀ ਔਰਤ ਵਿਰੋਧੀ ਵਿਚਾਰਧਾਰਾ ਉੱਪਰ ਟਿਕੀ ਹੈ? ਔਰਤ ਵਿਰੋਧੀ ਮਨੁਸਮ੍ਰਿਤੀ ਨੂੰ ਮੰਨਣ ਵਾਲਾ ਸੰਘ ਪਰਿਵਾਰ ਅਤੇ ਭਾਜਪਾ ਔਰਤਾਂ ਦੀ ਹਿਤੈਸ਼ੀ ਕਦੇ ਵੀ ਨਹੀਂ ਹੋ ਸਕਦੀ? ਜਦੋਂ ਸਰਕਾਰ ਵਿੱਚ ਬੈਠੇ ਮੰਤਰੀ, ਪ੍ਰਸ਼ਾਸ਼ਨਿਕ ਅਧਿਕਾਰੀ ਅਤੇ ਹੋਰ ਉੱਚ ਪੱਧਰ ਦੇ ਆਲਾ ਅਫ਼ਸਰ ਅਜਿਹੇ ਬੇਤੁਕੇ ਅਤੇ ਔਰਤ ਵਿਰੋਧੀ ਬਿਆਨ ਦਿੰਦੇ ਹਨ ਤਾਂ ਆਮ ਲੋਕਾਂ ਤੋਂ ਐਸਨ ਕੀ ਉਮੀਦ ਕਰ ਸਕਦੇ ਹਾਂ?

ਔਰਤ ਵਿਰੋਧੀ ਮਾਨਸਿਕਤਾ ਦੀਆਂ ਜੜ੍ਹਾਂ ਸਾਡੇ ਸਮਾਜਿਕ, ਜਾਤੀਗਤ ਅਤੇ ਆਰਥਿਕ ਢਾਂਚੇ ਵਿੱਚ ਹੀ ਸਮੋਈਆਂ ਹੋਈਆਂ ਹਨ? ਇਸ ਲਈ ਔਰਤ ਵਿਰੋਧੀ ਮਾਨਸਿਕਤਾ ਨੂੰ ਜੜ੍ਹ ਤੋਂ ਪੁੱਟਣ ਲਈ ਸਾਨੂੰ ਸਾਡੇ ਸਮਾਜ ਦੇ ਗਲੇ-ਸੜੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਢਾਂਚੇ ਨੂੰ ਬਦਲਣ ਦੀ ਲੋੜ ਹੈ? ਫਿਰ ਜਾ ਕੇ ਹੀ ਅਸੀਂ ਇੱਕ ਲਿੰਗਕ, ਆਰਥਿਕ ਅਤੇ ਸਮਾਜਿਕ ਬਰਾਬਰਤਾ ਵਾਲਾ ਸਮਾਜ ਸਿਰਜ ਸਕਾਂਗੇ ਭਗਤ ਸਿੰਘ ਦੇ ਕਹਿਣ ਵਾਂਗੂੰ, ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ? ਅਜਿਹਾ ਸਮਾਜ ਸਿਰਜਣ ਲਈ ਔਰਤਾਂ ਨੂੰ ਵੀ ਇਸ ਸਾਰੇ ਢਾਂਚੇ ਨੂੰ ਮੁੱਢੋਂ-ਸੁੱਢੋਂ ਬਦਲਣ ਦੀ ਲੜਾਈ ਦਾ ਹਿੱਸਾ ਬਣਨ ਦੀ ਅਹਿਮ ਲੋੜ ਹੈ?










# ਸਿਆਸਤਦਾਨਾਂ ਤੇ ਸਰਮਾਏਦਾਰਾਂ ਦਾ ਗੱਠਜੋੜ ਮਨੁੱਖਤਾ ਲਈ ਖ਼ਤਰੇ ਦੀ ਘੰਟੀ !



ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com

## ਦਿਨ ਵਿੱਚ 5 ਘੰਟੇ ਅਤੇ ਹਫਤੇ ਵਿੱਚ 20 ਘੰਟੇ ਕੰਮ ਕਰਨ ਦੀ ਮੰਗ ਦਾ ਸਮਾਂ !




**ਧਨਾਢਾਂ ਦੇ ਇੱਕ ਦੂਜੇ ਵੱਡੇ 'ਸੁਪਰ ਪੈਕ ਗਰੁੱਪ' ਵੱਲੋਂ ਅਮਰੀਕਾ ਦੀ ਦੂਜੀ ਵੱਡੀ ਪਾਰਟੀ ਡੈਮੋਕਰੈਟ ਲਈ ਮੁਹਿੰਮ ਚਲਾਈ ਹੋਈ ਹੈ। ਜਿਸ ਵਿੱਚ ਕੈਲੇਫੋਰਨੀਆ ਤੋਂ ਬਿਲੀਅਨੇਰ (ਅਰਬਾਂਪਤੀ) ਟੌਮ ਸਟੇਅਰ ਨੇ ਡੈਮੋਕਰੇਟਾਂ ਨੂੰ ਪਿਛਲੀ ਤਿਮਾਹੀ ਵਿੱਚ 29.4 ਮਿਲੀਅਨ ਡਾਲਰ ਦਾਨ ਦਿੱਤੇ ਹਨ। ਇਸੇ ਲੜੀ ਦੇ ਦੂਜੇ ਅਰਬਪਤੀ ਰਿਚਰਡ ਓਹਲੀਨ ਨੇ ਪਿਛਲੀ ਤਿਮਾਹੀ ਵਿੱਚ 28 ਮਿਲੀਅਨ ਡਾਲਰ ਡੈਮੋਕਰੈਟਾਂ ਨੂੰ ਦਾਨ ਕੀਤਾ ਹੈ।**

23 ਜੁਲਾਈ, 2018 ਨੂੰ ਅਮਰੀਕਾ ਦੇ ਅਖ਼ਬਾਰ 'ਯੂ ਐਸ ਏ ਟੂਡੇ' ਦੇ ਪਹਿਲੇ ਪੰਨੇ 'ਤੇ ਇਕ ਰਿਪੋਰਟ ਪੜ੍ਹਨ ਨੂੰ ਮਿਲੀ ਕਿ ਕਿਵੇਂ ਅਮਰੀਕਾ ਦੇ ਕੁਝ ਧਨਾਢਾਂ ਨੇ ਰਾਸ਼ਟਰਪਤੀ ਟਰੰਪ ਦੀ ਪਾਰਟੀ ਰਿਪਬਲਿਕਨਜ਼ ਦੇ ਉਮੀਦਵਾਰਾਂ ਨੂੰ ਜਿਤਾ ਕੇ ਅਮਰੀਕਨ ਕਾਂਗਰਸ ਵਿੱਚ ਬਹੁਮਤ ਪ੍ਰਾਪਤ ਕਰਨ ਲਈ, ਇਸ ਸਾਲ ਦੀ ਦੂਜੀ ਤਿਮਾਹੀ (ਅਪ੍ਰੈਲ ਤੋਂ ਜੂਨ) ਤੱਕ 120.1 ਮਿਲੀਅਨ ਅਮਰੀਕਨ ਡਾਲਰ ਦਾਨ ਵਜੋਂ ਦਿੱਤੇ ਹਨ ਤੇ ਇਸੇ ਸਾਲ ਦੀ ਪਹਿਲੀ ਤਿਮਾਹੀ (ਜਨਵਰੀ ਤੋਂ ਮਾਰਚ) ਵਿੱਚ ਇਨ੍ਹਾਂ ਹੀ ਲੋਕਾਂ ਵੱਲੋਂ ਰਿਪਬਲਕਿਨ ਪਾਰਟੀ ਨੂੰ 58.8 ਮਿਲੀਅਨ ਅਮਰੀਕਨ ਡਾਲਰ ਦਾਨ ਵਜੋਂ ਦਿੱਤੇ ਸਨ। ਭਾਵ ਤਿੰਨ ਮਹੀਨਿਆਂ ਵਿੱਚ ਇਨ੍ਹਾਂ ਨੇ ਦਾਨ ਦੀ ਰਾਸ਼ੀ ਦੁੱਗਣੀ ਕਰ ਦਿੱਤੀ ਸੀ। ਯਾਦ ਰਹੇ ਇਸੇ ਸਾਲ ਨਵੰਬਰ ਵਿੱਚ ਅਮਰੀਕਨ ਕਾਂਗਰਸ ਦੀਆਂ ਖਾਲ਼ੀ ਹੋ ਰਹੀਆਂ ਸੀਟਾਂ ਭਰਨ ਲਈ ਚੋਣ ਹੋ ਰਹੀ ਹੈ ਤੇ ਰਿਪਬਲਿਕਨਜ਼ ਵੱਧ ਸੀਟਾਂ ਜਿੱਤ ਕੇ ਕਾਂਗਰਸ ਵਿੱਚ ਆਪਣੀ ਭਾਰੀ ਬਹੁਮਤ ਕਰਨਾ ਚਾਹੁੰਦੇ ਹਨ ਤਾਂ ਕਿ ਅਗਲੇ ਦੋ ਸਾਲ ਟਰੰਪ ਆਪਣੀਆਂ ਮਨ ਮਾਨੀਆਂ ਕਰ ਸਕੇ। ਇਸ ਤਿਮਾਹੀ ਵਿੱਚ ਦਿੱਤੇ ਗਏ ਪਾਰਟੀ ਫੰਡ ਲਈ ਦਾਨੀਆਂ ਦੀ ਲਿਸਟ ਵਿੱਚ ਮੋਹਰੀ ਲਾਸ ਵੇਗਸ ਦੇ ਜੂਹਾ ਖਾਨਿਆਂ ਦੇ ਮਾਲਕ ਸ਼ੈਲਡਨ ਐਡਲਸਨ ਤੇ ਉਸਦੀ ਪਤਨੀ ਮਰੀਅਮ ਰਹੇ ਹਨ, ਜਿਨ੍ਹਾਂ ਨੇ 30 ਮਿਲੀਅਨ ਡਾਲਰ ਦੀ ਤੁੱਛ ਜਿਹੀ ਭੇਟਾ ਆਪਣੀ ਕਮਾਈ ਸਫਲ ਕਰਨ ਲਈ ਰਿਪਬਲਿਕਨਜ਼ ਲੀਡਰਸ਼ਿਪ ਫੰਡ ਲਈ ਦਿੱਤੀ ਹੈ। ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਬੜੇ ਖੁਸ਼ ਤੇ ਸੰਤੁਸ਼ਟ ਹਨ ਕਿ ਰਿਪਬਲਿਕਨਜ ਉਨ੍ਹਾਂ ਦੀ ਇੱਛਾ ਅਨੁਸਾਰ ਕੰਮ ਕਰ ਰਹੇ ਹਨ। ਇਥੇ ਇਹ ਵਰਨਣਯੋਗ ਹੈ ਕਿ ਸਰਾਮਾਇਦਾਰਾਂ ਦੇ ਇਸੇ 'ਸੁਪਰ ਪੈਕ ਗਰੁੱਪ' ਵੱਲੋਂ ਅਗਲੀਆਂ ਚੋਣਾਂ (2020) ਲਈ ਪਿਛਲੇ 18 ਮਹੀਨਿਆਂ ਵਿੱਚ 93.5 ਮਿਲੀਅਨ ਡਾਲਰ ਵੱਖਰਾ ਦਾਨ ਦਿੱਤਾ ਜਾ ਚੁੱਕਾ ਹੈ ਤੇ ਇਸ ਸਾਲ ਦੇ ਅਖੀਰ ਤੱਕ 100 ਮਿਲੀਅਨ ਦਾ ਟੀਚਾ ਸੀ, ਜੋ ਕਿ ਜੁਲਾਈ ਅਖੀਰ ਤੱਕ ਪੂਰਾ ਹੋਣ ਦੀ ਸੰਭਾਵਨਾ ਹੈ। ਰਿਪਬਲਿਕਨ ਪਾਰਟੀ ਦੇ ਬੁਲਾਰੇ ਅਨੁਸਾਰ ਇਸ ਪੈਸੇ ਨਾਲ ਅਸੀਂ ਇਸ ਸਾਲ 15 ਮਿਲੀਅਨ ਵੋਟਰਾਂ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਤਿਆਰ ਕਰ ਚੁੱਕੇ ਹਾਂ। ਧਨਾਢਾਂ ਦੇ ਇੱਕ ਦੂਜੇ ਵੱਡੇ 'ਸੁਪਰ ਪੈਕ ਗਰੁੱਪ' ਵੱਲੋਂ ਅਮਰੀਕਾ ਦੀ ਦੂਜੀ ਵੱਡੀ ਪਾਰਟੀ ਡੈਮੋਕਰੈਟ ਲਈ ਮੁਹਿੰਮ ਚਲਾਈ ਹੋਈ ਹੈ। ਜਿਸ ਵਿੱਚ ਕੈਲੇਫੋਰਨੀਆ ਤੋਂ ਬਿਲੀਅਨੇਰ (ਅਰਬਾਂਪਤੀ) ਟੌਮ ਸਟੇਅਰ ਨੇ ਡੈਮੋਕਰੇਟਾਂ ਨੂੰ ਪਿਛਲੀ ਤਿਮਾਹੀ ਵਿੱਚ 29.4 ਮਿਲੀਅਨ ਡਾਲਰ ਦਾਨ ਦਿੱਤੇ ਹਨ। ਇਸੇ ਲੜੀ ਦੇ ਦੂਜੇ ਅਰਬਪਤੀ ਰਿਚਰਡ ਓਹਲੀਨ ਨੇ ਪਿਛਲੀ ਤਿਮਾਹੀ ਵਿੱਚ 28 ਮਿਲੀਅਨ ਡਾਲਰ ਡੈਮੋਕਰੈਟਾਂ ਨੂੰ ਦਾਨ ਕੀਤਾ ਹੈ। ਸਰਮਾਏਦਾਰਾਂ ਦੇ ਇਸ 'ਸੁਪਰ ਪੈਕ ਗਰੁੱਪ' ਵੱਲੋਂ ਅਜਿਹੀ ਮੁਹਿੰਮ ਚਲਾਈ ਹੋਈ ਹੈ ਕਿ ਇਸਦੇ ਕਰਤਾ ਧਰਤਾ ਬਿਨਾਂ ਕਿਸੇ ਰੋਕ ਟੋਕ ਦੇ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਜਿਥੇ ਮਰਜ਼ੀ, ਜਿਤਨਾ ਮਰਜ਼ੀ ਪੈਸਾ ਖਰਚ ਸਕਦੇ ਹਨ। 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਬਾਅਦ 'ਵਾਸ਼ਿੰਗਟਨ ਪੋਸਟ' ਅਖ਼ਬਾਰ ਵਿੱਚ ਛਪੀ ਇੱਕ ਰਿਪੋਰਟ ਅਨੁਸਾਰ ਡੈਮੋਕਰੈਟ ਪਾਰਟੀ ਦੀ ਉਮੀਦਵਾਰ ਹਿਲਰੀ ਕਲਿੰਟਨ ਨੇ ਆਪਣੀ ਚੋਣ ਕੈਂਪੇਨ ਲਈ 1.4 ਬਿਲੀਅਨ ਡਾਲਰ ਤੇ ਰਾਸ਼ਟਰਪਤੀ ਟਰੰਪ ਨੇ 957.6 ਮਿਲੀਅਨ ਡਾਲਰ ਇਕੱਠੇ ਕੀਤੇ ਸਨ ਤੇ ਚੋਣਾਂ ਤੋਂ ਬਾਅਦ ਫਾਈਲ ਟੈਕਸ ਅਨੁਸਾਰ ਦੋਨਾਂ ਉਮੀਦਵਾਰਾਂ ਨੇ 99% ਡਾਲਰ ਚੋਣਾਂ ਵਿੱਚ ਖਰਚ ਕਰਨ ਦਾ ਦਾਅਵਾ ਕੀਤਾ ਸੀ। ਇਥੇ ਇਹ ਵਰਨਣਯੋਗ ਹੈ ਕਿ ਇਨ੍ਹਾਂ ਵੱਡੀਆਂ ਦਾਨ ਰਾਸ਼ੀਆਂ ਵਿੱਚੋਂ ਆਮ ਲੋਕਾਂ ਵਲੋਂ 10% ਤੋਂ ਵੀ ਘੱਟ ਪਾਰਟੀ ਫੰਡ ਲਈ ਦਾਨ ਦਿੱਤੇ ਸਨ, ਜਦਕਿ ਦੋਨਾਂ ਪਾਰਟੀਆਂ ਨੂੰ 80-90% ਦਾਨ ਵੱਡੇ ਸਰਮਾਏਦਾਰਾਂ ਤੇ ਵੱਡੀਆਂ ਕਾਰਪੋਰੇਸ਼ਨਾਂ ਦੇ 'ਸੁਪਰ ਪੈਕ' ਗਰੁੱਪਾਂ ਵਲੋਂ ਦਿੱਤਾ ਗਿਆ ਸੀ। ਸਰਕਾਰੀ ਅੰਕੜਿਆਂ ਅਨੁਸਾਰ 2016 ਦੀਆਂ ਅਮਰੀਕਨ ਰਾਸ਼ਟਰਪਤੀ ਚੋਣਾਂ ਵਿੱਚ 3 ਬਿਲੀਅਨ ਡਾਲਰ ਦਾ ਖਰਚਾ ਹੋਇਆ ਸੀ, ਜਦਕਿ ਗੈਰ ਸਰਕਾਰੀ ਸੂਤਰਾਂ ਅਨੁਸਾਰ ਇਹ ਖਰਚਾ 10 ਬਿਲੀਅਨ ਦੇ ਕਰੀਬ ਸੀ। ਇਸ ਤੋਂ ਅਸੀਂ ਸਹਿਜੇ ਅੰਦਾਜ਼ਾ ਲਗਾ ਸਕਦੇ ਹਾਂ ਕਿ ਸਾਡੇ ਲੋਕਤੰਤਰੀ ( ?) ਢੰਗ ਨਾਲ ਚੁਣੇ ਹੋਏ ਨੁਮਾਇੰਦੇ ਕਿਨ੍ਹਾਂ ਲੋਕਾਂ ਲਈ ਕੰਮ ਕਰਦੇ ਹਨ ਤੇ ਕਰਨਗੇ ?

ਜੇ ਕੈਨੇਡਾ ਦੀਆਂ 2015 ਦੀਆਂ ਫੈਡਰਲ ਚੋਣਾਂ ਨੂੰ ਦੇਖੀਏ ਤਾਂ ਸਰਕਾਰੀ ਅੰਕੜਿਆਂ ਅਨੁਸਾਰ ਤਿੰਨੇ ਪਾਰਟੀਆਂ ਵਲੋਂ ਤਕਰੀਬਨ 30 ਮਿਲੀਅਨ ਡਾਲਰ ਦਾਨ ਰੂਪ ਵਿੱਚ ਪ੍ਰਾਪਤ ਕੀਤੇ ਗਏ ਸਨ, ਬੇਸ਼ੱਕ ਇਹ ਰਕਮ ਅਮਰੀਕਾ ਦੇ ਮੁਕਾਬਲੇ ਬੜੀ ਛੋਟੀ ਹੈ, ਪਰ ਦੇਖਣ ਵਾਲਾ ਤੱਥ ਇਹ ਹੈ ਕਿ ਇਸ ਵਿੱਚ ਵੀ ਵੱਡਾ ਹਿੱਸਾ ਕਾਰਪੋਰੇਸ਼ਨਾਂ ਵਲੋਂ ਦਾਨ ਕੀਤਾ ਗਿਆ ਸੀ। ਆਮ ਲੋਕਾਂ ਵਲੋਂ ਜੋ ਥੋੜ੍ਹੀ ਬਹੁਤ ਰਕਮ ਦਿੱਤੀ ਗਈ ਦਿਖਾਈ ਜਾਂਦੀ ਹੈ, ਉਸ ਵਿਚੋਂ ਵੀ ਬਹੁਤਾ ਹਿੱਸਾ ਫੰਡ ਰੇਜ਼ਿੰਗ ਵਿੱਚ ਸ਼ੋਅ ਕੀਤਾ ਜਾਂਦਾ ਹੈ, ਵੱਡੇ ਲੋਕ ਹੀ ਟਿਕਟਾਂ ਲੈ ਕੇ ਆਮ ਲੋਕਾਂ ਨੂੰ ਮੁਫਤ ਡਿਨਰ ਲਈ ਸੱਦ ਲੈਂਦੇ ਹਨ ? ਉਨ੍ਹਾਂ ਦਿਨਾਂ ਵਿੱਚ ਹੀ 'ਨੈਸ਼ਨਲ ਪੋਸਟ' ਅਖਬਾਰ ਦੀ ਇੱਕ ਰਿਪੋਰਟ ਅਨੁਸਾਰ 114 ਥਰਡ ਪਾਰਟੀ ਅਮਰੀਕਨ ਕੰਪਨੀਆਂ ਵਲੋਂ ਕੈਨੇਡਾ ਦੀਆਂ ਚੋਣਾਂ ਵਿੱਚ ਆਪਣੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ 6 ਮਿਲੀਅਨ ਤੋਂ ਜ਼ਿਆਦਾ ਡਾਲਰ ਖਰਚੇ ਸਨ। ਉਸ ਸਮੇਂ ਇਹ ਚਰਚਾ ਵੀ ਚੱਲੀ ਸੀ ਕਿ ਕੀ ਕੈਨੇਡੀਅਨ ਲੋਕਤੰਤਰੀ ਸਿਸਟਮ ਵਿੱਚ ਵਿਦੇਸ਼ੀ ਕੰਪਨੀਆਂ ਦੀ ਇਹ ਸਿੱਧੀ ਦਖਲ ਅੰਦਾਜੀ ਨਹੀਂ ? ਪਰ 'ਇਸ ਹਮਾਮ ਵਿੱਚ ਸਭ ਨੰਗੇ' ਦੇ ਅਖਾਣ ਮੁਤਾਬਿਕ ਚਰਚਾ ਸਿਰਫ ਚਰਚਾ ਹੀ ਰਹੀ, ਕੋਈ ਕਾਰਵਾਈ ਨਹੀਂ ਹੋਈ ਤੇ ਨਾ ਹੀ ਕਿਸੇ ਪਾਰਟੀ ਨੇ ਇਸਨੂੰ ਕਦੇ ਮੁੱਦਾ ਬਣਾਇਆ ? ਇਹ ਹਾਲ ਤਾਂ ਪੱਛਮੀ ਦੇਸ਼ਾਂ ਦੇ ਵਿਕਸਤ ਸਰਮਾਏਦਾਰ ਦੇਸ਼ਾਂ ਦਾ ਹੈ, ਭਾਰਤ, ਪਾਕਿਸਤਾਨ ਜਾਂ ਹੋਰ ਥਰਡ ਵਰਲਡ ਜਾਂ ਅੰਡਰ ਡਿਵੈਲਪ ਦੇਸ਼ਾਂ ਵਿੱਚ ਕੀ ਹਾਲ ਹੋਵੇਗਾ, ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ, ਜਿਥੇ ਹਰ ਪੱਧਰ ਤੇ ਕੁਰੱਪਸ਼ਨ ਹੈ ? 'ਟਾਈਮ' ਮੈਗਜੀਨ ਦੀ 2015 ਦੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ 2014 ਦੀਆਂ ਫੈਡਰਲ ਚੋਣਾਂ ਦੁਨੀਆਂ ਦੀਆਂ ਸਭ ਤੋਂ ਖਰਚੀਲੀਆਂ ਚੋਣਾਂ ਸਨ, ਜਿਨ੍ਹਾਂ ਵਿੱਚ ਸਰਕਾਰੀ ਅੰਕੜਿਆਂ ਅਨੁਸਾਰ 10 ਬਿਲੀਅਨ ਡਾਲਰ ਤੋਂ ਵੱਧ ਖਰਚ ਹੋਏ, ਕਾਲਾ ਧਨ ਕਿੰਨਾ ਖਰਚ ਹੋਇਆ, ਕੋਈ ਹਿਸਾਬ ਨਹੀਂ ? 'ਇੰਡੀਅਨ ਐਕਸਪ੍ਰੈਸ' ਅਖ਼ਬਾਰ ਅਨੁਸਾਰ ਜਿਥੇ 2009 ਦੀਆਂ ਭਾਰਤੀ ਚੋਣਾਂ ਵਿੱਚ 100 ਮਿਲੀਅਨ ਡਾਲਰ ਸਿਰਫ ਮੀਡੀਆ ਰਾਹੀਂ ਪ੍ਰਚਾਰ ਲਈ ਖਰਚਿਆ ਗਿਆ ਸੀ, ਉਥੇ 2014 ਦੀਆਂ ਚੋਣਾਂ ਵਿੱਚ ਇਹ ਖਰਚਾ 300 ਮਿਲੀਅਨ ਤੋਂ ਵੱਧ ਸੀ। ਜਿਸ ਵਿੱਚ ਅੰਬਾਨੀ, ਅਡਾਨੀ, ਬਿਰਲੇ, ਟਾਟੇ ਆਦਿ ਵੱਡੇ ਲੋਕਾਂ ਦਾ ਪੈਸਾ ਲਗਦਾ ਹੈ, ਜੋ ਦਾਨ ਰੂਪ ਵਿੱਚ ਪਾਰਟੀਆਂ ਜਾਂ ਉਮੀਦਵਾਰਾਂ ਨੂੰ ਦਿੱਤਾ ਜਾਂਦਾ ਹੈ। ਜਿਹੜੇ ਉਮੀਦਵਾਰ ਕਾਲੇ ਧਨ ਜਾਂ ਵੱਡੇ ਸਰਮਾਏਦਾਰ ਦੇ ਦਾਨ ਨਾਲ ਜਿੱਤਦੇ ਹਨ, ਉਨ੍ਹਾਂ ਤੋਂ ਲੋਕ ਨੀਤੀਆਂ ਦੀ ਆਸ ਰੱਖਣੀ, ਮੂਰਖਤਾ ਤੋਂ ਵੱਧ ਕੁਝ ਨਹੀਂ ? ਇਨ੍ਹਾਂ ਪਾਰਟੀਆਂ ਵਲੋਂ ਇੱਕ ਦੂਜੇ ਦਾ ਵਿਰੋਧ, ਡਰਾਮੇਬਾਜੀ ਤੋਂ ਵੱਧ ਕੁਝ ਨਹੀਂ ? ਕਨੇਡਾ ਵਿੱਚ ਵੀ ਵੱਖਰੇ-ਵੱਖਰੇ ਦਿਸਦੇ ਲਿਬਰਲ ਜਾਂ ਕੰਜਰਵੇਟਿਵਜ ਤੇ ਕਾਫੀ ਹੱਦ ਤੱਕ ਐਨ ਡੀ ਪੀ ਆਦਿ ਦੀ ਨੱਥ ਵੀ ਇਨ੍ਹਾਂ ਸਰਮਾਏਦਾਰਾਂ ਦੇ ਹੱਥ ਹੀ ਹੈ। ਸਰਮਾਏਦਾਰੀ ਵੱਲੋਂ ਖੜੇ ਕੀਤੇ ਗਏ ਗਲੋਬਲਾਈਜੇਸ਼ਨ ਦੇ ਇਸ ਦੌਰ ਵਿੱਚ ਖੜ੍ਹੀਆਂ ਕੀਤੀਆਂ, ਅਖੌਤੀ ਲੋਕਤੰਤਰੀ ਸਰਕਾਰਾਂ 'ਲੋਕ ਵਿਰੋਧੀ ਲੁੱਟ ਤੰਤਰ' ਹੀ ਹਨ, ਜੋ ਕਿ ਸਰਮਾਏਦਾਰੀ ਦੀਆਂ ਕਠਪੁਤਲੀਆਂ ਬਣ ਚੁੱਕੀਆਂ ਹਨ ਤੇ ਲੋਕ ਨੁਮਾਇੰਦੇ ਕਹਾਉਂਦੇ ਸਿਟੀ ਕੌਂਸਲਰ, ਐਮ ਐਲ ਏ, ਐਮ ਪੀ, ਕਾਂਗਰੈਸਮੈਨ, ਸੈਨੇਟਰ ਆਦਿ ਲੋਕਾਂ ਤੋਂ ਟੈਕਸ ਇਕੱਠੇ ਕਰਕੇ ਵੱਡੀਆਂ ਤਨਖਾਹਾਂ ਦਾ ਆਨੰਦ ਮਾਨਣ ਤੇ ਸਰਮਾਏਦਾਰਾਂ ਤੋਂ ਪਿਛਲੇ ਦਰਵਾਜਿਉਂ ਲਾਹੇ ਲੈਣ ਵਾਲੇ ਜੀ ਹਜੂਰੀਏ ਤੋਂ ਵੱਧ ਕੁਝ ਨਹੀਂ। ਇੱਕ ਪਾਸੇ ਆਮ ਲੋਕ ਜੀਵਨ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ ਤੇ ਮਕਾਨ ਤੋਂ ਵੀ ਵਿਰਵੇ ਹੋ ਰਹੇ ਹਨ, ਉੱਥੇ ਇਹ ਲੁਟੇਰਾ ਨਿਜ਼ਾਮ ਉਨ੍ਹਾਂ ਨੂੰ ਘੱਟ ਤੋਂ ਘੱਟ ਤਨਖ਼ਾਹ ਦੇਣ ਨੂੰ ਵੀ ਤਿਆਰ ਨਹੀਂ ਤਾਂ ਕਿ ਉਨ੍ਹਾਂ ਦੇ ਬਿਲੀਅਨਜ ਡਾਲਰ ਦੇ ਮੁਨਾਫ਼ੇ ਨਾ ਘਟ ਜਾਣ।

ਇਸ ਸਾਰੀ ਰਿਪੋਰਟ ਤੋਂ ਸਪੱਸ਼ਟ ਹੈ ਕਿ ਮੌਜੂਦਾ ਅਖੌਤੀ ਲੋਕ-ਤੰਤਰ, ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਲਈ ਸਰਮਾਏਦਾਰੀ ਅਤੇ ਮੌਕਾ ਪ੍ਰਸਤ ਸਿਆਸਤਦਾਨਾਂ ਦੇ ਗੱਠਜੋੜ ਵੱਲੋਂ ਖੜ੍ਹਾ ਕੀਤਾ ਹੋਇਆ, ਲੋਕ ਵਿਰੋਧੀ ਨਿਜ਼ਾਮ ਹੈ, ਜਿਸ ਰਾਹੀਂ ਲੋਕਾਂ ਨੂੰ ਲੋਕ-ਤੰਤਰ ਤੇ ਵੋਟ ਰਾਹੀਂ ਲੋਕ ਨੁਮਾਇੰਦੇ ਚੁਣਨ ਦੀ ਆਜ਼ਾਦੀ ਦੇ ਨਾਮ ਤੇ ਗੁੰਮਰਾਹ ਕੀਤਾ ਜਾਂਦਾ ਹੈ। ਸਰਮਾਏਦਾਰੀ ਨਿਜ਼ਾਮ ਨੇ ਸਾਰੀ ਦੁਨੀਆਂ ਵਿੱਚ ਆਪਣਾ ਜ਼ਾਲ ਬੁਰ੍ਹੀ ਤਰ੍ਹਾਂ ਫੈਲਾਇਆ ਹੋਇਆ ਹੈ। ਸਰਕਾਰਾਂ ਚਾਹੇ ਲੋਕਤੰਤਰੀ ਹੋਣ, ਰਜਵਾੜਾਸ਼ਾਹੀ, ਧਾਰਮਿਕ ਸਟੇਟਸ ਜਾਂ ਡਿਕਟੇਰਸ਼ਿਪ ਅਧੀਨ ਹੋਣ, ਹਰ ਜਗ੍ਹਾ ਰਾਜ ਕਾਰਪੋਰੇਸ਼ਨਾਂ ਰਾਹੀਂ ਸਰਮਾਏਦਾਰੀ ਦਾ ਹੀ ਹੈ। ਪਿਛਲੀਆਂ 2-3 ਸਦੀਆਂ ਵਿੱਚ ਬਸਤੀਵਾਦੀ ਗੋਰਿਆਂ ਨੇ ਦੁਨੀਆਂ ਨੂੰ ਗੁਲਾਮ ਬਣਾ ਕੇ ਸਿੱਧੇ ਢੰਗ ਨਾਲ ਰਾਜ ਕੀਤਾ ਸੀ। ਹੁਣ ਦੇਖਣ ਨੂੰ ਵੱਖ-ਵੱਖ ਦੇਸ਼ਾਂ ਵਿੱਚ ਉਥੇ ਦੇ ਲੋਕਾਂ ਦੀਆਂ ਚੁਣੀਆਂ ਹੋਈਆਂ ਆਜ਼ਾਦ ਲੋਕਤੰਤਰੀ ਸਰਕਾਰਾਂ ਨਜ਼ਰ ਆਉਂਦੀਆਂ ਹਨ, ਪਰ ਚਲਾਉਣ ਵਾਲੇ ਉਹੀ ਲੋਕ ਹਨ ? ਉਨ੍ਹਾਂ ਨੇ ਮਖੌਟੇ ਹੀ ਬਦਲੇ ਹਨ। ਪਿਛਲ਼ੇ 3-4 ਦਹਾਕਿਆਂ ਵਿੱਚ ਸਰਮਾਏਦਾਰੀ ਨੇ ਗਲੋਬਲਾਈਜ਼ੇਸ਼ਨ, ਖੁੱਲ੍ਹੀ ਮੰਡੀ ਤੇ ਨਿਊ ਲਿਬਰਲਾਈਜ਼ੇਸ਼ਨ ਦੇ ਨਾਮ ਹੇਠ ਸਾਰੀ ਦੁਨੀਆਂ ਵਿੱਚ ਆਪਣੇ ਪੈਰ ਪਸਾਰ ਲਏ ਹਨ, ਖੁੱਲ੍ਹੀ ਮੰਡੀ ਦੇ ਨਾਮ ਹੇਠ ਗਰੀਬ ਤੇ ਘੱਟ ਵਿਕਸਤ ਦੇਸ਼ਾਂ ਦੇ ਲੋਕ ਵਿਰੋਧੀ ਤੇ ਕੁਰਪਟ ਲੀਡਰਾਂ ਰਾਹੀਂ, ਜਿਥੇ ਉਨ੍ਹਾਂ ਦੇਸ਼ਾਂ ਦੇ ਕੁਦਰਤੀ ਸੋਮਿਆਂ ਦੀ ਅੰਨ੍ਹੀ ਲੁੱਟ ਜਾਰੀ ਹੈ, ਉਥੇ ਉਨ੍ਹਾਂ ਦੇਸ਼ਾਂ ਦੇ ਲੋਕਾਂ ਤੋਂ ਸਸਤੀ ਮਜਦੂਰੀ ਕਰਵਾ ਕੇ ਵਰਲਡ ਮੰਡੀ ਵਿੱਚ ਕਈ ਸੌ ਗੁਣਾਂ ਵੱਧ ਮੁਨਾਫੇ ਕਮਾਏ ਜਾ ਰਹੇ ਹਨ। ਸਰਮਾਏਦਾਰੀ ਦੀ ਮੁਨਾਫੇ ਦੀ ਹਵਸ ਨੇ ਅੱਜ ਦੁਨੀਆਂ ਇਥੇ ਖੜੀ ਕਰ ਦਿੱਤੀ ਹੈ ਕਿ 2016 ਵਿੱਚ 'ਔਕਸਫੈਮ' ਨਾਮ ਦੀ ਸੰਸਥਾ ਦੀ ਇੱਕ ਰਿਪੋਰਟ 'ਬੀ ਬੀ ਸੀ' ਨਿਊਜ਼ ਸਰਵਿਸ ਵਲੋਂ ਜਾਰੀ ਕੀਤੀ ਗਈ ਸੀ, ਜਿਸ ਅਨੁਸਾਰ ਦੁਨੀਆਂ ਦੇ 1% ਅਮੀਰ ਲੋਕਾਂ ਕੋਲ ਜਿਤਨੀ ਦੌਲਤ ਹੈ, ਉਤਨੀ ਬਾਕੀ ਦੁਨੀਆਂ ਦੇ 99% ਲੋਕਾਂ ਕੋਲ ਹੈ। ਇਸੇ ਰਿਪੋਰਟ ਅਨੁਸਾਰ 7.4 ਅਰਬ ਦੀ ਇਸ ਦੁਨੀਆਂ ਵਿੱਚ ਸਿਰਫ 62 ਵਿਅਕਤੀਆਂ ਕੋਲ ਇਤਨੀ ਦੌਲਤ ਹੈ, ਜਿਤਨੀ ਬਾਕੀ ਦੁਨੀਆਂ ਦੇ 50% ਲੋਕਾਂ ਕੋਲ ਹੈ।


ਅਸੀਂ ਗਰੀਬ ਦੇਸ਼ਾਂ ਵਿੱਚ ਭੁੱਖ ਜਾਂ ਕਰਜਿਆਂ ਦੀ ਮਾਰ ਹੇਠ ਆ ਕੇ ਮਰ ਰਹੇ ਲੋਕਾਂ ਦੀਆਂ ਖੁਦਕੁਸ਼ੀਆਂ ਦੀ ਗੱਲ ਅਕਸਰ ਸੁਣਦੇ ਹਾਂ, ਪਰ ਪਿਛਲੇ ਦਿਨੀਂ 'ਯੂ ਐਸ ਏ ਟੂਡੇ' ਅਖਬਾਰ ਦੀ ਇੱਕ ਰਿਪੋਰਟ ਪੜ੍ਹ ਕੇ ਹੈਰਾਨੀ ਹੋਈ ਕਿ ਦੁਨੀਆਂ ਦੇ ਸਭ ਤੋਂ ਵੱਧ ਵਿਕਸਤ ਤੇ ਅਮੀਰ ਦੇਸ਼ ਅਮਰੀਕਾ ਵਿੱਚ ਵੀ ਹਰ ਸਾਲ 45000 (ਕੈਨੇਡਾ ਵਿੱਚ 4000 ਤੋਂ ਵੱਧ ਲੋਕ ਹਰ ਸਾਲ ਖੁਦਕੁਸ਼ੀ ਕਰਦੇ ਹਨ) ਤੋਂ ਵੱਧ ਲੋਕ ਖ਼ੁਦਕੁਸ਼ੀਆਂ ਕਰ ਰਹੇ ਹਨ। ਬਾਕੀ ਦੇਸ਼ਾਂ ਵਿੱਚ ਹਾਲਾਤ ਕੋਈ ਵੱਖਰੇ ਨਹੀਂ ਹਨ। ਅੱਜ 21ਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਦੁਨੀਆਂ ਭਰ ਵਿੱਚ ਲੋਕ ਭੁੱਖ ਤੇ ਬੀਮਾਰੀਆਂ ਨਾਲ ਮਰ ਰਹੇ ਹਨ, ਖ਼ੁਦਕੁਸ਼ੀਆਂ ਕਰ ਰਹੇ ਹਨ, ਮਾਨਸਿਕ ਰੋਗਾਂ ਦੇ ਸ਼ਿਕਾਰ ਹੋ ਰਹੇ ਹਨ, ਸਭ ਪਾਸੇ ਕਰਾਈਮ ਰੇਟ ਵੱਧ ਰਿਹਾ ਹੈ, ਜੇਲ੍ਹਾਂ ਵਿੱਚ ਮੁਜ਼ਰਿਮ ਰੱਖਣ ਦੀ ਥਾਂ ਨਹੀਂ ਹੈ, ਅੱਧੀ ਤੋਂ ਵੱਧ ਦੁਨੀਆਂ ਦਵਾਈਆਂ ਆਸਰੇ ਜੀਅ ਰਹੀ ਹੈ, ਹਸਪਤਾਲਾਂ ਵਿੱਚ ਲੰਬੀਆਂ ਲਾਈਨਾਂ ਹਨ। ਅਸੀਂ ਮਨੁੱਖੀ ਸਭਿਅਤਾ ਦੇ ਉਸ ਦੌਰ ਵਿੱਚ ਪਹੁੰਚ ਗਏ ਹਾਂ, ਜਿਥੇ ਸਾਡੇ ਕੋਲ ਹਰ ਪੱਧਰ ਤੇ ਟੈਕਨਾਲੌਗੀ ਇਤਨੀ ਵਿਕਸਤ ਹੋ ਚੁੱਕੀ ਹੈ ਕਿ ਅਸੀਂ ਕੁਦਰਤ ਦੇ ਨਿਯਮਾਂ ਨੂੰ ਜਾਣ ਕੇ ਸਭ ਕੁਝ ਪੈਦਾ ਕਰਨ ਦੇ ਸਮਰੱਥ ਹਾਂ ਤੇ ਦਿਨੋ ਦਿਨ ਹੋ ਰਹੇ ਹਾਂ। ਅੱਜ ਦੁਨੀਆਂ ਵਿੱਚ ਕੋਈ ਵੀ ਵਿਅਕਤੀ ਭੁੱਖ ਨਾਲ ਮਰਨਾ ਨਹੀਂ ਚਾਹੀਦਾ ਸੀ ? ਕੋਈ ਵਿਅਕਤੀ ਇਸ ਲਈ ਨਹੀਂ ਮਰਨਾ ਚਾਹੀਦਾ ਸੀ ਕਿ ਉਹ ਆਪਣਾ ਇਲਾਜ ਨਹੀਂ ਕਰਾ ਸਕਿਆ। ਅਸੀਂ ਸਭ ਕੁਝ ਦੇ ਸਮਰੱਥ ਹੋਣ ਦੇ ਬਾਵਜੂਦ, ਸਾਰੀ ਮਨੁੱਖਤਾ ਨੂੰ ਜੀਵਨ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ ਦੇਣ ਤੋਂ ਅਸਮਰੱਥ ਰਹੇ ਹਾਂ, ਜਿਸ ਕਾਰਨ ਅੱਧੀ ਤੋਂ ਵੱਧ ਮਨੁੱਖਤਾ ਮਾਨਸਿਕ ਰੋਗਾਂ ਦੀ ਸ਼ਿਕਾਰ ਹੈ, ਜਿਸ ਨਾਲ ਖੁਦਕੁਸ਼ੀਆਂ ਤੇ ਜ਼ੁਰਮ ਦਿਨੋ ਦਿਨ ਵੱਧ ਰਹੇ ਹਨ।ਪਰ ਸਰਮਾਏਦਾਰੀ ਦੇ ਮੁਨਾਫੇ ਦੀ ਹਵਸ ਨੇ ਮਨੁੱਖਤਾ ਨੂੰ ਇਸ ਪੜਾਅ ਤੇ ਲਿਆ ਖੜਾ ਕੀਤਾ ਹੈ ਕਿ ਹਰ ਪੱਧਰ ਦੀ ਅਡਵਾਂਸ ਟੈਕਨਾਲੋਜੀ ਮਨੁੱਖਤਾ ਵਿਰੋਧੀ ਸਾਬਿਤ ਹੋ ਰਹੀ ਹੈ, ਟੈਕਨਾਲੌਜੀ ਨਾਲ ਆਪਣੇ ਮੁਨਾਫੇ ਵਧਾਉਣ ਲਈ ਸਰਮਾਏਦਾਰ ਦਿਨੋ ਦਿਨ ਜੌਬਾਂ ਤੇ ਪਬਲਿਕ ਸੇਵਾਵਾਂ ਕੱਟ ਕਰ ਰਹੇ ਹਨ ਤੇ ਫਿਰ ਉਹ ਉਸ ਮੁਨਾਫੇ ਵਿਚੋਂ ਕੁਝ ਹਿੱਸਾ ਸਿਆਸਤਦਾਨਾਂ ਨੂੰ ਦਾਨ ਕਰਕੇ ਆਪਣੇ ਹੱਕ ਵਿੱਚ ਲੋਕ ਵਿਰੋਧੀ ਕਨੂੰਨ ਬਣਾ ਰਹੇ ਹਨ ਤੇ ਸਿਆਸੀ ਨਿਜ਼ਾਮ ਸਰਮਾਏਦਾਰੀ ਦੀ ਰਖੇਲ ਬਣ ਚੁੱਕਾ ਹੈ ? 18ਵੀਂ ਸਦੀ ਦੀ 'ਉਦਯੋਗਿਕ ਕਰਾਂਤੀ' ਤੋਂ ਬਾਅਦ 19ਵੀਂ ਸਦੀ ਵਿੱਚ ਇਹ ਮੰਗਣ ਉਠਣ ਲੱਗੀ ਸੀ ਕਿ ਕੰਮਾਂ ਦੇ ਘੰਟੇ ਨਿਯਤ ਕੀਤੇ ਜਾਣ ਕਿਉਂਕਿ ਸਨਅਤਕਾਰ ਆਪਣੇ ਮੁਨਾਫੇ ਜਾਂ ਵੱਧ ਉਤਪਾਦਨ ਲਈ ਮਜਦੂਰਾਂ (ਵਰਕਰਾਂ) ਕੋਲੋਂ ਸੱਤੇ ਦਿਨ 12-16 ਘੰਟੇ ਕੰਮ ਕਰਾਉਂਦੇ ਸਨ। ਇਹ ਮੰਗ ਜ਼ੋਰ ਫੜਦੀ ਗਈ ਤੇ 20ਵੀਂ ਸਦੀ ਦੇ ਪਹਿਲੇ ਦਹਾਕਿਆਂ ਵਿੱਚ ਸਾਰੀ ਦੁਨੀਆਂ ਵਿੱਚ ਸਰਕਾਰੀ ਤੌਰ 'ਤੇ ਕੰਮ ਦੇ ਇੱਕ ਦਿਨ ਦੇ 8 ਘੰਟੇ ਤੇ ਹਫਤੇ ਦੇ 40 ਘੰਟਿਆਂ ਨੂੰ ਮਾਨਤਾ ਮਿਲ ਗਈ। ਅੱਜ ਤੋਂ ਤਕਰੀਬਨ 100 ਸਾਲ ਪਹਿਲਾਂ ਜਦੋਂ ਟੈਕਨਾਲੋਜੀ ਇਤਨੀ ਐਡਵਾਂਸ ਨਹੀਂ ਸੀ, ਉਦੋਂ ਦਿਨ ਵਿੱਚ 8 ਘੰਟੇ ਤੇ ਹਫਤੇ ਵਿੱਚ 40 ਘੰਟੇ ਸ਼ਾਇਦ ਠੀਕ ਸਨ, ਪਰ ਅੱਜ ਜਦੋਂ ਅਸੀਂ ਮਨੁੱਖੀ ਸਭਿਅਤਾ ਦੀ ਤਰੱਕੀ ਦੇ ਉਸ ਦੌਰ ਵਿੱਚ ਪਹੁੰਚ ਗਏ ਹਾਂ, ਜਿਥੇ ਅਸੀਂ 100 ਸਾਲ ਪਹਿਲਾਂ ਨਾਲੋਂ 8 ਘੰਟਿਆਂ ਵਿੱਚ ਕਈ ਗੁਣਾਂ ਜ਼ਿਆਦਾ ਉਤਪਾਦਨ ਕਰ ਸਕਦੇ ਹਾਂ ? ਫਿਰ 100 ਸਾਲ ਬਾਅਦ ਵੀ 8 ਘੰਟੇ ਹੀ ਕਿਉਂ ਕੰਮ ਕੀਤਾ ਜਾਵੇ ? ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਕੱਠੇ ਹੋ ਕੇ ਦਿਨ ਵਿੱਚ 5 ਘੰਟੇ ਤੇ ਹਫਤੇ ਵਿੱਚ 4 ਦਿਨ ਕੰਮ ਦੀ ਮੰਗ ਕਰੀਏ ਅਤੇ ਵੱਧ ਉਤਪਾਦਨ ਨਾਲ ਮੁਨਾਫੇ ਵਿੱਚ ਸਿਰਫ 1% ਪ੍ਰਤੀਸ਼ਤ ਲੋਕਾਂ ਦਾ ਨਹੀਂ, ਬਾਕੀ 99% ਦਾ ਵੀ ਯੋਗਤਾ ਅਨੁਸਾਰ ਪੂਰਾ ਹਿੱਸਾ ਹੋਵੇ ? ਅਗਰ ਅਸੀਂ ਸਭਿਅਕ ਮਨੁੱਖ ਦੇ ਤੌਰ 'ਤੇ ਅੱਗੇ ਤਰੱਕੀ ਕਰਨੀ ਹੈ ਅਤੇ ਵਿਕਸਤ ਤੇ ਸੁਖਾਵਾਂ ਸਮਾਜ ਸਿਰਜਣਾ ਹੈ ਤਾਂ ਸਾਨੂੰ ਟੈਕਨਾਲੌਜੀ ਨੂੰ ਆਪਣੇ ਹੱਕ ਵਿੱਚ ਭੁਗਤਾਉਣਾ ਪਵੇਗਾ, ਨਾ ਕਿ ਇਹ ਸਿਰਫ ਕੁਝ ਪੂੰਜੀਪਤੀ ਜਮਾਤਾਂ ਤੱਕ ਸੀਮਤ ਹੋਵੇ ? ਮਨ ਦੀ ਸ਼ਾਂਤੀ, ਭਰਾਤਰੀ ਭਾਵ, ਸਰਬੱਤ ਦੇ ਭਲੇ ਤੇ ਮਨੁੱਖੀ ਵਿਕਾਸ ਦਾ ਜੀਵਨ ਤਾਂ ਹੀ ਸੰਭਵ ਹੈ, ਜੇ ਸਾਡੇ ਕੋਲ ਕਲਾ, ਸਾਹਿਤ, ਦਰਸ਼ਨ, ਧਰਮ ਆਦਿ ਨੂੰ ਸਿਰਜਣ ਤੇ ਕੁਦਰਤ ਨੂੰ ਮਾਨਣ ਦਾ ਸਮਾਂ ਹੋਵੇਗਾ। ਅੱਜ 100 ਸਾਲ ਬਾਅਦ ਸਰਮਾਏਦਾਰੀ ਨਿਜ਼ਾਮ ਨੇ ਮਨੁੱਖ ਮਸ਼ੀਨ ਨੂੰ ਬਣਾ ਦਿੱਤਾ ਹੈ ਤੇ ਪਰਵਿਾਰਾਂ ਨੂੰ ਆਪਣੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਲਈ ਔਸਤਨ 12 ਘੰਟੇ ਤੇ 6 ਦਿਨ ਕੰਮ ਕਰਨਾ ਪੈ ਰਿਹਾ ਹੈ ਤਾਂ ਕਿ ਉਹ ਆਪਣਾ ਪਰਿਵਾਰ ਚਲਾ ਸਕਣ ਤੇ 1% ਲੋਕਾਂ ਲਈ ਦੌਲਤ ਦੇ ਅੰਬਾਰ ਲਗਾ ਸਕਣ।

ਲੋਕੋ ! ਜਾਗੋ ਤੇ ਨੀਂਦ ਤਿਆਗੋ ! ਲੋਕ-ਤੰਤਰ ਤੇ ਅਖੌਤੀ ਨਿੱਜੀ ਅਜ਼ਾਦੀ ਦੇ ਭਰਮ 'ਚੋਂ ਬਾਹਰ ਨਿਕਲੋ। ਤੁਹਾਡੀ ਤਬਾਹੀ, ਤੁਹਾਡੇ ਬੂਹੇ ਦਸਤਕ ਦੇ ਰਹੀ ਹੈ। ਇਸ ਲੁਟੇਰਾ ਨਿਜ਼ਾਮ ਖਿਲਾਫ ਲਾਮਬੰਦ ਹੋਵੋ। ਆਓ ! ਜਥੇਬੰਦ ਹੋ ਕੇ 5 ਘੰਟੇ ਦਿਨ ਤੇ 20 ਘੰਟੇ ਹਫਤਾ ਦੀ ਮੰਗ ਕਰੀਏ ਤਾਂ ਹੀ ਅਸੀਂ ਸਭ ਰਲ਼ ਕੇ ਖੁਸ਼ਹਾਲ ਤੇ ਮਾਨਸਿਕ ਰੋਗਾਂ ਤੋਂ ਮੁਕਤ ਜੀਵਨ ਜੀਅ ਸਕਾਂਗੇ ?

# ਨਸ਼ਿਆਂ ਦੀ ਤਬਾਹੀ

## ਮੂਲ ਕਾਰਨ ਅਤੇ ਅਸਲ ਹੱਲ ਕੀ ਹਨ ?

ਡਾ. ਅਮਰ ਸਿੰਘ ਆਜ਼ਾਦ



ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਕਾਰਨ ਪੂਰਾ ਪੰਜਾਬ, ਵਿਸ਼ਵ ਦਾ ਸਮੂਹ ਪੰਜਾਬੀ ਭਾਈਚਾਰਾ ਅਤੇ ਪੂਰੇ ਦੇਸ਼ ਦੇ ਸੂਝਵਾਨ ਲੋਕਾਂ ਦੇ ਕਾਲਜੇ ਵਲੂੰਧਰੇ ਗਏ ਹਨ? ਪਿਛਲੇ ਕੁਝ ਦਹਾਕਿਆਂ ਤੋਂ ਖ਼ਤਰਨਾਕ ਨਸ਼ਿਆਂ ਦੀ ਵਰਤੋਂ ਨਾਲ ਨੌਜਵਾਨਾਂ ਦੀ ਵਿਗੜ ਰਹੀ ਸਿਹਤ, ਪਰਿਵਾਰਾਂ ਦੀ ਆਰਥਕ ਤਬਾਹੀ ਅਤੇ ਇਸ ਨਾਲ ਜੁੜੇ ਸਮਾਜਕ ਅਤੇ ਸਭਿਆਚਾਰਕ ਅਸਰਾਂ ਨੇ ਸਾਡੇ ਸਮਾਜ ਵਿੱਚ ਦਹਿਸ਼ਤ ਫੈਲਾ ਰੱਖੀ ਹੈ। ਹੁਣ ਇਸ ਤਬਾਹੀ ਦੇ ਮੰਜ਼ਰ ਵਿੱਚ ਇੱਕ ਆਸ ਦੀ ਕਿਰਨ ਦਿਖ ਰਹੀ ਹੈ ਕਿ ਪੂਰਾ ਪੰਜਾਬ ਇਸ ਲੜਾਈ ਨੂੰ ਆਰ-ਪਾਰ ਦੀ ਲੜਾਈ ਬਣਾਉਣ ਲਈ ਕਮਰ-ਕੱਸੇ ਕਰ ਚੁੱਕਾ ਹੈ? ਅਜੇਹੀ ਸਥਿਤੀ ਵਿੱਚ (ਜਦੋਂ ਇਸ ਮੁੱਦੇ ਤੇ ਲੋਕ ਲਹਿਰ ਬਣਨ ਜਾ ਰਹੀ ਹੋਵੇ) ਕੁਝ ਗਲਾਂ ਬੇਹੱਦ ਜ਼ਰੂਰੀ ਹਨ-

- ਨਸ਼ਿਆਂ ਦੇ ਮੂਲ ਕਾਰਨ ਕੀ ਹਨ।
- ਨਸ਼ਿਆਂ ਦਾ ਇਤਿਹਾਸ ਕੀ ਹੈ।
- ਕੀ ਨਸ਼ੇ ਕੁਦਰਤੀ ਆਫਤ ਹਨ। ਜਾਂ ਕੁਝ ਲੋਕਾਂ ਰਾਹੀਂ ਪੈਦਾ ਕੀਤੀ ਸਮਸਿਆ।
- ਕੀ ਸਾਰੇ ਨਸ਼ੇ ਇੱਕੋ ਜਿੰਨੇ ਹੀ ਮਾੜੇ ਹੁੰਦੇ ਹਨ?

ਪੰਜਾਬ ਦੇ ਲੋਕ ਇਸ ਗੱਲ ਨੂੰ ਭਲੀ ਭਾਂਤ ਜਾਣਦੇ ਹਨ ਕਿ ਅੱਜ ਪੰਜਾਬ ਖ਼ਤਰਨਾਕ ਨਸ਼ਿਆਂ ਦੀ ਜਿਸ ਦਲਦਲ ਵਿੱਚ ਫਸ ਗਿਆ ਹੈ ਉਸ ਵਿੱਚ ਮੁੱਖ ਭੂਮਿਕਾ ਨਸ਼ੇ ਦੇ ਵਪਾਰੀਆਂ ਦੀ ਹੈ ਜਿਸ ਨੂੰ ਆਮ ਭਾਸ਼ਾ ਵਿੱਚ ਸਮਗਲਰ ਕਿਹਾ ਜਾਂਦਾ ਹੈ। ਪੂਰੀ ਦੁਨੀਆਂ ਵਿੱਚ ਹੋਈਆਂ ਖੋਜਾਂ ਦਰਸਾਉਂਦੀਆਂ ਹਨ ਕਿ ਨਸ਼ਿਆਂ ਦਾ ਵਪਾਰ, ਗੈਰ-ਕਾਨੂੰਨੀ ਲੋਕਾਂ ਰਾਹੀਂ ਕੀਤਾ ਜਾ ਰਿਹਾ ਆਮ ਵਪਾਰ ਨਹੀਂ। ਇਸ ਵਿੱਚ ਅੰਤਰ-ਰਾਸ਼ਟਰੀ ਸਾਮਰਾਜੀ ਸ਼ਕਤੀਆਂ, ਵੱਡੇ ਵਪਾਰੀ, ਕੌਮੀ ਅਤੇ ਰਾਜ ਸਰਕਾਰਾਂ, ਅਫਸਰ ਅਤੇ ਖੁਫੀਆ ਏਜੰਸੀਆਂ ਸ਼ਾਮਲ ਹਨ। ਸੌਖਾ ਅਤੇ ਮੋਟਾ ਪੈਸਾ ਕਮਾਉਣ ਲਈ ਰਾਜਸੀ ਨੇਤਾ, ਪੁਲਿਸ ਅਫਸਰ ਅਤੇ ਦਿਓ-ਕੱਦ ਵਪਾਰੀ ਇਹ ਧੰਦਾ ਰਲ ਕੇ ਚਲਾਉਂਦੇ ਹਨ। ਪੰਜਾਬ ਵਿੱਚ ਬਹੁਤੇ ਨਸ਼ੇ, ਪਾਕਿਸਤਾਨ ਦੀ ਸ਼ਮੂਲੀਅਤ ਨਾਲ ਅਫਗਾਨਿਸਤਾਨ ਤੋਂ ਆਉਂਦੇ। ਪਾਕਿਸਤਾਨ ਵਿੱਚ ਜਾਣੇ-ਪਹਿਚਾਣੇ ਸਮਗਲਰਾਂ ਦੀ ਲੰਮੀ ਸੂਚੀ ਹੈ। ਇਹ ਲੋਕ ਬਹੁਤ ਸ਼ਕਤੀਸ਼ਾਲੀ ਹਨ। ਇਹ ਨਾ ਕਦੇ ਸਾਹਮਣੇ ਆਉਂਦੇ ਹਨ ਅਤੇ ਨਾ ਹੀ ਇਨ੍ਹਾਂ ਨੂੰ ਕੋਈ ਹਥ ਪਾ ਸਕਦਾ ਹੈ। ਪਾਕਿਸਤਾਨੀ ਖੁਫੀਆ ਏਜੰਸੀ-ਆਈ.ਐਸ.ਆਈ. ਸਮਗਲਰਾਂ ਦਾ ਪੂਰਾ ਸਾਥ ਹੀ ਨਹੀਂ ਦਿੰਦੀ, ਉਸ ਦੇ ਅਫਸਰ ਇਸ ਵਪਾਰ ਵਿੱਚ ਹਿਸੇਦਾਰ ਵੀ ਹਨ। ਏਧਰੋਂ ਸਾਡੇ ਸਮਗਲਰ ਜੋ ਰਾਜਸੀ ਲੀਡਰਾਂ ਅਤੇ ਪੁਲੀਸ ਅਫਸਰਾਂ ਨਾਲ ਘਿਓ-ਖਿਚੜੀ ਹਨ, ਇਸ ਧੰਦੇ ਵਿੱਚ ਮੋਟੇ ਪੈਸੇ ਕਮਾਉਂਦੇ ਹਨ। ਇਹ ਧੰਦਾ ਦੁਨੀਆਂ ਦਾ ਸਭ ਤੋਂ ਵਧ ਮੁਨਾਫ਼ੇ ਵਾਲਾ ਧੰਦਾ ਹੈ। ਜੋ ਹੈਰੋਇਨ ਅਫਗਾਨਿਸਤਾਨ ਵਿੱਚ ਇੱਕ ਕਰੋੜ ਰੁਪਏ ਦੀ ਇੱਕ ਕਿੱਲੋ ਮਿਲਦੀ ਹੈ ਉਹ ਭਾਰਤ ਵਿੱਚ ਆਕੇ 7 ਕਰੋੜ ਦੀ ਕਿੱਲੋ ਵਿਕਦੀ ਹੈ ਅਤੇ ਪਛਮੀ ਦੇਸ਼ਾਂ ਵਿੱਚ ਪਹੁੰਚਦੇ-2 ਇਸ ਦੀ ਕੀਮਤ ਹੋਰ ਦਸ ਗੁਣਾ ਵਧ ਜਾਂਦੀ ਹੈ। ਮੁਨਾਫ਼ੇ ਦਾ 20-30% ਹਿੱਸਾ ਆਈ.ਐਸ.ਆਈ. ਦਾ ਹੁੰਦਾ ਹੈ। ਨਸ਼ੇ ਅਤੇ ਅੱਤਵਾਦ ਦਾ ਵੀ ਨੇੜਲਾ ਸਬੰਧ ਹੈ-ਨਸ਼ਿਆਂ ਤੋਂ ਕਮਾਏ ਪੈਸਿਆਂ ਦੇ ਇੱਕ ਹਿੱਸੇ ਨਾਲ ਅੱਤਵਾਦ ਚਲਦਾ ਹੈ। ਸਿਰਫ ਅੱਤਵਾਦ ਹੀ ਨਹੀਂ, ਇਸ ਪੈਸੇ ਨਾਲ ਅਤੇ ਇਸ ਧੰਦੇ ਵਿੱਚ ਲਿਪਤ ਮੁਜਰਮਾਂ ਦੀ ਮਦਦ ਨਾਲ ਵਿਰੋਧੀਆਂ ਨੂੰ ਡਰਾਇਆ, ਧਮਕਾਇਆ ਅਤੇ ਮਰਵਾਇਆ ਜਾਂਦਾ ਹੈ। ਇਸ ਪੈਸੇ ਨਾਲ ਚੋਣਾ ਵੀ ਲੜੀਆਂ ਜਾਂਦੀਆਂ ਹਨ ਅਤੇ ਸਰਕਾਰਾਂ ਵੀ ਬਦਲੀਆਂ ਜਾਂਦੀਆਂ ਹਨ।

ਅੱਜ ਦੁਨੀਆਂ ਵਿੱਚ ਨਸ਼ਿਆਂ ਦਾ ਵਪਾਰ, ਪੈਟਰੋਲੀਅਮ ਪਦਾਰਥਾਂ ਅਤੇ ਹਥਿਆਰਾਂ ਤੋਂ ਬਾਅਦ ਤੀਜਾ ਸਭ ਤੋਂ ਵੱਡਾ ਵਪਾਰ ਹੈ। ਪੂਰੀ ਦੁਨੀਆਂ ਵਿੱਚ ਅੰਦਾਜਨ 20 ਕਰੋੜ ਲੋਕ ਨਸ਼ੇ ਕਰ ਰਹੇ ਹਨ ਅਤੇ ਇਹ ਲੱਗਭਗ 3 ਲੱਖ ਕਰੋੜ ਰੁਪਏ ਦਾ ਵਪਾਰ ਹੈ। ਭਾਰਤ ਵਿੱਚ ਵੀ ਨਸ਼ਿਆਂ ਦਾ ਚਲਣ ਬਹੁਤ ਜ਼ਿਆਦਾ ਹੈ। ਇਕੱਲੇ ਭਾਰਤੀ ਪੰਜਾਬ ਵਿੱਚ 60 ਹਜ਼ਾਰ ਕਰੋੜ ਰੁਪਏ ਦਾ ਨਸ਼ਿਆਂ ਦਾ ਵਪਾਰ ਹੁੰਦਾ ਹੈ। ਪੰਜਾਬ ਦੇ ਰਾਜਸੀ ਲੀਡਰਾਂ ਅਤੇ ਪੁਲਿਸ ਅਫਸਰਾਂ ਵਿੱਚੋਂ ਵੱਡੇ-ਵੱਡੇ ਨਾਮ ਨਸ਼ਿਆਂ ਦੇ ਵਪਾਰ ਵਿੱਚ ਸ਼ਾਲਮ ਹਨ। ਮੰਤਰੀਆਂ ਅਤੇ ਇੰਸਪੈਕਟਰ-ਜਨਰਲ ਤੱਕ ਦੇ ਨਾਮ ਇਸ ਵਪਾਰ ਨਾਲ ਜੁੜਦੇ ਹਨ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ ਘੱਟੋ-ਘੱਟ 10 ਲਖ ਲੋਕ ਇੱਕਲੀ ਹੈਰੋਇਨ ਦੇ ਆਦੀ ਹਨ। ਹੈਰੋਇਨ ਬੇਹੱਦ ਮਹਿੰਗੀ ਹੋਣ ਕਾਰਨ ਇਸ ਦੇ ਅਸ਼ੁਧ ਅਤੇ ਨਕਲੀ ਬਦਲ ਉਪਲਭਦ ਹਨ। ਸਮੈਕ, ਹੈਰੋਇਨ ਦੀ ਅਸ਼ੁਧ ਬਦਲ ਹੈ ਅਤੇ ਇਸ ਤੋਂ ਕਾਫੀ ਸਸਤੀ ਹੈ। ਚਿੱਟਾ ਇਸ ਦਾ ਨਕਲੀ ਬਦਲ ਹੈ ਜੋ ਸਮੈਕ ਤੋਂ ਵੀ ਸਸਤਾ ਹੈ। ਨਕਲੀ ਰਸਾਇਣ ਹੋਣ ਕਾਰਨ, ਇਹ ਸਭ ਤੋਂ ਵਧ ਖ਼ਤਰਨਾਕ ਹੈ। ਪੈਸੇ ਦੇ ਲਾਲਚ ਵਿੱਚ, ਇਸ ਵਿੱਚ ਕੀ ਕੀ ਪਾਇਆ ਜਾਂਦਾ ਹੈ ਇਸ ਦਾ ਕੋਈ ਹਿਸਾਬ-ਕਿਤਾਬ ਹੀ ਨਹੀਂ। ਕੁਝ ਲੋਕ ਇਸ ਨੂੰ ਦੇਸ਼ ਦੇ ਅੰਦਰ ਵੀ ਬਣਾ ਰਹੇ ਹਨ। ਪੈਸੇ ਦੀ ਕੰਜੂਸੀ ਕਰਨ ਲਈ ਨਸ਼ਾ ਕਰਨ ਵਾਲੇ, ਸੁੰਘਣ ਦੀ ਬਜਾਏ ਇਸ ਨੂ ਘੋਲਕੇ ਨਾੜ ਵਿੱਚ ਲਾਉਂਦੇ ਹਨ ਜਿਸ ਨਾਲ ਇਹ ਹੋਰ ਵੀ ਮਾਰੂ ਸਿਧ ਹੁੰਦਾ ਹੈ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੁਨੀਆਂ ਵਿੱਚ ਨਸ਼ਿਆਂ ਦਾ ਵੱਡੇ ਪਧਰ ਦਾ ਵਪਾਰ ਸਭ ਤੋਂ ਪਹਿਲਾਂ ਈਸਟ ਇੰਡੀਆ ਕੰਪਨੀ ਨੇ ਕੀਤਾ। ਰੇਸ਼ਮ, ਚਾਹ ਅਤੇ ਚੀਨੀ ਦੇ ਭਾਂਡਿਆਂ ਦੀ ਇੰਗਲੈਂਡ ਵਿੱਚ ਬਹੁਤ ਮੰਗ ਸੀ ਜੋ ਅੰਗ੍ਰੇਜ਼ ਵਪਾਰੀ, ਚੀਨ ਤੋਂ ਖਰੀਦ ਕੇ ਇੰਗਲੈਂਡ ਵਿੱਚ ਵੇਚਦੇ ਸਨ। ਇਨ੍ਹਾਂ ਵਸਤਾਂ ਦੇ ਮੁੱਲ ਤਾਰਨ ਲਈ ਇਨ੍ਹਾਂ ਵਪਾਰੀਆਂ ਕੋਲ ਬਰਾਬਰ ਮੁੱਲ ਦੀਆਂ ਵਸਤਾਂ ਉਪਲਭਦ ਨਹੀ ਸਨ ਜੋ ਇਹ ਵਪਾਰੀ ਇੰਗਲੈਂਡ ਤੋਂ ਲਿਆ ਕੇ ਚੀਨ ਵਿੱਚ ਵੇਚ ਸਕਣ। ਈਸਟ ਇੰਡੀਆ ਕੰਪਨੀ ਨੇ ਬਹੁਤ ਹੀ ਕਮੀਨੀ ਚਲ ਚੱਲੀ-ਉਸ ਨੇ ਬੰਗਾਲ ਵਿੱਚ ਅਫੀਮ ਦੀ ਖੇਤੀ ਕਰਵਾ ਕੇ ਇਸ ਨੂੰ ਚੋਰੀ, ਚੀਨ ਵਿੱਚ ਵੇਚਣਾ ਸ਼ੁਰੂ ਕਰ ਦਿੱਤਾ। ਚੀਨ ਦੇ ਸਮ੍ਰਾਟ ਦੇ ਇਤਰਾਜ਼ ਕਰਨ ਤੇ ਬਕਾਇਦਾ ਦੋ ਜੰਗਾਂ ਹੋਈਆਂ-ਜਿਨ੍ਹਾਂ ਨੂੰ ਓਪੀਅਮ ਵਾਰ-9 ਅਤੇ ਓਪੀਅਮ ਵਾਰ-99 ਦਾ ਨਾਮ ਦਿੱਤਾ ਗਿਆ। ਪਹਿਲੀ ਓਪੀਅਮ ਵਾਰ (1839-42) ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਅਤੇ ਚੀਨ ਵਿਚਾਲੇ ਹੋਈ ਅਤੇ ਦੂਸਰੀ ਓਪੀਅਮ ਵਾਰ (1856-60) ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਅਤੇ ਫਰਾਂਸ ਇੱਕ ਪਾਸੇ ਅਤੇ ਚੀਨ ਵਿਚਾਲੇ ਹੋਈ। ਅਫੀਮ ਦੀ ਸਮਗਲ ਕੀਤੀ ਜਾਣ ਵਾਲੀ ਮਾਤਰਾ ਸਾਲ 1729 ਵਿੱਚ 200 ਡਰਮਾਂ (ਹਰੇਕ ਵਿੱਚ 63.5 ਕਿਲੋ) ਤੋਂ ਵਧ ਕੇ 1838 ਤੱਕ ਇਹ 40000 ਡਰਮਾਂ ਤੱਕ ਪਹੁੰਚ ਗਈ ਸੀ। ਚੀਨ ਦੋਨੋਂ ਲੜਾਈਆਂ ਹਾਰ ਗਿਆ ਜਿਸ ਉਪਰੰਤ ਅਫੀਮ ਦੇ ਵਪਾਰ ਨੂੰ ਧੱਕੇ ਨਾਲ ਕਾਨੂੰਨੀ ਘੋਸ਼ਤ ਕਰ ਦਿੱਤਾ ਗਿਆ ਜਿਸ ਨਾਲ ਵੇਚੀ ਜਾਣ ਵਾਲੀ ਅਫੀਮ ਦੀ ਮਾਤਰਾ ਕਈ ਗੁਣਾ ਹੋਰ ਵਧ ਗਈ। ਸਪਸ਼ਟ ਹੈ ਕਿ ਅਫੀਮ ਨੂੰ ਨਾ ਸਿਰਫ ਪੈਸੇ ਕਮਾਉਣ ਲਈ ਵਰਤਿਆ ਗਿਆ ਸਗੋਂ ਚੀਨ ਦੇ ਲੋਕਾਂ ਨੂੰ ਨਸ਼ੇਹੜੀ ਬਣਾ ਕੇ ਕਮਜ਼ੋਰ ਵੀ ਕੀਤਾ ਗਿਆ ਤਾਂਕਿ ਉਹ ਸਾਮਰਾਜ ਵਿਰੁਧ ਲੜ ਨਾ ਸਕਣ।

ਸਰਕਾਰੀ ਅਦਾਰਿਆਂ ਰਾਹੀਂ ਐਲਾਨੀ ਜਾਂਦੀ 'ਨਸ਼ਿਆਂ ਵਿਰੁਧ ਜੰਗ' ਅਸਲ ਵਿੱਚ ਆਮ 'ਲੋਕਾਂ ਵਿਰੁਧ ਨਸ਼ਿਆਂ ਦੀ ਜੰਗ' ਹੈ। ਨਸ਼ਿਆਂ ਦੇ ਗੈਰ ਕਾਨੂੰਨੀ ਵਪਾਰ ਰਾਹੀਂ ਜਿਥੇ ਆਮ ਲੋਕਾਂ ਨੂੰ ਆਰਥਿਕ ਤੌਰ ਤੇ ਲੁੱਟਿਆ ਜਾਂਦਾ ਹੈ ਉਥੇ ਇਹ ਆਮ ਲੋਕਾਂ ਨੂੰ ਕੰਟ੍ਰੋਲ ਕਰਨ ਦਾ ਸਮਾਜਿਕ-ਰਾਜਸੀ ਹਥਿਆਰ ਹੈ। ਅਸਲ ਵਿੱਚ ਇਹ ਰਾਜ ਕਰਨ ਦਾ ਅਸਰਦਾਇਕ ਹਥਿਆਰ ਹੈ। ਦੋ ਸੌ ਸਾਲ ਪਹਿਲਾਂ ਈਸਟ ਇੰਡੀਆ ਕੰਪਨੀ ਰਾਹੀਂ ਚੀਨ ਦੇ ਲੋਕਾਂ ਵਿਰੁਧ ਵਰਤਿਆ ਗਿਆ, ਰਾਜ ਕਰਨ ਦਾ ਇਹ ਹਥਿਆਰ ਅੱਜ ਤੱਕ ਬਹੁਤ ਹੀ ਕਾਰਗਰ ਢੰਗ ਨਾਲ ਦੁਨੀਆਂ ਦੇ ਅੱਡ-ਅੱਡ ਲੋਕਾਂ ਵਿਰੁਧ ਅਸਰਦਾਇਕ ਢੰਗ ਨਾਲ ਵਰਤਿਆ ਜਾ ਰਿਹਾ ਹੈ। ਇਹ ਅਸਲ ਵਿੱਚ ਉਸ ਵੱਡੀ ਜੰਗ ਦਾ ਹਿੱਸਾ ਹੈ ਜਿਸ ਤਹਿਤ ਸਾਡੇ ਹਵਾ, ਪਾਣੀ, ਮਿੱਟੀ ਅਤੇ ਭੋਜਣ ਨੂੰ ਜ਼ਹਿਰਾਂ ਨਾਲ ਭਰ ਦਿੱਤਾ ਗਿਆ ਹੈ-ਇਹ ਉਸੇ ਜੰਗ ਦਾ ਹਿੱਸਾ ਹੈ ਜਿਸ ਤਹਿਤ ਸਾਡੇ ਪਾਣੀਆਂ ਵਿੱਚ ਜ਼ਹਿਰ ਪਾਏ ਜਾ ਰਹੇ ਹਨ- ਹੁਣ ਜਦ ਅੱਕੇ ਕਿਸਾਨ, ਮਜ਼ਦੂਰ, ਬੇਰੁਜ਼ਗਾਰ ਨੌਜਵਾਨ, ਵਿਦਿਆਰਥੀ ਅਤੇ ਹੋਰ ਲੁੱਟੇ ਜਾਂਦੇ ਲੋਕ ਇਸ ਵਿਵਸਤਾ ਨੂੰ ਬਦਲਣ ਲਈ ਤਿਆਰ ਹੋ ਰਹੇ ਹਨ ਤਾਂ ਨਸ਼ੇ ਉਨ੍ਹਾਂ ਨੂੰ ਕਮਜ਼ੋਰ ਕਰਨ ਲਈ ਕਾਰਗਰ ਹਥਿਆਰ ਦੇ ਤੌਰ ਤੇ ਵਰਤੇ ਜਾ ਰਹੇ ਹਨ।

ਅੱਜ ਅਫੀਮ ਤੋਂ ਬਣਨ ਵਾਲੇ, ਹੈਰੋਇਨ ਅਤੇ ਸਮੈਕ ਵਰਗੇ ਖ਼ਤਰਨਾਕ ਨਸ਼ੇ ਅਫਗਾਨਿਸਤਾਨ ਤੋਂ ਆ ਰਹੇ ਹਨ। ਅਫਗਾਨਿਸਤਾਨ ਵਿੱਚ ਲਗਭੱਗ 8 ਲਖ ਏਕੜ ਭੂਮੀ ਤੇ ਅਫੀਮ ਦੀ ਖੇਤੀ ਹੋ ਰਹੀ ਹੈ ਜਿਸ ਤੋਂ ਬਣਨ ਵਾਲੇ ਪਦਾਰਥਾਂ ਤੇ ਅਧਾਰਤ 3 ਲਖ, 60 ਹਜ਼ਾਰ ਕਰੋੜ ਰੁਪਏ ਦੀ ਗੈਰ-ਕਾਨੂਨੀ ਆਰਥਕਤਾ ਹੈ। ਇਸ ਪੈਸੇ ਦਾ ਇੱਕ ਚੁਥਾਈ ਹਿੱਸਾ ਕਿਸਾਨਾਂ ਕੋਲ ਜਾਂਦਾ ਹੈ ਬਾਕੀ ਜੰਗਬਾਜ਼ਾਂ, ਸਰਕਾਰੀ ਅਫਸਰਾਂ, ਰਾਜਸੀ ਲੀਡਰਾਂ, ਏਜੰਸੀਆਂ ਅਤੇ ਅੱਤਵਾਦੀਆਂ ਦੀਆਂ ਜੇਬਾਂ ਵਿੱਚ ਜਾਂਦਾ ਹੈ। ਲਖਾਂ ਲੋਕਾਂ ਦਾ ਰੁਜ਼ਗਾਰ ਇਸ ਧੰਦੇ ਉਪਰ ਨਿਰਭਰ ਹੈ। ਅਫੀਮ ਅਤੇ ਭੁੱਕੀ ਦੀ ਮਾਤਰਾ ਵਧ ਹੋਣ ਕਾਰਨ ਇਸ ਨੂੰ ਦੂਰ-ਦੁਰਾਡੇ ਵੇਚਣਾ ਮੁਸ਼ਕਲ ਹੈ-ਇਸ ਲਈ ਇਸ ਨੂੰ ਹੈਰੋਇਨ ਅਤੇ ਸਮੈਕ ਵਰਗੇ ਖ਼ਤਰਨਾਕ ਪਦਾਰਥਾਂ ਵਿੱਚ ਬਦਲ ਕੇ ਦੂਰ-ਦੁਰਾਡੇ ਵੇਚਣ ਲਈ ਭੇਜਿਆ ਜਾਂਦਾ ਹੈ। ਸਾਲ 1979 ਵਿੱਚ ਜਦ ਰੂਸੀ ਫੌਜਾਂ ਨੇ ਅਫਗਾਨਿਸਤਾਨ ਤੇ ਕਬਜ਼ਾ ਕੀਤਾ ਤਾਂ ਅਮਰੀਕਨ ਸੀ. ਆਈ. ਏ. ਨੇ, ਰੂਸ ਦੀਆਂ ਫੌਜਾਂ ਨੂੰ ਹਰਾਉਣ ਲਈ, ਜਿਥੇ ਅੰਤਾਂ ਦੇ ਹਥਿਆਰ ਅਤੇ ਟ੍ਰੇਨਿੰਗ ਦਿੱਤੀ ਉਥੇ ਨਾਲ ਹੀ ਅਫਗਾਨ ਜਹਾਦੀਆਂ ਨਾਲ ਰਲਕੇ ਅਫੀਮ ਦੀ ਖੇਤੀ ਅਤੇ ਇਸ ਤੋਂ ਬਣਨ ਵਾਲੇ ਪਦਾਰਥਾਂ ਦੇ ਵਪਾਰ ਨੂੰ ਖੂਬ ਪ੍ਰਫੁਲਤ ਕੀਤਾ। ਅਮਰੀਕਨ ਸੀ. ਆਈ. ਏ. ਨੇ, ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਨਾਲ ਰਲਕੇ ਅਫੀਮ ਦੇ ਵਪਾਰ ਨੂੰ ਭਾਰਤ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਤੱਕ ਫੈਲਾ ਦਿੱਤਾ। ਨਸ਼ਿਆਂ ਤੋਂ ਕਮਾਏ ਪੈਸੇ ਦੇ ਬਲ-ਬੂਤੇ ਤੇ ਅਫਗਾਨ ਜਹਾਦੀਆਂ ਨੇ ਜਿਥੇ ਰੂਸੀ ਫੌਜਾਂ ਦੇ ਪੈਰ ਨਾ ਲਗਣ ਦਿੱਤੇ ਉਥੇ ਅਫਗਾਨਿਸਤਾਨ ਨੂੰ ਦੁਨੀਆਂ ਦਾ ਅਫੀਮ-ਪਦਾਰਥਾਂ ਦਾ ਸਭ ਤੋਂ ਵੱਡਾ ਕੇਂਦਰ ਬਣਾ ਦਿੱਤਾ। ਇਸੇ ਤਾਕਤ ਦੇ ਸਿਰ ਤੇ ਹੀ ਬਾਅਦ ਵਿੱਚ ਜਹਾਦੀਆਂ ਨੇ ਅਮਰੀਕੀ ਫੌਜ ਦੇ ਵੀ ਪੈਰ ਉਖਾੜ ਦਿੱਤੇ।

## ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਜਥੇਬੰਦੀ ਐੱਸ. ਐੱਫ਼. ਐੱਸ. ਵੱਲੋਂ ਪੰਜਾਬ ਵਿੱਚ ਚੱਲ ਰਹੀ ਨਸ਼ਿਆਂ ਖ਼ਿਲਾਫ਼ ਮੁਹਿੰਮ 'ਮਰੋ ਜਾਂ ਵਿਰੋਧ ਕਰੋ' ਬਾਰੇ ਟਿੱਪਣੀ

ਡਰੱਗ ਦਾ ਮਾਮਲਾ ਪੰਜਾਬ ਵਿੱਚ ਇੱਕ ਵਾਰ ਫਿਰ ਤੋਂ ਚਰਚਾ 'ਚ ਹੈ। ਪਿਛਲੇ ਦਿਨੀਂ ਡਰੱਗ ਦੀ 'ਓਵਰਡੋਜ਼' ਕਾਰਨ ਕਈ ਨੌਜਵਾਨਾਂ ਦੀਆਂ ਮੌਤਾਂ ਹੋਈਆਂ ਹਨ। ਇਹਨਾਂ ਦਰਦਨਾਕ ਮੌਤਾਂ ਤੋਂ ਬਾਅਦ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਡਰੱਗ ਦਾ ਮੁੱਦਾ ਅਹਿਮ ਚਰਚਾ ਵਿੱਚ ਰਿਹਾ ਸੀ। ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਚੋਣ ਪ੍ਰਚਾਰ ਦੌਰਾਨ ਸਹੁੰ ਚੁੱਕ ਕੇ ਲੋਕਾਂ ਨੂੰ ਭਰੋਸਾ ਦਵਾਇਆ ਗਿਆ ਸੀ ਕਿ ਕਾਂਗਰਸ ਦੀ ਸਰਕਾਰ ਬਣਨ ਤੋਂ ਬਾਅਦ ਇੱਕ ਮਹੀਨੇ ਵਿੱਚ ਪੰਜਾਬ ਵਿੱਚੋਂ ਨਸ਼ੇ ਦੀ ਸਮੱਸਿਆ ਉੱਤੇ ਕਾਬੂ ਪਾ ਲਿਆ ਜਾਵੇਗਾ। ਪਰ ਬਾਕੀ ਚੋਣ ਵਾਅਦਿਆਂ ਵਾਂਗ ਇਹ ਵੀ ਇੱਕ 'ਜੁਮਲਾ' ਹੀ ਸਾਬਿਤ ਹੋਇਆ। ਪੰਜਾਬ ਵਿੱਚ ਡਰੱਗ ਦੀ ਸਮੱਸਿਆ ਪਹਿਲਾਂ ਵਾਂਗ ਹੀ ਬਰਕਰਾਰ ਹੈ। ਕੈਪਟਨ ਸਰਕਾਰ ਦੀ ਨੀਅਤ ਉੱਤੇ ਤਾਂ ਉਦੋਂ ਤੋਂ ਹੀ ਸ਼ੱਕ ਸ਼ੁਰੂ ਹੋ ਗਿਆ ਸੀ ਜਦੋਂ ਉਹ ਭੋਲਾ ਡਰੱਗ ਕੇਸ ਵਿੱਚ ਬਿਕਰਮ ਮਜੀਠੀਏ ਵਿਰੁੱਧ ਕਾਰਵਾਈ ਕਰਨ ਤੋਂ ਟਾਲਾ ਵੱਟਦੇ ਦਿਖੇ। ਇਸੇ ਲਈ ਵਿਰੋਧ ਪ੍ਰਦਰਸ਼ਨਾਂ ਵਿੱਚ ਲੋਕਾਂ ਦੇ ਨਿਸ਼ਾਨੇ ਉੱਤੇ ਕੈਪਟਨ ਸਰਕਾਰ ਹੀ ਹੈ।

ਪੰਜਾਬ ਦੀ ਨੌਜਵਾਨੀ ਦੇ ਡਰੱਗ ਦੀ ਦਲਦਲ ਵਿੱਚ ਫ਼ਸ ਜਾਣ ਦੇ ਦੋ ਪਹਿਲੂ ਹਨ। ਇੱਕ ਤਾਂ ਹੈ ਕਿ ਪੰਜਾਬ ਵਿੱਚ ਡਰੱਗ ਦੀ ਲਗਾਤਾਰ ਆਮਦ ਲਈ ਕੌਣ ਜਿੰਮੇਵਾਰ ਹੈ? ਦੂਜਾ ਪਹਿਲੂ ਇਹ ਹੈ ਕਿ ਪੰਜਾਬ ਦੇ ਨੌਜਵਾਨ ਡਰੱਗ ਵੱਲ ਕਿਉਂ ਜਾ ਰਹੇ ਹਨ? ਡਰੱਗ ਦੇ ਵਪਾਰ ਵਿੱਚ ਬਹੁਤ ਭਾਰੀ ਮੁਨਾਫ਼ਾ ਹੈ। ਇਹਨਾਂ ਮੁਨਾਫ਼ੇਖੋਰ ਸਮੱਗਲਰਾਂ ਦੇ ਸਿਰ ਉੱਤੇ ਸੱਤਾ ਦਾ ਹੱਥ ਰਹਿੰਦਾ ਹੈ। ਇਸੇ ਕਰਕੇ ਸਰਕਾਰ ਬਦਲਣ ਦੇ ਬਾਵਜੂਦ ਡਰੱਗ ਦੇ ਵਪਾਰ ਉੱਤੇ ਕੋਈ ਖ਼ਾਸ ਅਸਰ ਨਹੀਂ ਪਿਆ।

ਦੂਜਾ ਸਵਾਲ ਬਹੁਤ ਅਹਿਮ ਹੈ ਕਿ ਸਾਡੇ ਨੌਜਵਾਨ ਡਰੱਗ ਦੀ ਦਲਦਲ ਵਿੱਚ ਕਿਉਂ ਫ਼ਸ ਰਹੇ ਹਨ। ਅੱਜ ਦੇ ਸਮੇਂ ਪੰਜਾਬ ਦੇ ਨੌਜਵਾਨਾਂ ਦੇ ਸਾਹਮਣੇ ਖ਼ੁਦ ਦੇ ਭਵਿੱਖ ਨੂੰ ਲੈ ਕੇ ਹਾਲਤ ਹਨੇਰੇ ਵਰਗੀ ਹੈ। ਖੇਤੀ ਦੇ ਸੰਕਟ ਅਤੇ ਕੋਈ ਹੋਰ ਠੋਸ ਰੋਜ਼ਗਾਰ ਦੇ ਮੌਕਿਆਂ ਦਾ ਨਾ ਹੋਣ ਦੀਆ ਹਾਲਤਾਂ ਵਿੱਚ ਨੌਜਵਾਨਾਂ ਕੋਲ ਸੁਪਨੇ ਪਾਲਣ ਦੀ ਹਾਲਤ ਵੀ ਨਹੀਂ ਬਚ ਰਹੀ। ਨੌਜਵਾਨਾਂ ਦੇ ਇੱਕ ਹਿੱਸੇ ਨੇ ਮਹਿੰਗੀਆਂ ਡਿਗਰੀਆਂ ਵੀ ਹਾਸਿਲ ਕੀਤੀਆਂ। ਪਰ ਉਹਨਾਂ ਲਈ ਵੀ ਮੌਜੂਦਾ ਢਾਂਚਾ ਤਸੱਲੀਬਖ਼ਸ ਮੌਕੇ ਨਹੀਂ ਮੁਹੱਈਆ ਕਰਵਾ ਪਾ ਰਿਹਾ। ਇਹ ਹਾਲਤ ਮੁਲਕ ਦੀ ਆਰਥਿਕ ਅਤੇ ਸਿਆਸੀ ਨੀਤੀਆਂ ਦੀ ਦੇਣ ਹੈ। ਹਰੀ ਕ੍ਰਾਂਤੀ ਅਤੇ ਸੰਸਾਰੀਕਰਨ ਦੇ ਨਾਂ ਉੱਤੇ ਕਾਰਪੋਰੇਟ ਪੱਖੀ ਮਾਡਲ ਨੇ ਪੰਜਾਬ ਦੀ ਆਰਥਿਕਤਾ ਨੂੰ ਬਰਬਾਦ ਕਰ ਦਿੱਤਾ ਹੈ। ਇਸ ਮਾਡਲ ਨੇ ਪੰਜਾਬ ਦੇ ਕੁਦਰਤੀ ਸਰੋਤਾਂ ਪਾਣੀ ਅਤੇ ਜ਼ਮੀਨ ਨੂੰ ਵੀ ਬਰਬਾਦ ਕਰ ਦਿੱਤਾ ਹੈ। ਲੋਕ ਵਿਰੋਧੀ ਅਤੇ ਕਾਰਪੋਰੇਟ ਪੱਖੀ ਆਰਥਿਕ ਮਾਡਲ ਨੂੰ ਅਸਾਨੀ ਨਾਲ ਸਾਰੇ ਦੇਸ਼ ਵਿੱਚ ਲਾਗੂ ਕਰਨ ਲਈ ਸਾਰੀਆਂ ਸਿਆਸੀ ਤਾਕਤਾਂ ਕੇਂਦਰ ਸਰਕਾਰ ਵਿੱਚ ਜਮਾਂ ਕੀਤੀਆਂ ਜਾ ਰਹੀਆਂ ਹਨ। ਇਸ ਕਾਰਪੋਰੇਟ ਪੱਖੀ ਮਾਡਲ ਨੇ ਸਮਾਜਿਕ ਅਤੇ ਸੱਭਿਆਚਾਰਕ ਪੱਧਰ ਉੱਤੇ ਵੀ ਬਹੁਤ ਨੁਕਸਾਨ ਕੀਤਾ ਹੈ। ਇਹ ਮਾਡਲ ਮੰਡੀ ਦੇ ਮੁਨਾਫ਼ੇ ਲਈ 'ਖਾਓ ਪੀਓ ਐਸ਼ ਕਰੋ' ਦਾ ਖ਼ਪਤਕਾਰੀ ਸੱਭਿਆਚਾਰ ਲੈ ਕੇ ਆਇਆ ਹੈ। ਖ਼ਪਤਕਾਰੀ ਸੱਭਿਆਚਾਰ ਪਿਛਾਂਹਖਿੱਚੂ ਜਗੀਰੂ ਕਦਰਾਂ ਕੀਮਤਾਂ ਨਾਲ ਰਲ-ਗੱਡ ਹੋ ਕੇ ਸਾਡੇ ਸਮਾਜ ਉੱਤੇ ਬਹੁਤ ਮਾੜਾ ਅਸਰ ਪਾ ਰਿਹਾ ਹੈ। ਇਹੀ ਖ਼ਪਤਕਾਰੀ ਅਤੇ ਜਗੀਰੂ ਸੱਭਿਆਚਾਰ ਪੰਜਾਬੀ ਗੀਤਾਂ ਅਤੇ ਸਿਨਮੇ ਉੱਤੇ ਵੀ ਭਾਰੂ ਹੈ। ਜੋ ਨਸ਼ਾ, ਮਹਿੰਗੀਆਂ ਕਾਰਾਂ, ਜਾਤੀਵਾਦ, ਨਿੱਜਵਾਦ ਆਦਿ ਘਟੀਆ ਕਦਰਾਂ ਕੀਮਤਾਂ ਨੂੰ ਪ੍ਰਚਾਰ ਰਹੇ ਹਨ।

ਮੁਨਾਫ਼ੇਖੋਰ ਕਾਰਪੋਰੇਟ ਪੱਖੀ ਆਰਥਿਕ ਮਾਡਲ ਅਤੇ ਖ਼ਪਤਕਾਰੀ ਜਗੀਰੂ ਸੱਭਿਆਚਾਰ ਦੇ ਅਸਰ ਹੇਠ ਨੌਜਵਾਨਾਂ ਦਾ ਇੱਕ ਹਿੱਸਾ ਨਸ਼ਿਆਂ ਦੀ ਦਲਦਲ ਵਿੱਚ ਫ਼ਸ ਰਿਹਾ ਹੈ। ਨਸ਼ਿਆਂ ਦੇ ਵਿਰੁੱਧ ਸਾਡੀ ਲੜਾਈ ਦੀ ਦਿਸ਼ਾ ਮੌਜੂਦਾ ਆਰਥਿਕ, ਸਿਆਸੀ ਅਤੇ ਸੱਭਿਆਚਾਰਕ ਢਾਂਚਿਆਂ ਦੇ ਖਿਲਾਫ਼ ਹੋਣੀ ਚਾਹੀਦੀ ਹੈ। ਅੱਜ ਸਾਨੂੰ ਲੋੜ ਹੈ ਕਿ ਅਸੀਂ ਆਪਣੇ ਵਿਰਸੇ ਵਿੱਚੋਂ ਗੁਰੂ ਗੋਬਿੰਦ ਸਿੰਘ, ਬਾਬਾ ਬੰਦਾ ਸਿੰਘ ਬਹਾਦੁਰ, ਗ਼ਦਰੀ ਬਾਬੇ, ਭਗਤ ਸਿੰਘ ਆਦਿ ਅਗਾਂਹਵਧੂ ਸਖਸ਼ੀਅਤਾਂ ਨੂੰ ਆਪਣੇ ਆਦਰਸ਼ ਬਣਾਈਏ। ਇਹਨਾਂ ਸ਼ਹੀਦਾਂ ਤੋਂ ਸੇਧ ਲੈਂਦੇ ਹੋਏ ਨਵਾਂ ਬਰਾਬਰੀ ਦਾ ਸਮਾਜ ਸਿਰਜਣ ਲਈ ਜੱਥੇਬੰਦ ਹੋਈਏ। ਨਿੱਜਵਾਦ ਨੂੰ ਤਿਆਗ ਕੇ ਸਰਬੱਤ ਦੇ ਭਲੇ ਦੇ ਸਿਧਾਂਤ ਵੱਲ ਨੂੰ ਮੂੰਹ ਕਰੀਏ। ਜੱਥੇਬੰਦ ਹੋ ਕੇ ਸੰਘਰਸ਼ ਦਾ ਰਾਹ ਹੀ ਨਿਰਾਸ਼ਾ ਵਿੱਚ ਘਿਰੀ ਅਤੇ ਗੁੰਮਰਾਹ ਹੋਈ ਨੌਜਵਾਨੀ ਨੂੰ ਨਵੇਂ ਸੁਪਨੇ ਪਾਲਣ ਦਾ ਹੌਸਲਾ ਦੇ ਸਕਦਾ ਹੈ।

ਅੱਜ ਵੀ ਅਫਗਾਨਿਸਤਾਨ ਨੂੰ ਦੁਨੀਆਂ ਦਾ ਅਫੀਮ-ਪਦਾਰਥਾਂ ਦਾ ਸਭ ਤੋਂ ਵੱਡਾ ਕੇਂਦਰ ਹੈ। ਭਾਰਤ ਵਿੱਚ ਵੀ ਇਹ ਖ਼ਤਰਨਾਕ ਨਸ਼ੇ ਪਾਕਿਸਤਾਨ ਰਾਹੀਂ ਅਫਗਾਨਿਸਤਾਨ ਤੋਂ ਹੀ ਸਮਗਲ ਹੋਕੇ ਆਉਂਦੇ ਹਨ। ਇਤਿਹਾਸ ਗਵਾਹ ਹੈ ਕਿ ਅਮਰੀਕਨ ਸੀ.ਆਈ.ਏ. ਨੇ ਨਸ਼ਿਆਂ, ਨਸ਼ਿਆਂ ਰਾਹੀਂ ਪੈਦਾ ਹੋਏ ਪੈਸੇ ਅਤੇ ਇਸ ਧੰਦੇ ਵਿੱਚ ਲੱਗੇ ਖ਼ਤਰਨਾਕ ਮੁਜਰਮਾਂ ਨੂੰ ਅਮਰੀਕੀ ਸਾਮਰਾਜੀ ਰਾਜਨੀਤੀ ਨੂੰ ਅਨੇਕਾਂ ਦੇਸ਼ਾਂ ਵਿੱਚ ਲਾਗੂ ਕਰਨ ਲਈ, ਨੰਗੇ-ਚਿੱਟੇ ਰੂਪ ਵਿੱਚ ਵਰਤਿਆ।

ਨਸ਼ਿਆਂ ਦੇ ਵਪਾਰ ਦੇ ਵੱਡੇ ਲਾਭ ਪਾਤਰ ਕੌਣ ਹਨ? ਦੁਨੀਆਂ ਦੇ ਨਸ਼ਿਆਂ ਦੇ ਇਤਿਹਾਸ ਤੇ ਨਿਗਾਹ ਮਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸਾਮਰਾਜੀ ਸਰਕਾਰਾਂ, ਦੇਸ਼ਾਂ ਅਤੇ ਸੂਬਿਆਂ ਦੀਆਂ ਸਰਕਾਰਾਂ, ਖੁਫੀਆ ਏਜੰਸੀਆਂ, ਵੱਡੇ ਸਰਮਾਏਦਾਰ (ਜੋ ਹੋਰ ਕਾਨੂੰਨੀ ਵਪਾਰ ਦੇ ਨਾਲ ਨਾਲ ਨਸ਼ਿਆਂ ਦਾ ਗੈਰ-ਕਾਨੂੰਨੀ ਕੰਮ ਵੀ ਕਰਦੇ ਹਨ) ਅਤੇ ਸਰਕਾਰੀ ਤੰਤਰ (ਰਾਜਸੀ ਲੀਡਰ ਅਤੇ ਅਫਸਰ), ਨਸ਼ਿਆਂ ਦੇ ਵਪਾਰ ਦੇ ਵੱਡੇ ਲਾਭ-ਪਾਤਰ ਹਨ। ਇਹ ਲੋਕ ਬਹੁਤ ਹੀ ਇਜ਼ਤਦਾਰ ਅਤੇ ਸਮਾਜਕ ਰੁਤਬੇ ਵਾਲੇ ਲੋਕ ਹੁੰਦੇ ਹਨ। ਇਹ ਲੋਕ ਨਾ ਤਾਂ ਕਦੀ ਸਾਹਮਣੇ ਆਉਂਦੇ ਹਨ ਅਤੇ ਨਾ ਹੀ ਇਨ੍ਹਾਂ ਦਾ ਕੋਈ ਕੁਝ ਵਿਗਾੜ ਸਕਦਾ ਹੈ। ਜੋ ਲੋਕ ਫੜੇ ਜਾਂਦੇ ਹਨ ਉਹ ਤਾਂ ਛੋਟੇ-ਮੋਟੇ ਦਲਾਲ ਹੀ ਹੁੰਦੇ ਹਨ।

ਪੂਰੀ ਦੁਨੀਆਂ ਵਿੱਚ, ਬਹੁਤੀਆਂ ਸਰਕਾਰਾਂ ਨਸ਼ਿਆਂ ਵਿਰੁਧ ਹੋਣ ਦਾ ਮਖੌਟਾ ਪਾਕੇ, ਇਸ ਵਪਾਰ ਨੂੰ ਗੁਪਤ ਤਰੀਕਿਆਂ ਨਾਲ ਚਲਦਾ ਰਖਦੀਆਂ ਹਨ। ਇਸ ਮਖੌਟੇ ਥੱਲੇ ਉਹ ਲੋਕਾਂ ਰਾਹੀਂ ਪੈਦਾ ਕੀਤੇ ਜਾਂ ਆਪਣੇ-ਆਪ ਪੈਦਾ ਹੋਏ ਕੁਦਰਤੀ ਨਸ਼ਿਆਂ (ਜੋ ਕਿ ਸਿਹਤ ਲਈ ਘੱਟ ਨੁਕਸਾਨ-ਦੇਹ ਅਤੇ ਬੇਹੱਦ ਸਸਤੇ ਹੁੰਦੇ ਹਨ) ਉਪਰ ਬੰਦਸ਼ਾਂ ਲਾ ਦਿੰਦੇ ਹਨ। ਬੰਦਸ਼ਾਂ ਲਾਉਣ ਅਤੇ ਗੈਰ-ਕਾਨੂੰਨੀ ਘੋਸ਼ਤ ਕਰਨ ਨਾਲ ਨਸ਼ਿਆਂ ਪ੍ਰਤੀ ਖਿਚ ਵਧ ਜਾਂਦੀ ਹੈ। ਦੂਜੇ ਪਾਸੇ ਉਹ ਨਸ਼ਿਆਂ ਦੇ ਵਪਾਰ ਨੂੰ ਇਸ ਢੰਗ ਨਾਲ ਚਲਾਉਂਦੇ ਹਨ ਜਿਸ ਨਾਲ ਉਨ੍ਹਾਂ ਦੀਆਂ ਜੇਬਾਂ ਭਰੀ ਜਾਣ। ਸਰਕਾਰਾਂ ਨਸ਼ਿਆਂ ਦੇ ਵਪਾਰ, ਉਸ ਵਿੱਚੋਂ ਪੈਦਾ ਹੋਏ ਦੋ ਨੰਬਰ ਦੇ ਪੈਸੇ ਅਤੇ ਇਸ ਧੰਦੇ ਵਿੱਚ ਲਿਪਤ ਖ਼ਤਰਨਾਕ ਮੁਜਰਮਾਂ ਨੂੰ ਆਪਣੇ ਵਿਰੋਧੀਆਂ ਨੂੰ ਡਰਾਉਣ, ਧਮਕਾਉਣ, ਮਰਵਾਉਣ ਅਤੇ ਵਿਰੋਧੀਆਂ ਦੀਆਂ ਸਰਕਾਰਾਂ ਨੂੰ ਕਮਜ਼ੋਰ ਕਰਨ ਅਤੇ ਉਲਟਾਉਣ ਲਈ ਵਰਤਦੀਆਂ ਹਨ।

ਭਾਰਤ ਵਿੱਚ ਕਈ ਰਾਜਾਂ ਵਿੱਚ ਪੋਸਤ (ਅਫੀਮ) ਦੀ ਖੇਤੀ, ਸਰਕਾਰੀ ਇਜਾਜ਼ਤ ਨਾਲ ਕੀਤੀ ਜਾ ਸਕਦੀ ਹੈ- ਇਹ ਖੇਤੀ ਕਾਹਦੇ ਵਾਸਤੇ ਕੀਤੀ ਜਾਂਦੀ ਹੈ? ਖਸਖਸ ਦਾ ਪੌਦਾ ਬਹੁਤ ਪੁਰਾਤਨ ਦਵਾ-ਪੌਦਾ ਹੈ। ਅਫੀਮ ਨੂੰ ਅਨੇਕਾਂ ਦਵਾਈਆਂ ਬਨਾਉਣ ਲਈ ਵਰਤਿਆ ਜਾਂਦਾ ਹੈ। ਪਰ ਕਿਸੇ ਨੂੰ ਵੀ ਇਸ ਗੱਲ ਦੀ ਇਜਾਜ਼ਤ ਨਹੀਂ ਕਿ ਉਹ ਆਪਣੇ ਘਰ ਵਿੱਚ ਪੋਸਤ ਦੇ ਕੁਝ ਪੌਦੇ ਆਪਣੇ ਪਰਿਵਾਰ ਲਈ ਲਗਾ ਸਕੇ। ਪੋਸਤ ਦਾ ਪੌਦਾ ਹਜ਼ਾਰਾਂ ਸਾਲਾਂ ਤੋਂ ਸਾਡੇ ਸਭਿਆਚਾਰ ਦਾ ਹਿੱਸਾ ਰਿਹਾ ਹੈ। ਇਸ ਦੀ ਭੁਰਜੀ ਬਣਾ ਕੇ ਖਾਣ ਨੂੰ ਵਧੀਆ ਟਾਨਿਕ ਮੰਨਿਆਂ ਜਾਂਦਾ ਸੀ। ਇਸ ਦੇ ਬੀਜ, ਜਿਨ੍ਹਾਂ ਨੂੰ ਖਸਖਸ ਕਿਹਾ ਜਾਂਦਾ ਹੈ, ਨੂੰ ਅਨੇਕਾਂ ਤਰੀਕਿਆਂ ਨਾਲ ਸਿਹਤ ਵਰਧਕ ਮੰਨਿਆਂ ਜਾਂਦਾ ਹੈ। ਇਸ ਦੇ ਫਲ, ਜਿਸ ਨੂੰ ਡੋਡੇ ਕਿਹਾ ਜਾਂਦਾ ਹੈ, ਨੂੰ ਸਖਤ ਕੰਮ ਕਰਨ ਵੇਲੇ ਅਤੇ ਦਰਦ-ਨਿਵਾਰਕ ਦੇ ਤੌਰ 'ਤੇ ਇਕ ਵਰਦਾਨ ਸਮਝਿਆ ਜਾਂਦਾ ਹੈ। ਜਿਥੇ ਅੰਗ੍ਰੇਜ਼ੀ ਦਰਦ-ਨਿਵਾਰਕ ਦਵਾਈਆਂ ਦੇ ਅਨੇਕਾਂ ਗੰਭੀਰ ਦੁਰ-ਪ੍ਰਭਾਵ ਹਨ ਉਥੇ ਡੋਡਿਆਂ ਦੇ ਕੋਈ ਦੁਰਪ੍ਰਭਾਵ ਨਹੀਂ। ਲਾ-ਇਲਾਜ ਦਰਦ ਲਈ ਇਹ, ਵਾਕਿਆ ਹੀ ਵਰਦਾਨ ਸਾਬਤ ਹੋ ਸਕਦੇ ਹਨ। ਇਸੇ ਤਰਾਂ ਥੋੜੀ ਮਾਤਰਾ (ਦਵਾ-ਡੋਜ਼) ਵਿੱਚ ਖਾਧੀ ਅਫੀਮ ਦੇ ਵੀ ਅਨੇਕਾਂ ਲਾਭ ਸਾਡੇ ਸਭਿਆਚਾਰ ਵਿੱਚ ਮਿਲਦੇ ਹਨ। ਆਮ ਲੋਕਾਂ ਨੂੰ ਕੋਈ ਹੱਕ ਨਹੀਂ ਕਿ ਉਹ ਆਪਣੇ ਨਿੱਜੀ ਇਸਤੇਮਾਲ ਲਈ ਆਪਣੇ ਘਰ ਵਿੱਚ ਇਸ ਦੇ ਕੁਝ ਬੂਟੇ ਲਾਕੇ ਇਸ ਪੌਦੇ ਦੇ ਦਵਾ-ਗੁਣਾਂ ਦਾ ਲਾਭ ਉਠਾ ਸਕਣ। ਦੂਜੇ ਪਾਸੇ ਦੋ ਨੰਬਰ ਵਿੱਚ (ਸਮਗਲਰਾਂ ਰਾਹੀਂ) ਹਰ ਚੀਜ਼ ਵੱਡੀ ਕੀਮਤ ਤੇ ਉਪਲਭਦ ਹੈ। ਇਹ ਇੱਕ ਜਾਣਿਆਂ-ਪਹਿਚਾਣਿਆਂ ਸਚ ਹੈ ਕਿ ਵੱਡੀ ਗਿਣਤੀ ਵਿੱਚ ਅਮੀਰ ਲੋਕ, ਰਾਜਸੀ ਨੇਤਾ ਅਤੇ ਅਫਸਰ ਇਸ ਪੌਦੇ ਦੇ ਕੁਦਰਤੀ ਗੁਣਾ ਦਾ ਲਾਭ ਉਠਾਉਂਦੇ ਹਨ।

ਇਸੇ ਤਰਾਂ ਭੰਗ ਦਾ ਪੌਦਾ ਹਜ਼ਾਰਾਂ ਸਾਲਾਂ ਤੋਂ ਸਾਡੇ ਸਭਿਆਚਾਰ ਦਾ ਹਿੱਸਾ ਰਿਹਾ ਹੈ। ਇਹ ਸ਼ਿਵਜੀ ਦਾ ਪ੍ਰਸ਼ਾਦ ਹੈ। ਸਿੱਖ ਧਰਮ ਨਾਲ ਜੁੜੇ ਨਿਹੰਗ ਸਿੰਘ ਵੀ ਸੈਂਕੜੇ ਸਾਲਾਂ ਤੋਂ ਇਸ ਦਾ ਇਸਤੇਮਾਲ ਕਰਦੇ ਰਹੇ ਹਨ। ਪਿਛਲੇ ਕੁਝ ਸਾਲਾਂ ਤੋਂ ਵਿਗਿਆਨਕ ਖੋਜਾਂ ਨੇ ਇਹ ਸਿਧ ਕਰ ਦਿੱਤਾ ਹੈ ਕਿ ਭੰਗ ਦਾ ਪੌਦਾ ਸਿਹਤ ਵਰਧਕ ਹੈ ਅਤੇ ਇਸ ਨੂੰ ਕੈਂਸਰ ਸਮੇਤ ਅਨੇਕਾਂ ਖ਼ਤਰਨਾਕ ਬਿਮਾਰੀਆਂ ਦੇ ਇਲਾਜ ਲਈ ਵਰਤਿਆ ਜਾ ਸਕਦਾ ਹੈ। ਭੰਗ ਦਾ ਪੌਦਾ ਸਾਡੇ ਆਸ-ਪਾਸ ਹਰ ਥਾਂ ਤੇ ਖੜਾ ਹੈ ਪਰ ਜੇਕਰ ਤੁਹਾਡੇ ਬੈਗ ਵਿੱਚ ਭੰਗ ਦੇ ਪੱਤੇ ਫੜੇ ਗਏ ਤਾਂ ਤੁਹਾਡੇ ਤੇ ਗੰਭੀਰ ਕੇਸ ਬਣ ਜਾਵੇਗਾ ਜਿਸ ਵਿੱਚ ਸ਼ਾਇਦ ਤੁਹਾਡੀ ਜ਼ਮਾਨਤ ਵੀ ਨਾ ਹੋ ਸਕੇ। ਹੁਣੇ-ਹੁਣੇ ਲੋਕਾਂ ਦੀ ਮੰਗ ਅੱਗੇ ਝੁਕਦੇ ਹੋਏ ਕੇਨੇਡਾ ਦੀ ਸਰਕਾਰ ਨੇ ਭੰਗ ਦੇ ਪੌਦੇ ਨੂੰ ਰਖਣ ਅਤੇ ਉਗਾਉਣ ਉਪਰ ਪਾਬੰਦੀ ਹਟਾ ਲਈ ਹੈ। ਅਮਰੀਕਾ ਦੇ ਕੁਝ ਰਾਜਾਂ ਨੇ ਵੀ ਇਹ ਪਾਬੰਦੀ ਹਟਾ ਲਈ ਹੈ। ਬਾਕੀ ਮੰਗਾਂ ਦੇ ਨਾਲ-ਨਾਲ ਪੰਜਾਬ ਵਿੱਚ, ਸਾਨੂੰ ਇਹ ਦੋਨੋਂ ਪੌਦੇ ਆਪਣੇ ਨਿਜੀ ਵਰਤੋਂ ਲਈ ਉਗਾਉਣ ਤੋਂ ਪਾਬੰਦੀ ਚੁੱਕਣ ਦੀ ਮੰਗ ਕਰਨੀ ਚਾਹੀਦੀ ਹੈ।

ਪੰਜਾਬ ਵਿੱਚ ਨਸ਼ਿਆਂ ਦੀ ਮੰਗ ਵਧਣ ਦੇ ਕੁਝ ਹੋਰ ਕਾਰਨ ਵੀ ਮੌਜੂਦ ਹਨ। ਪਿਛਲੇ 50-60 ਸਾਲ ਤੋਂ ਖੇਤੀ ਵਿੱਚ ਬੇਹੱਦ ਖ਼ਤਰਨਾਕ ਰਸਾਇਣਾ ਦੀ ਅੱਤ ਦੀ ਵਰਤੋਂ ਨੇ ਸਾਡੇ ਹਵਾ, ਪਾਣੀ, ਮਿੱਟੀ ਅਤੇ ਭੋਜਣ ਜ਼ਹਿਰਾਂ ਨਾਲ ਭਰ ਦਿੱਤੇ ਹਨ। ਧਰਤੀ ਹੇਠਲੇ ਪਾਣੀ ਦੀ ਅਨ੍ਹੀਂ ਵਰਤੋਂ ਨਾਲ ਸਾਡੇ ਵਾਤਾਵਰਣ ਵਿੱਚ ਜ਼ਹਿਰੀਲੀਆਂ ਧਾਤਾਂ ਦੀ ਮਿਕਦਾਰ ਬਹੁਤ ਵਧ ਗਈ ਹੈ। ਸਾਡੀਆਂ ਸਨਅਤਾਂ ਨੇ ਵੀ ਸਾਡੇ ਪਾਣੀ, ਮਿੱਟੀ ਅਤੇ ਹਵਾ ਨੂੰ ਪਲੀਤ ਕਰ ਦਿੱਤਾ ਹੈ। ਸਾਡੇ ਸਰੀਰਾਂ ਵਿੱਚ ਇੱਕਠੇ ਹੋਏ ਇਨ੍ਹਾਂ ਜ਼ਹਿਰਾਂ ਨੇ ਸਾਡੇ ਸਰੀਰ, ਮਨ ਅਤੇ ਸੈਕਸ ਨੂੰ ਬਿਮਾਰ ਅਤੇ ਕਮਜ਼ੋਰ ਕਰ ਦਿੱਤਾ ਹੈ। ਪੁਰਾਣੀਆਂ ਅਤੇ ਲਾ-ਇਲਾਜ ਬਿਮਾਰੀਆਂ ਪਰਿਵਾਰਾਂ ਅਤੇ ਸਮਾਜ ਦਾ ਲੱਕ ਤੋੜ ਰਹੀਆਂ ਹਨ। ਕੰਮ ਕਰਨ ਦੀ ਸਮਰਥਾ ਦਾ ਘਟਣਾ, ਹੱਡ-ਪੈਰ ਦੁਖਦੇ ਰਹਿਣਾ, ਹਰ ਵਕਤ ਥੱਕੇ-ਥੱਕੇ ਰਹਿਣਾ ਅਤੇ ਕਮਜ਼ੋਰੀ ਮਹਿਸੂਸ ਕਰਨਾ ਆਮ ਵਰਤਾਰਾ ਹੋ ਗਿਆ ਹੈ। ਕਮਜ਼ੋਰ ਹੋਏ ਸਰੀਰ, ਮਨ ਅਤੇ ਸੈਕਸ ਨਸ਼ਿਆਂ ਪ੍ਰਤੀ ਖਿਚ ਦਾ ਕਾਰਨ ਬਣ ਰਹੇ ਹਨ।

ਪੰਜਾਬ ਦੀ ਉਪਜਾਊ ਜ਼ਮੀਨ, ਸਾਫ਼ ਪਾਣੀ ਦੇ ਅਮੀਰ ਸੋਮੇਂ, ਵਧੀਆਂ ਜਲ-ਵਾਯੂ ਅਤੇ ਪਦਾਰਥਕ ਅਮੀਰੀ, ਸਦੀਆਂ ਤੋਂ ਧਾੜਵੀਆਂ ਨੂੰ ਆਪਣੇ ਵੱਲ ਖਿਚਦੇ ਰਹੇ ਹਨ। ਅੱਜ ਅੱਤ ਦੇ ਅਮੀਰ ਲੋਕ, ਜਿਨ੍ਹਾਂ ਕੋਲ ਅੰਨ੍ਹਾ ਪੈਸਾ ਇਕਠਾ ਹੋ ਗਿਆ ਹੈ, ਉਹ ਇਸ ਪੈਸੇ ਦੇ ਬਲ-ਬੂਤੇ ਤੇ ਪੰਜਾਬ ਦੇ ਕੁਦਰਤੀ ਸਰੋਤਾਂ ਉਪਰ ਕਬਜ਼ਾ ਕਰਨ ਦੀ ਲਾਲਸਾ ਰਖਦੇ ਹਨ। ਪੰਜਾਬੀਆਂ ਦਾ ਅਣਖੀਲਾ ਸੁਭਾਅ ਅਤੇ ਆਜ਼ਾਦੀ ਪ੍ਰੇਮ, ਇਸ ਲਾਲਸਾ ਦੀ ਪੂਰਤੀ ਵਿੱਚ ਵੱਡਾ ਅੜਿੱਕਾ ਹਨ। ਨਸ਼ਿਆਂ ਦਾ ਹੜ ਵਗਾ ਕੇ ਉਹ ਸਾਨੂੰ ਇੰਨਾ ਕੁ ਕਮਜ਼ੋਰ ਕਰ ਦੇਣਾ ਚਾਹੁੰਦੇ ਹਨ ਕਿ ਅਸੀਂ ਆਪਣੀ ਆਜ਼ਾਦੀ ਲਈ ਲੜਣ ਜੋਗੇ ਹੀ ਨਾ ਰਹੀਏ।

ਸਪਸ਼ਟ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮਸਿਆ ਜਿਥੇ ਬਹੁਤ ਵਿਕਰਾਲ ਹੈ ਉਥੇ ਕਾਫੀ ਉਲਝੀ ਹੋਈ ਵੀ ਹੈ। ਇਸ ਵਿੱਚੋਂ ਨਿਕਲਣਾ ਏਡਾ ਸੌਖਾ ਕੰਮ ਨਹੀਂ। ਪੂਰੇ ਸਮਾਜ ਨੂੰ ਇਸ ਵਿਰੁਧ ਖੜਾ ਹੋਣਾ ਪਵੇਗਾ ਤਾਂ ਹੀ ਕਾਰਗਰ ਸਿੱਟੇ ਨਿਕਲ ਸਕਦੇ ਹਨ। ਕੁਝ ਗੱਲਾਂ ਜੋ ਹਰ ਵੇਲੇ ਯਾਦ ਰਖਣੀਆਂ ਪੈਣਗੀਆਂ –

1. ਅਸੀਂ ਮੰਗ ਕਰਦੇ ਹਾਂ ਨਸ਼ੇ ਦੇ ਵਪਾਰੀਆਂ ਉਪਰ ਸਖਤੀ ਕੀਤੀ ਜਾਵੇ। ਜਿਨ੍ਹਾਂ ਨੇ ਸਖਤੀ ਕਰਨੀ ਹੈ ਉਹ ਤਾਂ ਖੁਦ ਹੀ ਇਸ ਵਪਾਰ ਵਿੱਚ ਸ਼ਾਮਲ ਹਨ। ਇਸ ਲਈ ਉਹ ਜਲਦੀ ਜਲਦੀ ਆਪਣੇ ਭਾਈਵਾਲਾਂ ਵਿਰੁਧ ਸਖਤੀ ਨਹੀਂ ਕਰਨਗੇ। ਜੇਕਰ ਲੋਕ-ਰੋਹ ਤੋਂ ਡਰਦੇ ਕਰਨਗੇ ਤਾਂ ਉਹ ਸਖਤੀ ਅਧੀ-ਅਧੂਰੀ ਹੋਵੇਗੀ ਅਤੇ ਮੌਕਾ ਮਿਲਦੇ ਹੀ ਫਿਰ ਢਿੱਲੀ ਪੈ ਜਾਵੇਗੀ।

2. ਅਸੀਂ ਸਖਤੀ ਦੀ ਮੰਗ ਤਾਂ ਰਾਜ ਸਰਕਾਰ ਤੋਂ ਕਰ ਰਹੇ ਹਾਂ। ਕੀ ਰਾਜ ਸਰਕਾਰ ਦੀ ਔਕਾਤ ਹੈ ਕਿ ਉਹ ਅੰਤਰ-ਰਾਸ਼ਟਰੀ ਪੱਧਰ 'ਤੇ ਹੋ ਰਹੀ ਸਮਗਲਿੰਗ ਨੂੰ ਰੋਕ ਸਕੇ। ਮੁਨਾਫਾ ਏਨਾ ਜ਼ਿਆਦਾ ਹੈ ਕਿ ਵੱਡੀਆਂ ਮਛੀਆਂ ਇਸ ਧੰਦੇ ਨੂੰ ਬੰਦ ਨਹੀਂ ਹੋਣ ਦੇਣਗੀਆਂ। ਬੇਰੁਜ਼ਗਾਰੀ ਏਨੀ ਕੁ ਵਿਕਰਾਲ ਹੈ ਕਿ ਨਸ਼ਾ-ਤਸਕਰੀ ਵਿੱਚ ਲੱਗੇ ਆਮ ਲੋਕ ਆਪਣੀ ਜਾਨ ਤੇ ਖੇਡਕੇ ਵੀ ਆਪਣਾ ਰੁਜ਼ਗਾਰ ਚਲਦਾ ਰਖਣਗੇ।

3. ਸਰਕਾਰੀ ਅਦਾਰਿਆਂ ਰਾਹੀਂ ਐਲਾਨੀ ਜਾਂਦੀ 'ਨਸ਼ਿਆਂ ਵਿਰੁਧ ਜੰਗ' ਅਸਲ ਵਿੱਚ ਆਮ 'ਲੋਕਾਂ ਵਿਰੁਧ ਨਸ਼ਿਆਂ ਦੀ ਜੰਗ' ਹੈ। ਨਸ਼ਿਆਂ ਦੇ ਗੈਰ ਕਾਨੂੰਨੀ ਵਪਾਰ ਰਾਹੀਂ ਜਿਥੇ ਆਮ ਲੋਕਾਂ ਨੂੰ ਆਰਥਿਕ ਤੌਰ ਤੇ ਲੁੱਟਿਆ ਜਾਂਦਾ ਹੈ ਉਥੇ ਇਹ ਆਮ ਲੋਕਾਂ ਨੂੰ ਕੰਟ੍ਰੋਲ ਕਰਨ ਦਾ ਸਮਾਜਿਕ-ਰਾਜਸੀ ਹਥਿਆਰ ਹੈ। ਅਸਲ ਵਿੱਚ ਇਹ ਰਾਜ ਕਰਨ ਦਾ ਅਸਰਦਾਇਕ ਹਥਿਆਰ ਹੈ। ਈਸਟ ਇੰਡੀਆ ਕੰਪਨੀ ਰਾਹੀਂ ਚੀਨ ਦੇ ਲੋਕਾਂ ਵਿਰੁੱਧ ਵਰਤਿਆ ਗਿਆ, ਰਾਜ ਕਰਨ ਦਾ ਇਹ ਹਥਿਆਰ ਅੱਜ ਤੱਕ ਬਹੁਤ ਹੀ ਕਾਰਗਰ ਢੰਗ ਨਾਲ ਦੁਨੀਆਂ ਦੇ ਅੱਡ-ਅੱਡ ਲੋਕਾਂ ਵਿਰੁਧ ਅਸਰਦਾਇਕ ਢੰਗ ਨਾਲ ਵਰਤਿਆ ਜਾ ਰਿਹਾ ਹੈ।

4. ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਦਾ ਟੀ.ਐਫ.ਆਰ. (ਟੋਟਲ ਫਰਟਿਲੀਟੀ ਰੇਟ-ਜਿਸ ਦਾ ਮਤਲਬ ਹੈ ਕਿ ਇੱਕ ਔਰਤ ਆਪਣੇ ਜੀਵਨ ਵਿੱਚ ਔਸਤਨ ਕਿੰਨੇ ਬੱਚੇ ਪੈਦਾ ਕਰਦੀ ਹੈ) ਪਹਿਲਾਂ ਹੀ ਬਹੁਤ ਘਟ ਰਿਹਾ ਹੈ। ਇਹ ਅੱਜ 1.6 ਹੈ ਜੋ ਕਿ 2.1 ਤੋਂ ਘੱਟ ਨਹੀ ਹੋਣਾ ਚਾਹੀਦਾ- ਚਿੱਟੇ ਵਰਗੇ ਖ਼ਤਰਨਾਕ ਰਸਾਇਣਕ ਨਸ਼ਿਆਂ ਨਾਲ ਉਹ ਹੋਰ ਵੀ ਘਟ ਜਾਵੇਗਾ। ਇਹ ਨਸ਼ੇ ਪੰਜਾਬੀਆਂ ਦੇ ਬੀਜ-ਨਾਸ ਦਾ ਸਰੋਤ ਹਨ।

5. ਜੇਕਰ ਅਸੀਂ ਲੋਕਾਂ ਨੂੰ ਨਸ਼ਿਆਂ ਦੇ ਵਪਾਰੀਆਂ ਦਾ ਅਸਲੀ ਚੇਹਰਾ ਦਿਖਾ ਸਕੀਏ ਕਿ ਕਿਵੇਂ ਸਾਡਾ ਦੁਸ਼ਮਣ ਆਪਣੇ ਹਿਤ ਪੂਰੇ ਕਰਨ ਲਈ ਸਾਡਾ ਇਸਤੇਮਾਲ ਹੀ ਨਹੀਂ ਕਰ ਰਿਹਾ, ਸਾਡਾ ਬੀਜ ਨਾਸ਼ ਕਰ ਰਿਹਾ ਹੈ ਅਤੇ ਇਨ੍ਹਾਂ ਨਸ਼ਿਆਂ ਰਾਹੀਂ ਅਸੀਂ ਆਪਣੇ ਦੁਸ਼ਮਣ ਦੇ ਗੁਲਾਮ ਬਣ ਰਹੇ ਹਾਂ ਤਾਂ ਪੀੜਤ ਦੇ ਮਨ ਵਿੱਚ ਨਸ਼ਾ ਛਡਣ ਦੀ ਇਛਾ ਜਾਗ ਸਕਦੀ ਹੈ।

6. ਅਸੀਂ ਲੋਕਾਂ ਨੂੰ ਚੇਤੰਨ ਕਰੀਏ ਕਿ ਉਹ ਨਸ਼ਾ ਕਰਨ ਹੀ ਨਾ। ਇਹ ਭਾਵੇਂ ਔਖਾ ਰਸਤਾ ਹੈ ਪਰ ਸੰਭਵ ਹੈ -ਜੋ ਨਸ਼ੇ ਤੇ ਲੱਗ ਚੁੱਕੇ ਹਨ ਉਨ੍ਹਾਂ ਨੂੰ ਪਿਆਰ ਨਾਲ ਅਤੇ ਮਾਹਿਰ ਇਲਾਜ ਨਾਲ ਇਸ ਲੱਤ ਤੋਂ ਛੁਟਕਾਰਾ ਦਿਵਾਈਏ। ਸੂਬਾ ਸਰਕਾਰ ਤੋਂ ਮੰਗ ਕਰੀਏ ਕਿ ਉਹ ਨਸ਼ਾ ਛੁਡਾਊ ਕੇਂਦਰ ਰਾਹੀਂ ਮੁਫਤ ਅਤੇ ਵਧੀਆ ਇਲਾਜ ਘਰਾਂ ਦੇ ਆਸ-ਪਾਸ ਉਪਲਭਦ ਕਰਵਾਏ।

7. ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਜੋ ਨਸ਼ੇ ਵੇਚਣ ਵਾਲੇ ਛੋਟੇ ਦਲਾਲ ਹਨ ਉਨ੍ਹਾਂ ਨੂੰ ਪਹਿਲਾਂ ਪਿਆਰ ਨਾਲ ਸਮਝਾਈਏ ਜੇ ਨਹੀਂ ਮਨਦੇ ਤਾਂ ਸਮਾਜਕ ਬਾਈਕਾਟ ਕਰੀਏ- ਜੇ ਫਿਰ ਵੀ ਨਹੀਂ ਮਨਦੇ ਤਾਂ ਸਮੂਹਿਕ ਸਖਤੀ ਕਰੀਏ। ਜੋ ਪੁਲਸ ਅਫਸਰ ਅਤੇ ਰਾਜਸੀ ਨੇਤਾ ਸ਼ਾਮਲ ਹੋਣ ਉਨ੍ਹਾਂ ਦੀ ਵੀ ਬਾਈਕਾਟ ਕੀਤਾ ਜਾਵੇ ਅਤੇ ਉਨ੍ਹਾਂ ਦੇ ਖਿਲਾਫ਼ ਕਾਨੂੰਨੀ ਕਰਵਾਈ ਦੀ ਮੰਗ ਕਰੀਏ।

8. ਪੰਜਾਬ ਅਤੇ ਪੰਜਾਬੀ ਸਰਵ-ਪੱਖੀ ਸੰਕਟ ਦਾ ਸ਼ਿਕਾਰ ਹੋ ਰਹੇ ਹਨ। ਖੇਤੀ ਘਾਟੇ ਦਾ ਧੰਦਾ ਬਣ ਗਿਆ ਹੈ। ਕਰਜਿਆਂ ਨੇ ਕਿਸਾਨ ਮਧੋਲ ਸੁੱਟੇ ਹਨ। ਬਦਲਵਾਂ ਰੁਜ਼ਗਾਰ ਹੈ ਨਹੀਂ। ਪੜ੍ਹੇ-ਲਿਖੇ ਬੱਚੇ ਬੇਰੁਜ਼ਗਾਰ ਫਿਰਦੇ ਹਨ। ਖੇਤੀ ਦਾ ਮੌਜੂਦਾ ਮਾਡਲ ਕਿਸਾਨਾਂ ਅਤੇ ਮਨੁਖੀ ਸੇਹਤ ਦਾ ਵੈਰੀ ਹੈ। ਖੇਤੀ ਰਸਾਇਣਾ ਦੀ ਅੱਤ ਦੀ ਵਰਤੋਂ, ਸਨਅਤੀ ਪ੍ਰਦੂਸ਼ਣ, ਧਰਤੀ ਹੇਠਲੇ ਡੂੰਘੇ ਪੱਤਣਾ ਦੇ ਪਾਣੀ ਦੀ ਅੱਤ ਦੀ ਵਰਤੋਂ, ਕੋਲੇ ਤੇ ਅਧਾਰਤ ਥਰਮਲਾਂ ਦੀ ਬਹੁਤਾਤ, ਪਲਾਸਟਿਕ ਦਾ ਕਹਿਰ ਅਤੇ ਪੈਟ੍ਰੋਲ-ਡੀਜ਼ਲ ਦੀ ਅੱਤ ਦੀ ਵਰਤੋਂ ਨੇ ਸਾਡੇ ਹਵਾ, ਪਾਣੀ, ਮਿੱਟੀ ਅਤੇ ਭੋਜਣ ਜ਼ਹਿਰਾਂ ਨਾਲ ਭਰ ਦਿੱਤੇ ਹਨ। ਇਹ ਜ਼ਹਿਰ ਸਾਡੇ ਸਰੀਰਾਂ ਵਿੱਚ ਰਚ ਗਏ ਹਨ ਜਿਸ ਨਾਲ ਅਸੀਂ ਖ਼ਤਰਨਾਕ, ਪੁਰਾਣੀਆਂ ਅਤੇ ਲਾਇਲਾਜ ਸਰੀਰਕ, ਮਾਨਸਿਕ ਅਤੇ ਪ੍ਰਜਨਣ ਕਿਰਿਆ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਾਂ। ਖ਼ਤਰਨਾਕ ਰਸਾਇਣਕ ਨਸ਼ੇ ਰਹਿੰਦੀ-ਖਹਿੰਦੀ ਕਸਰ ਪੂਰੀ ਕਰ ਰਹੇ ਹਨ। ਜ਼ਹਿਰ-ਮੁਕਤ ਕੁਦਰਤੀ ਖੇਤੀ ਨੂੰ ਹਰਮਨ-ਪਿਆਰਾ ਕਰਨਾਂ; ਸਨਅਤੀ ਪ੍ਰਦੂਸ਼ਣ ਨੂੰ ਨਥ ਪਾਉਣਾ; ਕੋਲੇ ਤੋਂ ਬਿਜਲੀ ਬਣਾਉਣ ਦੀ ਬਜਾਏ ਹਵਾ, ਧੁੱਪ ਅਤੇ ਪਾਣੀ ਤੋਂ ਬਿਜਲੀ ਬਣਾਉਣਾ; ਪਲਾਸਟਿਕ ਦੀ ਵਰਤੋਂ ਨੂੰ ਬੰਦ ਕਰਨਾਂ ਅਤੇ ਪੈਟ੍ਰੋਲ-ਡੀਜ਼ਲ ਦੀ ਵਰਤੋਂ ਘਟਾਉਣਾ।

9. ਨਸ਼ਿਆਂ ਤੋਂ ਬਚਣ ਲਈ ਸਕਾਰਾਤਮਕ ਕੰਮਾਂ ਵੱਲ ਧਿਆਨ ਲਾਉਣਾ ਬਹੁਤ ਜ਼ਰੂਰੀ ਹੈ। ਅਨੇਕਾਂ ਮਸਲੇ ਹੱਲ ਕਰਨ ਵਾਲੇ ਹਨ। ਖੇਤੀ ਨੂੰ ਮੁੜ ਲਾਹੇਵੰਦ ਕਿੱਤਾ ਬਣਾਉਣ ਲਈ ਕੁਦਰਤੀ ਖੇਤੀ ਨੂੰ ਹਰਮਨ-ਪਿਆਰਾ ਬਣਾਉਣ ਦਾ ਕੰਮ ਇੱਕ ਵੱਡਾ ਚੈਲੇਂਜ ਹੈ। ਆਪਣੇ ਕਮਜ਼ੋਰ ਪੈ ਚੁੱਕੇ ਸਰੀਰ, ਮਨ ਅਤੇ ਸੈਕਸ ਨੂੰ ਮੁੜ ਤੰਦਰੁਸਤ ਕਰਨ ਲਈ ਆਪਣੇ ਹਵਾ, ਪਾਣੀ, ਮਿੱਟੀ ਅਤੇ ਭੋਜਣ ਨੂੰ ਜ਼ਹਿਰ-ਮੁਕਤ ਕਰੀਏ। ਇਸ ਲਈ ਖੇਤੀ ਵਿੱਚ ਜ਼ਹਿਰਾਂ ਦਾ ਇਸਤੇਮਾਲ ਬੰਦ ਕਰੀਏ; ਸਨਅਤੀ ਪ੍ਰਦੂਸ਼ਣ ਵਿਰੁਧ ਡਟ ਕੇ ਸਟੈਂਡ ਲਈਏ; ਧਰਤੀ ਹੇਠਲੇ ਪਾਣੀ ਦਾ ਇਸਤੇਮਾਲ ਘਟਾ ਕੇ ਨਹਿਰੀ ਅਤੇ ਮੀਂਹ ਦੇ ਪਾਣੀ ਦਾ ਇਸਤੇਮਾਲ ਵਧਾਈਏ; ਪਾਣੀ ਅਤੇ ਭੋਜਣ ਸਟੋਰ ਕਰਨ ਲਈ ਪਲਾਸਟਿਕ ਦੇ ਬਰਤਣ ਨਾ ਵਰਤੀਏ; ਵਰਤੋ ਅਤੇ ਸੁੱਟੋ ਵਾਲੇ ਪਲਾਸਟਿਕ ਦੀ ਵਰਤੋਂ ਬੰਦ ਕਰੀਏ; ਕੋਲੇ ਵਾਲੇ ਤਾਪ-ਬਿਜਲੀ ਘਰਾਂ ਤੋਂ ਤੋਬਾ ਕਰੀਏ ਅਤੇ ਪੈਟ੍ਰੋਲ-ਡੀਜਲ ਦੀ ਵਰਤੋਂ ਘਟਾਉਣਾ- ਪੰਜਾਬ ਦੇ ਮੁੱਖ ਮੁੱਦੇ ਹਨ।

10. ਵਰਜਸ਼, ਯੋਗਾ, ਧਿਆਨ, ਖੇਡਾਂ, ਸਭਿਚਾਰਕ ਸੱਥਾਂ, ਹਾਸਾ-ਗਰੁੱਪ ਅਤੇ ਸਮੂਹਿਕ ਗਾਉਣਾ ਅਤੇ ਨਚਣਾ ਆਦਿ ਵਰਗੀਆਂ ਸਕਾਰਾਤਮਕ ਸਰਗਰਮੀਆਂ ਨਸ਼ਿਆਂ ਤੋਂ ਬਚਾਅ ਲਈ ਕਾਰਗਰ ਹੋ ਸਕਦੀਆਂ ਹਨ।

11. ਟ੍ਰੇਡ-ਯੂਨੀਅਨਾਂ, ਵਿਦਿਆਰਥੀ ਯੂਨੀਅਨਾਂ, ਨੌਜਵਾਨ ਸਭਾਵਾਂ, ਇਸਤਰੀ ਸਭਾਵਾਂ ਅਤੇ ਆਪਣੇ ਹੱਕਾਂ ਦੀ ਲੜਾਈ ਵਿੱਚ ਸਰਗਰਮ ਰੋਲ ਨਿਭਾਉਣਾ ਵੀ ਵਧੀਆ ਸਿੱਟੇ ਦੇ ਸਕਦਾ ਹੈ।

12. ਸਮਾਜ ਸੇਵਾ ਅਤੇ ਕੁਦਰਤ ਸੇਵਾ ਦੇ ਕੰਮਾਂ ਵਿੱਚ ਸਰਗਰਮ ਹੋਣਾ।

13. ਆਪਣੀ ਆਸਥਾ ਮੁਤਾਬਿਕ ਅਧਿਆਤਮਕ ਸਰਗਮੀਆਂ ਵਿੱਚ ਸ਼ਾਮਲ ਹੋਣਾ- ਪਾਠ ਕਰਨਾ, ਭਜਨ ਗਾਉਣਾ ਅਤੇ ਮੰਤਰ-ਜਾਪ ਕਰਨਾ ਆਦਿ।

14. ਛੋਟੇ ਬੱਚਿਆਂ ਨਾਲ ਖੇਡਣਾ ਅਤੇ ਕੁਦਰਤ ਦੇ ਨਜ਼ਦੀਕ ਰਹਿਣਾ ਵੀ ਕਾਫੀ ਕਾਰਗਰ ਹੋ ਸਕਦਾ ਹੈ।

15. ਖਸਖਸ ਅਤੇ ਭੰਗ ਦੇ ਪੌਦੇ ਦਵਾ-ਪੌਦੇ ਹਨ। ਆਪਣੀ ਨਿੱਜੀ ਵਰਤੋਂ ਲਈ ਇਨ੍ਹਾਂ ਪੌਦਿਆਂ ਨੂੰ ਉਗਾਉਣ ਉਪਰ ਪਾਬੰਦੀ ਹਟਾਈ ਜਾਵੇ। ਭੁੱਕੀ ਅਤੇ ਅਫੀਮ ਦੀ ਵਰਤੋਂ ਨੂੰ ਮਨਜ਼ੂਰੀ ਦਿੱਤੀ ਜਾਵੇ।

# ਬਹੁ-ਧਾਰੀ ਹੱਲੇ ਦਾ ਅਹਿਮ ਅੰਗ ਹਨ ਨਸ਼ੇ

ਮੌਜੂਦਾ ਰੋਸ ਲਹਿਰ ਦੌਰਾਨ ਇਹ ਗੱਲ ਸਮਝਣ ਦਾ ਮਹੱਤਵ ਹੈ ਕਿ ਨਸ਼ਿਆਂ ਦਾ ਕਾਰੋਬਾਰ ਇੱਕਾ' ਦੁੱਕਾ ਮੰਤਰੀ ਜਾਂ ਸੰਤਰੀ ਤੱਕ ਸੀਮਤ ਨਾ ਹੋ ਕੇ ਬਕਾਇਦਾ ਸਰਕਾਰੀ ਸਰਪ੍ਰਸਤੀ ਨਾਲ ਚੱਲਦਾ ਹੈ। ਇਹ ਧੰਦਾ ਪਲਾਂ-ਛਿਣਾਂ 'ਚ ਮੁਨਾਫ਼ੇ ਕਮਾਉਣਾ ਦਾ ਸਾਧਨ ਤਾਂ ਹੈ ਹੀ। ਪਰ ਇਸ ਸਰਪ੍ਰਸਤੀ ਦਾ ਅਸਲ ਕਾਰਣ ਡੂੰਘਾ ਹੈ। ਇਸਦੀ ਤੰਦ ਸਰਕਾਰੀ ਨੀਤੀਆਂ ਨਾਲ ਜੁੜਦੀ ਹੈ। ਮੁਨਾਫ਼ੇ ਦੀ ਹਵਸ ਪੂਰਤੀ ਦੇ ਨਾਲ ਨਾਲ ਨਸ਼ਾ ਰਾਜਭਾਗ ਚਲਾਉਣ ਦੀਆਂ ਕਈ ਲੋੜਾਂ ਪੂਰੀਆਂ ਕਰਦਾ ਹੈ। ਇਹ ਰਾਜਭਾਗ ਦੀਆਂ ਪੌੜੀਆਂ ਚੜ੍ਹਨ ਲਈ ਵੋਟ ਸਿਆਸਤ 'ਚ ਵੋਟਾਂ ਬਟੋਰਨ ਦਾ ਸਾਧਨ ਬਣਦਾ ਹੈ। ਚੋਣਾਂ ਦੌਰਾਨ ਹਕੀਕੀ ...ਮੁੱਦਿਆਂ ਨੂੰ ਨਸ਼ੇ ਦੀ ਲੋਰ 'ਚ ਰੋਲਣ ਦਾ ਸਾਧਨ ਬਣਦਾ ਹੈ। ਪਰ ਸਭ ਤੋਂ ਵਧਕੇ ਇਹ ਲਹੂ ਪੀਣੀਆਂ ਨਵੀਆਂ ਆਰਥਿਕ ਨੀਤੀਆਂ ਲਈ ਰਾਹ ਪੱਧਰਾ ਕਰਨ ਦਾ ਅਹਿਮ ਹਥਿਆਰ ਹੈ। ਇਨ੍ਹਾਂ ਨੀਤੀਆਂ ਤਹਿਤ ਹਾਕਮਾਂ ਨੇ ਸਾਡੀ ਸਿੱਖਿਆ ਖੋਹ ਕੇ, ਸਾਡਾ ਰੁਜ਼ਗਾਰ ਲਤੜ ਕੇ, ਬਿਜਲੀ-ਪਾਣੀ-ਸਿਹਤ-ਟਰਾਂਸਪੋਰਟ ਆਦਿ ਡਕਾਰ ਕੇ ਵੱਡੇ ਮੁਨਾਫ਼ੇ ਲੁਟਾਉਣ ਦਾ ਰਾਹ ਫੜ੍ਹਿਆ ਹੋਇਆ ਹੈ। ਹੁਣ ਸਿੱਖਿਆ ਸਰਕਾਰੀ ਨਹੀਂ ਹੈ। ਮੁੱਲ ਵਿਕਦੀ ਹੈ, ਮਹਿੰਗੀ ਹੈ, ਸਾਡੇ ਵਿਤੋਂ ਬਾਹਰ ਹੈ। ਹੁਣ ਰੁਜ਼ਗਾਰ ਦੇ ਮੌਕੇ ਬਹੁਤੇ ਥੋੜੇ ਹਨ। ਰੁਜ਼ਗਾਰ ਊਣਾ ਹੈ, ਥੋੜਾ ਹੈ, ਸੁੰਗੜਿਆ ਹੋਇਆ ਹੈ। ਮਾਨਸਿਕ ਤਸੱਲੀ ਤੇ ਤਸੱਲੀਬਖਸ਼ ਆਰਥਿਕ ਗੁਜ਼ਾਰੇ ਦਾ ਸਾਧਨ ਨਹੀਂ ਹੈ। ਲੁੱਟ ਦਾ, ਸ਼ੋਸਣ ਦਾ, ਜ਼ਲਾਲਤ ਦਾ ਸਾਧਨ ਹੈ। ਬੇਰੁਜ਼ਗਾਰੀ ਵਿਆਪਕ ਹੈ। ਨੌਜਵਾਨਾਂ ਦੀ ਵੱਡੀ ਗਿਣਤੀ ਇਸ ਦੀ ਪੀੜ ਹੰਢਾ ਰਹੀ ਹੈ। ਉਨ੍ਹਾਂ ਅੰਦਰ ਡੂੰਘੀ ਨਿਰਾਸ਼ਤਾ, ਬੇਵਸੀ ਤੇ ਬੇਚੈਨੀ ਮੌਜੂਦ ਹੈ। ਹਾਕਮਾਂ ਨੂੰ ਇਹ ਖ਼ਤਰਾ ਸਤਾਉਂਦਾ ਹੈ ਕਿ ਨੌਜਵਾਨ ਵਰਗ ਦੀ ਬੇਚੈਨੀ ਤਿੱਖੇ ਰੋਸ ਤੇ ਗੁੱਸੇ ਦਾ ਲਾਵਾ ਬਣ ਕੇ ਨਾ ਫੁੱਟ ਪਵੇ। ਇਉਂ ਹੋ ਗਿਆ ਤਾਂ ਹਾਕਮਾਂ ਨੂੰ ਬਿਪਤਾ ਖੜ੍ਹੀ ਹੋ ਜਾਵੇਗੀ। ਬੇਰਜ਼ਗਾਰ ਨੌਜਵਾਨਾਂ ਦੀਆਂ ਬਹੁਤ ਛੋਟੀਆਂ ਜਥੇਬੰਦ ਟੁਕੜੀਆਂ ਨੇ ਸੰਘਰਸ਼ਾਂ ਦੇ ਜ਼ੋਰ ਹਾਕਮਾਂ ਲਈ ਅਜਿਹੀ ਬਿਪਤਾ ਖੜ੍ਹੀ ਕੀਤੀ ਹੈ। ਉਨ੍ਹਾਂ ਤੋਂ ਰੁਜ਼ਗਾਰ ਖੋਹਿਆ ਹੈ। ਸੋ ਹਾਕਮਾਂ ਦੀ ਅਣਸਰਦੀ ਲੋੜ ਹੈ ਕਿ ਨੌਜਵਾਨਾਂ ਨੂੰ ਉਲਝਾ ਕੇ ,ਪੱਤਿਆ ਕੇ ਤੇ ਲਾਦੂ ਕੱਢ ਕੇ ਰੱਖਣਾ ਹੈ। ਇਸ ਖ਼ਾਤਰ ਹੱਕ ਮੰਗਦੇ ਲੋਕਾਂ 'ਤੇ ਜ਼ਬਰ ਤਸ਼ੱਦਦ ਕਰਨਾ, ਜ਼ੇਲ੍ਹਾਂ 'ਚ ਡੱਕਣਾ, ਕੇਸਾਂ 'ਚ ਫਸਾਉਣਾ ਆਦਿ ਹਾਕਮਾਂ ਦਾ ਮੁੱਖ ਹਥਿਆਰ ਹੈ। ਖੁੱਲ੍ਹੇ ਨਸ਼ੇ ਵਰਤਾਉਣਾ, ਸਭਿਆਚਾਰਕ ਗੰਦ ਫੈਲਾਉਣਾ ਦੂਜਾ ਅਹਿਮ ਹਥਿਆਰ ਹੈ। ਨਸ਼ੇ, ਪੈਸੇ, ਲੱਚਰਤਾ ਤੇ ਗੁੰਡਾਗਰਦੀ ਦੇ ਪਸਾਰੇ ਅਤੇ ਹਕੂਮਤੀ ਜ਼ਬਰ ਤਸ਼ਦੱਦ ਦੇ ਇਸ ਮੰਤਰ-ਟੂਣੇ ਰਾਹੀਂ ਹੀ ਅਕਾਲੀ ਦਲ ਦੇ ਲੀਡਰ 25 ਸਾਲ ਲੋਕਾਂ 'ਤੇ ਰਾਜ ਕਰਨ ਦਾ ਚੱਕਵਾਂ ਤਹੱਈਆ ਕਰਦੇ ਹਨ।

ਸੋ, ਹਾਕਮ ਐਨ ਮਿਥ ਕੇ, ਸੋਚ ਸਮਝ ਕੇ ਆਪਣੇ ਹਥਿਆਰਾਂ ਦੀ ਰੱਜਵੀਂ ਵਰਤੋਂ ਕਰ ਰਹੇ ਹਨ। ਭਾਰੀ ਨਿਰਾਸ਼ਾ ਤੇ ਬੇਵੱਸੀ ਦੇ ਆਲਮ 'ਚੋਂ ਗੁਜ਼ਰ ਰਹੇ ਨੌਜਵਾਨਾਂ ਨੂੰ ਆਸਾਨੀ ਨਾਲ ਨਸ਼ਿਆਂ ਦੇ ਜਾਲ 'ਚ ਫਾਹਿਆ ਜਾ ਸਕਦਾ ਹੈ। ਕਾਨੂੰਨੀ ਤੌਰ 'ਤੇ ਪਿੰਡ-ਪਿੰਡ ਖੁੱਲੇ ਠੇਕਿਆਂ ਦੀ ਸ਼ਰਾਬ ਤੇ ਗੈਰ-ਕਾਨੂੰਨੀ ਤੌਰ 'ਤੇ ਗਲੀਆਂ 'ਚ ਘੁੰਮਦੀ ਸਮੈਕ, ਹੈਰੋਇਨ ਤੇ ਸਿੰਥੈਟਿਕ ਨਸ਼ੇ ਨੌਜਵਾਨਾਂ ਤੇ ਲੋਕਾਂ ਦਾ ਸ਼ਿਕਾਰ ਕਰ ਰਹੇ ਹਨ। ਨੌਜਵਾਨਾਂ ਦੀ ਸੁਰਤ ਭੁਲਾਈ ਜਾ ਰਹੀ ਹੈ। ਉਨ੍ਹਾਂ ਦੀ ਸੋਚ ਤੇ ਸਮਝ ਬੋਦੀ ਤੇ ਥੋਥੀ ਕੀਤੀ ਜਾ ਰਹੀ ਹੈ। ਸਾਹਸਤ ਮੁਕਾਏ ਜਾ ਰਹੇ ਹਨ। ਨਸ਼ਿਆਂ ਤੇ ਗੰਦੇ ਸਭਿਆਚਾਰ ਦਾ ਇਹ ਹੱਲਾ ਨੌਜਵਾਨਾਂ ਨੂੰ ਸੰਘਰਸ਼ ਰਾਹ ਤੋਂ ਭਟਕਣ ਦਾ ਹਥਿਆਰ ਹੈ। ਸੰਘਰਸ਼ ਚੇਤਨਾ ਦੀ ਥਾਂ ਉਨ੍ਹਾਂ ਅੰਦਰ ਹੋਰ ਵਧੇਰੇ ਨਿਰਾਸ਼ਾ ਤੇ ਬੇਵੱਸੀ ਦੇ ਪਸਾਰੇ ਦਾ ਸਾਧਨ ਹੈ।

ਲੱਚਰ, ਵਿਕਾਊ ਤੇ ਮਾਰਧਾੜ ਵਾਲੇ ਗੀਤ, ਫ਼ਿਲਮਾਂ ਆਪਣਾ ਕੰਮ ਕਰਦੇ ਹਨ। ਇਹ ਨਸ਼ਿਆਂ ਦੇ ਪਸਾਰੇ ਦਾ ਸਾਧਨ ਤਾਂ ਬਣਦੇ ਹੀ ਨੇ, ਪਰ ਨਾਲ ਹੀ ਫੋਕੀ ਆਕੜ, ਚੌਧਰ, ਜਾਤਾਪਤੀ ਹੰਕਾਰ, ਨਸ਼ੇ ਦੀ ਲੋਰ ਤੇ ਹਥਿਆਰਾਂ ਵਰਗੇ 'ਅਮੁੱਲੇ' ਸ਼ੌਕਾਂ ਦਾ ਪ੍ਰਚਾਰ ਕਰਦੇ ਹਨ। ਇਹ ਪ੍ਰਚਾਰ ਚੜ੍ਹਦੀ ਜਵਾਨੀ ਅੰਦਰ ਨਿਕੰਮੀਆਂ 'ਤੇ ਹੰਕਾਰੀ ਰੁਚੀਆਂ ਪੈਦਾ ਕਰਨ ਤੇ ਇਖ਼ਲਾਕੀ ਗਿਰਾਵਟ 'ਚ ਸੁੱਟਣ ਦਾ ਕੰਮ ਕਰਦਾ ਹੈ। ਅਜਿਹੇ ਭਟਕੇ, ਵਰਗਲਾਏ, ਨਿਰਾਸ਼, ਹਤਾਸ਼ ਤੇ ਨਿਘਾਰ ਦਾ ਸ਼ਿਕਾਰ ਹੋਏ ਨੌਜਵਾਨਾਂ ਨੂੰ ਗੁੰਡਾ ਤੇ ਅਪਰਾਧੀ ਟੋਲਿਆਂ 'ਚ ਰਲਾਉਣਾ ਹੋਰ ਵੀ ਸੌਖਾ ਹੈ। ਪਾਲੇ-ਪਲੋਸੇ ਅਜਿਹੇ ਟੋਲੇ ਵੀ ਵੋਟ ਪਾਰਟੀਆਂ ਦੇ ਸੌੜੇ ਸਿਆਸੀ ਹਿਤਾਂ ਨੂੰ ਪੂਰਨ ਦੇ ਕੰਮ ਆਉਂਦੇ ਹਨ।

**- ਨੌਜਵਾਨ ਭਾਰਤ ਸਭਾ ਦੇ ਹੱਥ ਪਰਚੇ 'ਚੋਂ**

# ਸਰਮਾਏਦਾਰੀ ਅਤੇ ਮਜ਼ਦੂਰਾਂ ਦਾ ਪਰਵਾਸ

**[ਪੰਜਾਬ ਤੋਂ ਵੱਡੀ ਪੱਧਰ ਤੇ ਵਿਕਸਿਤ ਸਰਮਾਏਦਾਰਾ ਦੇਸ਼ਾਂ ਵੱਲ ਪ੍ਰਵਾਸ ਅੱਜ ਤਿੱਖੀ ਵਿਚਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ? ਕਈ ਖੱਬੇ ਪੱਖੀ ਬੁੱਧੀਜੀਵੀ ਪ੍ਰਵਾਸ ਦੀ ਇਸ ਪ੍ਰਕਿਰਿਆ ਤੇ ਪਿੱਟ ਸਿਆਪਾ ਕਰ ਰਹੇ ਹਨ ? ਪ੍ਰਵਾਸ ਬਾਰੇ ਕਿਸੇ ਵਿਗਿਆਨਕ ਸਮਝ ਤੋਂ ਸੱਖਣੇ ਇਹ ਬੁੱਧੀਜੀਵੀ ਪ੍ਰਵਾਸ ਦੀ ਮੂਰਖਤਾਪੂਰਨ ਵਿਆਖਿਆ ਕਰ ਰਹੇ ਹਨ ਤੇ ਇਸ ਚੋਂ ਮੂਰਖਤਾਪੂਰਨ ,ਪਿਛਾਂਹਖਿੱਚੂ ਨਤੀਜੇ ਕੱਢ ਰਹੇ ਹਨ ? ਇੱਥੇ ਅਸੀਂ 'ਪ੍ਰਤੀਬੱਧ' ਚ ਪ੍ਰਵਾਸ ਬਾਰੇ ਛਪਿਆ ਇੱਕ ਲੇਖ ਦੇ ਰਹੇ ਹਾਂ ? ਉਮੀਦ ਹੈ ਕਿ ਇਹ ਲੇਖ ਪ੍ਰਵਾਸ ਬਾਰੇ ਪਾਠਕਾਂ ਦੀ ਵਿਗਿਆਨਕ ਸਮਝ ਬਣਾਉਣ 'ਚ ਸਹਾਈ ਹੋਵੇਗਾ ?]**

ਰੋਜ਼ੀ ਰੋਟੀ ਅਤੇ ਬਿਹਤਰ ਜੀਵਨ ਦੇ ਲਈ ਇਨਸਾਨਾਂ ਦਾ ਇਕ ਥਾਂ ਤੋਂ ਦੂਜੀ ਥਾਂ ਪਰਵਾਸ ਯੁਗਾਂ ਪੁਰਾਣਾ ਵਰਤਾਰਾ ਹੈ। ਜਦੋਂ ਮਨੁੱਖੀ ਸਮਾਜ ਹਾਲੇ ਜਮਾਤਾਂ ਵਿੱਚ ਵੰਡਿਆ ਨਹੀਂ ਗਿਆ ਸੀ, ਉਸ ਸਮੇਂ ਵੀ ਇਨਸਾਨੀ ਅਬਾਦੀ ਮੈਦਾਨੀ ਇਲਾਕਿਆਂ, ਉਪਜਾਊ ਜ਼ਮੀਨਾਂ, ਚਾਰਗਾਹਾਂ ਅਤੇ ਬਿਹਤਰ ਸਹਿਣ ਯੋਗ ਮੌਸਮ ਵਾਲੇ ਇਲਾਕਿਆਂ ਦੀ ਤਲਾਸ਼ ਵਿੱਚ ਇੱਥੇ-ਉਥੇ ਆਪਣੇ ਟਿਕਾਣੇ ਬਦਲਦੀ ਰਹਿੰਦੀ ਸੀ। ਪਰ ਜਦੋਂ ਸਮਾਜ ਜਮਾਤਾਂ ਵਿੱਚ ਵੰਡਿਆ ਗਿਆ ਤਾਂ ਜਮਾਤੀ ਜਬਰ-ਜ਼ੁਲਮ ਲੋਕਾਂ ਦੇ ਪਰਵਾਸ ਦਾ ਮੁੱਖ ਕਾਰਨ ਬਣ ਗਿਆ। ਗੁਲਾਮਦਾਰੀ ਸਮਾਜ ਵਿੱਚ ਵੱਡੇ ਪੈਮਾਨੇ 'ਤੇ ਗੁਲਾਮਾਂ ਦਾ ਵਪਾਰ ਹੁੰਦਾ ਸੀ, ਇਹਨਾਂ ਗੁਲਾਮਾਂ ਦੀ ਆਪਣੀ ਕੋਈ ਧਰਤੀ ਆਪਣਾ ਕੋਈ ਦੇਸ਼ ਨਹੀਂ ਹੁੰਦਾ ਸੀ। ਬੱਸ ਜਿੱਥੇ ਉਹਨਾਂ ਦੇ ਖਰੀਦਦਾਰ ਲੈ ਜਾਂਦੇ ਸਨ ਉਹੀ ਉਹਨਾਂ ਦਾ 'ਆਪਣਾ ਦੇਸ਼' ਹੋ ਜਾਂਦਾ ਸੀ।

ਮਨੁੱਖੀ ਇਤਿਹਾਸ ਦੇ ਇਸ ਕਾਲੇ ਦੌਰ ਵਿੱਚ ਗੁਲਾਮਾਂ ਦਾ ਵਪਾਰ ਇਨਸਾਨਾਂ ਦੇ ਪਰਵਾਸ ਦੀ ਮੁੱਖ ਵਜ੍ਹਾ ਬਣਿਆ, ਗੁਲਾਮ-ਮਾਲਕਾਂ ਦੁਆਰਾ ਗੁਲਾਮਾਂ ਉਪਰ ਇਹ ਜ਼ੋਰ-ਜਬਰਦਸਤੀ ਨਾਲ਼ ਥੋਪਿਆ ਗਿਆ ਪਰਵਾਸ ਸੀ। ਗੁਲਾਮ ਮਾਲਕਾਂ ਦਾ ਜ਼ਬਰ-ਜ਼ੁਲਮ ਵੀ ਗੁਲਾਮਾਂ ਨੂੰ ਇਕ ਤੋਂ ਦੂਜੀ ਥਾਂ ਭੱਜਣ ਨੂੰ ਮਜਬੂਰ ਕਰ ਦਿੰਦਾ ਸੀ।

ਜਗੀਰੂ ਦੌਰ ਵਿੱਚ ਅਕਾਲ ਪਰਵਾਸ ਦੀ ਮੁੱਖ ਵਜਾਹ ਬਣੇ। ਭੁੱਖਮਰੀ ਤੋਂ ਬਚਣ ਲਈ ਲੋਕ ਦੂਜੀਆਂ ਥਾਵਾਂ 'ਤੇ ਰੋਜ਼ੀ-ਰੋਟੀ ਦੀ ਤਲਾਸ਼ ਵਿੱਚ ਨਿਕਲ ਪੈਂਦੇ ਸਨ। ਪੂੰਜੀਵਾਦ ਵਿੱਚ ਪੂੰਜੀ ਦੀ ਵਜਾਹ ਨਾਲ ਲੋਕ ਪਰਵਾਸ ਕਰਦੇ ਹਨ, ਜਾਣੀ ਕਿ ਉਹ ਵਿਕਸਿਤ ਪੂੰਜੀਵਾਦੀ ਇਲਾਕਿਆਂ ਅਤੇ ਦੇਸ਼ਾਂ ਵੱਲ, ਜਿੱਥੇ ਕਿ ਰੋਜ਼ਗਾਰ ਦੇ ਜ਼ਿਆਦਾ ਮੌਕੇ ਹੁੰਦੇ ਹਨ, ਜਾਣ ਲਗਦੇ ਹਨ। ਜਮਾਤੀ ਵੰਡ ਵਾਲ਼ੇ ਸਮਾਜ ਵਿੱਚ ਹਜ਼ਾਰਾਂ ਸਾਲ ਪਹਿਲਾਂ ਪਰਵਾਸ ਦੀ ਜੋ ਵਜਾਹ ਸੀ, ਉਤਪਾਦਕ ਸ਼ਕਤੀਆਂ ਦੇ ਸਾਰੇ ਵਿਕਾਸ ਦੇ ਬਾਵਜੂਦ ਅੱਜ ਵੀ ਪਰਵਾਸ ਦੀ ਮੂਲ ਵਜਹ ਉਹੀ ਹੈ-ਜਾਣੀ ਰੋਜ਼ੀ-ਰੁਜ਼ਗਾਰ ਦੀ ਤਲਾਸ਼।

**ਸਰਮਾਏਦਾਰੀ ਤਹਿਤ ਪ੍ਰਵਾਸ**

ਅੱਜ ਅਸੀਂ ਇਨਸਾਨੀ ਆਬਾਦੀ ਦੇ ਵੱਡੇ ਪੈਮਾਨੇ 'ਤੇ ਪਰਵਾਸ ਦੇ ਗਵਾਹ ਬਣ ਰਹੇ ਹਾਂ। ਇਹ ਪਰਵਾਸ ਇੱਕ ਹੀ ਦੇਸ਼ ਦੇ ਅੰਦਰ, ਇੱਕ ਇਲਾਕੇ ਤੋਂ ਦੂਜੇ ਇਲਾਕੇ ਵਿੱਚ ਅਤੇ ਇੱਕ ਦੇਸ਼ ਤੋਂ ਦੂਜੇ ਦੇਸ਼ ਜਾਂ ਇੱਕ ਮਹਾਂਦੀਪ ਤੋਂ ਦੂਜੇ ਮਹਾਂਦੀਪ ਵੱਲ ਹੋ ਰਿਹਾ ਹੈ। ਅੱਜ ਲੱਗਭੱਗ 20 ਕਰੋੜ ਲੋਕ ਜੋ ਕਿ ਦੁਨੀਆਂ ਦੀ ਅਬਾਦੀ ਦਾ 3% ਬਣਦੇ ਹਨ ਆਪਣੇ ਦੇਸ਼ ਤੋਂ ਬਾਹਰ ਕੰਮ ਕਰ ਰਹੇ ਹਨ। ਇਹ ਸੰਖਿਆ 25 ਸਾਲ ਪਹਿਲਾਂ ਦੇ ਪਰਵਾਸੀਆਂ ਦੀ ਸੰਖਿਆ ਤੋਂ ਦੋ ਗੁਣੀ ਹੈ।

ਅਸਾਵਾਂ ਆਰਥਿਕ ਵਿਕਾਸ ਪੂੰਜੀਵਾਦ ਦੀ ਵਜੂਦ ਸਮੋਈ ਵਿਸ਼ੇਸ਼ਤਾ ਹੈ। ਇਹ ਇੱਕ ਦੇਸ਼ ਦੇ ਅੰਦਰ ਵੀ ਹੁੰਦਾ ਹੈ ਅਤੇ ਸੰਸਾਰ ਦੇ ਪੈਮਾਨੇ 'ਤੇ ਵੀ। ਜਿੱਥੇ ਵੀ ਪੂੰਜੀ ਨਿਵੇਸ਼ ਲਈ ਬਿਹਤਰ ਹਲਾਤ, ਜਾਣੀ ਆਲ-ਜੰਜਾਲ (Infrastructure) ਕੱਚੇ ਮਾਲ ਦੀ ਪੂਰਤੀ, ਤਿਆਰ ਮਾਲ ਲਈ ਮੰਡੀ ਆਦਿ ਹੁੰਦੇ ਹਨ ਪੂੰਜੀਪਤੀ ਉਹਨਾਂ ਥਾਵਾਂ 'ਤੇ ਪੂੰਜੀ ਲਗਾਉਣਾ ਜਿਆਦਾ ਪਸੰਦ ਕਰਦੇ ਹਨ। ਇਸ ਨਾਲ ਦੇਸ਼ ਦੇ ਅੰਦਰ ਪੂੰਜੀ ਦਾ ਮੁੱਠੀਭਰ ਉਦਯੋਗਿਕ ਖੇਤਰਾਂ ਦੇ ਆਲੇ-ਦੁਆਲੇ ਸੰਘਣਾ ਸੰਕੇਂਦਰਣ ਹੁੰਦਾ ਹੈ, ਤਾਂ ਦੇਸ਼ ਦੇ ਬਾਕੀ ਇਲਾਕਿਆਂ ਨੂੰ ਸਸਤੀ ਕਿਰਤ ਸ਼ਕਤੀ ਦੇ ਪੂਰਤੀ ਕੇਂਦਰਾਂ ਵਿੱਚ ਬਦਲ ਦਿੱਤਾ ਜਾਂਦਾ ਹੈ। ਭਾਰਤ ਵਿੱਚ ਇਹੀ ਪ੍ਰਕਿਰਿਆ ਅਸੀਂ ਅੱਜ ਆਪਣੀਆਂ ਅੱਖਾਂ ਸਾਹਮਣੇ ਦੇਖ ਸਕਦੇ ਹਾਂ। ਜਿੱਥੇ ਪਿਛੜੀ ਖੇਤੀ ਦੇ ਇਲਾਕੇ ਜਿਵੇਂ ਪੂਰਬੀ ਉਤਰ ਪ੍ਰਦੇਸ਼, ਬਿਹਾਰ, ਰਾਜਸਥਾਨ, ਝਾਰਖੰਡ, ਮੱਧ ਪ੍ਰਦੇਸ਼ ਆਦਿ ਰਾਜਾਂ ਵਿੱਚੋਂ ਵੱਡੇ-ਪੈਮਾਨੇ 'ਤੇ ਅਬਾਦੀ ਉਦਯੋਗਿਕ ਨਗਰਾਂ ਅਤੇ ਵਿਕਸਿਤ ਖੇਤੀ ਵਾਲੇ ਇਲਾਕਿਆਂ ਵੱਲ ਪਰਵਾਸ ਕਰ ਰਹੀ ਹੈ। ਇਹੋ ਪ੍ਰਕਿਰਿਆ ਦੁਨੀਆਂ ਦੇ ਹਰ ਪੂੰਜੀਵਾਦੀ ਦੇਸ਼ ਵਿੱਚ ਚੱਲੀ ਹੈ ਜਾਂ ਵਿਕਾਸਸ਼ੀਲ ਪੂੰਜੀਵਾਦੀ ਦੇਸ਼ਾਂ ਵਿੱਚ ਚੱਲ ਰਹੀ ਹੈ।

ਸੰਸਾਰ ਪੱਧਰ 'ਤੇ ਵੇਖੀਏ ਤਾਂ ਵੀ ਪੂੰਜੀਵਾਦ ਦਾ ਵਿਕਾਸ ਅਸਾਵਾਂ ਵਿਖਾਈ ਦਿੰਦਾ ਹੈ। ਇੱਕ ਪਾਸੇ ਵਿਕਸਿਤ ਪੂੰਜੀਵਾਦੀ/ਸਾਮਰਾਜਵਾਦੀ ਦੇਸ਼ ਹਨ, ਜਿੱਥੇ ਪੂੰਜੀ ਦਾ ਬਹੁਤ ਜਿਆਦਾ ਸੰਕੇਂਦਰਣ ਹੈ ਅਤੇ ਦੂਜੇ ਪਾਸੇ ਤੀਸਰੀ ਦੁਨੀਆਂ ਦੇ ਪਛੜੇ ਪੂੰਜੀਵਾਦੀ ਦੇਸ਼ ਹਨ ਜੋ ਕਿ ਕਦੇ ਸਾਮਰਾਜਵਾਦੀ ਦੇਸ਼ਾਂ ਦੀਆਂ ਬਸਤੀਆਂ ਅਤੇ ਅਰਧ-ਬਸਤੀਆਂ ਜਾਂ ਨਵ-ਬਸਤੀਆਂ ਰਹੇ ਹਨ। ਬਸਤੀਵਾਦੀ ਗੁਲਾਮੀ ਨੇ ਇਹਨਾਂ ਦੇਸ਼ਾਂ ਦੇ ਵਿਕਾਸ ਨੂੰ ਤੋੜਿਆ-ਮਰੋੜਿਆ ਹੈ, ਬਸਤੀਵਾਦੀ ਗੁਲਾਮੀ ਤੋਂ ਅਜ਼ਾਦ ਹੋਣ ਦੇ ਬਾਅਦ ਵੀ ਇਹ ਦੇਸ਼ ਸਾਮਰਾਜਵਾਦੀ ਲੁੱਟ-ਜਬਰ ਦੇ ਸ਼ਿਕਾਰ ਰਹੇ ਹਨ, ਜਿਸਦੇ ਕਾਰਨ ਇੱਥੇ ਪੂੰਜੀਵਾਦ ਦਾ ਸਿਹਤਮੰਦ ਵਿਕਾਸ ਨਾ ਹੋ ਸਕਿਆ, ਬਲਕਿ ਇਕ ਮਰੀਅਲ-ਅਪੰਗ ਪੂੰਜੀਵਾਦ ਪੈਦਾ ਹੋਇਆ, ਬਸਤੀਵਾਦੀ ਗੁਲਾਮੀ ਦੀ ਕੁੱਖ 'ਚੋਂ ਪੈਦਾ ਹੋਇਆ ਇਹ 20ਵੀਂ ਸਦੀ ਦੇ ਮਗਰਲੇ ਅੱਧ ਦਾ ਅਜਿਹਾ ਪੂੰਜੀਵਾਦ ਸੀ ਜਿਸਨੂੰ ਜਵਾਨੀ ਵਿੱਚ ਹੀ ਬੁਢਾਪੇ ਵਾਲੇ ਰੋਗ ਲੱਗੇ ਸਨ। ਨਤੀਜਤਨ ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਲਿਹਾਜ ਨਾਲ ਅੱਜ ਵੀ ਸਾਮਰਾਜਵਾਦੀ/ਵਿਕਸਿਤ ਪੂੰਜੀਵਾਦੀ ਦੇਸ਼ਾਂ ਤੋਂ ਦਹਾਕਿਆਂ ਬੱਧੀ ਪਿੱਛੇ ਹਨ। ਉਤਪਾਦਕ ਸ਼ਕਤੀਆਂ ਦੇ ਇਸੇ ਪਛੜੇਪਣ ਕਾਰਨ ਅੱਜ ਇਹ ਅਫਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਦੇਸ਼ ਸਾਮਰਾਜਵਾਦੀ ਦੇਸ਼ਾਂ ਲਈ ਸਸਤੇ ਕੱਚੇ ਮਾਲ ਅਤੇ ਸਸਤੀ ਕਿਰਤ ਸ਼ਕਤੀ ਦੇ ਮੁੱਖ ਸੋਮੇ ਹਨ।

ਅੱਜ ਦੀ ਦੁਨੀਆਂ ਵਿੱਚ ਜੋ ਅੰਤਰ ਦੇਸ਼ੀ ਅਤੇ ਅੰਤਰ ਮਹਾਂਦੀਪੀ ਪਰਵਾਸ ਹੋ ਰਿਹਾ ਹੈ, ਉਹ ਮੁੱਖ ਤੌਰ 'ਤੇ ਤੀਸਰੀ ਦੁਨੀਆਂ ਦੇ ਪਛੜੇ ਪੂੰਜੀਵਾਦੀ ਦੇਸ਼ਾਂ ਤੋਂ ਵਿਕਸਿਤ ਪੂੰਜੀਵਾਦੀ/ਸਾਮਰਾਜਵਾਦੀ ਦੇਸ਼ਾਂ ਵੱਲ ਹੋ ਰਿਹਾ ਹੈ। ਹਾਲਾਂਕਿ ਪਿਛੜੇ ਪੂੰਜੀਵਾਦੀ ਦੇਸ਼ਾਂ ਅਤੇ ਵਿਕਸਿਤ ਪੂੰਜੀਵਾਦੀ ਦੇਸ਼ਾਂ ਤੋਂ ਵੀ ਇੱਕ ਤੋਂ ਦੂਜੇ ਦੇਸਾਂ ਵਿੱਚ ਵੱਡੇ ਪੈਮਾਨੇ 'ਤੇ ਪਰਵਾਸ ਜਾਰੀ ਹੈ। ਜਿਵੇਂ ਕਿ ਭਾਰਤ ਵਿੱਚ ਹੀ ਵੇਖੀਏ ਇੱਥੇ ਨੇਪਾਲ, ਬੰਗਲਾਦੇਸ਼ ਅਤੇ ਸ੍ਰੀ ਲੰਕਾ ਤੋਂ ਲੱਖਾਂ ਪਰਵਾਸੀ ਭਾਰਤ ਦੀ ਕਿਰਤ ਮੰਡੀ ਵਿੱਚ ਵਿਕਣ ਲਈ ਆ ਵਸੇ ਹਨ। ਉਧਰ ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿੱਚ ਵੀ ਇੱਕ ਤੋਂ ਦੂਜੇ ਦੇਸ਼ਾਂ ਵਿੱਚ ਵੱਡੇ ਪੈਮਾਨੇ 'ਤੇ ਪਰਵਾਸ ਜਾਰੀ ਹੈ। ਯੂਰਪੀ ਯੂਨੀਅਨ ਦੇ ਵਿਸਥਾਰ (ਇਸ ਵਿੱਚ ਪੂਰਬੀ ਯੂਰਪ ਦੇ 10 ਦੇਸ਼ਾਂ ਨੂੰ ਸ਼ਾਮਲ ਕਰਕੇ) ਦੇ ਬਾਅਦ ਪੂਰਬੀ ਯੂਰਪ ਤੋਂ ਪੱਛਮੀ ਯੂਰਪ ਵਿੱਚ ਵੱਡੇ ਪੈਮਾਨੇ 'ਤੇ ਅਬਾਦੀ ਦਾ ਪਰਵਾਸ ਨਜ਼ਰ ਆਉਂਦਾ ਹੈ। ਮਈ 2004 ਤੋਂ ਜਦੋਂ ਤੋਂ ਪੂਰਬੀ ਯੂਰਪ ਦੇ ਦੇਸ਼ 'ਯੂਰਪੀ ਯੂਨੀਅਨ' ਵਿੱਚ ਸ਼ਾਮਿਲ ਹੋਏ ਹਨ, ਇਹਨਾਂ ਦੇਸਾਂ ਦੇ 290,000 ਨਾਗਰਿਕਾਂ ਨੇ ਬ੍ਰਿਟੇਨ ਵਿੱਚ ਨੌਕਰੀ ਲਈ ਅਪੀਲ ਕੀਤੀ ਹੈ।

ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਲਿਹਾਜ ਨਾਲ, ਸੰਸਾਰ ਕੁੱਲ ਘਰੇਲੂ ਉਤਪਾਦ (7.4.P) ਵਿੱਚ ਆਪਣੇ ਹਿੱਸੇ ਦੇ ਲਿਹਾਜ ਨਾਲ, ਪ੍ਰਤੀ ਵਿਅਕਤੀ ਆਮਦਨ ਦੇ ਲਿਹਾਜ ਨਾਲ ਵਿਕਸਿਤ ਪੂੰਜੀਵਾਦੀ/ਸਾਮਰਾਜਵਾਦੀ ਦੇਸ਼ ਬਾਕੀ ਦੁਨੀਆਂ ਤੋਂ ਬਹੁਤ ਅੱਗੇ ਹਨ। ਇਹਨਾਂ ਦੇਸ਼ਾਂ ਵਿੱਚ ਕਿਰਤੀਆਂ ਦਾ ਜੀਵਨ ਪੱਧਰ ਵੀ ਬਾਕੀ ਦੁਨੀਆਂ ਦੇ ਕਿਰਤੀਆਂ ਦੇ ਜੀਵਨ ਪੱਧਰ ਤੋਂ ਕਿਤੇ ਬਿਹਤਰ ਹੈ। ਇਨਾਂ ਦੇਸ਼ਾਂ ਵਿੱਚ ਕਿਰਤ ਸ਼ਕਤੀ ਦੀ ਕੀਮਤ ਕਾਫੀ 'ਉਚੀ' ਹੈ। ਸਾਮਰਾਜਵਾਦੀ ਦੇਸ਼ਾਂ ਵਿੱਚ ਕਿਸੇ ਕੰਪਨੀ ਦੀ 70% ਲਾਗਤ ਕਿਰਤ ਸ਼ਕਤੀ 'ਤੇ ਲਗਦੀ ਹੈ ਅਤੇ 30% ਪੂੰਜੀ 'ਤੇ ਚੀਨ ਅਤੇ ਭਾਰਤ ਜਿਹੇ ਦੇਸ਼ਾਂ ਵਿੱਚ ਸਥਿਤੀ ਇਸ ਦੇ ਠੀਕ ਉਲਟ ਹੈ।

ਇਹਨਾਂ ਦੇਸ਼ਾਂ ਵਿੱਚ ਜੀਵਨ ਦੀਆਂ ਮੁਕਾਬਲਤਨ ਬਿਹਤਰ ਹਾਲਤਾਂ ਦੇ ਕਾਰਨ, ਏਸ਼ੀਆ, ਅਫਰੀਕਾ, ਲਾਤੀਨੀ ਅਮਰੀਕਾ ਦੇ ਪਛੜੇ ਪੂੰਜੀਵਾਦੀ ਦੇਸ਼ਾਂ ਤੋਂ ਲੱਖਾਂ ਕਿਰਤੀ ਕਾਨੂੰਨੀ, ਗੈਰ-ਕਾਨੂੰਨੀ ਤਰੀਕੇ ਨਾਲ ਇਨ੍ਹਾਂ ਦੇਸਾਂ ਵਿੱਚ ਪਹੁੰਚਣ ਦੀ ਕੋਸ਼ਿਸ਼ ਕਰਦੇ ਹਨ। ਇਨ੍ਹਾਂ ਦੇਸ਼ਾਂ ਤੱਕ ਗੈਰ-ਕਾਨੂੰਨੀ ਤਰੀਕਿਆਂ ਨਾਲ਼ ਪਹੁੰਚਣ ਦੀ ਕੋਸ਼ਿਸ਼ ਵਿੱਚ ਅਨੇਕਾਂ ਲੋਕ ਆਪਣੀ ਜਾਨ ਤੱਕ ਖਤਰੇ ਵਿੱਚ ਪਾਉਂਦੇ ਹਨ, ਅਨੇਕਾਂ ਜਾਨਾਂ ਜਾਂਦੀਆਂ ਹਨ। ਗੈਰ-ਕਾਨੂੰਨੀ ਤਰੀਕੇ ਨਾਲ ਅਮੀਰ ਮੁਲਕਾਂ ਵਿੱਚ ਪਹੁੰਚਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਜੋ ਮੁਸੀਬਤਾਂ ਝੱਲਣੀਆਂ ਪੈਂਦੀਆਂ ਹਨ, ਉਸ ਦੀਆਂ ਦਿਲ ਦਹਿਲਾ ਦੇਣ ਵਾਲੀਆਂ ਰਿਪੋਰਟਾਂ ਅਕਸਰ ਅਖ਼ਬਾਰਾਂ ਵਿੱਚ ਪੜਣ ਨੂੰ ਮਿਲ ਜਾਂਦੀਆਂ ਹਨ। ਤੀਸਰੀ ਦੁਨੀਆਂ ਦੇ ਪਛੜੇ ਪੂੰਜੀਵਾਦੀ ਦੇਸ਼ਾਂ ਤੋਂ ਵਿਕਸਿਤ ਪੂੰਜੀਵਾਦੀ/ਸਾਮਰਾਜਵਾਦੀ ਦੇਸ਼ਾਂ ਵਾਲ ਅਬਾਦੀ ਦਾ ਇਹ ਪਰਵਾਸ ਇਨ੍ਹਾਂ ਦੇਸ਼ਾਂ ਦੇ ਪੂੰਜੀਪਤੀਆਂ ਦੇ ਲਈ ਸਸਤੀ ਕਿਰਤ ਦਾ ਵੱਡਾ ਜ਼ਰੀਆ ਹੈ।

ਯੂਰਪ ਨੂੰ ਅੱਜ ਪਰਵਾਸੀਆਂ ਦਾ ਮਹਾਂਦੀਪ ਕਿਹਾ ਜਾਂਦਾ ਹੈ। ਬੇਸ਼ੱਕ ਪ੍ਰੰਪਰਾਗਤ ਤੌਰ 'ਤੇ ਯੂਰਪ ਨੂੰ ਬਾਹਰ ਵੱਲ ਪ੍ਰਵਾਸ (Emigration) ਦਾ ਮਹਾਂਦੀਪ ਮੰਨਿਆ ਜਾਂਦਾ ਰਿਹਾ ਹੈ, ਪਰ ਇਹ ਵੀ ਇੱਕ ਨਿਰਵਿਵਾਦ ਤੱਥ ਹੈ ਪਰਵਾਸ (Immigration) ਵੀ ਯੂਰਪ ਦੀ ਧਰਤੀ ਦਾ ਅਟੁੱਟ ਅੰਗ ਰਿਹਾ ਹੈ। ਅੰਤਰ ਯੂਰਪੀ ਪਰਵਾਸ ਦੀਆਂ ਪਿਛਲੀਆਂ ਪੰਜ ਸਦੀਆਂ ਦੇ ਦੌਰਾਨ, ਯੂਰਪੀਅਨ ਮਿਲੀ-ਜੁਲੀ ਨਸਲ ਹਨ। ਅੱਜ ਫਰਾਂਸੀਸੀ ਅਬਾਦੀ ਦੀ ਇੱਕ ਚੌਥਾਈ ਅਬਾਦੀ ਦੇ ਮਾਤਾ-ਪਿਤਾ ਜਾਂ ਦਾਦਾ-ਦਾਦੀ ਵਿਦੇਸ਼ੀ ਮੂਲ ਦੇ ਹਨ, ਵਿਆਨਾਂ ਦੇ ਲਈ ਇਹ ਅੰਕੜਾ 40% ਹੈ।

ਪਰਵਾਸ (Immigration) ਦੀ ਇਤਾਲਵੀ ਸਦੀ (1876-1976) ਦੀ ਮੁੱਖ ਭੂਮੀ ਯੂਰਪ ਰਿਹਾ ਹੈ। ਲੱਗਭੱਗ 12 ਕਰੋੜ 60 ਲੱਖ ਇਟਲੀ ਵਾਸੀ ਯੂਰਪੀ ਦੇਸ਼ਾਂ ਨੂੰ ਗਏ ਸਭ ਤੋਂ ਜ਼ਿਆਦਾ ਇਟਲੀ ਪਰਵਾਸੀਆਂ ਦੀ ਮੰਜ਼ਿਲ ਅਮਰੀਕਾ (57 ਲੱਖ) ਸੀ, ਫਰਾਂਸ ਵਿੱਚ 41 ਲੱਖ ਇਟਾਲੀਅਨ ਪਰਵਾਸੀ ਵਸੇ, ਛੋਟੇ ਜਿਹੇ ਸਵਿਟਜ਼ਰਲੈਂਡ ਵਿੱਚ 40 ਲੱਖ, ਜਰਮਨੀ ਵਿੱਚ 24 ਲੱਖ ਅਤੇ ਆਸਟ੍ਰੀਆ ਵਿੱਚ 12 ਲੱਖ। ਦੂਜੀ ਸੰਸਾਰ ਜੰਗ ਦੇ ਬਾਅਦ ਯੂਰਪ ਦੋ ਕਰੋੜ ਪਰਵਾਸੀਆਂ ਦਾ ਘਰ ਬਣਿਆ।

ਪੂੰਜੀਵਾਦ ਜਦੋਂ ਸਾਮਰਾਜਵਾਦ ਦੇ ਪੜਾਅ ਵਿੱਚ ਦਾਖਲ ਹੋਇਆ ਤਾਂ ਸਾਮਰਾਜਵਾਦੀ ਦੇਸ਼ਾਂ ਤੋਂ ਪ੍ਰਵਾਸ ਵਿੱਚ ਕਮੀ ਆਈ ਜਦੋਂ ਕਿ ਉਨ੍ਹਾਂ ਦੇਸ਼ਾਂ ਵਿੱਚ ਪਛੜੇ ਦੇਸ਼ਾਂ ਤੋਂ ਪ੍ਰਵਾਸ ਵਧਿਆ। 19ਵੀਂ ਸਦੀ ਦੇ ਅੰਤ ਅਤੇ 20ਵੀਂ ਸਦੀ ਦੀ ਸ਼ੁਰੂਆਤ ਵਿੱਚ ਸਾਮਰਾਜਵਾਦੀ ਦੇਸ਼ਾਂ ਤੋਂ ਬਾਹਰ ਵੱਲ ਅਤੇ ਹੋਰ ਪਿਛੜੇ ਗਰੀਬ ਦੇਸ਼ਾਂ ਤੋਂ ਸਾਮਰਾਜਵਾਦੀ ਦੇਸ਼ਾਂ ਵਿੱਚ ਪਰਵਾਸ ਦੇ ਪੈਟਰਨ ਤੋਂ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ। ਆਪਣੀ ਪ੍ਰਸਿੱਧ ਕਿਰਤ 'ਸਾਮਰਾਜਵਾਦ, ਪੂੰਜੀਵਾਦ ਦਾ ਸਰਵਉਚ ਪੜਾਅ' ਵਿੱਚ ਲੈਨਿਨ ਇਸ ਪ੍ਰਕਿਰਿਆ ਨਾਲ਼ ਸੰਬੰਧਿਤ ਅੰਕੜੇ ਦਿੰਦੇ ਹਨ, 1884 ਤੋਂ ਇੰਗਲੈਂਡ 'ਚੋਂ ਪਰਵਾਸ (Emigration) ਘੱਟ ਹੋ ਰਿਹਾ ਹੈ। ਉਸ ਸਾਲ ਬਹਰ ਵੱਲ ਜਾਣ ਵਾਲ਼ੇ ਪ੍ਰਵਾਸੀਆਂ ਦੀ ਸੰਖਿਆ 242,000 ਸੀ ਜਦੋਂ ਕਿ 1900 ਵਿੱਚ ਇਹ ਸੰਖਿਆ 169, 000 ਸੀ। ਜਰਮਨੀ ਤੋਂ ਬਾਹਰ ਵੱਲ 1881 ਅਤੇ 1890 ਦੇ ਦਰਮਿਆਨ ਆਪਣੇ ਸਿਖਰ 'ਤੇ ਸੀ, ਜਦੋਂ ਪ੍ਰਵਾਸੀਆਂ ਦੀ ਸੰਖਿਆ 1453,00 ਸੀ। ਬਾਅਦ ਦੇ ਦੋ ਦਹਾਕਿਆਂ ਵਿੱਚ ਇਹ ਘਟਕੇ 544,000 ਅਤੇ ਫੇਰ 341, 000 ਰਹਿ ਗਈ। ਦੂਜੇ ਪਾਸੇ ਆਸਟਰੀਆ ਇਟਲੀ ਅਤੇ ਰੂਸ ਤੋਂ ਜਰਮਨੀ ਵਿੱਚ ਦਾਖਿਲ ਹੋਣ ਵਾਲ਼ੇ ਮਜ਼ਦੂਰਾਂ ਦੀ ਸੰਖਿਆ ਵਿੱਚ ਇਜਾਫਾ ਹੋਇਆ। 1907 ਦੀ ਜਨਗਣਨਾ ਮੁਤਾਬਿਕ ਜਰਮਨੀ ਵਿੱਚ 1,342,294 ਵਿਦੇਸ਼ੀ ਸਨ, ਜਿੰਨਾਂ ਵਿੱਚੋਂ 440,800 ਸਨਅਤੀ ਮਜ਼ਦੂਰ ਸਨ ਅਤੇ 257,329 ਖੇਤ ਮਜ਼ਦੂਰ ਸਨ। ਫਰਾਂਸ ਵਿੱਚ ਖਾਣ (Mining) ਉਦਯੋਗ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦਾ 'ਵੱਡਾ ਹਿੱਸਾ' ਵਿਦੇਸ਼ੀਆਂ, ਪੋਲਾਂ, ਇਟਾਲੀਅਨਾਂ ਅਤੇ ਸਪੇਨੀਆਂ ਦਾ ਹੈ।

ਸਾਮਰਾਜਵਾਦੀ ਦੇਸ਼ਾਂ ਵੱਲ ਪਰਵਾਸ ਦਾ ਇਹ ਰੁਝਾਨ ਬਾਅਦ ਵਿੱਚ ਵੀ ਜਾਰੀ ਰਿਹਾ। ਜਨੇਵਾ ਅਧਾਰਿਤ ਜਥੇਬੰਦੀ 'ਇੰਟਰਨੈਸ਼ਨਲ ਆਰਗੇਨਾਈਜੇਸ਼ਨ ਫਾਰ ਮਾਈਗਰੇਸ਼ਨ' ਨੇ ਆਪਣੀ ਰਿਪੋਰਟ 'ਵਰਲਡ ਮਾਈਗਰੇਸ਼ਨ ਰਿਪੋਰਟ 2003 ਮੈਨੇਜਿੰਗ ਮਾਈਗਰੇਸ਼ਨ' ਵਿੱਚ ਕਿਹਾ ਹੈ, 1990 ਦੇ ਦਹਾਕੇ ਵਿੱਚ ਯੂਰਪ ਪਰਵਾਸ (Immigration) ਦਾ ਮਹਾਂਦੀਪ ਬਣ ਗਿਆਇਸ ਰਿਪੋਰਟ ਅਨੁਸਾਰ ਦੂਜੀ ਸੰਸਾਰ ਜੰਗ ਦੇ ਬਾਅਦ ਤੋਂ ਪੱਛਮੀ ਯੂਰਪ ਵਿੱਚ 38 ਲੱਖ ਵਿਦੇਸ਼ੀ ਨਾਗਰਿਕ ਸਨ, 2003 ਵਿੱਚ ਉਨ੍ਹਾਂ ਦੀ ਸੰਖਿਆ ਵਧਕੇ ਦੋ ਕਰੋੜ ਪੰਜ ਲੱਖ ਹੋ ਗਈ। ਇਸ ਤੋਂ ਇਲਾਵਾ ਕਰੋੜ ਦੀ ਸੰਖਿਆ ਉਹਨਾਂ ਪਰਵਾਸੀਆਂ ਦੀ ਸੀ ਜੋ ਹੁਣ ਵਿਦੇਸ਼ੀ ਨਾਗਰਿਕ ਨਹੀਂ ਰਹਿ ਗਏ ਸਨ।

2000 ਤੱਕ ਅਮਰੀਕਾ ਵਿੱਚ ਕੁੱਲ ਸਾਢੇ ਤਿੰਨ ਕਰੋੜ, ਜਰਮਨੀ ਵਿੱਚ 73 ਲੱਖ, ਫਰਾਂਸ ਵਿੱਚ 63 ਲੱਖ, ਕਨੇਡਾ ਵਿੱਚ 58 ਲੱਖ, ਅਸਟਰੇਲੀਆ ਵਿੱਚ 47 ਲੱਖ ਅਤੇ ਇੰਗਲੈਂਡ ਵਿੱਚ 45 ਲੱਖ ਪਰਵਾਸੀ ਸਨ। 1980 ਤੋਂ 2003 ਦੇ ਦਰਮਿਆਨ ਸਿਰਫ 5 ਸਾਲਾਂ ਵਿੱਚ ਸਪੇਨ ਵਿੱਚ ਪਰਵਾਸੀਆਂ ਦੀ ਸੰਖਿਆ 4 ਗੁਣਾ ਵਧਕੇ 30 ਲੱਖ ਹੋ ਗਈ ਜੋ ਕਿ ਸਪੇਨ ਦੀ 4 ਕਰੋੜ 20 ਲੱਖ ਅਬਾਦੀ ਦਾ 7% ਸਨ।

2001 ਦੀ ਜਨਗਣਨਾ ਦੇ ਅਨੁਸਾਰ ਇੰਗਲੈਂਡ ਦੀ ਅਬਾਦੀ ਦਾ 7.53% ਪਰਵਾਸੀ ਸਨ (ਇਨ੍ਹਾਂ ਵਿੱਚ ਉਤਰੀ ਆਇਰਲੈਂਡ ਦੇ ਪਰਵਾਸੀਆਂ ਦੀ ਸੰਖਿਆ ਸ਼ਾਮਿਲ ਨਹੀਂ ਹੈ)

1980 ਵਿੱਚ ਇੰਗਲੈਂਡ ਵਿੱਚ ਸਲਾਨਾਂ ਪਰਵਾਸ (Immigration) ਦੀ ਸੰਖਿਆ 40, 000 ਸੀ। 1994-97 ਦੇ ਦੌਰਾਨ ਇਹ ਵਧਕੇ 60, 000 ਸਲਾਨਾਂ ਹੋ ਗਈ। 1998 ਵਿੱਚ ਹੋਰ ਜ਼ਿਆਦਾ ਵਧਕੇ ਇਹ 133, 500 ਹੋ ਗਈ। ਇੰਗਲੈਂਡ ਵਿੱਚ ਆਉਣ ਵਾਲੇ ਪਰਵਾਸੀਆਂ ਵਿੱਚ ਸਭ ਤੋਂ ਜ਼ਿਆਦਾ ਸੰਖਿਆ ਅਮਰੀਕੀਆਂ ਦੀ ਸੀ ਉਸਦੇ ਬਾਅਦ ਪੂਰਬੀ ਯੂਰਪ ਅਤੇ ਫਿਰ ਭਾਰਤੀ ਉਪਮਹਾਂਦੀਪ ਤੋਂ ਆਉਣ ਵਾਲੇ ਪਰਵਾਸੀਆਂ ਦੀ ਸੀ।

ਪੂੰਜੀਵਾਦੀ ਦੌਰ ਵਿੱਚ, ਪੂੰਜੀਵਾਦ ਦਾ ਅਸਾਵਾਂ ਵਿਕਾਸ ਪਛੜੇ ਇਲਾਕਿਆਂ ਅਤੇ ਦੇਸ਼ਾਂ ਤੋਂ, ਵਿਕਸਿਤ ਇਲਾਕਿਆਂ ਅਤੇ ਦੇਸ਼ਾਂ ਵੱਲ ਅਬਾਦੀ ਦੇ ਪਰਵਾਸ ਦੀ ਮੁੱਖ ਵਜ੍ਹਾ ਹੈ। ਭੁੱਖਮਰੀ ਅਤੇ ਗਰੀਬੀ ਤੋਂ ਬਚਣ ਲਈ ਲੋਕ, ਵਿਕਸਿਤ ਪੂੰਜੀਵਾਦੀ ਇਲਾਕਿਆਂ ਅਤੇ ਦੇਸ਼ਾਂ ਦੇ ਵੱਲ ਚੱਲ ਪੈਂਦੇ ਹਨ।

ਸਾਮਰਾਜਵਾਦੀਆਂ ਦੁਆਰਾ ਦੂਜੇ ਦੇਸ਼ਾਂ ਉਪਰ ਥੋਪੇ ਜਾਣ ਵਾਲੇ ਯੁੱਧ ਅਤੇ ਦੂਜੇ ਮੁਲਕਾਂ ਅੰਦਰ ਭੜਕਾਏ ਜਾਣ ਵਾਲ਼ੇ ਗ੍ਰਹਿ-ਯੁੱਧ ਵੀ ਲੋਕਾਂ ਨੂੰ ਆਪਣਾ ਦੇਸ਼ ਛੱਡਣ ਦੇ ਲਈ ਮਜਬੂਰ ਕਰਦੇ ਹਨ। ਇਸ ਨਾਲ ਦੂਸਰੇ ਦੇਸ਼ਾਂ ਵਿੱਚ ਸ਼ਰਣ ਲੈਣ ਵਾਲਿਆਂ ਦੀ ਸੰਖਿਆ ਵਿੱਚ ਭਾਰੀ ਵਾਧਾ ਹੋਇਆ ਹੈ। ਯੂ. ਐਨ. ਐਚ. ਸੀ. ਆਰ. ਅਨੁਸਾਰ 1990 ਦੇ ਦਹਾਕੇ ਵਿੱਚ 50 ਲੱਖ ਤੋਂ ਵੀ ਜ਼ਿਆਦਾ ਲੋਕਾਂ ਨੇ ਵਿਕਸਿਤ ਦੇਸ਼ਾਂ ਵਿੱਚ ਸ਼ਰਨ (Asylum) ਲੈਣ ਲਈ ਅਪਲਾਈ ਕੀਤਾ ਸੀ, ਇਹ ਸੰਖਿਆ 1980 (22 ਲੱਖ) ਵਿੱਚ ਸ਼ਰਣ ਲਈ ਬੇਨਤੀ ਕਰਨ ਵਾਲਿਆਂ ਤੋਂ ਲਗਭਗ ਤਿੰਨ ਗੁਣਾ ਜਿਆਦਾ ਸੀ।

ਪੂਰਬੀ ਬਲਾਕ ਦੇ ਡਿੱਗਣ, ਯੂਗੋਸਲਾਵੀਆ ਦੇ ਟੁੱਟਣ, ਜਿਸ ਵਿੱਚ ਯੂਰਪੀ ਅਤੇ ਅਮਰੀਕੀ ਸਾਮਰਾਜਵਾਦੀਆਂ ਦਾ ਵੱਡਾ ਹੱਥ ਸੀ, ਇਸਦੇ ਨਾਲ ਖਾੜੀ ਯੁੱਧ ਨੇ ਰਿਫ਼ਊਜੀਆਂ ਦੀ ਸੰਖਿਆ ਨੂੰ ਤੇਜੀ ਨਾਲ ਵਧਾਇਆ ਹੈ। 1988 ਵਿੱਚ ਯੂਰਪੀ ਯੂਨੀਅਨ ਦੇ 15 ਮੈਂਬਰ ਦੇਸ਼ਾਂ ਦੇ ਲਈ 2 ਲੱਖ ਸ਼ਰਨ ਲਈ ਅਰਜ਼ੀਆਂ ਆਈਆਂ ਸਨ ਜੋ ਕਿ 1992 ਵਿੱਚ ਬੋਸਨੀਆਂ ਦੀ ਜੰਗ ਦੇ ਦੌਰਾਨ ਵਧਕੇ 676,000 ਹੋ ਗਈਆ। 1999 ਵਿੱਚ ਕਸੋਵੋ ਜੰਗ ਦੇ ਦੌਰਾਨ 366,000 ਲੋਕਾਂ ਨੇ ਦੂਜੇ ਦੇਸ਼ਾਂ ਵਿੱਚ ਸ਼ਰਣ ਲਈ ਅਰਜ਼ ਕੀਤੀ। 2001 ਵਿੱਚ ਜਿੰਨ੍ਹਾਂ ਦੇਸ਼ਾਂ ਨੇ ਸਭ ਤੋਂ ਜ਼ਿਆਦਾ ਰਫਿਊਜੀਆਂ ਨੂੰ ਪੈਦਾ ਕੀਤਾ ਉਹ ਇਸ ਪ੍ਰਕਾਰ ਹਨ, ਸਭ ਤੋਂ ਜ਼ਿਆਦਾ ਅਫਗਾਨਿਸਤਾਨ 'ਚੋਂ ਪੈਦਾ ਹੋਏ, ਫਿਰ ਬਰੁੰਦੀ, ਇਰਾਕ, ਸੂਡਾਨ, ਅੰਗੋਲਾ, ਬੋਸਨੀਆ, ਹਰਜੇਗੋਵਿਨਾ ਦੀ ਵਾਰੀ ਆਉਂਦੀ ਹੈ। ਇਹ ਸਾਰੇ ਦੇਸ਼ ਸਾਮਰਾਜਵਾਦੀਆਂ ਦੁਆਰਾ ਥੋਪੇ ਯੁੱਧਾਂ, ਨਸਲਕੁਸ਼ੀ ਅਤੇ ਸਾਮਰਾਜਵਾਦੀਆਂ ਦੁਆਰਾ ਭੜਕਾਈਆਂ ਗਈਆਂ ਘਰੇਲੂ-ਜੰਗਾਂ ਦੇ ਸ਼ਿਕਾਰ ਰਹੇ ਹਨ।

ਲਗਭਗ ਸਾਰੇ ਵਿਕਸਿਤ ਪੂੰਜੀਵਾਦੀ/ਸਾਮਰਾਜਵਾਦੀ ਦੇਸ਼ਾਂ ਵਿੱਚ ਇਸ ਸਮੇਂ ਜਨਸੰਖਿਆ ਦੀ ਵਾਧਾ ਦਰ ਨੈਗੇਟਿਵ ਹੈ। ਇਸ ਘਟ ਰਹੀ ਅਬਾਦੀ ਦੇ ਕਾਰਨ ਇਨਾਂ ਦੇਸ਼ਾਂ ਨੂੰ ਕਿਰਤ ਸ਼ਕਤੀ ਦੀ ਪੂਰਤੀ ਹੋਰ ਦੇਸ਼ਾਂ ਤੋਂ ਕਰਨੀ ਪੈਂਦੀ ਹੈ। ਵਿਕਸਿਤ ਪੂੰਜੀਵਾਦੀ ਦੇਸ਼ਾਂ ਵੱਲ ਹੋਰ ਦੇਸ਼ਾਂ ਤੋਂ ਅਬਾਦੀ ਦੇ ਪਰਵਾਸ ਦਾ ਇਹ ਵੀ ਇਕ ਮਹੱਤਵਪੂਰਨ ਕਾਰਨ ਹੈ। ਪੂੰਜੀਵਾਦ ਵਿੱਚ ਨਸਲੀ ਦਮਨ ਵੀ ਅਬਾਦੀ ਦੇ ਪਰਵਾਸ ਦਾ ਇੱਕ ਮਹੱਤਵਪੂਰਨ ਕਾਰਨ ਰਿਹਾ ਹੈ। 20ਵੀਂ ਸਦੀ ਦੀ ਸ਼ੁਰੂਆਤ ਵਿੱਚ ਵੱਡੇ-ਪੈਮਾਨੇ 'ਤੇ ਜ਼ਾਰਸ਼ਾਹੀ ਰੂਸ 'ਚੋਂ ਯਹੂਦੀਆਂ ਨੇ ਨਸਲੀ-ਦਮਨ ਤੋਂ ਬਚਣ ਲਈ ਆਪਣਾ ਦੇਸ਼ ਛੱਡਿਆ, ਇਸ ਤਰਾਂ ਹੀ 1930 ਦੇ ਦਹਾਕੇ ਵਿੱਚ ਜਰਮਨੀ ਵਿੱਚ ਫਾਸੀਵਾਦੀ ਦਹਿਸ਼ਤ ਤੋਂ ਬਚਣ ਲਈ ਵੱਡੀ ਪੱਧਰ 'ਤੇ ਯਹੂਦੀਆਂ ਨੂੰ ਆਪਣਾ ਦੇਸ਼ ਛੱਡਣਾ ਪਿਆ ਸੀ। ਫਿਲਸਤੀਨ ਵਿੱਚ ਵੀ ਇਹੀ ਹੋਇਆ ਜਿੱਥੇ ਜ਼ਿਨੋਵਾਦ ਦੇ ਹੱਥੋਂ ਨਸਲੀ ਦਮਨ ਤੋਂ ਬਚਣ ਲਈ ਲੱਖਾਂ ਫਿਲਸਤੀਨੀਆਂ ਨੇ ਆਪਣਾ ਦੇਸ਼ ਛੱਡਿਆ ਹੈ।

**ਪਰਵਾਸ ਦੇ ਪ੍ਰਤੀ ਹਾਕਮ ਜਮਾਤਾਂ ਦਾ ਰਵੱਈਆ**

ਹਾਕਮ ਜਮਾਤ ਦੇ ਲਈ ਪਰਵਾਸੀ ਮਜ਼ਦੂਰ ਸਸਤੀ ਕਿਰਤ ਸ਼ਕਤੀ ਵੱਡਾ ਸੋਮਾ ਹਨ। ਇਸ ਸਸਤੀ ਕਿਰਤ ਸ਼ਕਤੀ ਦੀ ਲੁੱਟ ਨਾਲ ਹਾਕਮ ਜਮਾਤਾਂ ਅਪਾਰ ਮੁਨਾਫਾ ਕਮਾਉਂਦੀਆਂ ਹਨ। ਮਜ਼ਦੂਰਾਂ ਦਾ ਇਹ ਪਰਵਾਸ ਭਾਵੇਂ ਇੱਕ ਦੇਸ਼ ਦੇ ਅੰਦਰ ਹੋਵੇ ਜਾਂ ਇੱਕ ਤੋਂ ਦੂਜੇ ਦੇਸ਼ ਦੇ ਵੱਲ।

ਸਾਮਰਾਜਵਾਦੀ ਦੇਸ਼ਾਂ ਵਿੱਚ ਕਿਰਤ ਸ਼ਕਤੀ ਦੀ ਕੀਮਤ ਪਿਛੜੇ ਪੂੰਜੀਵਾਦੀ ਦੇਸ਼ਾਂ ਤੋਂ ਕਿਤੇ ਜਿਆਦਾ ਹੈ। ਇਸ ਲਈ ਇਹਨਾਂ ਦੇਸ਼ਾਂ ਦੇ ਪੂੰਜੀਪਤੀਆਂ ਲਈ ਤਾਂ ਹੋਰ ਦੇਸ਼ਾਂ ਤੋਂ ਮਜ਼ਦੂਰਾਂ ਦਾ ਪਰਵਾਸ ਵਰਦਾਨ ਹੀ ਸਾਬਤ ਹੁੰਦਾ ਹੈ। ਇਨ੍ਹਾਂ ਦੇਸ਼ਾਂ ਵਿੱਚ ਕਾਨੂੰਨੀ ਪਰਵਾਸ ਦੇ ਨਾਲ਼-ਨਾਲ਼ ਵੱਡੇ ਪੈਮਾਨੇ 'ਤੇ ਗੈਰ ਕਾਨੂੰਨੀ ਪਰਵਾਸ ਵੀ ਹੁੰਦਾ ਹੈ। ਇਨਾਂ ਪਰਵਾਸੀਆਂ ਨੂੰ ਖਾਸਕਰ ਗੈਰ-ਕਾਨੂੰਨੀ ਪਰਵਾਸੀਆਂ ਨੂੰ ਸਾਰੇ ਨਾਗਰਿਕ ਅਧਿਕਾਰਾਂ ਤੋਂ ਵਾਂਝਾ ਰਹਿਣਾ ਪੈਂਦਾ ਹੈ। ਇਨ੍ਹਾਂ ਦੇਸ਼ਾਂ ਵਿੱਚ ਇਨ੍ਹਾਂ ਪਰਵਾਸੀਆਂ ਨੂੰ ਅਣਮਨੁੱਖੀ ਜਬਰ ਜ਼ੁਲਮ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅਮਰੀਕੀ ਸਾਮਰਾਜਵਾਦੀਆਂ ਦੁਆਰਾ ਹਾਲ ਹੀ ਵਿੱਚ ਸ਼ੁਰੂ ਕੀਤਾ ਗਿਆ ਨਵਾਂ 'ਗੈਸਟ ਵਰਕਰ ਪ੍ਰੋਗਰਾਮ' ਇਸ ਦੀ ਇਕ ਉਦਾਹਰਣ ਹੈ। ਅਮਰੀਕਾ ਵਿੱਚ ਇਸ ਪ੍ਰੋਗਰਾਮ ਦੇ ਤਹਿਤ ਲਿਆਏ ਜਾਣ ਵਾਲੇ ਲੱਖਾਂ ਮੈਕਸੀਕਨ ਅਤੇ ਕੇਂਦਰੀ ਅਮਰੀਕੀ ਮਜ਼ਦੂਰਾਂ ਨੂੰ, ਅਮਰੀਕੀ ਮਜ਼ਦੂਰਾਂ ਨੂੰ ਆਮ ਤੌਰ 'ਤੇ ਮਿਲਣ ਵਾਲ਼ੇ ਸਾਰੇ ਅਧਿਕਾਰਾਂ ਤੋਂ ਵਾਂਝਾ ਰੱਖਿਆ ਜਾਵੇਗਾ।

ਕਿਉਂਕਿ ਪਰਵਾਸੀ ਮਜ਼ਦੂਰਾਂ ਦੀ ਸਸਤੀ ਕਿਰਤ ਇਨ੍ਹਾਂ ਦੇਸ਼ਾਂ ਦੇ ਪੂੰਜੀਪਤੀਆਂ ਲਈ ਅਪਾਰ ਮੁਨਾਫੇ ਦਾ ਸੋਮਾ ਹੈ। ਇਸ ਲਈ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਇਨਾਂ ਪੂੰਜੀਪਤੀਆਂ ਦੇ ਲਈ ਸਸਤੀ ਤੋਂ ਸਸਤੀ ਕਿਰਤ ਸ਼ਕਤੀ ਉਪਲਬਧ ਕਰਵਾਉਣ ਲਈ ਨਵੇਂ-ਨਵੇਂ ਪ੍ਰਵਾਸ ਕਨੂੰਨ/ਨੀਤੀਆਂ ਬਣਾਉਣ ਵਿੱਚ ਰੁਝੀਆਂ ਰਹਿੰਦੀਆਂ ਹਨ। ਸਤੰਬਰ 2000 ਵਿੱਚ ਇੰਗਲੈਂਡ ਦੇ

ਤੱਤਕਾਲੀ ਹੋਮ ਆਫਿਸ ਮੰਤਰੀ ਬਾਰਬਰਾ ਰੋਚ ਨੇ ਆਪਣੇ ਇੱਕ ਭਾਸ਼ਣ ਵਿੱਚ ਬਰਤਾਨੀਆਂ ਦੇ ਪਰਵਾਸ ਕਾਨੂੰਨਾਂ ਨੂੰ ਨਰਮ ਬਣਾਏ ਜਾਣ ਦੀ ਗੱਲ ਕਹੀ ਸੀ। ਇਸੇ ਸਮੇਂ, ਲੰਬੀਆਂ ਬਹਿਸਾਂ ਦੇ ਬਾਅਦ ਜਰਮਨ ਕੈਬਨਿਟ ਨੇ 'ਗਰੀਨ ਕਾਰਡ' ਸਕੀਮ ਨੂੰ ਪ੍ਰਵਾਨਗੀ ਦਿੱਤੀ ਸੀ ਤਾਂ ਕਿ ਉਚ ਸਿੱਖਿਆ ਪ੍ਰਾਪਤ ਸੂਚਨਾ ਤਕਨੀਕੀ ਕਿਰਤੀਆਂ ਨੂੰ ਖਿੱਚਿਆ ਜਾ ਸਕੇ ਅਤੇ ਅਮਰੀਕੀ ਫੇਡਰਲ ਰਿਜ਼ਰਵ ਦੇ ਚੇਅਰਮੈਨ, ਐਲਾਨ ਗਰੀਨਸਪੈਨ ਤਾਂ ਵਿਕਾਸ ਦਰ ਵਧਾਉਣ ਦੇ ਲਈ ਪਰਵਾਸ ਨੂੰ ਉਤਸ਼ਾਹਿਤ ਕਰਨ ਲਈ ਵਾਰ-ਵਾਰ ਜ਼ੋਰ ਦਿੰਦੇ ਹਨ।

ਜੁਲਾਈ 2000 ਵਿੱਚ ਯੂਰਪੀਅਨ ਯੂਨੀਅਨ ਦੇ ਗ੍ਰਿਹ (Interior) ਮੰਤਰੀਆਂ ਦੀ ਇਕ ਮੀਟਿੰਗ ਵਿੱਚ ਜੀਨ-ਪੇਰੇ-ਚੇਵਨੇਟ ਨੇ ਕਿਹਾ ਕਿ ਯੂਰਪੀ ਯੂਨੀਅਨ ਨੂੰ 2050 ਤੱਕ ਖਾਲੀ ਅਸਾਮੀਆਂ ਭਰਨ ਲਈ ਪੰਜ ਤੋਂ ਲੈ ਕੇ ਸਾਢੇ ਸੱਤ ਕਰੋੜ ਤੱਕ ਪਰਵਾਸੀਆਂ ਨੂੰ ਦਾਖਲਾ ਦੇਣਾ ਪਵੇਗਾ। 22 ਅਕਤੂਬਰ 2000 ਨੂੰ ਯੂਰਪੀ ਯੂਨੀਅਨ ਨੇ ਪਰਵਾਸ 'ਤੇ ਇਕ ਬਹਿਸ ਦੀ ਸ਼ੁਰੂਆਤ ਕੀਤੀ ਤਾਂ ਕਿ ਪਰਵਾਸ 'ਤੇ ਇਕ ਸਾਂਝੀ ਨੀਤੀ ਬਣਾਈ ਜਾ ਸਕੇ।

ਸੰਯੁਕਤ ਰਾਸ਼ਟਰ ਦੀ ਜਨਸੰਖਿਆ ਡਿਵੀਜਨ ਦੀ ਇਕ ਰਿਪੋਰਟ ਅਨੁਸਾਰ ਜਨਮ ਦਰ ਘੱਟ ਹੋਣ ਅਤੇ ਉਮਰ ਦਰ (Life expectency) ਵਧਣ ਦੇ ਕਾਰਨ 2000 ਤੋਂ 2050 ਦੇ ਵਿੱਚ ਯੂਰਪ ਦੀ ਅਬਾਦੀ 13% ਤੱਕ ਘਟ ਜਾਵੇਗੀ।

ਹੁਣ ਅਤੇ 2050 ਦੇ ਵਿੱਚ ਜਨਮ-ਮੌਤ ਦੀ ਵਰਤਮਾਨ ਦਰ 'ਤੇ ਜਰਮਨੀ ਨੂੰ ਸਲਾਨਾ 487, 000 ਪਰਵਾਸੀਆਂ ਦੀ ਦਰਾਮਦ ਕਰਨੀ ਪਵੇਗੀ। ਫਰਾਂਸ ਨੂੰ 109, 000 ਅਤੇ ਪੂਰੇ ਯੂਰਪੀ ਯੂਨੀਅਨ ਨੂੰ 16 ਲੱਖ ਸਲਾਨਾ। ਪੂੰਜੀਵਾਦੀ/ਸਾਮਰਾਜਵਾਦੀ ਦੇਸ਼ਾਂ ਵਿੱਚ ਪਰਵਾਸ ਜਿੱਥੇ ਇਨ੍ਹਾਂ ਦੇਸ਼ਾਂ ਦੇ ਪੂੰਜੀਪਤੀਆਂ ਲਈ ਸਸਤੀ ਕਿਰਤ ਸ਼ਕਤੀ ਦਾ ਇੱਕ ਵੱਡਾ ਜ਼ਰੀਆ ਹੈ ਉਥੇ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਦੇ ਹੱਥਾਂ ਵਿੱਚ ਮਜ਼ਦੂਰਾਂ ਨੂੰ ਆਪਸ ਵਿੱਚ ਵੰਡਣ-ਲੜਾਉਣ ਦਾ ਇੱਕ ਹਥਿਆਰ ਵੀ ਹੈ। ਖਾਸ ਤੌਰ 'ਤੇ ਮੰਦੀ ਦੇ ਸਮੇਂ, ਵਧਦੇ ਲੋਕ-ਰੋਹ ਤੋਂ ਬਚਣ ਲਈ, ਮਜ਼ਦੂਰਾਂ ਦਾ ਧਿਆਨ ਅਸਲ ਮੁਜ਼ਰਿਮ, ਸਾਰੀਆਂ ਮੁਸੀਬਤਾਂ ਦੀ ਜੜ੍ਹ ਇਸ ਪੂੰਜੀਵਾਦੀ ਸਮਾਜਿਕ-ਆਰਥਿਕ ਢਾਂਚੇ ਤੋਂ ਹਟਾਉਣ ਲਈ, ਇਨ੍ਹਾਂ ਦੇਸ਼ਾਂ ਦੇ ਹਾਕਮ ਪਰਵਾਸੀਆਂ ਨੂੰ ਹੀ ਸਾਰੀਆਂ ਮੁਸੀਬਤਾਂ ਦੀ ਜੜ੍ਹ ਦੱਸਕੇ, ਸਥਾਨਕ ਮਜ਼ਦੂਰਾਂ ਵਿੱਚ ਪਰਵਾਸੀਆਂ ਵਿਰੋਧੀ ਭਾਵਨਾਵਾਂ, ਨਸਲਵਾਦ ਨੂੰ ਹਵਾ ਦਿੰਦੇ ਹਨ। ਲਗਭਗ ਸਾਰੇ ਸਾਮਰਾਜਵਾਦੀ ਦੇਸ਼ਾਂ ਵਿੱਚ ਅਜਿਹੀਆਂ ਪਾਰਟੀਆਂ ਹਨ ਜੋ ਖੁੱਲ੍ਹੇਆਮ ਪਰਵਾਸੀਆਂ ਵਿਰੋਧੀ ਭਾਵਨਾਵਾਂ ਨੂੰ ਹਵਾ ਦਿੰਦੀਆਂ ਹਨ। ਫਰਾਂਸ ਵਿੱਚ ਨਿਕੋਲਸ ਸਾਰਕੋਜੀ ਦੀ 'ਯੂਨੀਅਨ ਫਾਰ ਦਾ ਪਾਪੂਲਰ ਮੂਵਮੈਂਟ' ਇਟਲੀ ਵਿੱਚ ਉਮਬਰਟੋ ਬੋਸੀ ਦੀ 'ਉਤਰੀ ਲੀਗ', ਆਸਟਰੀਆ ਵਿੱਚ ਜੋਰਗ ਹੈਦਰ ਦੀ 'ਫਰੀਡਮ ਪਾਰਟੀ', ਨੀਦਰਲੈਂਡ ਵਿੱਚ ਪਿਮ ਫਾਰਟੂਇਨ ਦੀ 'ਫਾਰਟੂਇਨ ਲਿਸਟ' ਬੈਲਜੀਅਮ ਵਿੱਚ ਫਿਲਿਪ ਡੇ ਵਿੰਟਰ ਦੀ 'ਵਲਾਮ ਬਲਾਕ', ਡੈਨਮਾਰਕ ਵਿੱਚ ਪਿਆ ਜਏਰਸਗਾਰਦ ਦੀ 'ਪੀਪਲਜ਼ ਪਾਰਟੀ', ਨਾਰਵੇ ਵਿੱਚ ਕਾਰਲ ਹੇਗਨ ਦੀ 'ਪਰੋਗਰੈਸ ਪਾਰਟੀ' ਅਤੇ ਇੰਗਲੈਂਡ ਵਿੱਚ ਨਿਕ ਗਿਫਨ ਦੀ 'ਬ੍ਰਿਟਿਸ਼ ਨੈਸ਼ਨਲ ਪਾਰਟੀ' ਆਦਿ ਬਹੁਤੀਆਂ ਹੋਰ ਅਜਿਹੀਆਂ ਪਾਰਟੀਆਂ ਵਿੱਚੋਂ ਕੁੱਝ ਇੱਕ ਅਜਿਹੇ ਨਾਮ ਹਨ।

ਇਹਨਾਂ ਦੇਸ਼ਾਂ ਦੀਆਂ ਚੋਣਾਂ ਵਿੱਚ ਹਰ ਵਾਰ ਇਨ੍ਹਾਂ ਦੇਸ਼ਾਂ ਵਿੱਚ ਹੋਣ ਵਾਲਾ ਪਰਵਾਸ ਇੱਕ ਅਹਿਮ ਮੁੱਦਾ ਹੁੰਦਾ ਹੈ। ਇਹ ਸੱਜੇਪੱਖੀ ਪਾਰਟੀਆਂ ਪਰਵਾਸੀਆਂ ਵਿਰੋਧੀ ਭਾਵਨਾਵਾਂ ਨੂੰ ਭੜਕਾ ਕੇ ਹੀ ਸੱਤ੍ਹਾ ਦੀ ਕੁਰਸੀ ਤੱਕ ਪਹੁੰਚਦੀਆਂ ਹਨ। ਫਰਾਂਸ ਵਿੱਚ ਹਾਲ ਹੀ ਵਿੱਚ ਹੋਈਆਂ ਚੋਣਾਂ ਵਿੱਚ ਨਿਕੋਲਸ ਸਾਰਕੋਜੀ ਨੇ ਸੱਤ੍ਹਾ ਤੱਕ ਪਹੁੰਚਣ ਲਈ ਇਹੋ ਹੱਥ ਕੰਡਾ ਅਪਣਾਇਆ ਹੈ।

ਇਨ੍ਹਾਂ ਸਾਮਰਾਜਵਾਦੀ ਦੇਸ਼ਾਂ ਦੀਆਂ ਸਰਕਾਰਾਂ ਸਮੇਂ-ਸਮੇਂ 'ਤੇ ਪਰਵਾਸ ਵਿਰੋਧੀ ਕਾਨੂੰਨ ਬਣਾਉਦੀਆਂ ਰਹਿੰਦੀਆਂ ਹਨ। ਭਾਵੇਂ ਅਜਿਹੇ ਕਾਨੂੰਨ ਕਦੇ ਵੀ ਪਰਵਾਸ ਨੂੰ ਰੋਕਣ ਵਿੱਚ ਕਾਮਯਾਬ ਨਹੀਂ ਹੁੰਦੇ ਬਸ, ਹਾਕਮ ਜਮਾਤ ਦੇ ਹੱਥਾਂ ਵਿੱਚ ਮਜ਼ਦੂਰਾਂ ਨੂੰ ਆਪਸ ਵਿੱਚ ਵੰਡਣ ਲਈ ਇੱਕ ਹਥਿਆਰ ਦੇ ਤੌਰ 'ਤੇ ਜ਼ਰੂਰ ਇਸਤੇਮਾਲ ਕੀਤੇ ਜਾਂਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਕਦਮ-ਕਦਮ 'ਤੇ ਪਰਵਾਸੀ ਮਜ਼ਦੂਰਾਂ ਨੂੰ ਨਸਲੀ ਨਫਰਤ ਦਾ ਸਾਹਮਣਾ ਕਰਨਾ ਪੈਂਦਾ ਹੈ।

**ਇਤਿਹਾਸਿਕ ਤੌਰ 'ਤੇ ਮਜ਼ਦੂਰਾਂ ਦਾ ਪਰਵਾਸ**

**ਇੱਕ ਪ੍ਰਗਤੀਸ਼ੀਲ ਕਦਮ ਹੈ**

ਮਜ਼ਦੂਰਾਂ ਦਾ ਪਰਵਾਸ ਵੱਖ-ਵੱਖ ਕੌਮੀਅਤਾਂ, ਭਾਸ਼ਾਵਾਂ, ਸੱਭਿਆਚਾਰ ਦੇ ਮਜ਼ਦੂਰਾਂ ਨੂੰ ਇੱਕ ਥਾਂ ਇਕੱਠੇ ਕਰਦਾ ਹੈ। ਉਹਨਾਂ ਵਿੱਚ ਭਾਸ਼ਾ, ਸੱਭਿਆਚਾਰ, ਕੌਮ ਦੀਆਂ ਵੰਡੀਆਂ ਨੂੰ ਤੋੜਕੇ ਉਹਨਾਂ ਨੂੰ ਜਮਾਤੀ ਅਧਾਰ 'ਤੇ ਇੱਕ ਹੀ ਸਾਂਝੇ ਸੂਤਰ ਵਿੱਚ ਪਰੋ ਦਿੰਦਾ ਹੈ। ਫਰਾਂਸ ਦੀ ਰਾਜਧਾਨੀ ਪੈਰਿਸ ਦੇ ਟਰੇਪਸ ਇਲਾਕੇ ਦੀ ਉਦਾਹਰਨ ਲਈਏ ਜਿੱਥੇ ਕਿ 70 ਕੌਮਾਂ ਦੇ ਮਜ਼ਦੂਰ ਇਕੋ ਜਿਹੀਆਂ ਹੀ ਜੀਵਨ ਹਾਲਤਾਂ ਵਿੱਚ ਰਹਿੰਦੇ ਹਨ।

ਇਹ ਪਛੜੇ ਇਲਾਕਿਆਂ, ਦੇਸ਼ਾਂ ਦੇ ਮਜ਼ਦੂਰਾਂ ਨੂੰ ਉਨਤ ਉਤਪਾਦਕ ਸ਼ਕਤੀਆਂ, ਉਨਤ ਸੱਭਿਅਤਾ, ਸੱਭਿਆਚਾਰ ਦੇ ਸੰਪਰਕ ਵਿੱਚ ਲਿਆਕੇ ਉਹਨਾਂ ਦੀ ਚੇਤਨਾ ਦੀ ਧਾਰ ਨੂੰ ਤਿੱਖਾ ਕਰਦਾ ਹੈ।

ਇਹ ਮਜ਼ਦੂਰਾਂ ਵਿੱਚ ਸੰਸਾਰ ਵਿਆਪੀ ਏਕਤਾ ਦਾ ਅਧਾਰ ਤਿਆਰ ਕਰਦਾ ਹੈ। ਮਜ਼ਦੂਰਾਂ ਦਾ ਪਰਵਾਸ ਉਹ ਜ਼ਮੀਨ ਤਿਆਰ ਕਰਦਾ ਹੈ ਜਿੱਥੇ 'ਦੁਨੀਆਂ ਭਰ ਦੇ ਮਜ਼ਦੂਰੋ ਇੱਕ ਹੋ ਜਾਓ' ਦੇ ਨਾਹਰੇ ਨੂੰ ਅਮਲ ਵਿੱਚ ਉਤਾਰਿਆ ਜਾ ਸਕਦਾ ਹੈ।

ਜਦੋਂ ਮਜ਼ਦੂਰ ਲਹਿਰ ਕਮਜ਼ੋਰ ਹੁੰਦੀ ਹੈ 'ਤੇ ਹਾਕਮ ਜਮਾਤਾਂ ਮਜ਼ਦੂਰਾਂ ਨੂੰ ਭਾਸ਼ਾ, ਜਾਤ-ਧਰਮ, ਸੱਭਿਆਚਾਰ ਆਦਿ ਦੇ ਅਧਾਰ 'ਤੇ ਵੰਡਣ ਵਿੱਚ ਸਫਲ ਰਹਿੰਦੀਆਂ ਹਨ। ਜਿਵੇਂ ਕਿ ਅੱਜ ਦੇ ਸਮੇਂ ਵਿੱਚ ਹੋ ਰਿਹਾ ਹੈ। ਪਰ ਪੂੰਜੀਵਾਦ ਆਪਣੇ ਹੀ ਤਰਕ ਨਾਲ ਆਪਣੀਆਂ ਹੀ ਜ਼ਰੂਰਤਾਂ ਨਾਲ ਦੁਨੀਆਂ ਭਰ ਦੇ ਮਜ਼ਦੂਰਾਂ ਨੂੰ ਇੱਕ ਜੁੱਟ ਵੀ ਕਰ ਰਿਹਾ ਹੈ। ਇਹ ਆਪਣੀ ਕਬਰ ਪੁੱਟਣ ਵਾਲਿਆਂ ਨੂੰ ਪੈਦਾ ਕਰਦਾ ਹੈ ਅਤੇ ਉਹਨਾਂ ਨੂੰ ਭਾਸ਼ਾ, ਨਸਲ, ਕੌਮੀਅਤ ਦੇ ਕਿਸੇ ਭੇਦਭਾਵ ਦੇ ਬਗੈਰ ਇਕੋ ਜਿਹੀਆਂ ਹੀ ਜੀਵਨ ਹਾਲਤਾਂ ਵਿੱਚ ਧੱਕਦਾ ਹੈ।

ਸੰਸਾਰ ਪੂੰਜੀਵਾਦ ਦੇ ਕੇਂਦਰਾਂ 'ਤੇ ਇੱਕਠੇ ਹੋ ਰਹੇ ਇਹ ਆਧੁਨਿਕ ਸਮੇਂ ਦੇ ਉਜ਼ਰਤੀ ਗੁਲਾਮ ਇਕ ਦਿਨ ਜ਼ਰੂਰ ਆਪਣੀ ਏਕਤਾ ਦਾ ਅਸਲ ਅਧਾਰ ਪਹਿਚਾਣਗੇ ਅਤੇ ਪੂੰਜੀਵਾਦ ਨੂੰ ਉਸਦੀ ਕਬਰ ਵਿੱਚ ਪਹੁੰਚਾ ਦੇਣਗੇ। ਅੱਜ ਖੁਦ ਪੂੰਜੀਵਾਦ ਨੇ ਹੀ ਇਸਦੀ ਪਹਿਲਾਂ ਕਿਸੇ ਵੀ ਸਮੇਂ ਨਾਲ਼ੋਂ ਵਧੇਰੇ ਪੁਖਤਾ ਜ਼ਮੀਨ ਤਿਆਰ ਕੀਤੀ ਹੈ।

(ਨੋਟ ਇਸ ਲੇਖ ਵਿੱਚ ਦਿੱਤੇ ਜਿਆਦਾਤਰ ਤੱਥ ਹਰਪਾਲ ਬਰਾੜ ਦੇ ਲੇਖ, 'ਪੂੰਜੀਵਾਦ ਅਤੇ ਪ੍ਰਵਾਸ' ਵਿੱਚੋਂ ਲਏ ਗਏ ਹਨ)

# ਸੂ. ਸੁਖਬੀਰ ਸਿੰਘ ਦੀਆਂ, ਬੰਬਾਂ ਵਾਲੀਆਂ ਸੜਕਾਂ ਦਾ ਸੱਚ ਤੇ ਕੱਚ

## ਡਾ. ਧਰਮਵੀਰ ਗਾਂਧੀ, ਐਮ ਪੀ ਪਟਿਆਲਾ, ਬੋਲੇ ਪਾਰਲੀਮੈਂਟ ਵਿੱਚ ; ਨਾਨੀ ਖਸਮ ਕਰੇ, ਦੋਹਤਾ ਚੱਟੀ ਭਰੇ

ਜਦ ਦੋ ਕੁ ਸਾਲ ਪਹਿਲਾਂ ਸੁਖਬੀਰ ਬਾਦਲ ਨੇ ਪੰਜਾਬ ਅੰਦਰ ਬੰਬਾਂ ਵਾਲੀਆਂ ਸੜਕਾਂ ਬਣਾਉਣ ਦਾ ਬਿਆਨ ਦਿੱਤਾ, ਤਾਂ ਵਿਰੋਧੀਆਂ ਨੇ ਬਿਨ੍ਹਾਂ ਕੁੱਝ ਸੋਚੇ ਵਿਚਾਰੇ ਸੁਖਬੀਰ ਦੇ ਬਿਆਨ ਦਾ ਖੂਬ ਮੌਜੂ ਉਡਾਇਆ। ਕਈਆ ਨੇ ਤਾਂ ਸ੍ਰ. ਸੁਖਬੀਰ ਸਿੰਘ ਦੇ ਇਸ ਬਿਆਨ ਨੂੰ ਇਕ ਜੱਭਲੀ ਅਤੇ ਖਾਧੀ ਪੀਤੀ ਵਿੱਚ ਛੱਡੀ ਇਕ ਗੱਪ ਬਣਾ ਕੇ ਪੇਸ਼ ਕਰ ਦਿੱਤਾ। ਪਰ ਸਾਨੂੰ ਸ੍ਰ. ਸੁਖਬੀਰ ਸਿੰਘ ਦੇ ਇਸ ਬਿਆਨ ਤੇ ਉਸੇ ਦਿਨ ਤੋਂ ਅੱਚਵੀ ਲੱਗੀ ਹੋਈ ਸੀ ਤੇ ਅਸੀਂ ਇਸ 'ਤੇ ਲਗਾਤਾਰ ਸੋਚ ਵਿਚਾਰ ਕਰਦੇ ਤੇ ਖਹੁਜਲਦੇ ਰਹੇ।

ਜਦ ਚੰਡੀਗੜ੍ਹ ਤੋਂ ਬਠਿੰਡਾ ਸੜਕ ਬਣਨ ਲੱਗੀ ਤਾਂ ਸਾਡੇ ਮਨ ਦਾ ਸ਼ੱਕ ਯਕੀਨ ਵਿੱਚ ਬਦਲਣਾ ਸ਼ੁਰੂ ਹੋ ਗਿਆ। ਕਈ ਤਰ੍ਹਾਂ ਦੇ ਸਵਾਲ ਮਨ ਵਿੱਚ ਉੱਠਣ ਲੱਗੇ।

ਜ਼ੀਰਕਪੁਰ ਤੋਂ ਧਨੌਲੇ ਤੱਕ ਸੜਕ ਦਾ ਇਕ ਪਾਸਾ ਸੀਮਿੰਟ, ਰੇਤਾ, ਬੱਜਰੀ ਅਤੇ ਸਰੀਆ ਪਾਕੇ ਇੱਕ ਇੱਕ ਫੁੱਟ ਮੋਟੀ ਸੜਕ ਕਿਸੇ ਤਗੜੇ ਪੁੱਲ ਦੇ ਲੈਂਟਰ ਵਰਗੀ ਆਰ. ਸੀ. ਸੀ. ਸਟਰੱਕਚਰ ਦਾ ਬਣਨ ਲੱਗਿਆ ਅਤੇ ਦੂਜੀ ਸਾਈਡ ਲੁੱਕ ਤੇ ਬੱਜਰੀ ਦੀ ਆਮ ਸੜਕਾਂ ਵਰਗੀ ਬਣਾਈ ਜਾਣ ਲੱਗੀ। ਧਨੌਲੇ ਤੋਂ ਅੱਗੇ ਬਠਿੰਡਾ ਕੈਂਟ ਤੱਕ ਦੋਵੇਂ ਪਾਸੇ ਸੀਮਿੰਟ, ਰੇਤਾ, ਬੱਜਰੀ ਅਤੇ ਸਰੀਏ ਵਾਲੀ ਆਰ.ਸੀ.ਸੀ. ਸਟਰੱਕਚਰ ਦੀ ਬਣਾਈ ਗਈ ਹੈ। ਇਸ ਗੱਲ ਨਾਲ ਸਾਡੇ ਮਨ ਵਿੱਚ ਪਹਿਲਾ ਸ਼ੱਕ ਇਹ ਉੱਠਿਆ ਕਿ ਜ਼ੀਰਕਪੁਰ ਤੋਂ ਧਨੌਲੇ ਤੱਕ ਸੜਕ ਦਾ ਇੱਕ ਪਾਸਾ ਸੀਮਿੰਟ, ਬੱਜਰੀ, ਤੇ ਸਰੀਏ ਵਾਲਾ ਕਿਉਂ ਬਣਾਇਆ ਗਿਆ ਹੈ ਤੇ ਦੂਜਾ ਪਾਸਾ ਸਾਧਾਰਨ ਲੁੱਕ ਬਜਰੀ ਨਾਲ ਕਿਉਂ ਬਣਾਇਆ ਜਾ ਰਿਹਾ ਹੈ।

ਮੌਕੇ 'ਤੇ ਕੰਮ ਕਰਨ ਵਾਲੇ ਇੰਜੀਨੀਅਰਾਂ ਤੋਂ ਸੜਕ ਦਾ ਇਕ ਪਾਸਾ ਕੰਕਰੀਟ ਤੇ ਦੂਜਾ ਪਾਸਾ ਸਾਧਾਰਨ ਲੁੱਕ ਬਜਰੀ ਵਾਲਾ ਬਣਾਉਣ ਦਾ ਰਾਜ਼ ਪੁੱਛਿਆ ਤਾਂ ਸਭ ਨੇ ਤਸੱਲੀਬਖਸ਼ ਜੁਆਬ ਦੇਣ ਦੀ ਥਾਂ ਟਾਲਾ ਵੱਟਣ ਵਿੱਚ ਹੀ ਬਿਹਤਰੀ ਸਮਝੀ। ਇਹ ਵੀ ਪੁੱਛਿਆ ਕਿ ਜੇ ਸੁਆਲ ਪੁਖਤਾਈ ਤੇ ਹੰਡਣਸਾਰਿਤਾ ਦਾ ਹੈ, ਤਾਂ ਦੋਵੇਂ ਪਾਸੇ ਕੰਕਰੀਟ ਦੇ ਕਿਉਂ ਨਹੀਂ ਅਤੇ ਜੇ ਸੁਆਲ ਕਿਫਾਇਤੀ ਤੇ ਘੱਟ ਖ਼ਰਚੀਲੇਪਣ ਦਾ ਹੈ ਤਾਂ ਫਿਰ ਦੋਵੇਂ ਪਾਸੇ ਲੁਕ ਬਜਰੀ ਸੜਕਾਂ ਕਿਉਂ ਨਹੀਂ ਬਣਾਈਆਂ ਜਾ ਰਹੀਆਂ ? ਬਾਰ ਬਾਰ ਪੁੱਛਣ ਤੇ ਵੀ ਕੋਈ ਜੁਆਬ ਨਾ ਮਿਲਣ ਤੇ ਅਸੀਂ ਇਸ ਗੁੰਝਲ਼ ਨੂੰ ਹੱਲ ਕਰਨ ਲਈ ਯਤਨਸ਼ੀਲ ਰਹੇ ਅਤੇ ਚੰਡੀਗੜ੍ਹ ਬਠਿੰਡਾ ਤੇ ਬਠਿੰਡਾ ਅੰਮ੍ਰਿਤਸਰ ਬਣ ਰਹੀਆਂ ਸੜਕਾਂ ਦਾ ਇਕ ਵਾਰ ਫੇਰ ਘੋਖਵਾਂ ਦੌਰਾ ਕੀਤਾ।

ਬਠਿੰਡੇ ਤੋਂ ਧਨੌਲੇ ਦੇ ਮੁਕਾਬਲੇ ਸੰਗਰੂਰ ਤੋਂ ਚੰਡੀਗੜ੍ਹ ਰੂਟ ਤੇ ਕਿਤੇ ਵਧੇਰੇ ਟ੍ਰੈਫਿਕ ਹੈ ਫਿਰ ਬਠਿੰਡੇ ਤੋਂ ਧਨੌਲੇ ਤੱਕ ਦੋਵੇਂ ਪਾਸੇ ਸੀਮਿੰਟ, ਬੱਜਰੀ, ਤੇ ਸਰੀਏ ਵਾਲੀ ਸੜਕ ਕਿਉਂ, ਜਦ ਕਿ ਚਾਹੀਦਾ ਇਸ ਤੋਂ ਉਲਟ ਸੀ।

ਇਸ ਨੇ ਸਾਡੇ ਮਨ ਵਿੱਚ ਇਹ ਸ਼ੱਕ ਪੱਕਾ ਕਰ ਦਿੱਤਾ ਹੈ ਕਿ ਇਹ ਸੜਕਾਂ ਸੱਚੀਓਂ ਹੀ ਬੰਬਾਂ ਵਾਲੀਆਂ ਬਣਾਈਆਂ ਹਨ, ਯਾਨੀ ਜੰਗੀ ਯੁੱਧ ਨੀਤੀ ਨੂੰ ਧਿਆਨ ਵਿੱਚ ਰੱਖਕੇ ਦੇਸ਼ ਦੀਆਂ ਸੁਰੱਖਿਆ ਲੋੜਾਂ ਲਈ ਬਣਾਈਆਂ ਗਈਆਂ ਹਨ ਤਾਂ ਕਿ ਜੰਗ ਸਮੇਂ ਲੋੜ ਪੈਣ ਤੇ ਇਹਨਾਂ ਸੜਕਾਂ ਨੂੰ ਸਿਵਲੀਅਨ ਟ੍ਰੈਫਿਕ ਬੰਦ ਕਰਕੇ ਜੰਗੀ ਜਹਾਜ਼ ਉਤਾਰਣ ਅਤੇ ਚੜ੍ਹਾਉਣ ਲਈ ਹਵਾਈ ਪੱਟੀਆਂ ਵਜੋਂ ਵਰਤਿਆ ਜਾ ਸਕੇ।

ਸਾਡਾ ਇਹ ਸ਼ੱਕ ਆਗਰਾ ਕੋਲ ਅਜਿਹੀ ਹੀ ਇੱਕ ਸੜਕ ਤੇ ਜੰਗੀ ਜਹਾਜ਼ ਉਤਾਰਨ ਦੇ ਕੀਤੇ ਗਏ ਸਫਲ ਤਜਰਬੇ ਤੋਂ ਬਾਅਦ ਹੋਰ ਯਕੀਨ ਵਿੱਚ ਬਦਲ ਗਿਆ ਹੈ। ਪੰਜਾਬ ਸਰਹੱਦੀ ਸੂਬਾ ਹੋਣ ਕਾਰਨ ਬਠਿੰਡਾ ਤੋਂ ਅਮ੍ਰਿਤਸਰ ਸਮੇਤ ਹੋਰ ਵੀ ਕਈ ਸੜਕਾਂ ਇਸੇ ਪੈਟਰਨ ਤੇ ਬਣਾਈਆਂ ਗਈਆਂ ਹਨ। ਦੇਸ਼ ਦੀ ਸੁਰੱਖਿਆ ਦਾ ਹੱਕ ਕੇਂਦਰ ਸਰਕਾਰ ਕੋਲ ਹੈ ਅਤੇ ਇਹ ਉਸਦਾ ਹੱਕ ਹੈ, ਪਰ ਟੋਲ ਪਲਾਜਿਆਂ ਦੇ ਰੂਪ ਵਿੱਚ ਇਸ ਜੰਗੀ ਢਾਂਚੇ ਦਾ ਸਾਰਾ ਖਰਚਾ ਪੰਜਾਬ ਦੇ ਲੋਕਾਂ ਦੇ ਸਿਰ ਮੜਨਾ ਸਿਰਫ਼ ਬੇਇਨਸਾਫੀ, ਧੱਕਾ ਤੇ ਅੰਨੀ ਲੁੱਟ ਹੀ ਨਹੀਂ ਸਗੋਂ ਗੈਰ ਸੰਵਿਧਾਨਕ ਵੀ ਹੈ।



ਭਾਰਤ ਦੇ ਸੰਵਿਧਾਨ ਅਨੁਸਾਰ ਦੇਸ਼ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ ਕੇਂਦਰ ਸਰਕਾਰ ਦੀ ਜੁੰਮੇਵਾਰੀ ਹੈ ਤੇ ਕੇਂਦਰ ਨੂੰ ਇਹ ਜ਼ੁੰਮੇਵਾਰੀ ਆਪਣੇ ਆਰਥਿਕ ਸਾਧਨਾਂ ਨਾਲ ਨਿਭਾਉਣੀ ਹੁੰਦੀ ਹੈ। ਕਿਸੇ ਰਾਜ ਦੇ ਲੋਕਾਂ ਤੇ ਇਸ ਕੰਮ ਦਾ ਭਾਰ ਲੱਦਣਾ ਕਿਸੇ ਤਰ੍ਹਾਂ ਜਿਉਂ 'ਤੇ ਤਰਕ ਸੰਗਤ ਨਹੀਂ ਹੈ।

ਹੁਣ ਇਹਨਾਂ ਟੋਲ ਪਲਾਜਿਆਂ ਰਾਹੀਂ ਪੰਜਾਬ ਦੇ ਲੋਕਾਂ ਦੀਆਂ ਜੇਬਾਂ ਵਿੱਚੋਂ ਆਉਣ ਵਾਲੇ ਦਸ ਕੁ ਸਾਲਾਂ ਵਿੱਚ ਲਗਭਗ ਦਸ-ਪੰਦਰਾਂ ਲੱਖ ਕਰੋੜ ਰੁਪਏ (15,000000000000 ਰੁਪਏ) ਲੁੱਟ ਲਏ ਜਾਣਗੇ। ਸੁਰੱਖਿਆ ਪੂਰੇ ਦੇਸ਼ ਦੀ, ਪਰ ਖਰਚਾ ਚੁੱਕੇਗਾ ਇਕੱਲਾ ਪੰਜਾਬ। ਇਸੇ ਨੂੰ ਕਹਿੰਦੇ ਨੇ ਨਾਨੀ ਖਸਮ ਕਰੇਤੇ ਦੋਹਤਾ ਚੱਟੀ ਭਰੇ।

ਚੇਤੇ ਰਹੇ, ਪਹਿਲਾਂ ਵੀ ਜਦ ਪੰਜਾਬ ਵਿੱਚ ਗੜਬੜ ਦੌਰਾਨ ਫੌਜ ਅਤੇ ਸੁਰੱਖਿਆ ਦਸਤੇ ਲਗਾਏ ਗਏ ਸਨ ਤਾਂ ਖਰਚਾ ਪੰਜਾਬ ਤੋਂ ਵਸੂਲਿਆ ਗਿਆ ਸੀ ਜਦ ਕਿ ਗੜਬੜ ਵਾਲੇ ਹੋਰ ਕਿਸੇ ਸੂਬੇ ਤੋਂ ਕੋਈ ਖਰਚਾ ਨਹੀਂ ਲਿਆ ਜਾਂਦਾ, ਸਗੋਂ ਸਾਰਾ ਖਰਚਾ ਕੇਂਦਰ ਸਰਕਾਰ ਕਰਦੀ ਹੈ। ਕੀ ਇਹ ਪੰਜਾਬ ਦੇ ਲੋਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਨਹੀਂ।


# Think tank mourns the loss of feminist activist Kate McInturff

OTTAWA—The Canadian Centre for Policy Alternatives (CCPA) mourns the devastating loss of feminist researcher and scholar, Kate McInturff. CCPA staff, board and partners remember Kate as a feminist trailblazer in public policy and gender-based research.

"Funny. Fearless. Unapologetically feminist. Kate was a bright light in the world, and a tireless activist. She dedicated her career to fighting inequality and to making the world a more compassionate place," said Peter Bleyer, CCPA's Executive Director.

"Our hearts go out to her family. Kate's colleagues, collaborators, and countless organizations across Canada are stronger because of her research, advocacy, friendship and conviction."

To honour Kate's legacy and carry on the important work of fighting gender-based inequalities, the Canadian Centre for Policy Alternatives is establishing a fellowship in her name. The Centre is committed to promoting the solutions that will ultimately realize social and economic justice.



For more information or interviews contact Alyssa O'Dell, CCPA Media and Public Relations: 613-563-1341 x307, alyssa@policyalternatives.ca or cell 343-998-7575.

**About Kate McInturff's work with the CCPA**

Kate's work in the areas of women's rights, pay equity, feminist economics and government accountability, among others, was always timely, informative and often very funny. She was able to expertly shift from relatable media pundit to feminist compatriot to policy advocate—passionately testifying to decision-makers about the economic policies that would lift women out of low incomes, narrow the wage gap and address gender-based violence.

Kate's annual report, "The Best and Worst Places to be a Woman in Canada," has received broad media coverage in national and local news for four years running, with hundreds of media stories covering the report's ranking of gender equality across Canada's largest cities. The report serves as an important reminder that progress on gender equality may be slow—painfully slow at times—but it is absolutely within reach.

# Health Coalition Readies for Major Fight Ahead as Arch Health Care Privateer Appointed to Head Doug Ford's Fiscal Review

Toronto – Not only does he have an abysmal record on financial matters, but former B.C. Premier Gordon Campbell, whom Doug Ford just appointed to lead the fiscal inquiry in Ontario, is perhaps the biggest enemy of public health care in Canada. B.C. is now Canada's ground zero for health care privatization and user fees charged to patients, mainly as a result of Gordon Campbell's policies while in power.

The Ontario Health Coalition is raising the strongest possible objection to Premier Ford's appointment of Mr. Campbell. The Coalition has called for a mass rally to demand improvements to public health care services, no cuts and no privatization on October 23.

"Things just got very serious very quickly," said Natalie Mehra, executive director of the Ontario Health Coalition. "We are warning Doug Ford that if he tries to do here what Gordon Campbell did to public health care in British Columbia, he will have a fight on his hands the like of which he has never seen."

It must be noted that Gordon Campbell wiped out a $1.5 billion surplus he inherited when he took government, then went on to post the largest deficits in the B.C.'s history to that time, and he added $20 billion to the province's debt. He has been lauded by the extreme right-wing Fraser Institute which has received funding from U.S. private interests and has relentlessly advocated to bring down public health care and other social programs in Canada.

Gordon Campbell's record is among the very worst in the history of Canadian public health care:

Attempts to improve health care under the public system were undermined as Mr. Campbell completely ignored the advice and recommendations of public health care advocates and opted instead to cut and privatize. The number and scope of private clinics mushroomed under Mr. Campbell's tenure as he cut and closed local public hospitals. For years, his government turned a blind eye to private clinics charging user fees to patients for medically necessary services, including double-billing (billing B.C.'s public OHIP plan and billing patients too for the same procedures). These direct charges to patients are an outright violation of the Canada Health Act that bans extra charges to patients for needed medical care, and if double-billing is not criminally illegal it ought to be.

Just recently, at the beginning of July, Mr. Campbell issued an affidavit as ex-Premier supporting private for-profit clinics in their fight to extra-bill patients in B.C.. Mr. Campbell's affidavit supports the private clinics' attempt to get an injunction in court to stop the current government from imposing a regulation clamping down on the extra user charges they are billing to patients. Despite the obvious hardship caused to patients by thousands – or even tens of thousands -- of dollars in user fees being charged for needed health care, Mr. Campbell makes the outrageously false claim that the private clinics he supports do not damage Medicare. B.C. patients now face the most user fees for MRIs, diagnostic tests and surgeries in their private clinics of anywhere in Canada. They are charged hundreds to thousands of dollars for needed MRIs, and thousands to tens of thousands of dollars for needed surgeries.

Mr. Campbell's government brought private health care interests and other corporate interests in to take power over Regional Health Authorities. Then he brought in legislation to allow the contracting out of public hospital services. During his tenure there was mass privatization of hospital support and clinical services. Vital cleaning services were privatized along with food and other patient support services. As a result of privatization and the poor practices of the for-profit cleaning companies hospital infection outbreaks increased.

Mr. Campbell cut taxes for the rich and for corporations, who called it "Christmas in July" and then undertook to pay for it by a massive campaign of cutting rural hospitals, closing schools, and decimating services including everything from the B.C. ferries to undertaking the largest mass layoff of women in the province's history (due to his public sector cuts).

He brought in privatized P3s (so called private-public partnerships, an exorbitantly expensive method of building public hospitals and other infrastructure through contracting private groups of companies that include private multinational financiers and



banks, service privatizers and private consulting firms).


Mr. Campbell acted in the interests of the private drug companies as well, going after the B.C. Therapeutics Initiative, attempting to axe their funding and close down their independent laboratory. The Initiative was a public watchdog, giving advice on drug safety and pharmaceutical policy. Campbell created a panel stacked in favour of the pharmaceutical industry to make recommendations on reform, then axed the funding of the Therapeutics Initiative and cut access to the primary database its researchers used. An international outcry forced Campbell to turn back some of these attempts to gut the Initiative.

Under Mr. Campbell's tenure there was major labour strife including grave problems negotiating contracts with doctors, nurses, health professionals and support workers. The worst health care labour relations in memory ensued from his policies. Thousands of front-line and patient support staff saw their collective agreements ripped up, their work contracted out, and their pay cut dramatically. When 43,000 hospital and long-term care workers went out on strike, Mr. Campbell legislated them back to work and imposed a 15% pay cut.

The Coalition is mobilizing thousands of its members to come out to rally for a progressive program of improving public health care, restoring hospital funding, reopening beds and ORs in public hospitals, building new long-term care capacity and improving care levels under public and non-profit services for the benefit of Ontarians. The Coalition will include a very strong message against privatization and cuts. We are readying our vast membership, which numbers more than half-a-million Ontarians, to be ready to fight for public health care as it becomes necessary to do so.

---

## INVITATION



A heart-rending incident of kidnapping, gang-raping and brutally murdering of a teenaged school girl-Kiranjeet Kaur- took place at village Mahal Kalan Distt: Barnala (Pb) twenty years ago.The girl fought tooth and nail with her perpetrators till her last breath and thus was later on rightly christened an MARTYER by the people of this area.

20 years ago a Nirbhaia-episode like gang rape and murder of a young girl-Kiranjeet Kaur- of 17 years happened in this area of Punjab ( vill: Mahal Kalan Distt: Barnala) when on 29 July 1997, this 10 +2 student of Mata Sahab Kaur Girls College Mahal Kalan, on way back to her home was kidnapped Gang raped and murdered by the seven spoilt brats belonging to an influential political family of the village. When due to political pressure from the accused family, the police did not listen to the pleadings of her handicapped teacher father for tracing the girl, the people of the village formed a joint action committee of progressive, justice loving and democratic activists of the area ("Action Committee against rape and murder of Kiranjit Kaur") to pursue the case. After the public pressure of more than two weeks, the dead body of the girl was dug out from fields of accused family on August 11, 1997. Besides maintaining public pressure by staging protest marches of lakhs of concerned people and highlighting the administration -police- politician nexus, the action committee also fought the battle on the legal front. Though accused were sentenced to life imprisonment, the accused party with the connivance of administration/political leaders also put the three leaders of action committee including me, behind bars in a frame-up case. Though under heavy public pressure, the Govt had to release two of us, the appeal against the sentence of the third activist -Mr Manjeet Dhaner- is still pending in the Supreme Court.

Since then, the people of this area are struggling hard to bring this case to a logical end and lay stress on women related issues. So every year on August 12, they gather in large numbers at Mahal Kalan to renew their resolve to carry forward the struggle.Rather in Punjab, Kiranjeet has become a symbol of Women Pride and a rallying point to fight for just, an equitable and respectful place for women folk in our society. This year also on August 12, thousands of people including young school/college girls would assemble at Grain Market Mahal Kalan (Barnala) to pay their tributes to this brave young girl -really a symbol of women Pride. The role of the media -both electronic and print- can't be overstressed in bringing out a true perspective of any struggle and reaching out to the public at large. As you can well imagine that this is a very justified public cause. So we request that your august channel/ paper must cover this event and we promise you to provide all the related necessary physical support and background materials such as videos, press clippings, photographs etc as your requirements. A very thoughtful documentary was produced on the whole episode by a renowned filmmaker Daljeet Ami and is available on YouTube under the title 'Not Every Time'( Har Mitti Kuttian Ni Bhurdi-in Pbi).YouTube link of the same is appended. https://youtu.be/x0p_lt16B30

With Regards,

Narain Dutt, for convener action committee Mahal kalan
Mobile: 096460 10770
E-mail: ndutt2011@gmail.com


# ਪੰਜਾਬ ਵਿਦਿਆਰਥੀ ਸਰਗਰਮੀਆਂ : ਇੱਕ ਰਿਪੋਰਟ ਗਗਨ ਸੰਗਰਾਮੀ



ਪਿਛਲੇ ਕੁਝ ਹਫਤਿਆਂ ਤੋਂ ਦਲਿਤ ਵਿਦਿਆਰਥੀਆਂ ਤੋਂ ਜਬਰੀ ਫੀਸਾਂ ਵਸੂਲੇ ਜਾਣ ਅਤੇ ਸਮੁੱਚੇ ਵਿਦਿਆਰਥੀਆਂ ਦਾ ਪੀ.ਟੀ.ਏ. ਮਾਫ ਕਰਨ ਦੇ ਮੁੱਦੇ ਤੇ ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਸ਼ੁਰੂ ਕੀਤਾ ਤਿੱਖਾ ਸੰਘਰਸ਼ ਜਾਰੀ ਹੈ। ਜ਼ਿਕਰਯੋਗ ਹੈ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਤਹਿਤ ਦਲਿਤ ਵਿਦਿਆਰਥੀਆਂ ਦੀ ਪੂਰੀ ਫੀਸ ਮਾਫ ਹੈ। ਇਸ ਸੰਬੰਧੀ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਯੂਨੀਵਰਸਿਟੀਆਂ ਨੇ ਪੰਜਾਬ ਦੇ ਸਮੂਹ ਕਾਲਜਾਂ ਨੂੰ ਦਲਿਤ ਵਿਦਿਆਰਥੀਆਂ ਤੋਂ ਕਿਸੇ ਕਿਸਮ ਦੀ ਫੀਸ ਨਾ ਲੈਣ ਦੀਆਂ ਹਦਾਇਤਾਂ ਦਿੱਤੀਆਂ ਹਨ ਪਰ ਫਿਰ ਵੀ ਕਈ ਕਾਲਜ ਪੂਰੀਆਂ ਫੀਸਾਂ ਲੈ ਰਹੇ ਹਨ ਜਿਸ ਖਿਲਾਫ ਪੰਜਾਬ ਸਟੂਡੈਂਟਸ ਯੂਨੀਅਨ ਨੇ ਪੂਰੇ ਪੰਜਾਬ ਵਿੱਚ ਸੰਘਰਸ਼ ਵਿੱਢਿਆ ਹੋਇਆ ਹੈ। ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਪੱਕੀ ਭਰਤੀ ਬੰਦ ਹੋਣ ਕਰਕੇ ਕਾਲਜਾਂ ਵਿੱਚ ਬਹੁ ਗਿਣਤੀ ਗੈਸਟ ਫੈਕਲਟੀ ਲੈਕਚਰਾਰ ਰੱਖੇ ਹੋਏ ਹਨ ਜਿਨ੍ਹਾਂ ਨੂੰ ਤਨਖਾਹ ਪੀ.ਟੀ.ਏ. ਫੰਡ ਵਿਚੋਂ ਦਿੱਤੀ ਜਾਂਦੀ ਹੈ ਜਿਸਦਾ ਸਾਰਾ ਬੋਝ ਵਿਦਿਆਰਥੀਆਂ ਤੇ ਪੈਂਦਾ ਹੈ। ਪੰਜਾਬ ਸਟੂਡੈਂਟਸ ਯੂਨੀਅਨ ਨੇ ਪੀ.ਟੀ.ਏ ਫੰਡ ਨੂੰ ਵਿਦਿਆਰਥੀਆਂ ਦੀ ਬਹੁਤ ਵੱਡੀ ਲੁੱਟ ਦੱਸਦਿਆਂ ਇਹ ਮੰਗ ਵੀ ਉਠਾਈ ਹੈ ਕਿ ਗੈਸਟ ਫੈਕਲਟੀ ਲੈਕਚਰਾਰ ਦੀ ਪੂਰੀ ਤਨਖਾਹ ਸਰਕਾਰ ਦੇਵੇ ਅਤੇ ਸਮੁੱਚੇ ਵਿਦਿਆਰਥੀਆਂ ਦਾ ਪੀ.ਟੀ.ਏ. ਫੰਡ ਮਾਫ ਕੀਤਾ ਜਾਵੇ। ਕਈ ਕਾਲਜਾਂ ਚ ਇਸ ਸੰਘਰਸ਼ ਸਦਕਾ ਜਿੱਤ ਵੀ ਹਾਸਲ ਹੋਈ ਹੈ, ਜਿਵੇਂ ਕਿ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ, ਸਰਕਾਰੀ ਰਜਿੰਦਰਾ ਕਾਲਜ ਬਠਿੰਡਾ, ਐਸ. ਡੀ. ਕਾਲਜ ਬਰਨਾਲਾ, ਜੀ.ਜੀ.ਐਸ. ਕਾਲਜ ਸੰਘੇੜਾ ਆਦਿ। ਇਹ ਕਾਲਜ ਦਲਿਤ ਵਿਦਿਆਰਥੀਆਂ ਨੂੰ ਬਿਨਾਂ ਕੋਈ ਨਾ-ਮੁੜਣਯੋਗ ਫੀਸ ਲਏ ਦਾਖਲੇ ਦੇ ਰਹੇ ਹਨ ਅਤੇ ਹੁਣ ਇਹਨਾਂ ਕਾਲਜਾਂ ਵਿੱਚ ਸਮੁੱਚੇ ਵਿਦਿਆਰਥੀਆਂ ਦਾ ਪੀ.ਟੀ.ਏ. ਫੰਡ ਮਾਫ ਕਰਾਉਣ ਲਈ ਸੰਘਰਸ਼ ਜਾਰੀ ਹੈ। ਇਸ ਤੋਂ ਇਲਾਵਾ ਸਰਕਾਰੀ ਕਾਲਜ ਲੁਧਿਆਣਾ, ਸਰਕਾਰੀ ਕਾਲਜ ਗੁਰਦਾਸਪੁਰ, ਮੋਹਨ ਕੇ ਕਾਲਜ ਫਿਰੋਜ਼ਪੁਰ, ਸਰਕਾਰੀ ਕਾਲਜ ਸਿੱਖਵਾਲਾ, ਗੁਰੂ ਨਾਨਕ ਕਾਲਜ ਬੁਢਲਾਡਾ ਆਦਿ ਕਈ ਕਾਲਜ ਬਿਨਾਂ ਕੋਈ ਨਾ-ਮੁੜਣਯੋਗ ਫੀਸ ਲਏ ਦਾਖਲੇ ਦੇ ਰਹੇ ਹਨ।ਪਰ ਕਈ ਕਾਲਜ ਹਜੇ ਵੀ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਦਲਿਤ ਵਿਦਿਆਰਥੀਆਂ ਤੋਂ ਫੀਸਾਂ ਧੜਾਧੜ ਲੈ ਰਹੇ ਹਨ।ਇਨ੍ਹਾਂ ਕਾਲਜਾਂ ਖਿਲਾਫ ਪੰਜਾਬ ਸਟੂਡੈਂਟਸ ਯੂਨੀਅਨ ਸੰਘਰਸ਼ਾਂ ਦੇ ਮੈਦਾਨ ਵਿੱਚ ਡੱਟ ਕੇ ਖੜੀ ਹੈ। ਪਿਛਲੇ ਛੇ ਦਿਨਾਂ ਤੋਂ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਹੇਠ ਸਰਕਾਰੀ ਬ੍ਰਜਿੰਦਰਾ ਕਾਲਜ ਫਰੀਦਕੋਟ ਤੇ ਸ਼ਹੀਦ ਭਗਤ ਸਿੰਘ ਕਾਲਜ ਕੋਟਕਪੂਰਾ ਦੇ ਵਿਦਿਆਰਥੀ ਫਰੀਦਕੋਟ, ਡੀ.ਐਮ. ਕਾਲਜ ਮੋਗਾ ਦੇ ਵਿਦਿਆਰਥੀ ਕਾਲਜ ਦੇ ਬਾਹਰ ਅਤੇ ਸਰਕਾਰੀ ਕਾਲਜ ਰੋਡੇ ਦੇ ਵਿਦਿਆਰਥੀ ਐਸ. ਡੀ.ਐਮ. ਦਫਤਰ ਦੇ ਬਾਹਰ ਦਿਨ ਰਾਤ ਦੇ ਪੱਕੇ ਧਰਨੇ ਤੇ ਬੈਠੇ ਹਨ। ਸਰਕਾਰੀ ਕਾਲਜ ਮੁਕਤਸਰ ਅਤੇ ਸਰਕਾਰੀ ਐਮ.ਆਰ. ਕਾਲਜ ਫਾਜਿਲਕਾ ਵਿੱਚ ਵੀ ਸੰਘਰਸ਼ ਜੋਰ ਫੜ ਰਿਹਾ ਹੈ। ਮੁਕਤਸਰ ਅਤੇ ਫਾਜਿਲਕਾ ਵਿਚ ਵੀ ਸੋਮਵਾਰ ਤੋਂ ਦਿਨ ਰਾਤ ਦਾ ਪੱਕਾ ਧਰਨਾ ਸ਼ੁਰੂ ਕੀਤਾ ਜਾਵੇਗਾ। ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸੰਘਰਸ਼ ਨੂੰ ਤੇਜ਼ ਕਰਦਿਆਂ ਭੁੱਖ ਹੜਤਾਲ ਸ਼ੁਰੂ ਕੀਤੀ ਜਾਵੇਗੀ। ਪੰਜਾਬ ਸਟੂਡੈਂਟਸ ਯੂਨੀਅਨ ਨੇ ਐਲਾਨ ਕੀਤਾ ਹੋਇਆ ਹੈ ਕਿ ਜਿਹੜੇ ਕਾਲਜ ਦਲਿਤ ਵਿਦਿਆਰਥੀਆਂ ਤੋਂ ਫੀਸਾਂ ਲੈ ਰਹੇ ਹਨ ਉਨ੍ਹਾਂ ਖਿਲਾਫ ਐਸ.ਸੀ/ ਐਸ.ਟੀ. ਐਕਟ ਤਹਿਤ ਪਰਚਾ ਦਰਜ ਕਰਾਉਣ, ਦਲਿਤ ਵਿਦਿਆਰਥੀਆਂ ਦੀਆਂ ਫੀਸਾਂ ਮਾਫ ਕਰਵਾਉਣ ਅਤੇ ਸਮੁੱਚੇ ਵਿਦਿਆਰਥੀਆਂ ਦਾ ਪੀ.ਟੀ.ਏ. ਫੰਡ ਮਾਫ ਕਰਵਾਉਣ ਤੱਕ ਇਹ ਸੰਘਰਸ਼ ਜਾਰੀ ਰਹੇਗਾ। ਇਸ ਸੰਘਰਸ਼ਾਂ ਦੀ ਅਗਵਾਈ ਪੰਜਾਬ ਸਟੂਡੈਂਟਸ ਯੂਨੀਅਨ ਦੇ ਪ੍ਰਧਾਨ ਰਾਜਿੰਦਰ ਸਿੰਘ ਜਨਰਲ ਸਕੱਤਰ ਕਰਮਜੀਤ ਸੂਬਾਈ ਆਗੂ ਗਗਨ ਸੰਗਰਾਮੀ, ਹਰਦੀਪ ਕੌਰ, ਕੁਲਵਿੰਦਰ ਸੇਖਾ, ਜ਼ਿਲਾ ਆਗੂ ਧੀਰਜ ਕੁਮਾਰ, ਸੁਖਮੰਦਰ ਕੌਰ, ਮੋਹਨ ਔਲਖ, ਕੇਸ਼ਵ ਆਜ਼ਾਦ, ਸੰਗੀਤਾ ਰਾਣੀ, ਸਿਮਰਜੀਤ ਕੌਰ, ਸੁਖਦੀਪ ਕੌਰ ਆਦਿ ਵਿਦਿਆਰਥੀ ਆਗੂਆ ਨੇ ਕੀਤੀ

# ਰੌਸ਼ਨੀਆਂ 'ਚ ਲਿਸ਼ਕਦੇ ਮੁੰਬਈ ਦਾ ਘਿਨਾਉਣਾ ਸੱਚ

ਸ਼ਿਵਾਨੀ



ਮੁੰਬਈ ਜਿਸ ਨੂੰ ਬਾਲੀਵੁੱਡ ਫਿਲਮਾਂ ਰਾਹੀਂ ਸੁਪਨਿਆਂ ਦੇ ਸ਼ਹਿਰ ਵਜੋਂ ਪ੍ਰਚਾਰਿਆ ਜਾਂਦਾ ਹੈ ਜਿੱਥੇ ਕੋਈ ਵੀ ਆਮ ਆਦਮੀ ਜਾ ਕੇ ਜੇ ਮਿਹਨਤ ਕਰੇ ਤਾਂ ਅਮੀਰ ਹੋ ਸਕਦਾ ਹੈ। ਉੱਚੀਆਂ ਇਮਾਰਤਾਂ, ਵੱਡੇ ਹੋਟਲ, ਧੜਵੈਲ ਕੰਪਨੀਆਂ, ਬਾਲੀਵੁੱਡ ਸੱਨਅਤ, ਅੰਬਾਨੀ ਦਾ ਅੰਟੀਲਾ, ਸ਼ਹਿਰ ਦੀ ਤੇਜ਼ ਰਫ਼ਤਾਰ ਜ਼ਿੰਦਗੀ ਸ਼ਾਇਦ ਮੁੰਬਈ ਤੋਂ ਕੋਹਾਂ ਦੂਰ ਬੈਠੇ ਬੰਦੇ ਨੂੰ ਖਿੱਚ ਪਾਉਂਦੀ ਹੈ। ਪਰ ਮੁੰਬਈ ਵਿੱਚ ਅਸਲ ਜ਼ਿੰਦਗੀ ਕੀ ਹੈ? ਆਓ ਸੁਣੀਏ, ਇੱਕ ਨੌਜਵਾਨ ਦੀ ਜ਼ੁਬਾਨੀ:

ਮੈਂ ਮਹੀਨੇ ਵਿੱਚ ਇੱਕ ਵਾਰ ਹੋਟਲ ਵਿੱਚ ਖਾਣਾ ਖਾ ਸਕਦਾ ਹਾਂ, ਪਿੱਜ਼ਾਹੱਟ 'ਤੇ ਜਾਕੇ ਪਿੱਜ਼ਾ ਖਾ ਸਕਦਾ ਹਾਂ, ਪਰ ਰਾਤ ਨੂੰ ਸੁੱਖ ਦੀ ਨੀਂਦ ਨਹੀਂ ਲੈ ਸਕਦਾ। ਕਿਉਕਿ ਦਿਨ ਖਤਮ ਹੋਣ 'ਤੇ ਜੋ ਤੁਹਾਨੂੰ ਚਾਹੀਦਾ ਹੁੰਦਾ ਹੈ- ਇੱਕ ਘਰ, ਉਹ ਤੁਹਾਡੇ ਕੋਲ ਨਹੀਂ ਹੁੰਦਾ। ਇਹ ਬਿਆਨ ਐੱਮ.ਬੀ.ਏ ਦੀ ਪੜਾਈ ਕਰਕੇ ਮੁੰਬਈ 'ਚ ਨੌਕਰੀ ਕਰਦੇ ਸ਼ਕਤੀ ਵਰਮਾਂ ਦਾ ਹੈ।

ਫਿਰ ਮੁੰਬਈ ਦੀ ਖਾਸੀਅਤ ਕੀ ਹੈ? ਕੀ ਹੈ ਜੋ ਇਹਨਾਂ ਫਿਲਮਾਂ 'ਚ ਸਾਡੇ ਤੋਂ ਲੁਕੋ ਕੇ ਰੱਖ ਲਿਆ ਜਾਂਦਾ ਹੈ? ਦੋ ਹਿੱਸਿਆਂ 'ਚ ਵੰਡਿਆਂ ਹੋਇਆ ਇਹ ਸ਼ਹਿਰ ਜਿੱਥੇ ਇੱਕ ਪਾਸੇ ਤਾਂ ਲੰਮਢੀਂਗ ਇਮਾਰਤਾਂ ਹਨ ਤੇ ਦੂਜੇ ਪਾਸੇ ਗੰਦਗੀ ਤੇ ਕੂੜੇ ਦੇ ਢੇਰ 'ਚ ਬਣੀਆਂ ਝੁੱਗੀਆਂ। ਜਿਹੜੀ ਥਾਂ ਜਾਨਵਰਾਂ ਦੇ ਵੀ ਰਹਿਣ ਲਾਇਕ ਨਹੀਂ ਉੱਥੇ ਮਨੁੱਖ ਰਹਿੰਦੇ ਹਨ, ਉਹ ਵੀ ਥੋੜੇ ਬਹੁਤ ਨਹੀਂ, ਸਗੋਂ ਮੁੰਬਈ ਦੀ ਅੱਧੋ ਵੱਧ ਅਬਾਦੀ 52.5 ਫੀਸਦੀ ਅਬਾਦੀ, ਜਾਨੀਕਿ 96 ਲੱਖ ਸੱਠ ਹਜ਼ਾਰ ਲੋਕ (ਕੁੱਲ ਅਬਾਦੀ-1.84 ਕਰੋੜ) ਇਹ ਉਹ ਲੋਕ ਹਨ ਜੋ ਇਸ ਸੁਪਨਿਆਂ ਦੇ ਸ਼ਹਿਰ ਵਿੱਚ ਆਪਣੇ ਸੁਪਨੇ ਪੂਰੇ ਕਰਨ ਆਏ ਹੋਣਗੇ, ਪਰ ਸੁਪਨਿਆਂ ਦੀ ਥਾਂ 'ਤੇ ਮਿਲ਼ੀ ਗੰਦਗੀ ਤੇ ਬਦਬੋ ਭਰੀ ਜ਼ਿੰਦਗੀ। ਹੋਰ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਝੁੱਗੀਆਂ, ਜਿਨਾਂ ਵਿੱਚ ਮੁੰਬਈ ਦੀ ਲੱਗਭੱਗ ਅੱਧੀ ਅਬਾਦੀ ਰਹਿੰਦੀ ਹੈ, ਸ਼ਹਿਰ ਦੇ ਸਿਰਫ 9 ਫੀਸਦੀ ਇਲਾਕੇ 'ਚ ਹੀ ਸੁੰਗੜੀਆਂ ਹੋਈਆਂ ਹਨ। ਸ਼ਹਿਰੀ ਮਸਲਿਆਂ ਦੇ ਕੌਮੀ ਵਿਭਾਗ ਦੀ ਰਿਪੋਰਟ ਅਨੁਸਾਰ ਲੱਗਭੱਗ ਮੁੰਬਈ ਦੇ 95 ਫੀਸਦੀ ਪਰਿਵਾਰ ਸ਼ਹਿਰ ਦੇ ਰਸਮੀ ਖੇਤਰ ਵਿੱਚ ਘਰ ਲੈਣ ਦੇ ਸਮਰੱਥ ਨਹੀਂ ਹਨ।

ਝੁੱਗੀਆਂ ਵਿੱਚ ਰਹਿੰਦੇ ਲੋਕਾਂ ਦੀ ਹਾਲਤ ਖਾਸੀ ਮਾੜੀ ਹੁੰਦੀ ਹੈ। ਕਿਉਂਕਿ, ਸ਼ਹਿਰ ਦੇ ਗੈਰ-ਰਸਮੀ ਖੇਤਰ ਵਿੱਚ ਸ਼ਾਮਲ ਹੋਣ ਕਰਕੇ ਇਹਨਾਂ ਨੂੰ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਵੀ ਨਹੀਂ ਹੁੰਦੀ। ਨਾ ਹੀ ਪਾਣੀ ਦੀ ਸੁਵਿਧਾ ਹੁੰਦੀ ਹੈ ਤੇ ਨਾ ਹੀ ਬਿਜਲੀ ਦੀ । ਇਸ ਤੋਂ ਵੱਡੀ ਸਮੱਸਿਆ, ਜਿਸਦਾ ਇੱਥੇ ਰਹਿੰਦੇ ਲੋਕਾਂ ਨੂੰ ਅਕਸਰ ਸਾਹਮਣਾ ਕਰਨਾ ਪੈਂਦਾ ਹੈ- ਸਫਾਈ ਤੇ ਪਾਣੀ ਦੇ ਨਿਕਾਸ ਦੀ ਹੈ। ਮੁੰਬਈ ਦੇ ਪੂਰਬੀ ਇਲਾਕੇ 'ਚ ਵਸਿਆ ਹੋਇਆ ਸੰਜੇ ਨਗਰ, ਜਿਸਨੂੰ ਇਕ ਟੁੱਟੀ ਹੋਈ ਕੰਧ ਇਹਦੇ ਪਿੱਛੇ ਬਣੇ ਕੂੜੇ ਦੀ ਸਾਂਭ-ਸੰਭਾਲ ਲਈ ਬਣੇ ਮੈਦਾਨ ਤੋਂ ਵੱਖ ਕਰਦੀ ਹੈ, ਵਿੱਚ ਇੱਕ-ਇੱਕ ਕਮਰੇ 'ਚ ਸੱਤ-ਸੱਤ ਲੋਕ ਰਹਿੰਦੇ ਹਨ। ਸੀਵਰੇਜ ਦੇ ਪਾਣੀ ਦਾ ਘਰ ਦੇ ਅੰਦਰ ਵੜ ਜਾਣਾ ਇੱਥੇ ਆਮ ਗੱਲ ਹੈ। ਉੱਥੇ ਰਹਿਣ ਵਾਲ਼ੀ ਇੱਕ ਔਰਤ ਅਨੁਸਾਰ ਪਾਣੀ ਦੇ ਨਾਲ਼-ਨਾਲ਼ ਇੱਥੇ ਕੀੜੇ-ਮਕੌੜੇ, ਮੱਛਰ-ਚੂਹੇ ਆਦਿ ਵੀ ਆ ਵੜਦੇ ਹਨ, ਪਰ ਇੰਨੀ ਤਕਲੀਫ ਵਿੱਚ ਉਹਨਾਂ ਨੂੰ ਉੱਥੇ ਹੀ ਰਹਿਣਾ ਪੈ ਰਿਹਾ ਹੈ।

ਕਈਆਂ ਨੂੰ ਲੱਗ ਸਕਦਾ ਹੈ ਕਿ ਮੁੰਬਈ ਵਿੱਚ ਝੁੱਗੀਆਂ ਦੇ ਫੈਲਾਅ ਦਾ ਕਾਰਨ ਥਾਂ ਦੀ ਘਾਟ ਜਾਂ ਘਰਾਂ ਦੀ ਘਾਟ ਹੈ। ਪਰ ਤੱਥਾਂ ਅਨੁਸਾਰ ਭਾਰਤ ਵਿੱਚ ਮੁੰਬਈ ਇੱਕ ਅਜਿਹਾ ਸ਼ਹਿਰ ਹੈ ਜਿੱਥੇ ਸਭ ਤੋਂ ਵੱਧ ਖਾਲੀ (ਅਣਵਿਕੇ) ਘਰ ਪਏ ਹਨ। 2017-2018 ਦੇ ਸਰਵੇਖਣ ਅਨੁਸਾਰ ਲੱਗਭੱਗ 5 ਲੱਖ ਘਰ ਮੁੰਬਈ ਵਿੱਚ ਅਜਿਹੇ ਹਨ ਜਿੱਥੇ ਕੋਈ ਨਹੀਂ ਰਹਿੰਦਾ।

ਇਹ ਪੜਕੇ ਕਿਸੇ ਵੀ ਮਨੁੱਖ ਦੇ ਦਿਮਾਗ ਵਿੱਚ ਸੁਭਾਵਕ ਤੌਰ 'ਤੇ ਇਹ ਸਵਾਲ ਖੜੇ ਹੋਣਗੇ ਕਿ ਜੇ ਲੱਖਾਂ ਦੀ ਗਿਣਤੀ ਵਿੱਚ ਰਹਿਣਯੋਗ ਘਰ ਖਾਲ਼ੀ ਪਏ ਹਨ ਤਾਂ ਕੀ ਕਾਰਨ ਹੈ ਕਿ ਇੰਨੀ ਵੱਡੀ ਅਬਾਦੀ ਮਨੁੱਖਾਂ ਦੇ ਰਹਿਣ ਲਈ ਅਯੋਗ ਥਾਂ ਝੁੱਗੀਆਂ ਵਿੱਚ ਰਹਿੰਦੀ ਪਈ ਹੈ?

ਇਸਦਾ ਸਿੱਧਾ ਕਾਰਨ ਅਸੀਂ ਮੌਜੂਦਾ ਢਾਂਚੇ ਦੇ ਪੈਦਾਵਾਰੀ ਢੰਗ ਵਿੱਚ ਲੱਭ ਸਕਦੇ ਹਾਂ। ਜਿੱਥੇ ਹਰ ਚੀਜ਼ ਲੋਕਾਂ ਦੀਆਂ ਲੋੜਾਂ ਨੂੰ ਮੁੱਖ ਰੱਖਕੇ ਨਹੀਂ ਸਗੋਂ ਮੁਨਾਫੇ ਨੂੰ ਮੁੱਖ ਰੱਖਕੇ ਪੈਦਾ ਕੀਤੀ ਜਾਂਦੀ ਹੈ। ਜਿੱਥੇ ਲੋੜ ਨਾਲ਼ੋਂ ਵੱਧ ਕੱਪੜਾ ਹੋਣ ਦੇ ਬਾਵਜੂਦ ਲੋਕ ਅੱਧਨੰਗੇ ਰਹਿੰਦੇ ਹੋਣ, ਜਿੱਥੇ ਅਨਾਜ ਗੋਦਾਮਾਂ ਵਿੱਚ ਪਿਆ ਰੁਲਦਾ ਹੋਵੇ ਪਰ ਹਜ਼ਾਰਾਂ ਦੀ ਗਿਣਤੀ ਵਿੱਚ ਭੁੱਖਮਰੀ ਨਾਲ਼ ਲੋਕਾਂ ਦੀਆਂ ਮੌਤਾਂ ਹੁੰਦੀਆਂ ਹੋਣ, ਉੱਥੇ ਸੁਭਾਵਕ ਹੀ ਜ਼ਰੂਰਤ ਨਾਲ਼ੋਂ ਵੱਧ ਘਰ ਵੀ ਹੋਣਗੇ ਅਤੇ ਵੱਡੀ ਅਬਾਦੀ ਸੜਕਾਂ 'ਤੇ ਪੁਲਾਂ ਹੇਠ ਜਾਂ ਅਜਿਹੀਆਂ ਝੁੱਗੀਆਂ ਵਿੱਚ ਰਹਿਣ ਲਈ ਮਜ਼ਬੂਰ ਹੋਵੇਗੀ। ਸੰਸਾਰ ਦੇ ਸਾਰੇ ਮਹਾਨਗਰਾਂ ਵਿੱਚ (ਸਮੇਤ ਮੁੰਬਈ) ਜਿਵੇਂ-ਜਿਵੇਂ ਸ਼ਹਿਰੀਕਰਨ ਸੱਨਅਤੀਕਰਨ ਹੁੰਦਾ ਗਿਆ, ਉਵੇਂ-ਉਵੇਂ ਉੱਥੇ ਦੀ ਜ਼ਮੀਨ ਤੇ ਮਕਾਨਾਂ ਦੀਆਂ ਕੀਮਤਾਂ ਵਧਦੀਆਂ ਗਈਆਂ। (ਅੱਜ ਦੁਨੀਆਂ ਦੇ ਸਭ ਤੋਂ ਮਹਿੰਗੇ ਸ਼ਹਿਰਾਂ ਵਿੱਚ ਮੁੰਬਈ ਵੀ ਆਪਣੀ 55ਵੀਂ ਥਾਂ ਪੱਕੀ ਕਰ ਚੁੱਕਾ ਹੈ) ਸ਼ਹਿਰ ਦਾ ਵਿਕਾਸ ਹੋਣ ਨਾਲ਼ ਆਮ ਕਿਰਤੀ ਅਬਾਦੀ, ਜੋ ਅਮੀਰਾਂ ਨੂੰ ਗੰਦੇ ਕੀੜੇ ਮਕੌੜੇ ਲੱਗਦੀ ਹੈ ਤੇ ਸ਼ਹਿਰਾਂ ਦੀ ਚਕਾਚੌਂਧ ਨੂੰ ਧੁੰਦਲਾ ਕਰਦੀ ਲੱਗਦੀ ਹੈ, ਨੂੰ ਸ਼ਹਿਰਾਂ ਦੇ ਮੁੱਖ ਇਲਾਕਿਆਂ 'ਚੋਂ ਕੱਢ ਕੇ ਗੰਦਗੀ ਵਿੱਚ ਰਹਿਣ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ। ਇਸ ਖਾਲ਼ੀ ਕਰਵਾਈ ਥਾਂ 'ਤੇ ਨਿੱਜੀ ਕੰਪਨੀਆਂ ਵੱਲੋਂ ਅਮੀਰਾਂ ਦੇ ਅੱਯਾਸ਼ੀ ਦੇ ਅੱਡੇ, ਸ਼ਾਪਿੰਗਮਾਲ, ਅਪਾਰਟਮੈਂਟ, ਫਲੈਟ ਆਦਿ ਬਣਵਾਏ ਜਾਂਦੇ ਹਨ, ਅਤੇ ਸਰਕਾਰ ਵੱਲੋਂ ਇਹ ਐਲਾਨ ਕੀਤਾ ਜਾਂਦਾ ਹੈ ਕਿ ਅਸੀਂ 'ਸਮਾਰਟਸਿਟੀ' ਉਸਾਰ ਰਹੇ ਹਾਂ। ਨਿੱਜੀ ਬਿਲਡਰਾਂ ਵੱਲੋਂ ਉਸਾਰੇ ਜਾਂਦੇ ਅਪਾਰਟਮੈਂਟ, ਫਲੈਟ ਆਦਿ ਦੀਆਂ ਕੀਮਤਾਂ ਇੰਨੀਆਂ ਕੁ ਰੱਖੀਆਂ ਜਾਂਦੀਆਂ ਹਨ ਜਿਹਨਾਂ ਵਿੱਚ ਰਹਿਣ ਬਾਰੇ ਆਮ ਕਿਰਤੀ ਲੋਕਾਈ ਤਾਂ ਸੋਚ ਹੀ ਨਹੀਂ ਸਕਦੀ ਸਗੋਂ ਪੜੇ ਲਿਖੇ ਮੱਧ ਵਰਗ ਦੇ ਵੱਸੋਂ ਵੀ ਬਾਹਰੀ ਗੱਲ ਹੁੰਦੀ ਹੈ। 2015 ਵਿੱਚ ਪ੍ਰਵਾਸੀ ਭਾਰਤੀਆਂ ਵੱਲੋਂ ਰੀਅਲ ਅਸਟੇਟ ਵਿੱਚ 34,200 ਕਰੋੜ ਨਿਵੇਸ਼ ਕੀਤੇ ਗਏ ਸਨ ਪਰ ਕੁੱਲ ਬਣਾਏ ਗਏ ਘਰਾਂ 'ਚੋਂ ਜ਼ਿਆਦਾਤਰ ਅਣਵਿਕੇ ਹੀ ਰਹੇ।

ਸਰਕਾਰ ਵੱਲੋਂ ਲੋਕਾਂ ਨੂੰ ਰਹਿਣਯੋਗ ਸਸਤੇ ਜਾਂ ਮੁਫਤ ਘਰ ਮੁਹੱਈਆ ਕਰਵਾਉਣ ਦਾ ਦਿਖਾਵਾ ਸਮੇਂ-ਸਮੇਂ 'ਤੇ ਕੀਤਾ ਜਾਂਦਾ ਹੈ। ਜੂਨ 2015 ਵਿੱਚ ਅਜਿਹਾ ਹੀ ਢਕਵੰਜ ਮੌਜੂਦਾ ਪ੍ਰਧਾਨ ਮੰਤਰੀ ਮੋਦੀ ਵੱਲੋਂ ਵੀ ਕੀਤਾ ਗਿਆ ਸੀ। ਉਸ 'ਪ੍ਰਧਾਨਮੰਤਰੀ ਆਵਾਸ ਯੋਜਨਾ' ਤਹਿਤ 31 ਮਾਰਚ 2022 ਤੀਕ ਸ਼ਹਿਰੀ ਗਰੀਬਾਂ ਲਈ 2 ਕਰੋੜ ਤੇ ਪੇਂਡੂ ਗਰੀਬਾਂ ਲਈ 3 ਕਰੋੜ ਰਹਿਣਯੋਗ ਘਰ (ਜਿਸ ਵਿੱਚ ਬਿਜਲੀ, ਪਾਣੀ ਤੇ ਪਖਾਨੇ ਦੀ ਸੁਵਿਧਾ ਹੋਵੇਗੀ) ਬਣਾਉਣ ਦਾ ਐਲਾਨ ਕੀਤਾ ਸੀ। 2022 ਤੀਕ ਇਹ ਟੀਚਾ ਪੂਰਾ ਕਰਨ ਲਈ ਸਰਕਾਰ ਨੂੰ ਹਰ ਸਾਲ 28 ਲੱਖ 50 ਹਜ਼ਾਰ ਘਰ ਬਣਵਾਉਣੇ ਜ਼ਰੂਰੀ ਸਨ ਪਰ ਦਸੰਬਰ 8, 2016 ਤੱਕ ਸਿਰਫ 6,716 ਘਰ ਹੀ ਬਣਵਾਏ ਗਏ ਸਨ। ਸਰਕਾਰ ਨੂੰ ਗਰੀਬਾਂ ਨੂੰ ਘਰ ਦਵਾਉਣ 'ਚ ਕਿੰਨੀ ਕੁ ਦਿਲਚਸਪੀ ਹੈ, ਇਸ ਅੰਕੜੇ ਤੋਂ ਹੀ ਪਤਾ ਲੱਗ ਜਾਂਦਾ ਹੈ।

ਪਿਛਲੇ ਲੰਮੇ ਸਮੇਂ ਤੋਂ (1991 ਤੋਂ) ਭਾਰਤ ਸਰਕਾਰ ਦੇਸ਼ ਦਾ ਵਿਕਾਸ ਨਿੱਜੀ ਖੇਤਰ ਨੂੰ ਖੁੱਲ ਦੇਣ ਦੇ ਨਾਂ 'ਤੇ ਕਰਦੀ ਆ ਰਹੀ ਹੈ। ਇਸ ਵਿਕਾਸ ਦਾ ਨਤੀਜਾ ਅੱਜ ਸਾਡੇ ਸਾਰਿਆਂ ਦੇ ਸਾਹਮਣੇ ਹੈ- ਦੇਸ਼ ਦੀ 73 ਫੀਸਦੀ ਦੌਲਤ 1 ਫੀਸਦੀ ਧਨ ਪਸ਼ੂਆਂ ਦੇ ਹੱਥਾਂ ਵਿੱਚ ਜਾ ਚੁੱਕੀ ਹੈ, ਲੋਕਾਂ ਦੀ ਸੁਵਿਧਾ ਲਈ ਉਸਾਰਿਆ ਗਿਆ ਜਨਤਕ ਖੇਤਰ ਲਗਾਤਾਰ ਸੁੰਗੜਦਾ ਜਾ ਰਿਹਾ ਹੈ, ਨਿੱਜੀ ਕੰਪਨੀਆਂ ਸਮਾਜ ਦੇ ਹਰ ਖੇਤਰ ਵਿੱਚ ਆਪਣਾ ਪੈਰ ਜਮਾ ਚੁੱਕੀਆਂ ਹਨ ਤੇ ਹਲਾਤ ਇਹ ਬਣ ਚੁੱਕੇ ਹਨ ਕਿ ਅੱਜ ਭਾਰਤ ਦੀ ਵੱਡੀ ਅਬਾਦੀ ਬੁਨਿਆਦੀ ਲੋੜਾਂ (ਰੋਟੀ, ਕੱਪੜਾ, ਮਕਾਨ) ਤੋਂ ਵੀ ਵਾਂਝੀ ਹੋ ਚੁੱਕੀ ਹੈ। ਭਾਰਤ ਦੀ ਆਮ ਕਿਰਤੀ ਲੋਕਾਈ ਦੀਆਂ ਬੁਨਿਆਦੀ ਸਮੱਸਿਆਵਾਂ ਸਮੇਤ ਸਿਹਤ-ਸਿੱਖਿਆ ਵਰਗੇ ਮਸਲਿਆਂ ਦਾ ਹੱਲ ਇਕ ਅਜਿਹੇ ਢਾਂਚੇ ਵਿੱਚ ਹੀ ਹੋ ਸਕਦਾ ਹੈ ਜਿੱਥੇ ਸਰਕਾਰ ਮੁੱਠੀ ਭਰ ਧਨਪਸ਼ੂਆਂ ਦੀ ਸੇਵਾ ਲਈ ਨਹੀਂ ਸਗੋਂ ਬਹੁਗਿਣਤੀ ਕਿਰਤੀ ਲੋਕਾਈ ਦੀ ਸੇਵਾ ਲਈ ਹੋਵੇ।

# ਮਾਸੂਮ ਬੱਚਿਆਂ ਨੂੰ ਜੇਲ੍ਹੀ ਡੱਕਣਾ: ਗਲ਼-ਸੜ ਰਹੀ ਸਰਮਾਏਦਾਰੀ ਦਾ ਮਨੁੱਖਤਾ ਦੇ ਭਵਿੱਖ 'ਤੇ ਹਮਲਾ

ਸੁਖਦੇਵ ਹੁੰਦਲ

20 ਜੂਨ 2018 ਦੀ 'ਦਾ ਟੈਲੀਗ੍ਰਾਫ' ਵਿੱਚ ਛਪੀ ਇੱਕ ਖਬਰ ਵਿੱਚ ਅਮਰੀਕੀ ਬੱਚਿਆਂ ਦੇ ਡਾਕਟਰਾਂ ਦੀ ਸੰਸਥਾ ਦਾ ਇੱਕ ਡਾਕਟਰ ਅਮਰੀਕੀ ਸ਼ਹਿਰ ਟੈਕਸਾਸ ਦੇ ਗੁਦਾਮਾਂ ਵਿੱਚ ਤਾਰਾਂ ਦੇ ਜਾਲ ਲਾ ਕੇ ਬਣਾਈ, ਪਿੰਜਰਾ-ਨੁਮਾ ਜੇਲ ਵਿੱਚ ਬੱਚਿਆਂ ਦੀ ਜਾਂਚ ਲਈ ਜਾਂਦਾ ਹੈ। ਸੈਂਕੜਿਆਂ ਦੀ ਗਿਣਤੀ ਵਿੱਚ ਇੱਥੇ ਤੂੜੇ ਬਾਲ ਕੈਦੀਆਂ ਵਿੱਚੋਂ ਜ਼ਿਆਦਾਤਰ 5 ਸਾਲ ਤੋਂ ਘੱਟ ਉਮਰ ਦੇ ਮਾਸੂਮ ਬੱਚੇ ਹਨ। ਪੂਰੀ ਤਰਾਂ ਬੌਂਦਲੇ ਹੋਏ ਉਹ ਬੱਚੇ ਇਸ ਗੱਲੋਂ ਬਿਲਕੁਲ ਅਨਜਾਣ ਹਨ ਕਿ ਉਹ ਕਿਉਂ ਮਾਵਾਂ ਨਾਲ਼ੋਂ ਅੱਡ ਕਰ ਦਿੱਤੇ ਗਏ ਹਨ। ਰੋਂਦੇ ਸਿਸਕਦੇ ਬੱਚਿਆਂ ਵਿੱਚ ਇੱਕ ਦੋ ਸਾਲ ਦੀ ਬੱਚੀ ਹੈ ਜਿਸਨੂੰ ਪਿਛਲੀ ਰਾਤ ਉਸ ਦੀ ਮਾਂ ਦੇ ਕੁੱਛੜੋਂ ਖੋਹ ਕੇ ਕੈਦੀ ਬਣਾਇਆ ਗਿਆ ਹੈ। ਉਸਦਾ ਰੋਣ ਠੱਲਿਆ ਨਹੀਂ ਜਾ ਰਿਹਾ। ਸਟਾਫ਼ ਮੈਂਬਰ ਉਸਨੂੰ ਖਿਡਾਉਣੇ ਵਗੈਰਾ ਵੀ ਦੇਂਦੇ ਹਨ। ਕੋਈ ਤਰੀਕਾ ਵੀ ਉਸ ਨੂੰ ਧੀਰਜ ਨਹੀਂ ਦੇ ਸਕਦਾ। ਪਰ ਕੋਈ ਵੀ ਸਟਾਫ਼ ਦਾ ਮੈਂਬਰ ਉਸ ਨੂੰ ਚੁੱਕ ਕੇ ਸਹਿਲਾ ਨਹੀਂ ਸਕਦਾ ਕਿਉਂਕਿ ਨਿਯਮ ਇਸ ਦੀ ਆਗਿਆ ਨਹੀਂ ਦੇਂਦੇ। ਇੱਕ ਹੋਰ ਬੱਚਾ ਰੋਂਦਾ-ਰੋਂਦਾ ਆਪਣੀ ਮੰਮੀ ਦੇ ਪਛਾਣ ਪੱਤਰ ਵਾਲ਼ੇ ਕਾਰਡ ਨੂੰ ਹੀ ਚਬਾਈ ਜਾ ਰਿਹਾ ਹੈ ਜਿਹੜਾ ਉਸਦੀ ਮਾਂ ਦੀ ਛਾਤੀ ਨਾਲ਼ੋਂ ਤੋੜਨ ਵੇਲ਼ੇ ਉਸ ਦੇ ਹੱਥ ਵਿੱਚ ਰਹਿ ਗਿਆ ਸੀ। ਬਹੁਤ ਸਾਰੇ ਮੁਲਾਜ਼ਮ ਬੱਚਿਆਂ ਨੂੰ ਚੁੱਪ ਰਹਿਣ ਲਈ ਦਬਕੇ ਮਾਰ ਰਹੇ ਹਨ, ਧਮਕੀਆਂ ਦੇ ਰਹੇ ਹਨ। ਉਂਝ ਤਾਂ ਜ਼ਿਆਤਾਤਰ ਬੱਚਿਆਂ ਲਈ ਲੋੜੀਂਦੇ ਖਿਡਾਉਣੇ ਵੀ ਨਹੀਂ ਹਨ। ਪਰ ਜਿਹਨਾਂ ਨੂੰ ਦਿੱਤੇ ਵੀ ਗਏ ਹਨ ਉਹਨਾਂ ਦੀ ਵੀ ਖਿਡਾਉਣਿਆਂ ਵਿੱਚ ਕੋਈ ਦਿਲਚਸਪੀ ਨਹੀਂ ਹੈ। 16 ਸਾਲਾਂ ਦੀ ਇੱਕ ਲੜਕੀ ਨੇ ਕਿਹਾ ਕਿ ਉਹ ਬੱਚਿਆਂ ਨੂੰ ਡਾਇਪਰ ਬਦਲਣੇ ਸਿਖਾ ਰਹੀ ਹੈ। ਜਰਾ ਬੱਚਿਆਂ ਦੇ ਪੱਧਰ 'ਤੇ ਸੋਚ ਕੇ ਇਸ ਖੌਫਨਾਕ ਮੰਜ਼ਰ ਦੀ ਕਲਪਨਾ ਕਰੋ। ਇਹ ਕਹਾਣੀ ਸਿਰਫ ਇਹਨਾਂ 2-3 ਬੱਚਿਆਂ ਦੀ ਨਹੀਂ ਸਗੋਂ 2,000 ਤੋਂ ਵੱਧ ਬੱਚਿਆਂ ਦੀ ਹੈ ਜਿਹੜੇ ਇਹਨਾਂ ਦਿਨਾਂ ਵਿੱਚ ਮਾਂਵਾਂ ਤੋਂ ਵੱਖ ਕਰਕੇ ਟੈਕਸਾਸ ਦੇ ਗੁਦਾਮਾਂ ਵਿਚਲੇ, ਪਿੰਜਰਾ-ਨੁਮਾ ਕੈਦਖਾਨਿਆਂ ਵਿੱਚ ਲਿਆਂਦੇ ਗਏ ਹਨ। ਮਨੁੱਖਤਾ ਦਾ ਭਵਿੱਖ ਇਹ ਫੁੱਲਾਂ ਵਰਗੇ ਮਾਸੂਮ ਬੱਚੇ, ਖਿੜਨ ਤੋਂ ਪਹਿਲਾਂ ਹੀ ਮਾਨਸਿਕ ਤੌਰ ਤੇ ਮਸਲ ਦਿੱਤੇ ਗਏ ਹਨ। ਕੀ ਸੱਭਿਅਤਾ ਦੇ ਇਤਿਹਾਸ ਵਿੱਚ ਸਰਮਾਏਦਾਰਾ ਜਮਹੂਰੀਅਤ ਦੇ ਕਾਨੂੰਨ ਵੱਲੋਂ ਮਾਨਤਾ ਪ੍ਰਾਪਤ ਇਸ ਤੋਂ ਵੀ ਨੀਚ ਕੋਈ ਕਰਤੂਤ ਹੋ ਸਕਦੀ ਹੈ? ਇਹ ਹਰਕਤ ਦੁਨੀਆਂ ਦੇ ਸਭ ਤੋਂ ਵੱਧ ਸੱਭਿਅਕ ਅਖਵਾਉਣ ਵਾਲ਼ੇ ਸਮਾਜ ਅਤੇ ਸੰਸਾਰ ਦੀ ਸਭ ਤੋਂ ਵਿਕਸਤ ਜਮਹੂਰੀਅਤ ਅਖਵਾਉਣ ਵਾਲ਼ੀ ਅਮਰੀਕੀ ਹਕੂਮਤ ਦੀ ਹੈ। ਜਿਸ ਦਾ ਕਹਿਣਾ ਹੈ ਕਿ ਇਹ ਕਾਰਵਾਈ ਕਾਨੂੰਨ ਅਨੁਸਾਰ ਕੀਤੀ ਜਾ ਰਹੀ ਹੈ। ਦੂਜੇ ਪਾਸੇ ਇਹੋ ਅਮਰੀਕਾ ਡੰਡਾ ਲੈ ਕੇ ਦੁਨੀਆਂ ਭਰ ਨੂੰ ਜਮਹੂਰੀਅਤ ਦਾ ਸਬਕ ਪੜ੍ਹਾ ਰਿਹਾ ਹੈ। ਬੇਸ਼ਕ ਪੂਰੇ ਮਨੁੱਖੀ ਇਤਿਹਾਸ ਵਿੱਚ ਅਤੇ ਹੁਣ ਵੀ, ਜੰਗਾਂ ਯੁੱਧਾਂ ਸਮੇਂ ਤਾਂ ਔਰਤਾਂ ਅਤੇ ਬੱਚੇ ਹੀ ਸਭ ਤੋਂ ਵੱਧ ਜਬਰ ਦਾ ਸ਼ਿਕਾਰ ਹੁੰਦੇ ਹਨ। ਪਰ ਹੁਣ ਫ਼ਰਕ ਇਹ ਹੈ ਕਿ ਸਰਮਾਏਦਾਰਾ ਪ੍ਰਬੰਧ ਨੇ ਇਸ ਨੂੰ ਕਾਨੂੰਨੀ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ। ਇਹਨਾਂ ਨੀਚਤਾਪੂਰਨ ਕਾਰਵਾਈਆਂ ਨੂੰ ਮਾਨਤਾ ਦੇ ਦਿੱਤੀ ਹੈ।

ਮਈ 2018 ਦੇ ਸ਼ੁਰੂ ਵਿੱਚ ਟਰੰਪ ਪ੍ਰਸ਼ਾਸਨ ਨੇ ਅਮਰੀਕਾ-ਮੈਕਸੀਕੋ ਬਾਰਡਰ ਪਾਰ ਕਰਕੇ ਆਉਣ ਵਾਲ਼ੇ ਪ੍ਰਵਾਸੀਆਂ ਲਈ, 'ਸਿਫਰ-ਸਹਿਣਸ਼ੀਲਤਾ' ਨੀਤੀ ਦਾ ਐਲਾਨ ਕੀਤਾ ਸੀ। ਇਸ ਨੀਤੀ ਅਨੁਸਾਰ ਭਾਂਵੇਂ ਕੁੱਝ ਵੀ ਕਰਨਾ ਪਏ ਪ੍ਰਵਾਸੀਆਂ ਦਾ ਅਮਰੀਕਾ ਵਿੱਚ ਦਾਖਲਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸੇ ਨੀਤੀ ਤਹਿਤ ਅਧਿਕਾਰੀਆਂ ਨੂੰ ਹਦਾਇਤ ਸੀ ਕਿ ਫੜੇ ਜਾਣ ਵਾਲ਼ੇ ਪ੍ਰਵਾਸੀਆਂ ਦੇ ਬੱਚੇ ਖੋਹ ਕੇ ਵੱਖਰੀ ਜਗਾ ਕੈਦ ਰੱਖੇ ਜਾਣ। ਮਾਂ-ਪਿਉ ਨੂੰ ਬਾਲ ਕੈਦੀਆਂ ਨੂੰ ਰੱਖੇ ਜਾਣ ਵਾਲ਼ੀ ਜਗਾ ਦੀ ਕੋਈ ਜਾਣਕਾਰੀ ਨਹੀਂ ਸੀ। ਨੀਤੀ ਦੇ ਐਲਾਨ ਤੋਂ ਬਾਅਦ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਦਾ ਅਮਲਾ-ਫੈਲਾ ਹਰਕਤ ਵਿੱਚ ਆ ਗਿਆ। ਸੱਭਿਆ ਸਮਾਜ ਦੀ ਬੇਹੱਦ ਜਲੀਲ ਕਰਨ ਵਾਲ਼ੀ ਅਤੇ ਸ਼ਰਮਨਾਕ ਘਟਨਾ 'ਤੇ ਅਮਲ ਸ਼ੁਰੂ ਹੋ ਗਿਆ। ਇਸ ਨੀਤੀ ਦੇ ਐਲਾਨ ਤੋਂ ਬਾਅਦ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਦੱਸਿਆ ਕਿ ਤਿੰਨ ਜੇਲ-ਬਸੇਰੇ ਬਣਾ ਲਏ ਹਨ ਅਤੇ ਚੌਥੇ ਦੀ ਤਿਆਰੀ ਹੈ। ਸੀ.ਐੱਨ.ਸੀ. ਦੀ ਖ਼ਬਰ ਮੁਤਾਬਕ ਹੁਣ ਤੱਕ 'ਸਿਫਰ-ਸਹਿਣਸ਼ੀਲਤਾ' ਦੀ ਨੀਤੀ ਲਾਗੂ ਕਰਨ ਤੋਂ ਬਾਅਦ, 2300 ਤੋਂ ਵੱਧ ਬੱਚੇ ਕੈਦ ਕੀਤੇ ਜਾ ਚੁਕੇ ਹਨ। ਅਮਰੀਕਾ ਦੇ ਅੰਦਰੋਂ ਵੀ ਅਤੇ ਦੁਨੀਆਂ ਭਰ ਤੋਂ ਫਿੱਟ-ਲਾਹਨਤਾਂ ਪੈਣ ਤੋਂ ਬਾਅਦ ਅਮਰੀਕੀ ਸਰਕਾਰ ਨੂੰ ਇਸ ਨੀਤੀ 'ਤੇ ਮੁੜਵਿਚਾਰ ਕਰਦੇ ਹੋਏ ਬੱਚਿਆਂ ਨੂੰ ਮਾਪਿਆਂ ਕੋਲ ਵਾਪਸ ਭੇਜਣ ਦੀ ਮੰਗ ਅੱਗੇ ਝੁਕਣਾ ਪਿਆ। ਵਾਪਸੀ ਦੀ ਪ੍ਰਕਿਰਿਆ ਵਿੱਚ ਕਾਨੂੰਨੀ ਕਾਰਵਾਈਆਂ ਦੀ ਪੂਰਤੀ ਕਰਨ ਅਤੇ ਹੋਰ ਕਈ ਕਿਸਮ ਦੀਆਂ ਰੁਕਾਵਟਾਂ ਕਾਰਨ ਬੱਚਿਆਂ ਨੂੰ ਅਜੇ ਕਈ ਦਿਨ ਹੋਰ ਜੇਲ ਵਿੱਚ ਗੁਜਾਰਨੇ ਪੈਣਗੇ। ਜਿੰਨੀਂ ਫੁਰਤੀ ਪ੍ਰਸ਼ਾਸਨ ਨੇ ਬੱਚਿਆਂ ਨੂੰ ਗ੍ਰਿਫਤਾਰ ਕਰਨ ਵਿੱਚ ਵਿਖਾਈ ਸੀ, ਰਿਹਾਈ ਵੇਲ਼ੇ ਉਹ ਨਜਰ ਨਹੀਂ ਆ ਰਹੀ। ਕਿਉਂਕਿ ਢਾਂਚੇ ਨੇ ਪ੍ਰਸ਼ਾਸਨਿਕ ਅਮਲੇ-ਫੈਲੇ ਨੂੰ ਵੀ ਸੰਵੇਦਨਹੀਣ ਬਣਾ ਦਿੱਤਾ ਹੈ। ਉਹਨਾਂ ਨੂੰ ਇਹ ਸਮਝਣ ਦੀ ਲੋੜ ਨਹੀਂ ਮਹਿਸੂਸ ਹੁੰਦੀ ਕਿ ਇਹਨਾਂ ਮਾਸੂਮਾਂ ਲਈ ਇੱਕ-ਇੱਕ ਪਲ ਕੱਟਣਾ ਕਿੰਨਾਂ ਮੁਸ਼ਕਲ ਹੈ। ਇਹਨਾਂ ਦਿਨਾਂ ਵਿੱਚ ਇੱਕ ਖ਼ਬਰ ਆਈ ਹੈ ਕਿ ਇੱਕ ਛੋਟਾ ਬੱਚਾ ਰਿਹਾ ਹੋ ਕੇ ਆਪਣੀ ਮੰਮੀ ਨੂੰ 55 ਦਿਨਾਂ ਬਾਅਦ ਮਿਲ਼ਿਆ ਹੈ। ਜਿਸ ਉਮਰ ਵਿੱਚ ਮਾਵਾਂ ਨਾਲ਼ੋਂ ਇੱਕ ਘੜੀ ਦਾ ਵਿਛੋੜਾ ਵੀ ਬੱਚੇ ਨੂੰ ਉਮਰ ਭਰ ਲਈ ਮਾਨਸਿਕ ਰੋਗੀ ਬਣਾ ਸਕਦਾ ਹੋਵੇ ਉਸ ਸਮੇਂ ਲਗਭਗ ਦੋ-ਦੋ ਮਹੀਨਿਆਂ ਦੀ ਕੈਦ ਉਹਨਾਂ ਮਾਸੂਮਾਂ ਨੂੰ ਗੈਰ ਮਨੁੱਖੀ ਤਸੀਹੇ ਦੇਣ ਦੇ ਤੁੱਲ ਹੈ ਜਿਸ ਦਾ ਅਸਰ ਉਮਰ ਭਰ ਇਹਨਾਂ ਦੇ ਦਿਮਾਗਾਂ 'ਤੇ ਰਹੇਗਾ। ਇੱਕ ਵਿਦਵਾਨ ਨੇ ਲਿਖਿਆ ਹੈ ਕਿ ਰਾਜਕੀ ਦਹਿਸ਼ਤਗਰਦੀ ਦੇ ਕਈ ਰੂਪ ਹਨ ਪਰ ਜਦੋਂ ਇਸ ਦਾ ਨਿਸ਼ਾਨਾ ਮਾਸੂਮ ਬੱਚੇ ਬਣ ਜਾਣ ਤਾਂ ਇਹ ਸਭ ਤੋਂ ਵਧ ਕਰੂਰ ਅਤੇ ਜਾਲਮਾਨਾ ਬਣ ਜਾਂਦੀ ਹੈ। ਐਮਨੈਸਟੀ ਇੰਟਰਨੈਸ਼ਨਲ ਨੇ ਵੀ ਇਸ ਘਟਨਾ 'ਤੇ ਟਿੱਪਣੀ ਕਰਦੇ ਹੋਏ ਕਿਹਾ ਕਿ ਅਮਰੀਕਾ ਦੀ ਇਹ ਕਾਰਵਾਈ ਕਿਸੇ ਵੀ ਤਰਾਂ ਤਸੀਹਿਆਂ ਤੋਂ ਘੱਟ ਨਹੀਂ। ਇਸ ਤੋਂ ਬਿਨਾਂ ਕੈਦ ਕੀਤੇ ਬੱਚਿਆਂ ਨਾਲ਼ ਬੁਰੇ ਵਿਹਾਰ ਦੀਆਂ ਵੀ ਖਬਰਾਂ ਹਨ।

**ਬੱਚਿਆਂ ਤੇ ਤਸ਼ੱਦਦ ਸੰਸਾਰ ਵਿਆਪੀ ਵਰਤਾਰਾ ਬਣ ਗਿਆ ਹੈ-**

ਸੰਸਾਰ ਸਰਮਾਏਦਾਰੀ, ਸਾਮਰਾਜ ਦੀ ਮਰਨ ਕੰਢੇ ਪਈ ਆਖ਼ਰੀ ਮੰਜਲ ਹੈ। ਆਰਥਿਕ ਮੰਦੀ, ਪ੍ਰਬੰਧ ਦਾ ਢਾਂਚਾਗਤ ਸੰਕਟ ਬਣ ਗਈ ਹੈ। ਸਿਆਸੀ ਸੰਕਟ ਦੇ ਇਸ ਦੌਰ ਵਿੱਚ ਸਰਮਾਏਦਾਰੀ ਪ੍ਰਬੰਧ ਹਰ ਤਰ੍ਹਾਂ ਦੀ ਨੈਤਿਕਤਾ ਵੀ ਗਵਾ ਚੁੱਕਾ ਹੈ। ਚਾਹੇ ਸਿੱਧੀਆਂ ਝੜਪਾਂ ਹੋਣ ਜਾਂ ਆਰਥਿਕ-ਵਪਾਰਕ ਯੁੱਧ, ਕਿਸੇ ਕਿਸਮ ਦੇ ਕੌਮਾਂਤਰੀ ਕਾਇਦੇ-ਕਾਨੂੰਨ, ਤਕੜੇ ਭਲਵਾਨ ਲਈ ਕੋਈ ਮਾਇਨੇ ਨਹੀਂ ਰੱਖਦੇ। ਹਰ ਕੋਈ ਇੱਕ ਦੂਜੇ ਦੀ ਬਾਂਹ ਮਰੋੜਨ ਦੀ ਤਾਕ ਵਿੱਚ ਹੈ। ਸੰਸਾਰ ਸਰਮਾਏਦਾਰੀ ਦੇ ਵੱਡੇ ਨੁਮਾਇੰਦਿਆਂ ਦੀਆਂ ਮੀਟਿੰਗਾ ਵਿੱਚ, ਇਹ ਕਿਸ ਤਰਾਂ ਇੱਕ ਦੂਜੇ ਵੱਲ ਘੂਰ-ਘੂਰ ਕੇ ਵੇਂਹਦੇ ਹਨ, ਇਹਨਾਂ ਦੇ ਚੇਹਰਿਆਂ ਦੇ ਹਾਵ ਭਾਵ, ਸ਼ਿਸ਼ਟਾਚਾਰ ਦੇ ਮਾਮਲੇ ਵਿੱਚ, ਇਹਨਾਂ ਦੀਆਂ ਨਿਵਾਣਾਂ ਦੀ ਝਾਤ ਪੁਆ ਦੇਂਦੇ ਹਨ। ਜਿਵੇਂ ਕਿ ਦੂਸਰੀ ਸੰਸਾਰ ਜੰਗ ਸਮੇਂ ਪ੍ਰਸਿੱਧ ਵਿਗਿਆਨੀ ਜੇ.ਡੀ. ਬਰਨਾਲ ਨੇ ਚਿੰਤਾ ਪ੍ਰਗਟ ਕੀਤੀ ਸੀ ਕਿ ਜਿਸ ਸਮੇਂ ਵਿਗਿਆਨ ਅਤੇ ਤਕਨੀਕ ਤਰੱਕੀ ਦੀਆਂ ਬੁਲੰਦੀਆਂ ਛੂਹ ਰਹੀ ਹੈ ਉਸ ਸਮੇਂ ਮਨੁੱਖਤਾ ਦੀ ਵਾਗਡੋਰ ਬੇਹੱਦ ਨੀਵੇਂ ਬੌਧਿਕ ਅਤੇ ਇਖਲਾਕੀ ਪੱਧਰ ਦੇ ਲੋਕਾਂ ਦੇ ਹੱਥ ਵਿੱਚ ਹੈ ਇਹ ਮਨੁੱਖਤਾ ਦੇ ਭਵਿੱਖ ਲਈ ਖਤਰਨਾਕ ਹੈ। ਪਰ ਆਪਣੇ 'ਬੁਢਾਪੇ ਅਤੇ ਨਿਘਾਰ ਦੇ ਦੌਰ ਦੀ ਸਰਮਾਏਦਾਰੀ' ਦੀ ਲੀਡਰਸ਼ਿਪ ਤੋਂ ਉੱਚ ਨੈਤਿਕ ਮਾਪਦੰਡਾਂ ਦੀ ਆਸ ਨਹੀਂ ਕੀਤੀ ਜਾ ਸਕਦੀ। ਜਿੱਥੋਂ ਤੱਕ ਦੁਨੀਆਂ ਭਰ ਦੇ ਮਜ਼ਦੂਰਾਂ ਅਤੇ ਕਿਰਤੀ ਲੋਕਾਂ ਦੀ ਲੁੱਟ ਦਾ ਸਬੰਧ ਹੈ ਇਹ ਸਾਰੇ ਦੇਸ਼ੀ ਵਿਦੇਸ਼ੀ ਸਰਮਾਏਦਾਰ ਇੱਕਮਤ ਹਨ। ਕਿਉਂਕਿ ਸਰਮਾਏਦਾਰਾਂ ਦਾ ਸਵਰਗ, ਮਜ਼ਦੂਰਾਂ ਅਤੇ ਕਿਰਤੀ ਲੋਕਾਂ ਦੀ ਲੁੱਟ 'ਤੇ ਟਿਕਿਆ ਹੋਇਆ ਹੈ। ਸੰਸਾਰੀਕਰਨ ਦੇ ਨਾਂ 'ਤੇ ਮੁਨਾਫ਼ੇ ਵਾਸਤੇ, ਸਰਮਾਏ ਦੇ ਆਵਾਗਮਨ ਦੇ ਰਾਹ ਵਿੱਚੋਂ ਇਹਨਾਂ ਨੇ ਸਾਰੀਆਂ ਹੱਦਾਂ ਹਟਾ ਦਿੱਤੀਆਂ ਹਨ ਪਰ ਮਜ਼ਦੂਰਾਂ ਅਤੇ ਕਿਰਤੀ ਲੋਕਾਂ ਲਈ ਹੱਦਬੰਦੀਆਂ ਹੋਰ ਮਜ਼ਬੂਤ ਕਰ ਦਿੱਤੀਆਂ ਹਨ। ਇਸ ਤੋਂ ਵੀ ਅੱਗੇ ਦੁਨੀਆਂ ਭਰ ਦੇ ਮਜ਼ਦੂਰਾਂ ਅਤੇ ਕਿਰਤੀਆਂ ਦੀ ਏਕਤਾ ਤੋੜਨ ਲਈ ਫਿਰਕੂ, ਮੂਲਵਾਦੀ ਅੰਨੇ ਕੌਮਵਾਦੀ ਅਤੇ ਨਸਲੀ ਵਿੱਤਕਰਿਆਂ ਨੂੰ ਹਵਾ ਦੇ ਰਹੇ ਹਨ। ਸੰਸਾਰ ਭਰ ਵਿੱਚ ਫ਼ਾਸੀਵਾਦ ਦੇ ਉਭਾਰ ਨੂੰ ਸੰਸਾਰ ਸਰਮਾਏ ਦੇ ਵੱਡੇ ਪ੍ਰਭੂਆਂ ਦੀ ਸਰਪ੍ਰਸਤੀ ਹਾਸਲ ਹੈ। ਸਰਮਾਏ ਦੀ ਮੁਨਾਫ਼ੇ ਵਾਸਤੇ ਇਸ ਬਦ-ਹਵਾਸ ਦੌੜ ਵਿੱਚ ਕਿਸੇ ਕਿਸਮ ਦੀ ਨੈਤਿਕ ਰੁਕਾਵਟ ਇਹਨਾਂ ਦਾ ਰਸਤਾ ਨਹੀਂ ਰੋਕਦੀ। ਮਾਂਵਾਂ ਦੇ ਹਉਕਿਆਂ ਅਤੇ ਬੱਚਿਆਂ ਦੀਆਂ ਕੁਰਲਾਹਟਾਂ ਨਾਲ਼ ਵੀ ਇਹਨਾਂ ਦਾ ਦਿਲ ਨਹੀਂ ਪਸੀਜਦਾ।



2011 ਦੀ ਵਿਕੀਲੀਕਸ ਦੀ ਇੱਕ ਖਬਰ ਅਨੁਸਾਰ ਅਮਰੀਕਾ ਵੱਲੋਂ ਬਣਾਈ ਗਈ ਬਦਨਾਮ ਜੇਲ ਗੁਆਤੇਨਾਮੋ-ਬੇਅ ਵਿੱਚ ਕਾਫੀ ਗਿਣਤੀ ਨਾਬਾਲਗ ਯਾਨੀ ਕਿ ਬਾਲ ਕੈਦੀਆਂ ਦੀ ਸੀ। ਇਹ ਜੇਲ ਦਹਿਸ਼ਤਗਰਦੀ ਵਿਰੁੱਧ ਲੜਨ ਦੇ ਬਹਾਨੇ ਬਣਾਈ ਗਈ ਸੀ। ਉਸ ਜੇਲ ਵਿੱਚ ਲੂੰ-ਕੰਢੇ ਖੜੇ ਕਰ ਦੇਣ ਵਾਲ਼ੇ ਤਸੀਹਿਆਂ ਬਾਰੇ, ਸਾਰੇ ਜਾਣਦੇ ਹੀ ਹਨ। 2016 ਵਿੱਚ ਮਨੁੱਖੀ ਅਧਿਕਾਰਾਂ ਦੀ ਇੱਕ ਸੰਸਥਾ 'ਹਿਊਮਨ ਰਾਈਟਸ ਵਾਚ' ਦੀ ਇੱਕ ਰਿਪੋਰਟ ਮੁਤਾਬਕ ਝਗੜੇ ਵਾਲ਼ੇ ਜੰਗੀ ਖਿੱਤਿਆਂ ਵਾਲ਼ੇ ਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਬੱਚੇ ਗ੍ਰਿਫਤਾਰ ਕੀਤੇ ਜਾਂਦੇ ਹਨ। ਉਹਨਾਂ ਨੂੰ ਸਰੀਰਕ ਤਸੀਹਿਆਂ ਦੇ ਨਾਲ਼-ਨਾਲ਼ ਮਾਨਸਿਕ ਤਸ਼ੱਦਦ ਅਤੇ ਬਦਫੈਲੀ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ। ਅਫਗਾਨਿਸਤਾਨ, ਇਰਾਕ, ਨਾਈਜੇਰੀਆ, ਸੋਮਾਲੀਆ ਅਤੇ ਸੀਰੀਆ ਦਾ ਰਿਪੋਰਟ ਵਿੱਚ ਖਾਸ ਜਿਕਰ ਹੈ। ਬੱਚਿਆਂ ਨੂੰ ਕੁੱਟਿਆ ਮਾਰਿਆ ਜਾਂਦਾ ਹੈ, ਨੰਗੇ ਕੀਤਾ ਜਾਂਦਾ ਹੈ, ਬਿਜਲੀ ਦਾ ਕਰੰਟ ਲਾਉਣ ਅਤੇ ਬਲਾਤਕਾਰ ਤੱਕ ਦੀਆਂ ਖਬਰਾਂ ਹਨ। ਇਸ ਮਾਮਲੇ ਵਿੱਚ ਸਭ ਤੋਂ ਵੱਧ ਬਦਨਾਮ ਇਜ਼ਰਾਈਲ ਹੈ ਜਿਥੇ ਬੇ-ਕਸੂਰ ਬੱਚਿਆਂ ਨੂੰ ਘਰਾਂ ਵਿੱਚੋਂ ਚੁੱਕ ਕੇ ਵੀ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਤਾਂਕਿ ਫਲਸਤੀਨ ਦੀ ਮੁਕਤੀ ਲਈ ਲੜਨ ਵਾਲ਼ਿਆਂ ਦਾ ਹੌਸਲਾ ਤੋੜਿਆ ਜਾ ਸਕੇ। ਮਨੁੱਖੀ ਅਧਿਕਾਰ ਜਥੇਬੰਦੀਆਂ ਦੀ ਇੱਕ ਰਿਪੋਰਟ ਮੁਤਾਬਕ ਇਜ਼ਰਾਈਲ ਵਿਚ 500 ਤੋਂ 700 ਬੱਚਿਆਂ ਤੇ ਹਰ ਸਾਲ ਮੁਕੱਦਮਾ ਚਲਾਇਆ ਜਾਂਦਾ ਹੈ। ਜੇਲ ਵਿੱਚ ਜਿਹੜਾ ਅਣ-ਮਨੁੱਖੀ ਤਸ਼ੱਦਦ ਬੱਚਿਆਂ ਨੂੰ ਝੱਲਣਾ ਪੈਂਦਾ ਹੈ ਉਹ ਇੱਕ ਵੱਖਰਾ ਵਿਸ਼ਾ ਹੈ। ਪਿਛਲੇ ਦਿਨੀਂ ਅਲ ਜ਼ਜ਼ੀਰਾ ਚੈਨਲ ਵੱਲੋਂ ਜੰਮੂ ਕਸ਼ਮੀਰ ਵਿੱਚ ਵੀ ਬੱਚਿਆਂ ਦੇ ਗਾਇਬ ਹੋਣ ਅਤੇ ਭਾਰਤੀ ਸੁਰੱਖਿਆ ਬਲਾਂ ਵੱਲੋਂ ਬੱਚਿਆਂ 'ਤੇ ਦਹਿਸ਼ਤ ਪਾਉਣ ਦੀਆਂ ਖਬਰਾਂ ਆਈਆਂ ਹਨ। ਇੱਕ ਹੋਰ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਹਰ ਸਾਲ ਲਗਭਗ 20 ਲੱਖ ਬੱਚੇ ਗ੍ਰਿਫਤਾਰ ਕੀਤੇ ਜਾਂਦੇ ਹਨ ਜਿਹਨਾ ਵਿੱਚ 95% ਬੱਚੇ ਬਿਲਕੁਲ ਬੇਗੁਨਾਹ ਹੁੰਦੇ ਹਨ। ਹਕੀਕਤ ਇਹ ਹੈ ਕਿ ਸੰਸਾਰ ਪੱਧਰ ਤੇ ਜੰਗੀ ਖਿੱਤਿਆਂ ਤੋਂ ਇਲਾਵਾ ਵੀ ਬੱਚਿਆਂ ਦੇ ਜਬਰ ਤੇ ਤਸ਼ੱਦਦ ਦੇ ਮਾਮਲੇ ਵਿੱਚ ਕੋਈ ਵਧੀਆ ਤਸਵੀਰ ਨਹੀਂ ਹੈ। ਕਿਸੇ ਵੀ ਸੱਭਿਆ ਸਮਾਜ ਦਾ ਪੱਧਰ ਇਸ ਗੱਲ ਤੋਂ ਨਾਪਿਆ ਜਾ ਸਕਦਾ ਹੈ ਕਿ ਉੱਥੇ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ-ਸੰਭਾਲ ਅਤੇ ਅਜ਼ਾਦੀ ਦਾ ਪੱਧਰ ਕਿੰਨਾ ਉੱਚਾ ਹੈ। ਅੱਜ ਸੰਸਾਰ ਭਰ ਵਿੱਚ ਕਰੋੜਾਂ ਬੱਚੇ ਖੁਰਾਕ ਦੀ ਕਮੀਂ ਦੇ ਸ਼ਿਕਾਰ ਹਨ। ਯੂਨੀਸੇਫ਼ ਦੀ ਰਿਪੋਰਟ ਮੁਤਾਬਕ 2017 ਵਿਚ 5 ਸਾਲ ਤੋਂ ਘੱਟ ਉਮਰ ਦੇ 15 ਕਰੋੜ 10 ਲੱਖ ਬੱਚੇ ਖੁਰਾਕ ਦੀ ਕਮੀਂ ਦਾ ਸ਼ਿਕਾਰ ਹਨ। ਇਹ ਸੰਸਾਰ ਦਿਨੋ-ਦਿਨ ਬੱਚਿਆਂ ਲਈ ਨਾ ਰਹਿਣ ਯੋਗ ਬਣਦਾ ਜਾ ਰਿਹਾ ਹੈ। ਸੰਸਾਰ ਸਰਮਾਏਦਾਰੀ ਦੇ ਕੇਂਦਰ ਵਿੱਚ ਮਨੁੱਖ ਨਹੀਂ ਮੁਨਾਫਾ ਹੈ। ਕੰਗਾਲੀ ਦੇ ਇਸ ਮਹਾਂ ਸਾਗਰ ਵਿੱਚ ਮੁੱਠੀ ਭਰ ਅਯਾਸ਼ੀ ਦੇ ਟਾਪੂਆਂ ਨੂੰ ਬਹੁਤੇ ਦਿਨ ਸੁਰੱਖਿਅਤ ਨਹੀਂ ਰੱਖਿਆ ਜਾ ਸਕਦਾ। ਅੱਜ ਮਨੁੱਖ ਦੀ ਮਨੁੱਖ ਦੇ ਤੌਰ 'ਤੇ ਹੋਂਦ ਹੀ ਦਾਅ ਤੇ ਲੱਗੀ ਹੋਈ ਹੈ। ਹਾਕਮ ਜਮਾਤਾਂ ਲਈ ਮਨੁੱਖੀ ਗੌਰਵ ਦਾ ਕੋਈ ਮਹੱਤਵ ਨਹੀਂ ਹੈ। ਹੋਰ ਤਾਂ ਹੋਰ, ਮੁਨਾਫੇ ਦੀ ਦੌੜ ਵਿਚ ਕੀਤੇ ਜਾਣ ਵਾਲ਼ੇ ਕਾਨੂਨੀਂ ਅਤੇ ਗੈਰ-ਕਾਨੂੰਨੀਂ ਕੰਮਾਂ ਵਿੱਚ ਬੱਚਿਆਂ ਦੀ ਕਿਰਤ ਲੁੱਟਣ ਦਾ ਰੁਝਾਨ ਵੱਧਦਾ ਜਾ ਰਿਹਾ ਹੈ। ਲੜਾਈ ਵਾਲ਼ੇ ਖੇਤਰਾਂ ਵਿੱਚ ਬੱਚਿਆਂ 'ਤੇ ਇਸ ਲਈ ਤਸ਼ੱਦਦ ਕੀਤਾ ਜਾਂਦਾ ਹੈ ਤਾਂਕਿ ਵਿਰੋਧੀਆਂ ਦਾ ਮਨੋਬਲ ਤੋੜਿਆ ਜਾ ਸਕੇ ਇਜ਼ਰਾਈਲ ਦੇ ਬਦਨਾਮ ਸੁਰੱਖਿਆ ਬਲ, ਮੁੱਕਤੀ ਯੋਧਿਆਂ ਦਾ ਮਨੋਬਲ ਤੋੜਨ ਲਈ ਬਹੁਤ ਛੋਟੀ ਉਮਰ ਦੇ ਬੱਚਿਆਂ ਨੂੰ ਜੇਲੀਂ ਡੱਕਦੇ ਅਤੇ ਤਸ਼ੱਦਦ ਕਰਦੇ ਹਨ। ਮੁੱਕਦੀ ਗੱਲ ਵਰਤਮਾਨ ਸਰਮਾਏਦਾਰੀ ਪ੍ਰਬੰਧ ਵਿੱਚ ਹਾਕਮ ਜਮਾਤਾਂ 'ਤੇ ਕੋਈ ਨੈਤਿਕ ਕੁੰਡਾ ਨਹੀਂ ਰਿਹਾ। ਅੱਜ ਸਰਮਾਏਦਾਰ ਜਮਾਤਾਂ ਸੰਸਾਰ ਦੀ ਅਗਵਾਈ ਕਰ ਸਕਣ ਦੀ ਹਰ ਤਰਾਂ ਦੀ ਇਖਲਾਕੀ ਅਤੇ ਸਿਆਸੀ ਯੋਗਤਾ ਗਵਾ ਚੁੱਕੀਆਂ ਹਨ। ਦੁਨੀਆਂ ਭਰ ਦੇ ਮਜ਼ਦੂਰਾਂ ਅਤੇ ਕਿਰਤੀ ਲੋਕਾਂ ਸਾਹਮਣੇ ਇਹ ਇੱਕ ਵੱਡੀ ਵੰਗਾਰ ਹੈ। ਜੇ ਸਰਮਾਏਦਾਰੀ ਪ੍ਰਬੰਧ ਦੇ ਅੰਦਰ ਹੀ ਕਿਸੇ ਕਿਸਮ ਦੇ ਸੁਧਾਰ ਦੀ ਗੁੰਜਾਇਸ਼ ਸੰਭਵ ਹੁੰਦੀ ਤਾਂ ਮਨੁੱਖਤਾ ਦੇ ਭਵਿੱਖ ਸਾਡੇ ਸੰਸਾਰ ਦੇ ਮਾਸੂਮ ਬੱਚਿਆਂ ਦੀ ਇਹ ਦੁਰਦਸ਼ਾ ਨਾਂ ਹੁੰਦੀ ਗਲ਼-ਸੜ ਰਹੇ, ਸਰਮਾਏਦਾਰੀ ਪ੍ਰਬੰਧ ਦਾ, ਇਹ ਮਨੁੱਖਤਾ ਦੇ ਭਵਿੱਖ ਤੇ ਹਮਲਾ ਹੈ।

# ਹਿੰਸਕ ਭੀੜ ਦਾ ਭੀੜਤੰਤਰ



ਗੋਬਿੰਦਰ ਸਿੰਘ ਢੀਂਡਸਾ
bardwal.gobinder@gmail.com

ਭੀੜ, ਭੀੜ ਹੁੰਦੀ ਹੈ ਤੇ ਭੀੜ ਦੀ ਕੋਈ ਪਹਿਚਾਣ ਨਹੀਂ ਹੁੰਦੀ ਇਹ ਕਥਨ ਭਾਰਤੀ ਲੋਕਤੰਤਰ ਦੀ ਗਲੇ ਚ ਹੱਡੀ ਬਣ ਚੁੱਕਾ ਹੈ। ਪਿਛਲੇ ਕੁਝ ਸਮੇਂ ਤੋਂ ਦੇਸ਼ ਦੇ ਵੱਖੋ ਵੱਖਰੇਸੂਬਿਆਂ ਵਿੱਚ ਭੀੜ ਦੀ ਗੁੰਡਾਗਰਦੀ ਦਾ ਨੰਗਾ ਨਾਚ ਵੇਖਣ ਨੂੰ ਮਿਲ ਰਿਹਾ ਹੈ, ਹਿੰਸਕ ਭੀੜ ਤਰਫ਼ੋਂ ਹਿੰਦੂ-ਮੁਸਲਮਾਨ, ਧਰਮ, ਜਾਤ, ਗਾਂ ਹੱਤਿਆ,ਬੀਫ਼, ਵੱਖੋ ਵੱਖਰੇ ਕਾਰਨਾਂ, ਮੁੱਦਿਆਂ ਅਤੇ ਵੱਖੋ ਵੱਖਰੀਆਂ ਅਫ਼ਵਾਹਾਂ ਦੇ ਨਾਂ ਤੇ ਲੋਕ ਕੁੱਟੇ-ਮਾਰੇ ਜਾ ਰਹੇ ਹਨ ਅਤੇ ਕਿੰਨੀਆਂ ਹੀ ਜਾਨਾਂ ਦਾ ਹਿੰਸਕ ਭੀੜ ਕਾਲ ਬਣ ਚੁੱਕੀ ਹੈ।

ਸੋਸ਼ਲ ਮੀਡੀਏ ਦੀ ਹੋਂਦ ਸਾਰਥਿਕ ਹਿੱਤਾਂ ਦੀ ਪੂਰਤੀ ਲਈ ਸੰਜੀਵਨੀ ਵਾਂਗ ਹੈ। ਹਰ ਕਿਸੇ ਨੂੰ ਆਪਣੇ ਵਿਚਾਰ ਰੱਖਣ ਦੀ ਆਜ਼ਾਦੀ ਹੈ ਅਤੇ ਕਿਸੇ ਦਾ ਵਿਰੋਧ ਕਰਨ ਲਈ ਯੋਗ ਤਰੀਕੇ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਭੀੜ ਸੜਕਾਂ ਤੱਕ ਨਾ ਰਹਿ ਕੇ ਸੋਸ਼ਲ ਮੀਡੀਏ ਤੇ ਵੀ ਟ੍ਰੋਲਿੰਗ ਨੂੰ ਅੰਜਾਮ ਦੇ ਰਹੀ ਹੈ ।ਸੋਸ਼ਲ ਮੀਡੀਆ ਉੱਪਰ ਅਫਵਾਹਾਂ, ਧਮਕੀਆ ਅਤੇ ਭੱਦੀ ਸ਼ਬਦਾਵਲੀ ਦੀ ਭਰਮਾਰ ਰਹਿੰਦੀ ਹੈ ਜਿਨ੍ਹਾਂ ਦੇ ਜਮੀਨੀ ਪੱਧਰ ਤੇ ਭੈੜੇ ਨਤੀਜੇ ਨਿਕਲਦੇ ਹਨ। ਹਿੰਸਕ ਭੀੜ ਦੇ ਹੱਥੋਂ ਨਿਰੰਤਰ ਹੋ ਰਹੀਆਂ ਹੱਤਿਆਵਾਂ ਨੂੰ ਰੋਕਣ ਲਈ ਸੁਪਰੀਮ ਕੋਰਟ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਫਟਕਾਰ ਲਗਾਈ ਅਤੇ ਸੰਸਦ ਵਿੱਚ ਨਵਾਂ ਕਾਨੂੰਨ ਬਣਾਉਣ ਤੇ ਵਿਚਾਰ ਕਰਨ ਨੂੰ ਕਿਹਾ। ਕੋਰਟ ਦਾ ਨਿਰਦੇਸ਼ ਵੀ ਹਾਲੀਆ ਕਰਨਾਟਕ ਵਿੱਚ ਘਟੀ ਉਸ ਘਟਨਾ ਤੋਂ ਬਾਅਦ ਆਇਆ ਹੈ ਜਿਸ ਵਿੱਚ ਇੱਕ ਸਾਫਟਵੇਅਰ ਇੰਜੀਨੀਅਰ ਦੀ ਭੀੜ ਨੇ ਜਾਨ ਲੈ ਲਈ, ਇਸ ਘਟਨਾ ਪਿੱਛੇ ਸੋਸ਼ਲ ਮੀਡੀਆ ਤੇ ਬੱਚੇ ਅਪਹਰਣ ਕਰਨ ਵਾਲੇ ਗਰੋਹ ਦੀ ਫੈਲੀ ਅਫਵਾਹ ਸੀ। ਸੁਪਰੀਮ ਕੋਰਟ ਨੇ ਸਪੱਸ਼ਟ ਕਿਹਾ ਕਿ ਭੀੜ ਨੂੰ ਦੇਸ਼ ਦਾ ਕਾਨੂੰਨ ਕੁਚਲਣ ਦੀ ਇਜਾਜਤ ਨਹੀਂ ਦਿੱਤੀ ਜਾ ਸਕਦੀ। ਜਾਂਚ, ਟ੍ਰਾਇਲ ਅਤੇ ਸਜ਼ਾ ਸੜਕਾਂ ਤੇ ਨਹੀਂ ਹੋ ਸਕਦੀ। ਅਜਿਹੀ ਭੀੜ ਦਾ ਹਿੱਸਾ ਬਣੇ ਲੋਕਾਂ ਖਿਲਾਫ਼ ਸਖ਼ਤ ਕਾਰਵਾਈ ਹੋਵੇ ਅਤੇ ਹੱਤਿਆ ਹੋਣ ਤੇ ਉਹਨਾਂ ਦੇ ਖਿਲਾਫ਼ ਸਿੱਧਾ 302 ਦਾ ਮੁਕੱਦਮਾ ਦਰਜ ਹੋਵੇ। ਇੰਡੀਆ ਸਪੈਂਡ ਦੇ ਵਿਸ਼ਲੇਸ਼ਣ ਦੇ ਅਨੁਸਾਰ ਪਿਛਲੇ 18 ਮਹੀਨਿਆਂ ਵਿੱਚ 66 ਵਾਰ ਭੀੜ ਹਮਲਾਵਰ ਹੋਈ ਤੇ 33 ਲੋਕਾਂ ਦੀ ਜਾਨ ਗਈ। ਐੱਮਨੈੱਸਟੀ ਇੰਟਰਨੈਸ਼ਨਲ ਨੇ ਆਪਣੀ ਤਾਜ਼ਾ ਰਿਪੋਰਟ ਵਿੱਚ ਕਿਹਾ ਹੈ ਕਿ ਭਾਰਤ ਵਿੱਚ ਸਾਲ 2018 ਦੇ ਪਹਿਲੇ ਛੇ ਮਹੀਨਿਆਂ ਵਿੱਚ ਨਫ਼ਰਤ ਅਪਰਾਧ (ਹੇਟ ਕ੍ਰਾਈਮ) ਦੇ 100 ਮਾਮਲੇ ਦਰਜ ਕੀਤੇ ਗਏ, ਇਸ ਵਿੱਚ ਜ਼ਿਆਦਾਤਰ ਸ਼ਿਕਾਰ ਦਲਿਤ, ਆਦਿਵਾਸੀ, ਜਾਤੀ ਅਤੇ ਧਾਰਮਿਕ ਰੂਪ ਤੋਂ ਅਲਪਸੰਖਿਅਕ ਸਮੁਦਾਏ ਦੇ ਲੋਕ ਅਤੇ ਟ੍ਰਾਂਸਜੇਂਡਰ ਬਣੇ ਹਨ। ਇਹ ਕੋਈ ਅੱਤਕੱਥਨੀ ਨਹੀਂ ਕਿ ਇਹ ਭਾਰਤੀ ਰਾਜਨੀਤੀ ਦਾ ਨਿਚਲਾ ਸਤਰ ਹੀ ਹੈ ਕਿ ਵੋਟ ਬੈਂਕ ਦੀ ਰਾਜਨੀਤੀ ਲਈ ਨੇਤਾ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਹਿੰਸਕ ਭੀੜਾਂ ਨੂੰ ਸ਼ੈਅ ਦੇਣ ਜਾਂ ਉਹਨਾਂ ਨੂੰ ਸਮਾਜਿਕ ਤੌਰ ਤੇ ਤਸਦੀਕ ਕਰਨ ਦਾ ਕੰਮ ਕਰਦੇ ਹਨ ਜਿਸ ਦੀ ਪੁਸ਼ਟੀ ਅਨੇਕਾਂ ਉਦਾਹਰਣਾਂ ਕਰਦੀਆਂ ਹਨ। ਭੀੜਾਂ ਵੱਲੋਂ ਕਾਨੂੰਨ ਨੂੰ ਆਪਣੇ ਹੱਥ ਲੈ ਕੇਕੀਤੀਆਂ ਹਿੰਸਕ ਘਟਨਾਵਾਂ ਲਈ ਇੱਕ ਦੂਜੇ ਤੇ, ਅਫਵਾਹਾਂ ਜਾਂ ਸੋਸ਼ਲ ਮੀਡੀਏ ਤੇ ਇਲਜ਼ਾਮ ਲਾ ਕੇ ਸਰਕਾਰਾਂ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀਆ ਅਤੇ ਭੀੜਾਂ ਵੱਲੋਂ ਕੀਤੀਆਂ ਹਿੰਸਕ ਵਾਰਦਾਤਾਂ ਆਦਿ ਦੇ ਅਪਰਾਧਾਂ ਦੀ ਗੰਭੀਰਤਾ ਨੂੰ ਵੀ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਭਾਰਤੀ ਲੋਕਤੰਤਰ ਦੀ ਮਜ਼ਬੂਤੀ ਨੂੰ ਬਰਕਰਾਰ ਰੱਖਣ ਲਈ ਜ਼ਰੂਰੀ ਹੈ ਕਿ ਭੀੜ ਦੀ ਗੁੰਡਾਗਰਦੀ ਨੂੰ ਨਜਿੱਠਣ ਲਈ ਸਰਕਾਰਾਂ ਦ੍ਰਿੜ ਇੱਛਾ ਸ਼ਕਤੀ ਦਿਖਾਉਣ ਅਤੇ ਭੀੜਤੰਤਰ ਸੰਬੰਧੀ ਸਖ਼ਤ ਕਾਨੂੰਨ ਬਣਾਉਣ।

# ਸ਼ਹੀਦ ਭਗਤ ਸਿੰਘ ਨੂੰ ਸਮਰਪਿਤ 44ਵਾਂ ਕਬੱਡੀ ਕੱਪ ਇੰਟਰਨੈਸ਼ਨਲ ਪੰਜਾਬੀ ਕੱਪ ਨੇ ਜਿੱਤਿਆ

## ਦੇਸ਼ ਭਗਤ ਸਪੋਰਟਸ ਐਂਡ ਕਲਚਰਲ ਸੁਸਾਇਟੀ ਤੇ ਬਰੈਂਪਟਨ-ਟੋਰਾਂਟੋ ਕਬੱਡੀ ਕਲੱਬ ਦਾ ਸਾਂਝਾਂ ਉੱਦਮ



ਕੱਪ ਦੇ ਪ੍ਰਬੰਧਕ ਬਰੈਂਪਟਨ-ਟੋਰਾਂਟੋ ਕਲੱਬ ਦੇ ਅਹੁਦੇਦਾਰ ਖਿਡਾਰੀਆਂ ਨਾਲ।




ਜੂਨੀਅਰ ਵਰਗ ਦੀ ਜੇਤੂ ਟੀਮ ਨੂੰ ਟਰਾਫੀ ਪ੍ਰਦਾਨ ਕਰਦੇ ਹੋਏ ਦਲਜੀਤ ਸਹੋਤਾ, ਆਤਮਾ ਚਹਿਲ, ਦਰਸ਼ਨ ਗਿੱਲ ਤੇ ਹੋਰ।



ਸ਼ਹੀਦ ਭਗਤ ਸਿੰਘ ਕੱਪ ਜੇਤੂ ਇੰਟਰਨੈਸ਼ਨਲ ਕਲੱਬ ਦੀ ਟੀਮ ਜੇਤੂ ਟਰਾਫੀ ਹਾਸਿਲ ਕਰਦੀ ਹੋਈ।



ਸਰਵੋਤਮ ਧਾਵੀ ਸੁਲਤਾਨ ਸਮਸਪੁਰ ਤੇ ਬਿਹਤਰੀਨ ਜਾਫੀ ਖੁਸ਼ੀ ਦਿੜਬਾ ਟਰਾਫੀਆਂ ਹਾਸਿਲ ਕਰਦੇ ਹੋਏ।


ਟੋਰਾਂਟੋ:- (ਡਾ. ਸੁਖਦਰਸ਼ਨ ਸਿੰਘ ਚਹਿਲ)- ਦੇਸ਼ ਭਗਤ ਸਪੋਰਟਸ ਐਂਡ ਕਲਚਰਲ ਸੁਸਾਇਟੀ ਤੇ ਬਰੈਂਪਟਨ-ਟੋਰਾਂਟੋ ਕਬੱਡੀ ਕਲੱਬ ਵੱਲੋਂ ਇੱਥੇ ਖੂਬਸੂਰਤ ਮਾਹੌਲ ਵਾਲੇ ਵਾਈਲਡ ਵੁੱਡ ਪਾਰਕ ਮਾਲਟਨ ਵਿਖੇ 44ਵਾਂ ਸ਼ਹੀਦ ਭਗਤ ਸਿੰਘ ਯਾਦਗਾਰੀ ਕਬੱਡੀ ਕੱਪ ਕਰਵਾਇਆ ਗਿਆ। ਜਿਸ ਦੌਰਾਨ ਓਂਟਾਰੀਓ ਕਬੱਡੀ ਫੈਡਰੇਸ਼ਨ ਦੀਆਂ ਅੱਠ ਚੋਟੀ ਦੀਆਂ ਟੀਮਾਂ 'ਚੋਂ ਇੰਟਰਨੈਸ਼ਨਲ ਪੰਜਾਬੀ ਸਪੋਰਟਸ ਕਲੱਬ ਖਿਤਾਬ ਜਿੱਤਣ 'ਚ ਸਫਲ ਰਿਹਾ ਅਤੇ ਮੈਟਰੋ ਪੰਜਾਬੀ ਕਲੱਬ ਦੀ ਟੀਮ ਉੱਪ ਜੇਤੂ ਰਹੀ।

**ਮੇਜ਼ਬਾਨ:-** ਇਸ ਕੱਪ ਦੇ ਸੰਚਾਲਨ 'ਚ ਬਰੈਂਪਟਨ-ਟੋਰਾਂਟੋ ਕਬੱਡੀ ਕਲੱਬ ਦੇ ਸੁੱਖਾ ਚਾਂਦੀ (ਪ੍ਰਧਾਨ), ਸੁਰਜੀਤ ਸਿੰਘ (ਨਿਊ ਬੈਸਟ ਕੰਪਨੀ), ਸੁੱਖਾ ਢੇਸੀ ਕਿੰਗ ਟਾਇਰ, ਸੁੱਖਾ ਰੰਧਾਵਾ ਕੁਇੱਕ ਟਾਇਰ, ਗੁਰਮੁਖ ਅਟਵਾਲ, ਮੀਕਾ ਜੌਹਲ, ਪੰਮਾ ਸੋਹਲ, ਹਰਨੇਕ ਬੱਲ, ਗੁਰਨੇਕ ਬੱਲ, ਗਿੱਲ ਬ੍ਰਦਰਜ਼, ਕੀਪਾ ਟਾਂਡਾ, ਹਰਸੇਵਕ ਦੂਲੇ, ਅਵਤਾਰ ਤਾਰੀ ਤੇ ਜਸਵਿੰਦਰ ਚੀਮਾਂ, ਦੇਸ਼ ਭਗਤ ਸਪੋਰਟਸ ਐਂਡ ਕਲਚਰਲ ਸੁਸਾਇਟੀ ਵੱਲੋਂ ਗੁਰਦੇਵ ਸਿੰਘ (ਪ੍ਰਧਾਨ), ਦਰਸ਼ਨ ਗਿੱਲ, ਆਤਮਾ ਚਹਿਲ ਕੰਗਣਵਾਲ, ਇੰਦਰਜੀਤ ਜੰਡੂ, ਮਲਕੀਤ ਰੰਧਾਵਾ (ਫੌਜੀ), ਨਿਰਮਲ ਰੰਧਾਵਾ, ਅਮਨਦੀਪ ਪੰਧੇਰ (ਗੋਲੂ), ਰਾਜਵੀਰ ਧਾਲੀਵਾਲ, ਗੁਰਮੀਤ ਸਿੰਘ, ਅਮਰਜੀਤ ਢਿੱਲੋਂ (ਮਾਰਸ਼ਲ), ਇਕਬਾਲ ਸੁੰਬਲ, ਹਰਮੀਤ ਸਿੰਘ ਦਿਉਲ (ਬਿੱਲਾ) ਤੇ ਹੋਰਾਂ ਨੇ ਅਹਿਮ ਯੋਗਦਾਨ ਪਾਇਆ।

**ਮੁਕਾਬਲੇਬਾਜ਼ੀ:-** ਸਵੇਰ ਵੇਲੇ ਹੋਈ ਬਾਰਿਸ਼ ਕਾਰਨ ਦੇਰੀ ਨਾਲ ਸ਼ੁਰੂ ਹੋਏ ਇਸ ਖੇਡ ਸਮਾਗਮ ਦੌਰਾਨ ਅੱਠ ਚੋਟੀ ਦੀਆਂ ਕਲੱਬ ਟੀਮਾਂ ਨੇ ਓਂਟਾਰੀਓ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਦਲਜੀਤ ਸਿੰਘ ਸਹੋਤਾ, ਚੇਅਰਮੈਨ ਮਲਕੀਤ ਸਿੰਘ ਦਿਉਲ, ਜਨਰਲ ਸਕੱਤਰ ਗੁਰਮੁਖ ਸਿੰਘ ਅਟਵਾਲ, ਮੀਤ ਪ੍ਰਧਾਨ ਬਿੱਲਾ ਸਿੱਧੂ, ਖਜ਼ਾਨਚੀ ਸ਼ੇਰਾ ਮੰਡੇਰ, ਡਾਇਰੈਕਟਰ ਹਰਮਨ ਚਾਹਲ, ਰੇਸ਼ਮ ਬਰਾੜ, ਜਿੰਦਰ ਬੁੱਟਰ ਤੇ ਜਤਿੰਦਰ ਤੋਚੀ ਸੰਘਾ ਹੋਰਾਂ ਦੀ ਅਗਵਾਈ 'ਚ ਕਾਂਟੇਦਰ ਮੁਕਾਬਲੇ ਦਿਖਾਏ। ਇਸ ਕੱਪ ਦੇ ਮੁੱਢਲੇ ਗੇੜ ਦੇ ਮੈਚਾਂ ਤਹਿਤ ਪਹਿਲੇ ਮੈਚ 'ਚ ਬਰੈਂਪਟਨ ਟੋਰਾਂਟੋ ਕਬੱਡੀ ਕਲੱਬ ਨੇ ਟੋਰਾਂਟੋ ਪੰਜਾਬੀ ਕਲੱਬ ਨੂੰ 26-25.5 ਨਾਲ, ਯੰਗ ਕਬੱਡੀ ਕਲੱਬ ਨੇ ਓਂਟਾਰੀਓ ਖਾਲਸਾ ਦਰਬਾਰ ਕਬੱਡੀ ਕਲੱਬ ਨੂੰ 28-25.5 ਨਾਲ, ਲਾਇਨਜ਼ ਮਾਲਟਨ ਕਲੱਬ ਨੇ ਬਾਬਾ ਕਾਹਨ ਦਾਸ ਕਲੱਬ ਨੂੰ 30.5-23 ਨਾਲ, ਇੰਟਰਨੈਸ਼ਨਲ ਪੰਜਾਬੀ ਸਪੋਰਟਸ ਐਂਡ ਕਲਚਰਲ ਕਲੱਬ ਨੇ ਮੈਟਰੋ ਪੰਜਾਬੀ ਕਬੱਡੀ ਕਲੱਬ ਨੂੰ 30.5-27 ਅੰਕਾਂ ਨਾਲ ਹਰਾਇਆ। ਕੁਆਟਰਫਾਈਨਲ ਦੌਰ ਦੇ ਮੈਚਾਂ 'ਚ ਬਰੈਂਪਟਨ-ਟੋਰਾਂਟੋ ਕਲਬੱ ਦੀ ਟੀਮ ਨੇ ਬਾਬਾ ਕਾਹਨ ਦਾਸ ਕਲੱਬ ਨੂੰ 33-20, ਮੈਟਰੋ ਕਲੱਬ ਨੇ ਯੰਗ ਕਲੱਬ ਨੂੰ 33.5-27, ਲਾਇਨਜ਼ ਮਾਲਟਨ ਕਲੱਬ ਨੇ ਟੋਰਾਂਟੋ ਪੰਜਾਬੀ ਕਲੱਬ ਨੂੰ 31-19.5 ਅਤੇ ਇੰਟਰਨੈਸ਼ਨਲ ਕਲੱਬ ਨੇ ਓਨਟਾਰੀਓ ਖਾਲਸਾ ਦਰਬਾਰ ਕਲੱਬ ਨੂੰ 30-24.5 ਨਾਲ ਹਰਾ ਕੇ, ਸੈਮੀਫਾਈਨਲ 'ਚ ਪ੍ਰਵੇਸ਼ ਕੀਤਾ। ਪਹਿਲੇ ਸੈਮੀਫਾਈਨਲ 'ਚ ਮੈਟਰੋ ਕਲੱਬ ਨੇ ਬਰੈਂਪਟਨ-ਟੋਰਾਂਟੋ ਕਲੱਬ ਨੂੰ 37.5-34 ਨਾਲ ਅਤੇ ਇੰਟਰਨੈਸ਼ਨਲ ਕਲੱਬ ਨੇ ਲਾਇਨਜ਼-ਮਾਲਟਨ ਕਲੱਬ ਨੂੰ 34-26.5 ਨਾਲ ਹਰਾਕੇ, ਫਾਈਨਲ 'ਚ ਪ੍ਰਵੇਸ਼ ਕੀਤਾ। ਕਾਂਟੇਦਾਰ ਫਾਈਨਲ ਮੁਕਾਬਲੇ 'ਚ ਇੰਟਰਨੈਸ਼ਨਲ ਪੰਜਾਬੀ ਕਲੱਬ ਨੇ ਮੈਟਰੋ ਪੰਜਾਬੀ ਕਲੱਬ ਨੂੰ 46.5-41 ਅੰਕਾਂ ਨਾਲ ਹਰਾਕੇ, ਇਸ ਸੀਜ਼ਨ ਦਾ ਦੂਸਰਾ ਖਿਤਾਬ ਜਿੱਤਿਆ। ਸੁਲਤਾਨ ਸਮਸਪੁਰ ਨੇ ਸਰਵੋਤਮ ਧਾਵੀ ਅਤੇ ਖੁਸ਼ੀ ਦਿੜਬਾ ਨੇ ਬਿਹਤਰੀਨ ਜਾਫੀ ਦਾ ਖਿਤਾਬ ਜਿੱਤਿਆ। ਇਨ੍ਹਾਂ ਤੋਂ ਇਲਾਵਾ ਦੁੱਲਾ ਬੱਗਾ ਪਿੰਡ, ਸੰਦੀਪ ਨੰਗਲ ਅੰਬੀਆਂ, ਗੁਰਪ੍ਰੀਤ ਬੁਰਜ ਹਰੀ, ਵਿਨੈ ਖੱਤਰੀ, ਕਮਲ ਨਵਾਂ ਪਿੰਡ, ਮੈਕਸੀਕਨ ਧਾਵੀ ਸ਼ਾਵੇਜ਼ ਯੈਰੋ, ਗਿੰਦਾ ਬੱਗਾ ਪਿੰਡ, ਯਾਦ ਕੋਟਲੀ, ਸ਼ਫੀਕ ਚਿਸਤੀ, ਭੀਮ ਦੁਬਲੀ, ਕਾਲਾ ਧਨੌਲਾ, ਪਿੰਕਾ ਜਰਗ, ਗਗਨ ਨਾਗਰਾ, ਪਾਲੀ ਫਤਹਿਗੜ੍ਹ ਛੰਨਾ, ਜਸਮਨਪ੍ਰੀਤ ਰਾਜੂ ਤੇ ਗੁਰਦਿੱਤ ਕਿਸ਼ਨਪੁਰਾ ਨੇ ਵੀ ਧੜੱਲੇਦਾਰ ਖੇਡ ਦਿਖਾਈ। ਕੁਮੈਂਟੇਟਰ ਸੁਰਜੀਤ ਕਕਰਾਲੀ, ਅਮਰੀਕ ਖੋਸਾ, ਸ਼ਿੰਦਰ ਧਾਲੀਵਾਲ ਤੇ ਇਕਬਾਲ ਗਾਲਿਬ ਨੇ ਸਾਰਾ ਦਿਨ ਰੰਗ ਬੰਨਿਆ। ਬਲਵੀਰ ਸਿੰਘ ਨਿੱਝਰ, ਬਲਦੇਵ ਪੱਪੂ ਭਦੌੜ, ਰਾਜਵਿੰਦਰ ਸਰਾਏ ਨੀਟਾ, ਸਵਰਨਾ ਵੈਲੀ ਤੇ ਸਰਬਜੀਤ ਸਾਬੀ ਨੇ ਮੈਚਾਂ ਦਾ ਸੰਚਾਲਨ ਕੀਤਾ। ਗੁਰੂ ਨਾਨਕ ਲੰਗਰ ਸੇਵਾ ਸੁਸਾਇਟੀ ਵੱਲੋਂ ਲੰਗਰ ਅਤੁੱਟ ਵਰਤਾਇਆ ਗਿਆ। ਇਸ ਕੱਪ 'ਚ ਵੱਖ-ਵੱਖ ਕਲੱਬਾਂ ਨਾਲ ਸਬੰਧਤ ਪ੍ਰਮੋਟਰ ਤੇ ਸਪਾਂਤਰਾਂ 'ਚ ਦਲਜੀਤ ਸਿੰਘ ਸਹੋਤਾ, ਮਲਕੀਤ ਸਿੰਘ ਦਿਉਲ, ਸੁੱਖਾ ਮਾਨ, ਗੋਗਾ ਗਹੂਣੀਆ, ਇੰਦਰਜੀਤ ਧੁੱਗਾ, ਹਰਵਿੰਦਰ ਬਾਸੀ, ਸੁੱਖਾ ਬਾਸੀ, ਧੀਰਾ ਸੰਧੂ, ਕਰਨ ਘੁਮਾਣ, ਰੇਸ਼ਮ ਬਰਾੜ, ਪੰਮਾ ਦਿਉਲ, ਸੇਵਾ ਸਿੰਘ ਰੰਧਾਵਾ, ਦਲਜੀਤ ਸਿੰਘ ਮਾਂਗਟ, ਜਿੰਦਰ ਬੁੱਟਰ, ਸਤਨਾਮ ਸਰਾਏ, ਬਿੰਦੀ ਸਰਾਏ, ਅਮਰਜੀਤ ਸਮਰਾ, ਸੈਮ ਸਮਰਾ, ਕਾਲਾ ਹਾਂਸ, ਹਰਮਨ ਚਾਹਲ, ਬੂਟਾ ਸਿੰਘ ਚਾਹਲ, ਬਿੱਲਾ ਥਿਆੜਾ, ਤੀਰਥ ਦਿਉਲ, ਚੈਨੀ ਧਾਲੀਵਾਲ, ਲਾਲਾ ਮੁਸਤਾਪੁਰੀ, ਮਨਜੀਤ ਘੋਤੜਾ, ਮਿੱਠੂ ਹਾਊਸ ਆਫ ਟਾਇਰਜ਼ ਤੇ ਕੁਲਬੀਰ ਔਲਖ ਵੀ ਪੁੱਜੇ।

# ਬਾਬਾ ਨਜਮੀ ਵਿੰਨੀਪੈੱਗ ਵਾਸੀਆਂ ਦੇ ਰੂ-ਬ-ਰੂ





ਮਿਤੀ 22 ਜੁਲਾਈ, 2018 ਨੂੰ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ, ਵਿੰਨੀਪੈੱਗ ਵੱਲੋਂ ਮੈਪਲ ਕਾਲਜੀਏਟ ਸਕੂਲ, 1330 ਜੈਫ਼ਰਸਨ ਐਵੇਨਿਊ ਵਿਖੇ ਪਾਕਿਸਤਾਨੀ ਪੰਜਾਬੀ ਕਰਾਂਤੀਕਾਰੀ ਕਵੀ ਬਸ਼ੀਰ ਹੁਸੈਨ ਨਜਮੀ ਉਰਫ਼ ਬਾਬਾ ਨਜਮੀ ਦਾ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ, ਬਜ਼ੁਰਗ ਮਰਦ-ਔਰਤਾਂ ਨੇ ਸ਼ਮੂਲੀਅਤ ਕੀਤੀ। ਸਟੇਜ ਸੰਚਾਲਨ ਦੀ ਜਿੰਮੇਵਾਰੀ ਸਭਾ ਦੇ ਕਨਵੀਨਰ ਮੰਗਤ ਸਹੋਤਾ ਨੇ ਨਿਭਾਈ। ਉਹਨਾਂ ਪਿਛਲੇ ਸਮੇਂ 'ਚ ਸਭਾ ਵੱਲੋਂ ਕੀਤੀਆਂ ਸਰਗਰਮੀਆਂ, ਗਤੀਵਿਧੀਆਂ ਅਤੇ ਸਭਾ ਦੇ ਕੰਮਾਂ ਅਤੇ ਬਾਬਾ ਨਜਮੀ ਬਾਰੇ ਜਾਣਕਾਰੀ ਲੋਕਾਂ ਨਾਲ਼ ਸਾਂਝੀ ਕੀਤੀ।

ਸਟੇਜ ਸੰਚਾਲਕ ਵੱਲੋਂ ਜਦੋਂ ਹੀ ਬਾਬਾ ਨਜਮੀ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਤਾਂ ਸਾਰਾ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਪ੍ਰੋਗਰਾਮ ਦੀ ਸ਼ੁਰੂਆਤ ਬਾਬਾ ਨਜਮੀ ਵੱਲੋਂ ਇਸ ਸ਼ੇਅਰ ਨਾਲ ਕੀਤੀ ਗਈ

**ਬੇਹਿੰਮਤੇ ਨੇ ਜਿਹੜੇ ਬਹਿਕੇ ਸ਼ਿਕਵਾ ਕਰਨ ਮੁਕੱਦਰਾ ਦਾ,**
**ਉੱਗਣ ਵਾਲੇ ਤਾਂ ਉੱਗ ਪੈਂਦੇ ਨੇ ਸੀਨਾ ਪਾੜਕੇ ਪੱਥਰਾਂ ਦਾ।**
**ਮੰਜ਼ਲ ਦੇ ਮੱਥੇ ਦੇ ਉੱਤੇ ਤਖਤੀ ਲੱਗਦੀ ਉਹਨਾਂ ਦੀ,**
**ਜਿਹੜੇ ਘਰੋਂ ਬਣਾਕੇ ਤੁਰਦੇ ਨਕਸ਼ਾ ਆਪਣੇ ਸ਼ਫ਼ਰਾਂ ਦਾ।**

ਬਾਬਾ ਨਜਮੀ ਦੇ ਸ਼ੇਅਰ ਤੋਂ ਬਾਅਦ ਹਾਜ਼ਰੀਨ ਨੇ ਵਾਹ-ਵਾਹ ਅਤੇ ਤਾੜੀਆਂ ਨਾਲ ਦਾਦ ਦਿੱਤੀ। ਫੇਰ ਕੀ ਸੀ ਜਿਵੇਂ-ਜਿਵੇਂ ਬਾਬਾ ਨਜਮੀ ਆਪਣੀ ਕਾਵਿ-ਕਿਰਤ ਲੋਕਾਂ ਨਾਲ ਸਾਂਝੀ ਕਰਦੇ ਗਏ, ਹਾਜ਼ਰੀਨ ਵੱਲੋਂ ਹੋਰ ਵੀ ਜੋਸ਼ੋ-ਖ਼ਰੋਸ਼ ਨਾਲ ਆਪਣੀ ਹਾਜ਼ਰੀ ਲਵਾਈ ਜਾਂਦੀ ਰਹੀ। ਇੱਕ ਸਮਾਂ ਤਾਂ ਅਜੇਹਾ ਆਇਆ ਕਿ ਬਾਬਾ ਨਜਮੀਂ ਦਾ ਗਲਾ ਜਮਾਂ ਹੀ ਜਵਾਬ ਦੇ ਗਿਆ ਤੇ ਉਹਨਾਂ ਨੇ ਆਪ ਹੀ ਸਟੇਜ ਤੋਂ ਸਭਾ ਦੀ ਮੈਂਬਰ ਜਸਵੀਰ ਮੰਗੂਵਾਲ ਨੂੰ ਆਪਣੀ ਕਵਿਤਾ ਪੇਸ਼ ਕਰਨ ਦਾ ਸੱਦਾ ਦੇ ਦਿੱਤਾ।

ਜਸਵੀਰ ਨੇ ਆਪਣੀ ਕਵਿਤਾ "ਸੱਤ ਜਨਮਾਂ ਦਾ ਸਾਥ" ਬਹੁਤ ਜੋਸ਼ ਅਤੇ ਭਾਵ-ਪੂਰਕ ਸ਼ਬਦਾਂ 'ਚ ਪੜ੍ਹੀ। ਜਿਸ ਨੂੰ ਹਾਜ਼ਰ ਲੋਕਾਂ ਵੱਲੋਂ ਬਹੁਤ ਹੀ ਧਿਆਨ ਨਾਲ ਸੁਣਿਆ ਗਿਆ। ਬਠਿੰਡਾ ਤੋਂ ਵਿੰਨੀਪੈੱਗ ਆਏ ਬਾਬਾ ਨਜਮੀ ਦੇ ਉਪਾਸ਼ਕ ਕੇਵਲ ਬਾਂਸਲ ਨੇ 1947 'ਚ ਵਿੱਛੜੇ ਲੋਕਾਂ ਦੀ ਦਾਸਤਾਨ "ਅੰਮ੍ਰਿਤਸਰ ਤੋਂ ਲਹੌਰ ਪੜ੍ਹੀ ਜੋ ਵੰਡ ਦੇ ਜਖ਼ਮਾਂ ਨੂੰ ਇੱਕ ਵਾਰ ਫੇਰ ਹਰੇ ਕਰ ਗਈ ।

ਬਾਬਾ ਨਜਮੀ ਨੇ ਫਿਰ ਮਾਈਕ ਸਾਂਭਿਆ ਤੇ ਧਾਰਮਿਕ ਆਗੂਆਂ 'ਤੇ ਚੋਟ ਕਰਦਾ ਸ਼ੇਅਰ ਦਿਲ ਸਮੁੰਦਰ ਰਹਿਣ ਨਹੀਂ ਦਿੱਤਾ ਫਾਦਰ, ਪੰਡਤ, ਮੁੱਲਾ ਨੇ,

ਜੱਗ ਨੂੰ ਰਲਕੇ ਬਹਿਣ ਨਹੀਂ ਦਿੱਤਾ ਫਾਦਰ, ਪੰਡਤ, ਮੁੱਲਾ ਨੇ। ਬਾਬਾ ਨਜਮੀ ਨੇ ਮਜ਼ਦੂਰਾਂ ਦੇ ਸਬੰਧ 'ਚ ਕਵਿਤਾ ਪੜ੍ਹਦਿਆਂ ਸਰਕਾਰਾਂ 'ਤੇ ਇਸ ਤਰਾਂ ਚੋਟ ਕੀਤੀ "ਜਿਸ ਧਰਤੀ 'ਤੇ ਰੱਜਵਾਂ ਟੁੱਕਰ ਖਾਂਦੇ ਨਹੀਂ ਮਜ਼ਦੂਰ,

ਉਸ ਧਰਤੀ ਦੇ ਹਾਕਮ ਕੁੱਤੇ, ਉਸ ਦੇ ਹਾਕਮ ਸੂਰ। ਬਾਬਾ ਨਜਮੀ ਨੇ ਅਮਨ ਦੀ ਗੱਲ ਕਰਦਿਆ ਕਿਹਾ, "ਮਸਜਿਦ ਮੇਰੀ ਤੂੰ ਕਿਉਂ ਢਾਵੇਂ ?

ਮੈਂ ਕਿਉਂ ਤੋੜਾਂ ਮੰਦਰ ਨੂੰ ?

ਆਜਾ ਦੋਵੇਂ ਰਲ ਕੇ ਪੜ੍ਹੀਏ, ਇੱਕ ਦੂਜੇ ਦੇ ਅੰਦਰ ਨੂੰ।

ਸਦੀਆਂ ਵਾਂਗੂੰ ਕੁਝ ਨਹੀਂ ਜਾਣਾ ਅੱਜ ਵੀ ਮੰਦਰ-ਮਸਜਿਦ ਦਾ।

ਲਹੂ ਤਾਂ ਤੇਰਾ ਮੇਰਾ ਲੱਗਣਾ ਇੱਕ ਦੂਜੇ ਦੇ ਖੰਜਰ ਨੂੰ।"

ਸਭਾ ਨੂੰ ਸਟੇਜ ਤੋਂ ਆਰਥਿਕ ਮੱਦਦ ਲਈ ਕੀਤੀ ਅਪੀਲ ਨੂੰ ਵੀ ਹਾਜ਼ਰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਸਭਾ ਦੇ ਮੈਂਬਰ ਹਰਨੇਕ ਅਤੇ ਕਮਲ ਨੇ ਕਿਤਾਬਾਂ ਦੀ ਸਟਾਲ ਲਗਾਈ ਜਿਸ ਤੋਂ ਲੋਕਾਂ ਨੇ ਕਾਫੀ ਕਿਤਾਬਾਂ ਖਰੀਦੀਆਂ। ਸਮਾਗਮ ਦੇ ਅੰਤ 'ਤੇ ਬਾਬਾ ਨਜਮੀ ਨੂੰ ਕੈਨੇਡਾ ਦੇ ਮੂਲ-ਵਾਸੀਆਂ ਦਾ ਚਿੰਨ ਡਰੀਮ ਕੈਚਰਸਭਾ ਵੱਲੋਂ ਦਿੱਤਾ ਗਿਆ ਅਤੇ ਸਬਜੀਤ ਨੇ ਬਾਬਾ ਨਜਮੀ, ਹਾਜ਼ਰੀਨ ਲੋਕਾਂ, ਸਕੂਲ ਦੇ ਪ੍ਰਿੰਸੀਪਲ ਸ੍ਰੀ ਬਲੇਅਰ ਪੈਬਲਰ, ਅਧਿਆਪਕ ਜਗਦੀਪ ਸਿੰਘ ਤੂਰ, ਭਾਈ ਕਾਹਨ ਸਿੰਘ ਨਾਭਾ ਫਾਊਂਡੇਸ਼ਨ ਦੇ ਮੈਂਬਰਾਂ ਨੇ ਵੀ ਹਾਜ਼ਰੀ ਲਵਾਈ। ਆਪਨਾ ਰੇਡਿਓ, ਰੇਡਿਓ ਧਮਾਲ, ਰੇਡਿਓ ਅਵਾਜ, ਪੱਤਰਿਕਾ 'ਸਰੋਕਾਰਾਂ ਦੀ ਅਵਾਜ', ਨਵ-ਸਵੇਰ ਅਤੇ ਪੰਜਾਬ ਟੂਡੇ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਮਹਿੰਦਰ ਸਰਾਂ (ਐੱਮ ਐੱਲ ਏ), ਇੰਜੀਨੀਅਰ ਜਗਜੀਤ ਸਿੰਘ ਚੀਮਾ, ਕਰਮਜੀਤ ਬਹੋਨਾ, ਡਾ. ਬਲਦੇਵ ਸਿੰਘ, ਮਜ਼ਹਰ ਅੰਜੁਮ, ਕੇਵਲ ਬਰਾੜ, ਸੰਦੀਪ ਸਮਾਲਸਰ, ਹਰਿੰਦਰ ਸਿੰਘ, ਪਰਸ਼ੋਤਮ ਦਾਸ, ਜਗਮੀਤ ਮੱਤਾ, ਚਰਨਜੀਤ ਸਿੰਘ ਅਤੇ ਮਨਧੀਰ ਮੰਨੂ ਆਦਿ ਪਤਵੰਤੇ ਸੱਜਣ ਹਾਜ਼ਰ ਸਨ। ਪ੍ਰੋਗਰਾਮ ਤੋਂ ਉਪਰੰਤ ਰਵਿਊ ਵਜੋਂ ਸਭ ਲੋਕਾਂ ਦੇ ਵਿਚਾਰ ਬਹੁਤ ਸਕਾਰਾਤਮਕ ਸਨ। ਇਸ ਤਰ੍ਹਾਂ ਬਾਬਾ ਨਜਮੀ ਦਾ ਇਹ ਮੁਸ਼ਾਇਰਾ ਆਪਣੀ ਅਮਿੱਟ ਛਾਪ ਛੱਡ ਗਿਆ।

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6

GALAXY Frightline inc.
Hiring Drivers/Owners/Operators
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
*2 Years Experience
* Clean Current Abstract
* Ability to Cross Border
* Positive, Professional Attitude
For:
*GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਫੁੱਟਬਾਲ ਦੇ ਸ਼ਹੀਦ ਜਿਨ੍ਹਾਂ ਕੌਮ ਸਿਰ ਗੋਲ ਨਾ ਹੋਣ ਦਿੱਤਾ

ਗੱਲ 1941 ਦੀ ਹੈ। ਯੂਕਰੇਨ ਦੇ ਸ਼ਹਿਰ ਕੀਵ ਦਾ ਇਕ ਫੁੱਟਬਾਲ ਕਲੱਬ ਸੀ 'ਡਾਇਨਮੋ'। ਯੂਕਰੇਨ ਉਸ ਸਮੇਂ ਸੋਵੀਅਤ ਯੂਨੀਅਨ ਦਾ ਹਿੱਸਾ ਸੀ। 'ਡਾਇਨਮੋ' ਦੇ ਖਿਡਾਰੀ ਪੇਸ਼ੇਵਰ ਫੁੱਟਬਾਲਰ ਤਾਂ ਨਹੀਂ ਸਨ ਪਰ ਪੇਸ਼ੇਵਰਾਂ ਤੋਂ ਘੱਟ ਵੀ ਨਹੀਂ ਸਨ। ਉਹ ਹਮਲਾਵਰ ਖੇਡ ਲਈ ਜਾਣੇ ਜਾਂਦੇ। ਛੁੱਟੀ ਵਾਲੇ ਦਿਨ ਕੀਵ ਫੁੱਟਬਾਲ ਦੇ ਰੰਗ 'ਚ ਰੰਗਿਆ ਹੁੰਦਾ। ਗਰਾਊਂਡ ਭਰੇ ਹੁੰਦੇ। ਡਾਇਨਮੋ ਦਾ ਸਾਢੇ ਛੇ ਫੁੱਟਾ ਗੋਲਚੀ ਨਿਕੋਲਾਈ ਕਿੱਕ ਭਰਦਾ 'ਤੇ ਅੱਧਾ ਗਰਾਊਂਡ ਟਪਾ ਦਿੰਦਾ, ਅੱਗੇ ਪਾਵਲੋ ਅਤੇ ਇਵਾਨ ਬਾਲ ਲੈ ਉਡਦੇ ਤੇ ਦਰਸ਼ਕ ਸਮਝ ਜਾਂਦੇ ਕਿ ਡਾਇਨਮੋ ਅਟੈਕ ਤੇ ਹੈ।

1941 ਦੀਆਂ ਗਰਮੀਆਂ ਵੀ ਡਾਇਨਮੋ ਅਗਲੇ ਸੀਜ਼ਨ ਦੀ ਤਿਆਰੀ ਕਰ ਰਿਹਾ ਸੀ ਕਿ ਹਿਟਲਰ ਨੇ ਯੂਕਰੇਨ 'ਤੇ ਚੜ੍ਹਾਈ ਕਰ ਦਿੱਤੀ। ਕੀਵ ਤੇ ਬੰਬ ਵਰ੍ਹਨ ਲੱਗੇ। ਲਾਲ ਫੌਜ ਅਤੇ ਕੀਵ ਵਾਸੀਆਂ ਨੇ ਬਹਾਦਰੀ ਨਾਲ ਨਾਜ਼ੀਆਂ ਦਾ ਮੁਕਾਬਲਾ ਕੀਤਾ। ਕਈ ਖਿਡਾਰੀ ਵੀ ਮੋਰਚੇ 'ਤੇ ਲੜਦੇ ਰਹੇ। ਪਰ ਕੀਵ ਹਾਰ ਗਿਆ। ਵੱਡੀ ਗਿਣਤੀ 'ਚ ਕੀਵ ਵਾਸੀ ਕੈਦੀ ਬਣਾ ਲਏ ਗਏ। ਯਹੂਦੀਆਂ ਦਾ ਹਜ਼ਾਰਾਂ ਦੀ ਤਾਦਾਤ ਵਿੱਚ ਕਤਲੇਆਮ ਕੀਤਾ ਗਿਆ। ਕੀਵ ਪੂਰੀ ਤਰ੍ਹਾਂ ਨਾਜ਼ੀ ਕਬਜ਼ੇ ਵਿੱਚ ਆ ਗਿਆ ਤਾਂ ਕੈਦੀਆਂ ਨੂੰ ਮਜ਼ਦੂਰੀ ਕਰਨ ਲਈ ਵਾਪਸ ਸ਼ਹਿਰ ਲਿਆਂਦਾ ਗਿਆ।

ਗੋਲਚੀ ਨਿਕੋਲਾਈ ਕਈ ਦਿਨ ਸ਼ਹਿਰ 'ਚ ਘੁੰਮਦਾ ਰਿਹਾ ਤਾਂ ਉਸ ਨੂੰ ਇਕ ਬ੍ਰੈਡ ਫੈਕਟਰੀ 'ਬੇਕਰੀ ਨੰਬਰ 1' ਵਿੱਚ ਕੰਮ ਮਿਲ ਗਿਆ। ਵੇਖਦੇ ਹੀ ਵੇਖਦੇ ਡਾਇਨਮੋ ਅਤੇ ਹੋਰ ਕਲੱਬਾਂ ਦੇ ਖਿਡਾਰੀ ਵੀ ਉਥੇ ਕੰਮ ਕਰਨ ਲੱਗੇ। ਸਵਾਲ ਸਿਰਫ ਜਿਉਂਦੇ ਰਹਿਣ ਦਾ ਸੀ। ਫੁੱਟਬਾਲ ਤਾਂ ਕੀਵ ਦੇ ਚੇਤਿਆਂ 'ਚੋਂ ਵਿਸਰ ਹੀ ਚੁੱਕਿਆ ਹੁੰਦਾ ਜੇ ਇਹਨਾਂ ਖਿਡਾਰੀਆਂ ਦੀ ਭਿਣਕ ਨਾਜ਼ੀਆਂ ਨੂੰ ਨਾ ਪੈ ਗਈ ਹੁੰਦੀ।

ਇਹ ਜਰਮਨ ਫੌਜ ਦਾ ਮੇਜਰ ਜਨਰਲ ਸੀ ਜਿਸ ਨੇ ਮੈਚਾਂ ਦੀ ਲੜੀ ਕਰਵਾਉਣ ਦੀ ਸੋਚੀ। ਮਕਸਦ ਕੀਵ ਨੂੰ ਹਰਾ ਕੇ ਆਪਣੀ ਨਸਲ ਦੀ 'ਸਰਵਉਚਤਾ' ਦੀ ਇੱਕ ਹੋਰ ਉਦਾਹਰਣ ਪੇਸ਼ ਕਰਨਾ ਸੀ। ਇਸ ਨੇ ਜੰਗ ਜਿੱਤਣ ਜਿੰਨਾ ਹੀ ਸਵਾਦ ਦੇਣਾ ਸੀ। ਨਾਲ ਹੀ ਮੈਚਾਂ ਦੀ ਫਿਲਮ ਬਣਾ ਕੇ, ਦੁਨੀਆਂ ਨੂੰ ਨਾਜ਼ੀ ਰਾਜ ਦੇ 'ਨਜ਼ਾਰਿਆਂ' ਦੇ ਦਰਸ਼ਨ ਦੀਦਾਰ ਕਰਵਾਉਣੇ ਸਨ। ਇਸ ਲਈ ਖਿਡਾਰੀ ਰਹੇ ਬੇਕਰੀ ਮਜ਼ਦੂਰਾਂ ਨੂੰ ਖੇਡਣ ਦਾ ਸੱਦਾ ਦਿੱਤਾ ਗਿਆ। ਗੋਲਕੀਪਰ ਨਿਕੋਲਾਈ ਦੀ ਕਪਤਾਨੀ ਹੇਠ ਟੀਮ ਤਿਆਰ ਕੀਤੀ ਗਈ। ਨਾਮ ਰੱਖਿਆ 'ਐੱਫ ਸੀ ਸਟਾਰਟ'।

ਸਟਾਰਟ ਜੰਗ ਦੇ ਰਾਸ਼ਨ ਤੇ ਪਲ ਰਹਿਆਂ ਦੀ ਟੀਮ ਸੀ ਜਿਹੜੇ ਸਾਰਾ ਦਿਨ ਫੈਕਟਰੀ 'ਚ ਕੰਮ ਕਰਦੇ ਰਹਿੰਦੇ। ਜਿੰਨਾ ਕੋਲ



ਪ੍ਰੈਕਟਿਸ ਕਰਨ ਦਾ ਨਾ ਤਾਂ ਸਮਾਂ ਬਚਦਾ 'ਤੇ ਨਾ ਹੀ ਹਿੰਮਤ। ਬਸ ਪਾਵਲੋ ਬੇਕਰੀ ਦੇ ਬਾਹਰ ਦੋ ਚਾਰ ਕਿੱਕਾਂ ਮਾਰ ਕੇ ਝੱਸ ਪੂਰਾ ਕਰ ਲੈਦਾਂ ਅਤੇ ਗੋਲਚੀ ਨਿਕੋਲਾਈ ਦੀ ਪ੍ਰੈਕਟਿਸ ਹੋ ਜਾਂਦੀ। ਸਟਾਰਟ ਦੇ ਖਿਡਾਰੀਆਂ ਨੇ ਆਪਣੀ ਲਾਲ ਜਰਸੀ ਚੁਣੀ ਅਤੇ ਜਰਮਨਾਂ ਇਜ਼ਾਜਤ ਵੀ ਦੇ ਦਿੱਤੀ ਕਿਉਂਕਿ ਲਾਲਾਂ (ਕਮਿਊਨਿਸਟਾਂ) ਨੂੰ ਉਹਨਾਂ ਦੇ ਰੰਗ ਹੀ 'ਚ ਹਰਾਉਣ ਦੀ ਲੱਜਤ ਹੋਰ ਵੀ ਵੱਧ ਆਉਣੀ ਸੀ।

12 ਜੁਲਈ ਨੂੰ ਕੀਵ ਵਾਸੀਆਂ ਨੇ ਕੰਧਾਂ 'ਤੇ ਪੋਸਟਰ ਲੱਗੇ ਵੇਖੇ 'ਫੁਟਬਾਲ ਮੈਚ...ਜਰਮਨ ਫੌਜੀ ਟੀਮ ਬਨਾਮ ਐੱਫ ਸੀ ਸਟਾਰਟ ਕੀਵ'। ਕੀਵ ਵਾਸੀਆਂ ਨੇ ਕੋਈ ਬਹੁਤੀ ਰੁਚੀ ਨਾ ਵਿਖਾਈ। ਸਟਾਰਟ ਨੇ ਇਸ ਟੀਮ ਨੂੰ 4-1 ਨਾਲ ਹਰਾ ਦਿੱਤਾ। ਕੁਝ ਦਿਨਾਂ ਬਾਅਦ ਜਰਮਨ ਨੇ ਉਸ ਤੋਂ ਤਕੜੀ ਟੀਮ ਤਿਆਰ ਕੀਤੀ ਪਰ ਉਹ ਵੀ ਸਟਾਰਟ ਤੋਂ 6-0 ਨਾਲ ਹਾਰ ਗਈ।

ਅਗਲਾ ਮੈਚ ਹੰਗਰੀ ਦੇ ਇੱਕ ਕਲੱਬ ਨਾਲ ਸੀ ਜਿਸ ਨੂੰ ਵੇਖਣ ਦਰਸ਼ਕ ਚੋਖੀ ਗਿਣਤੀ ਵਿੱਚ ਆਏ। ਸਟਾਰਟ ਨੇ ਇਸ ਟੀਮ ਨੂੰ ਵੀ 5-1 ਨਾਲ ਦਰੜ ਦਿੱਤਾ। ਹੁਣ ਸਟਾਰਟ ਹੌਸਲੇ ਵਿੱਚ ਸਨ। ਕੀਵ ਦੀਆਂ ਗਲੀਆਂ ਵਿੱਚ ਲੋਕ ਉਹਨਾਂ ਨੂੰ ਪਛਾਣਨ ਲੱਗੇ। ਲੋਕ ਕਈ ਵਾਰ ਉਹਨਾਂ ਨੂੰ ਆਪਣੇ ਰਾਸ਼ਨ 'ਚੋਂ ਹਿੱਸਾ ਵੀ ਦੇ ਦਿੰਦੇ। ਉਹਨਾਂ ਨੂੰ ਲੱਗਦਾ ਜਿਵੇਂ ਸੰਸਾਰ ਜੰਗ ਫੁਰਬਾਲ ਦੇ ਮੈਦਾਨ ਵਿੱਚ ਲੜੀ ਜਾ ਰਹੀ ਹੋਵੇ। ਫੁਟਬਾਲ ਕੌਮੀ ਵਕਾਰ ਦਾ ਸਵਾਲ ਬਣ ਗਿਆ, ਕੀਵ ਲਈ ਵੀ ਅਤੇ ਨਾਜ਼ੀਆਂ ਲਈ ਵੀ।

ਹੁਣ ਜਰਮਨ ਨੇ ਆਪਣੀ ਸਭ ਤੋਂ ਤਕੜੀ ਟੀਮ ਤਿਆਰ ਕੀਤੀ। ਨਾਮ ਸੀ ਫਾਲਕੇਫ। ਇਸਦੇ ਬਹੁਤੇ ਖਿਡਾਰੀ ਪੇਸ਼ੇਵਰ ਸਨ ਜਿਹਨਾਂ ਨੇ ਜੰਗ ਤੋਂ ਬਾਅਦ ਵੀ ਆਪਣਾ ਕਰੀਅਰ ਜਾਰੀ ਰੱਖਿਆ। ਇਹ ਟੀਮ ਵੀ ਪਹਿਲਾ ਮੈਚ ਹਾਰ ਗਈ ਅਤੇ ਮੈਚ ਦੁਬਾਰਾ ਰੱਖਿਆ ਗਿਆ।

ਕੰਧਾਂ 'ਤੇ ਪੋਸਟਰ ਚਿਪਕਾਏ ਗਏ ਸਿਰਲੇਖ ਸੀ "ਬਦਲਾ ਲਉ ਮੈਚ"। ਹੁਣ ਨਾਜ਼ੀ ਆਪਣੇ ਅਲੀ ਰੂਪ ਵਿੱਚ ਆ ਗਏ। ਉਹਨਾਂ ਨੇ ਬੇਕਰੀ ਮਾਲਕਾਂ ਨੂੰ ਹੁਕਮ ਦਿੱਤਾ ਕਿ ਉਹ ਖਿਡਾਰੀਆਂ ਦਾ ਰਾਸ਼ਨ ਬੰਦ ਕਰ ਦੇਣ। ਕੁਝ ਖਿਡਾਰੀਆਂ ਨੂੰ ਟੀਮ ਨਾਲੋਂ ਤੋੜਨ ਦੀ ਕੋਸ਼ਿਸ ਕੀਤੀ ਗਈ।

9 ਅਗਸਤ, ਮੈਚ ਦਾ ਦਿਨ। ਮੈਚ ਤੋਂ ਪਹਿਲਾਂ ਐੱਫ ਸੀ ਸਟਾਰਟ ਦੇ ਕਮਰੇ ਵਿੱਚ ਇੱਕ ਨਾਜ਼ੀ ਅਫਸਰ ਆਇਆ 'ਤੇ ਉਹਨੇ ਹੁਕਮ ਸੁਣਾਇਆ ਕਿ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਖਿਡਾਰੀਆਂ ਨੇ 'ਹੇਲ ਹਿਟਲਰ ਹਿਟਲਰ ਦੀ ਜੈ ਕਰਨਾ ਹੈ। ਨਾਲ ਹੀ ਉਸ ਨੇ ਯਾਦ ਕਰਵਾਇਆ ਕਿ "ਤੁਹਾਨੂੰ ਏਥੇ ਜਿੱਤਣ ਲਈ ਨਹੀਂ ਬੁਲਾਇਆ ਗਿਆ"। ਸਟਾਰਟ ਚੁਪ ਰਹੇ। ਚੁੱਪ ਦਾ ਮਤਲਬ ਸਹਿਮਤੀ ਸਮਝ ਲਿਆ ਗਿਆ।

ਮੈਚ ਸ਼ੁਰੂ ਹੋਇਆ । ਖਿਡਾਰੀ ਲਾਈਨ-ਅੱਪ ਹੋਏ। ਫਾਲਕੇਫ ਦੇ ਖਿਡਾਰੀਆਂ ਨੇ ਹਿਟਲਰ ਦੀ ਫਤਿਹ ਬੁਲਾਈ ਪਰ ਸਟਾਰਟ ਵਾਲਿਆਂ ਨੇ ਅਜਿਹਾ ਨਾ ਕੀਤਾ। ਉਹਨਾਂ ਨੂੰ ਆਪਣੀ ਹੋਣੀ ਦਾ ਪਤਾ ਸੀ। ਖੇਡ ਦੇ ਪਹਿਲੇ ਮਿੰਟ ਤੋਂ ਹੀ ਉਹਨਾਂ ਨੇ ਹਮਲਾਵਰ ਰੁਖ ਅਪਣਾ ਲਿਆ। ਉਹ ਇਉਂ ਖੇਡੇ ਜਿਵੇਂ ਫੇਰ ਮੌਕਾ ਨਾ ਮਿਲਣਾ ਹੋਵੇ। ਰੈਫਰੀਆਂ ਦੇ ਸੌ ਘਪਲਿਆਂ ਦੇ ਬਾਵਜੂਦ ਸਟਾਰਟ ਨੇ ਪਹਿਲੇ ਅੱਧ ਤੱਕ ਸਕੋਰ 5-3 ਕਰ ਦਿੱਤਾ। ਦੂਸਰੇ ਅੱਧ ਬਾਰੇ ਕੋਈ ਦਸਤਾਵੇਜ਼ ਨਹੀਂ ਮਿਲਦਾ। ਸ਼ਾਇਦ ਜਰਮਨਾਂ ਨੇ ਦੂਸਰਾ ਅੱਧ ਕਰਵਾਇਆ ਹੀ ਨਹੀ।

ਕੁਝ ਦਿਨਾਂ ਬਾਅਦ ਸਾਰੇ ਖਿਡਾਰੀ ਬੇਕਰੀ ਤੋਂ ਗ੍ਰਿਫਤਾਰ ਕਰ ਲਏ। ਉਹਨਾਂ 'ਤੇ ਤਸ਼ੱਦਦ ਕਰਕੇ ਇਹ ਮਨਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਸਟਾਲਿਨ ਨੇ ਉਹਨਾਂ ਨੂੰ ਕਿਸੇ ਸਾਜ਼ਿਸ਼ ਤਹਿਤ ਕੀਵ ਭੇਜਿਆ ਹੈ। ਇਕ ਮਹੀਨੇ ਦੇ ਤਸ਼ੱਦਦ ਤੋਂ ਬਾਅਦ ਉਹਨਾਂ ਨੂੰ 'ਬਾਬੀ ਯਾਰ' ਨਾਮ ਦੇ ਕੈਂਪ ਵਿੱਚ ਭੇਜ ਦਿੱਤਾ ਗਿਆ ਜਿੱਥੋਂ ਕੁਝ ਖਿਡਾਰੀ ਭੱਜਣ ਵਿੱਚ ਕਾਮਯਾਬ ਹੋਏ। ਉਹਨਾਂ 'ਚੋਂ ਗੋਨਚਾਰੇਨਕੋ ਬਾਅਦ ਵਿੱਚ ਯੂਕਰੇਨ ਦਾ ਕੋਚ ਬਣਿਆ।

ਚਾਰ ਖਿਡਾਰੀਆਂ ਨਿਕੋਲਾਈ, ਪਾਵਲੋ, ਇਵਾਨ ਅਤੇ ਇੱਕ ਹੋਰ ਨੂੰ ਗੋਲੀ ਮਾਰ ਦਿੱਤੀ ਗਈ। ਜਦੋਂ ਨਿਕੋਲਾਈ ਨੂੰ ਗੋਲੀ ਮਾਰੀ ਗਈ ਤਾਂ ਉਸ ਨੇ ਐੱਫ ਸੀ ਸਟਾਰਟ ਦੀ ਓਹੀ ਲਾਲ ਜਰਸੀ ਪਾਈ ਹੋਈ ਸੀ।

# ਕੈਨੇਡੀਅਨ ਫੀਲਡ ਹਾਕੀ ਐਂਡ ਕਲਚਰਲ ਕਲੱਬ ਮਿਸੀਸਾਗਾ ਦਾ ਟੂਰਨਾਮੈਂਟ



ਪੰਜਾਬੀਆਂ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਵਾਲੀਆਂ ਸਰਗਰਮੀਆਂ 'ਚ ਹਾਕੀ ਦਾ ਬਹੁਤ ਵੱਡਾ ਹੱਥ ਹੈ। ਇਸ ਵਿਸ਼ਵ ਪ੍ਰਸਿੱਧ ਖੇਡ ਨਾਲ ਪੰਜਾਬੀ ਜਿੱਥੇ ਜਾਂਦੇ ਹਨ, ਕਿਸੇ ਨਾਲ ਕਿਸੇ ਰੂਪ 'ਚ ਜੁੜੇ ਰਹਿੰਦੇ ਹਨ। ਕੈਨੇਡਾ ਦੇ ਕਾਰੋਬਾਰੀ ਸ਼ਹਿਰ ਟੋਰਾਂਟੋ 'ਚ ਬਹੁਤ ਸਾਰੇ ਉੱਦਮੀ ਪੰਜਾਬੀਆਂ ਨੇ ਹਾਕੀ ਨੂੰ ਬਹੁਤ ਹੀ ਸ਼ਿੱਦਤ ਅਤੇ ਮਿਹਨਤ ਨਾਲ ਚਲਾਇਆ ਹੋਇਆ ਹੈ। ਫੀਲਡ ਹਾਕੀ ਐਂਡ ਕਲਚਰਲ ਕਲੱਬ ਟੋਰਾਂਟੋ ਇਸ ਦੀ ਮਿਸਾਲ ਹੈ। ਪੰਜਾਬੀ ਭਾਈਚਾਰੇ ਦੇ ਵੱਡੇ ਉਪਰਾਲੇ ਸਦਕਾ ਇਸ ਕਲੱਬ ਨੂੰ ਨਾਰਥ ਅਮਰੀਕਾ ਦਾ ਸਭ ਤੋਂ ਵੱਡਾ ਟੂਰਨਾਮੈਂਟ ਕਰਵਾਉਣ ਦਾ ਮਾਣ ਹਾਸਿਲ ਹੈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਟੀਮਾਂ ਅਤੇ ਦਰਸ਼ਕ ਸ਼ਮੂਲੀਅਤ ਕਰਦੇ ਹਨ।

ਇਸ ਕਲੱਬ ਦੇ ਪ੍ਰਧਾਨ ਜਤਿੰਦਰ ਸਿੰਘ ਕਾਲਕਟ (ਕੜਿਆਨਾ, ਹੁਸ਼ਿਆਰਪੁਰ ਜਿਲ੍ਹਾ), ਸਕੱਤਰ ਜਸਜੀਤ ਕੌਰ ਬਰਾੜ, ਖਜ਼ਾਨਚੀ ਅਮਨਬੀਰ ਬਾਠ, ਕੁਲਤਾਰ ਸਿੰਘ ਗਿੱਲ, ਬਲਜਿੰਦਰ ਸਿੰਘ ਵੜਿੰਗ ਤੇ ਡਾ. ਹਰਪ੍ਰੀਤ ਤੂਰ (ਹਠੂਰ) ਹੋਰਾਂ ਦੀ ਟੀਮ ਦੀਆਂ ਹਾਕੀ ਸਬੰਧੀ ਸਰਗਰਮੀਆਂ ਬਾਰੇ ਇਸ ਕਲੱਬ ਦੇ ਨੁਮਾਇੰਦੇ ਅਤੇ ਸਾਬਕਾ ਪ੍ਰਧਾਨ ਓਂਟਾਰੀਓ ਹਾਕੀ ਫੈਡਰੇਸ਼ਨ ਰਮਨ ਬਰਾੜ (ਫਰੀਦਕੋਟ) ਨੇ ਦੱਸਿਆ ਕਿ ਉਨ੍ਹਾਂ ਦਾ ਮਿਸ਼ਨ ਹਾਕੀ ਨੂੰ ਸੰਜੀਦਗੀ ਨਾਲ ਚਲਾਉਣ ਲਈ ਸਭ ਤੋਂ ਪਹਿਲਾ ਆਪਣੇ ਪਰਿਵਾਰਾਂ ਨੂੰ ਹਾਕੀ ਨਾਲ ਜੋੜਨਾ ਹੈ, ਚਾਹੇ ਉਹ ਖਿਡਾਰੀ ਦੇ ਰੂਪ 'ਚ ਜੁੜੀਏ ਜਾਂ ਸੰਚਾਲਕ ਦੇ ਰੂਪ 'ਚ। ਇਸ ਧਾਰਨਾ 'ਤੇ ਚੱਲਣ ਕਰਨ ਉਨ੍ਹਾਂ ਦਾ ਕਲੱਬ ਦਿਨੋਂ ਦਿਨ ਚੜਦੀ ਕਲਾ ਵੱਲ ਜਾ ਰਿਹਾ ਹੈ ਅਤੇ ਖਿਡਾਰੀ ਵਧੀਆ ਨਤੀਜੇ ਦੇ ਰਹੇ ਹਨ। ਪ੍ਰਬੰਧਕਾਂ ਦੀ ਟੀਮ ਦੀ ਚੰਗੇ ਨਤੀਜਿਆਂ ਕਰਕੇ, ਪ੍ਰਤੀਬੱਧਤਾ ਤੇ ਜ਼ਿੰਮੇਵਾਰੀ ਵਧਦੀ ਜਾਂਦੀ ਹੈ। ਰਮਨ ਬਰਾੜ ਨੇ ਦੱਸਿਆ ਕਿ ਕਲੱਬ ਦੇ ਪ੍ਰਧਾਨ ਜਤਿੰਦਰ ਕਾਲਕਟ ਦੇ ਦੋਨੋਂ ਬੇਟੇ ਜੁਗਰਾਜ ਕਾਲਕਟ ਤੇ ਰਣਬੀਰ ਕਾਲਕਟ ਕੈਨੇਡਾ ਦੀ ਕੌਮਾਂਤਰੀ ਮੰਚ 'ਤੇ ਨੁਮਾਇੰਦਗੀ ਕਰਨ ਦਾ ਮਾਣ ਪ੍ਰਾਪਤ ਕਰ ਚੁੱਕੇ ਹਨ। ਇਸ ਤਰ੍ਹਾਂ ਇੱਕ ਹੋਰ ਖਿਡਾਰੀ ਗੰਗਾ ਸਿੰਘ ਵੀ ਜੂਨੀਅਰ ਵਰਗ 'ਚ ਵਿਸ਼ਵ ਕੱਪ 'ਚ ਕੈਨੇਡਾ ਦੀ ਨੁਮਾਇੰਦਗੀ ਕਰ ਚੁੱਕਿਆ ਹੈ। ਰਮਨ ਬਰਾੜ ਤੇ ਜਸਜੀਤ ਕੌਰ ਬਰਾੜ ਦਾ ਸਪੁੱਤਰ ਜੇ ਹਰਸ਼ ਬਰਾੜ ਵੀ ਕੌਮੀ ਪੱਧਰ ਦਾ ਹਾਕੀ ਸਿਤਾਰਾ ਬਣ ਚੁੱਕਿਆ ਹੈ।

ਇਸ ਕਲੱਬ ਵੱਲੋਂ ਆਈਸਲੈਂਡ ਫੀਲਡਜ਼ ਮਿਸੀਸਾਗਾ ਵਿਖੇ 23 ਤੇ 24 ਜੂਨ 2018 ਨੂੰ ਕਰਵਾਇਆ ਗਿਆ 9ਵਾਂ ਸਲਾਨਾ ਹਾਕੀ ਟੂਰਨਾਮੈਂਟ ਹਰ ਵਾਰ ਦੀ ਤਰ੍ਹਾਂ ਹਾਕੀ ਵਾਲਿਆਂ ਨੂੰ ਵੱਡੀਆਂ ਰੌਣਕਾਂ ਮਾਣਨ ਦਾ ਸਬੱਬ ਪ੍ਰਦਾਨ ਕਰ ਗਿਆ। ਇਸ ਟੂਰਨਾਮੈਂਟ 'ਚ ਵੱਖ-ਵੱਖ ਉਮਰ ਵਰਗ ਦੀਆਂ 63 ਟੀਮਾਂ ਨੇ ਹਿੱਸਾ ਲਿਆ। ਜਿਨ੍ਹਾਂ ਵਿੱਚ ਅੰਡਰ-10 ਤੋਂ ਲੈ ਕੇ ਅੰਡਰ-18 ਸਾਲ ਤੱਕ ਉਮਰ ਵਰਗ ਦੀਆਂ ਟੀਮਾਂ ਦੇ 1000 ਕਰੀਬ ਦੇ ਖਿਡਾਰੀਆਂ ਨੇ ਜੌਹਰ ਦਿਖਾਏ। ਇਸ ਟੂਰਨਾਮੈਂਟ ਦੌਰਾਨ 150 ਦੇ ਕਰੀਬ ਮੈਚ ਦੇਖਣ ਨੂੰ ਮਿਲੇ।

ਕੈਨੇਡੀਅਨ ਫੀਲਡ ਹਾਕੀ ਐਂਡ ਕਲਚਰਲ ਕਲੱਬ ਦਾ ਮੁੱਖ ਕੋਚ ਪਾਕਿਸਤਾਨੀ ਉਲੰਪੀਅਨ ਸ਼ਾਹਬਾਜ਼ ਅਹਿਮਦ ਜੂਨੀਅਰ ਹੈ। ਜੋ 2 ਉਲੰਪਿਕ, 2 ਏਸ਼ੀਅਨ ਖੇਡਾਂ ਤੇ 10 ਚੈਂਪੀਅਨਜ਼ ਟਰਾਫੀਆਂ 'ਚ ਪਾਕਿਸਤਾਨ ਦੀ ਨੁਮਾਇੰਦਗੀ ਕਰ ਚੁੱਕਿਆ ਹੈ। ਸ਼ਾਹਬਾਜ਼ ਅਹਿਮਦ ਦਾ ਤਜ਼ਰਬਾ ਤੇ ਲਹਿੰਦੇ ਪੰਜਾਬ ਨਾਲ ਸਬੰਧਤ ਹੋਣਾ ਭਾਰਤ ਦੇ ਪੰਜਾਬੀਆਂ ਦੀ ਹਾਕੀ ਮੁਹਿੰਮ ਲਈ ਵੱਡਾ ਹੁਲਾਰਾ ਦਿੰਦਾ ਹੈ। ਸ਼ਾਹਬਾਜ਼ ਅਹਿਮਦ ਇਸ ਵੱਡੀ ਜਿੰਮੇਵਾਰੀ ਨੂੰ ਬਾਖੂਬੀ ਨਿਭਾ ਰਿਹਾ ਹੈ। ਜਿਸ ਸਦਕਾ ਇਸ ਕਲੱਬ ਦੇ ਖਿਡਾਰੀ ਹਰ ਸਾਲ ਕੌਮੀ ਪੱਧਰ 'ਤੇ ਓਂਟਾਰੀਓ ਦੀ ਨੁਮਾਇੰਦਗੀ ਕਰਦੇ ਹਨ ਅਤੇ ਕੌਮਾਂਤਰੀ ਪੱਧਰ 'ਤੇ ਕੈਨੇਡਾ ਦੀ ਨੁਮਾਇੰਦਗੀ ਕਰਨ ਦੇ ਸਮਰੱਥ ਬਣਦੇ ਹਨ। ਇਸ ਕਲੱਬ ਵਿੱਚ ਕੈਨੇਡੀਅਨ, ਭਾਰਤੀ, ਮਲੇਸ਼ੀਅਨ ਤੇ ਸ੍ਰੀਲੰਕਨ ਮੂਲ ਦੇ ਖਿਡਾਰੀ ਸਿਖਲਾਈ ਲੈ ਰਹੇ ਹਨ। ਇਨ੍ਹਾਂ ਮੁਲਕਾਂ ਦੇ ਹਾਕੀ ਪ੍ਰੇਮੀ ਮਾਪੇ ਅਤੇ ਸੰਚਾਲਕ ਕਲੱਬ ਦੀਆਂ ਗਤੀਵਿਧੀਆਂ 'ਚ ਹਰ ਤਰ੍ਹਾਂ ਦੀਆਂ ਜਿੰਮੇਵਾਰੀਆਂ ਨਿਭਾਉਂਦੇ ਹਨ।

**ਡਾ. ਸੁਖਦਰਸ਼ਨ ਸਿੰਘ ਚਹਿਲ**
**9779590575**

FOR ALL YOUR REAL ESTATE NEEDS
MLS MULTIPLE LISTING SERVICE
Contact Long time trusted name in the community
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE REALTY LTD
REALTOR
REAL ESTATE BOARD
MaxValue Reality Ltd.
Taranjit "T.J" Mand
Real Estate Associate



1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
EVERY WEDNESDAY FROM 7PM-9PM (CALGARY TIME) LISTEN LIVE TALK WITH HARCHARAN PARHAR AT 102.7FM IN CALGARY OR ONLINE AT WWW.FM102-7.COM
Website : www.sikhvirsa.com, Email : virsa@sikhvirsa.com

# ਫੀਲਡ ਹਾਕੀ ਦਾ ਮਹਾਂਕੁੰਭ ਕੈਨੇਡਾ ਕੱਪ ਸਫਲਤਾਪੂਰਵਕ ਸੰਪੰਨ





ਸਰੀ, (ਸੁਖਵੀਰ ਗਰੇਵਾਲ): ਵੈਸਟ ਕੋਸਟ ਕਿੰਗਜ਼ ਫੀਲਡ ਹਾਕੀ ਕਲੱਬ ਵਲੋਂ ਕੈਨੈਡਾ ਕੱਪ 13 ਜੁਲਾਈ ਤੋਂ 15 ਜੁਲਾਈ ਤੱਕ ਸਰੀ ਦੇ ਟੈਮਾਨਵਿਸ ਪਾਰਕ ਵਿੱਚ ਕਰਵਾਇਆ ਗਿਆ। ਇਸ ਵਾਰ ਦਾ ਟੂਰਨਾਮੈਂਟ ਕੁਲਵੰਤ ਸਿੰਘ ਕੁਲਾਰ ਨੂੰ ਸਮਰਪਿਤ ਸੀ। ਇਸ ਟੂਰਨਾਮੈਂਟ ਦੇ ਟਾਈਟਲ ਸਪਾਂਸਰ ਬੀ.ਐਮ.ਗਰੁੱਪ ਦੇ ਬਲਰਾਜ ਮਾਨ ਸਨ। ਇਸ ਤੋਂ ਇਲਾਵਾ ਡਾਇਮੰਡ ਸਪਾਂਸਰਾਂ ਵਿੱਚੋਂ ਥਿੰਦ ਪ੍ਰਾਪਰਟੀ ਤੋਂ ਦਲਜੀਤ ਥਿੰਦ, ਡੀਲਕਸ ਪੇਂਟ ਤੋਂ ਵਿੰਸ ਰਾਓ, ਵੈਨਸਿਟੀ ਤੋਂ ਜੋਧ ਸਿੰਘ ਧਾਲੀਵਾਲ, ਉਪਲ ਬਿੰਲਡਿੰਗ ਸਪਲਾਈ ਤੋਂ ਜਗਤਾਰ ਉਪਲ, ਖਾਲਸਾ ਕਰੈਡਿਟ ਯੂਨੀਅਨ, ਆਈਡਿਅਲ ਸਾਈਨਜ਼, ਆਰੀਆ ਬੈਂਕੁਅਟ ਹਾਲ ਤੋਂ ਮਿੰਦੀ ਵਿਰਕ ਅਤੇ ਪਰਮਜੀਤ ਸੰਘੇੜਾ, ਫਰਾਈਟ ਲਿੰਕ ਅਕਸਪ੍ਰੈਸ ਤੋਂ ਇੰਦਰਜੀਤ ਵਿਰਕ, ਮਾਸਟਰ ਮੀਡੀਆ, ਸਿਟੀ ਆਫ ਸਿਰੀ, ਦਰਪਣ ਮੈਗਜ਼ੀਨ ਨੇ ਵੀ ਟੂਰਨਾਮੈਂਟ ਲਈ ਵੱਡਾ ਸਹਿਯੋਗ ਦਿੱਤਾ। ਕੈਨੇਡਾ ਦਾ ਇਹ ਇੱਕੋ ਇੱਕ ਟੂਰਨਾਮੈਂਟ ਹੈ ਜਿਸ ਵਿੱਚ ਦੁਨੀਆਂ ਭਰ ਦੇ ਸਟਾਰ ਖਿਡਾਰੀ ਖੇਡਦੇ ਹਨ। ਕੈਨੇਡਾ, ਭਾਰਤ, ਯੂਰਪ, ਅਮਰੀਕਾ ਅਤੇ ਮੈਕਸੀਕੋ ਦੇ ਖਿਡਾਰੀਆਂ ਨੂੰ ਇੱਕ ਟੂਰਨਾਮੈਂਟ ਲਈ ਖੇਡਣ ਲਈ ਤਿਆਰ ਕਰਨਾ ਸੌਖਾ ਕੰਮ ਨਹੀਂ ਪਰ ਕਲੱਬ ਦੀ ਚੰਗੀ ਕਾਰਜਸ਼ੈਲੀ ਨਾਲ਼ ਇਹ ਸਭ ਕੁਝ ਸੰਭਵ ਹੋ ਜਾਂਦਾ ਹੈ। ਟੂਰਨਾਮੈਂਟ ਵਿੱਚ ਪ੍ਰੀਮੀਅਰ, ਸੋਸ਼ਲ, ਕੁੜੀਆਂ ਅਤੇ ਮੁੰਡਿਆਂ ਦੇ ਜੂਨੀਅਰ ਵਰਗ ਦੇ ਮੁਕਾਬਲੇ ਕਰਵਾਏ ਗਏ।

## ਯੂਬਾ ਬ੍ਰਦਰਜ਼ ਦਾ ਖਿਤਾਬ ਤੇ ਕਬਜ਼ਾ, ਦੁਨੀਆਂ ਭਰ ਦੇ ਹਾਕੀ ਸਟਾਰ

**ਯੂਬਾ ਬ੍ਰਦਰਜ਼ ਜੇਤੂ :** ਟੂਰਾਨਮੈਂਟ ਦੇ ਮੈਚ 13 ਜੁਲਾਈ ਦੀ ਸਵੇਰ ਨੂੰ ਸ਼ੁਰੂ ਹੋ ਗਏ ਸਨ ਪਰ ਰਸਮੀ ਉਦਘਾਟਨ ਮਾਣਯੋਗ ਐਮ. ਪੀ. ਰਣਦੀਪ ਸਿੰਘ ਸਰਾਏ ਨੇ ਬਾਅਦ ਦੁਪਹਿਰ ਕੀਤਾ। ਇਸ ਮੌਕੇ ਐਮ.ਪੀ. ਸੁੱਖ ਧਾਲੀਵਾਲ, ਸਰੀ ਤੋਂ ਮੇਅਰ ਦੇ ਅਹੁਦੇ ਲਈ ਉਮੀਦਵਾਰ ਟੌਮ ਗਿੱਲ, ਸੁੱਖ ਪੰਧੇਰ ਤੇ ਹੋਰ ਕਈ ਨਾਮੀ ਹਸਤੀਆਂ ਨੇ ਹਾਜ਼ਰੀ ਭਰੀ।

ਪ੍ਰੀਮੀਅਰ ਵਰਗ ਵਿੱਚ ਭਾਗ ਲੈ ਰਹੀਆਂ ਪੰਜੇ ਟੀਮਾਂ ਵਲੋਂ ਚੋਟੀ ਦੇ ਖਿਡਾਰੀ ਖੇਡੇ। ਨਾਮੀ ਖਿਡਾਰੀਆਂ ਦੀ ਹਾਜ਼ਰੀ ਨਾਲ਼ ਦਰਸ਼ਕਾਂ ਨੂੰ ਬਹੁਤ ਹੀ ਮਿਆਰੀ ਤੇ ਦਿਲਚਸਪ ਹਾਕੀ ਦੇਖਣ ਨੂੰ ਮਿਲੀ। ਇਸ ਵਰਗ ਵਿੱਚ ਤਸਵਰ ਇਲੈਵਨ, ਯੂਬਾ ਬ੍ਰਦਰਜ਼, ਯੂਨਾਈਟਿਡ ਬ੍ਰਦਰਜ਼ ਸਰੀ, ਵੈਸਟ ਕੋਸਟ ਕਿੰਗਜ਼ ਅਤੇ ਸੇਨ ਹੋਜ਼ੇ ਦੀਆਂ ਟੀਮਾਂ ਵਿਚਕਾਰ ਬਹੁਤ ਹੀ ਦਿਲਚਸਪ ਮੈਚ ਦੇਖਣ ਨੂੰ ਮਿਲੇ। ਫਾਈਨਲ ਮੈਚ ਤਸਵਰ ਇਲੈਵਨ ਅਤੇ ਯੂਬਾ ਬ੍ਰਦਰਜ਼ ਵਿਚਕਾਰ ਖੇਡਿਆ ਗਿਆ। ਦੋਵੇਂ ਟੀਮਾਂ ਸਟਾਰ ਖਿਡਾਰੀਆਂ ਨਾਲ਼ ਪੂਰੀ ਤਰ੍ਹਾਂ ਲੈਸ ਸਨ ਪਰ ਖਿਤਾਬ ਯੂਬਾ ਬ੍ਰਦਰਜ਼ ਦੇ ਨਾਮ ਰਿਹਾ। ਸ਼ੋਸ਼ਲ ਵਰਗ ਵਿੱਚ ਵੈਸਟ ਕੋਸਟ ਕਿੰਗਜ਼, ਰਿਚਮੰਡ, ਵਿਕਟੋਰੀਆ ਟਾਈਗਰਜ਼, ਯੂਨਾਈਟਿਡ ਬ੍ਰਦਰਜ਼ ਸਰੀ, ਯੂਨਾਈਟਿਡ ਹਾਕਸ ਕੈਲਗਰੀ ਅਤੇ ਦਸ਼ਮੇਸ਼ ਕਲੱਬ ਸਰੀ ਵਿਚਕਾਰ ਚੰਗੇ ਮੈਚ ਹੋਏ। ਇਸ ਵਰਗ ਵਿੱਚੋਂ ਮੇਜ਼ਬਾਨ ਟੀਮ ਵੈਸਟ ਕੋਸਟ ਕਿੰਗਜ਼ ਨੇ ਪਹਿਲਾ ਅਤੇ ਵਿਕਟੋਰੀਆ ਟਾਈਗਰਜ਼ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕੁੜੀਆਂ ਦੇ ਵਰਗ ਦਾ ਖਿਤਾਬ ਯੰਗਸਿਤਾਨ ਕੈਲਗਰੀ ਨੇ ਜਿੱਤਿਆ। ਮੁੰਡਿਆਂ ਦੇ ਅੰਡਰ-16 ਵਰਗ ਵਿੱਚੋਂ ਗੋਬਿੰਦ ਸਰਵਰ ਦੀ ਟੀਮ ਜੇਤੂ ਰਹੀ। ਅੰਡਰ-14 ਉਮਰ ਵਰਗ ਵਿੱਚੋਂ ਸਰੀ ਸ਼ਾਰਕ ਨੇ ਪਹਿਲਾ ਅਤੇ ਦਸ਼ਮੇਸ਼ ਕਲੱਬ ਨੇ ਦੂਜਾ ਸਥਾਨ ਪ੍ਰਾਪਤ ਕੀਤਾ।

**ਬਿਹਤਰੀਨ ਖਿਡਾਰੀ :** ਕੈਨੇਡਾ ਕੱਪ ਦੌਰਾਨ ਚੰਗਾ ਪ੍ਰਦਰਸ਼ਨ ਕਰਨ ਵਾਲ਼ੇ ਖਿਡਾਰੀਆਂ ਨੂੰ ਵੀ ਵਿਅਕਤੀਗਤ ਸਨਮਾਨ ਦਿੱਤੇ ਗਏ। ਗੁਰਪ੍ਰੀਤ ਗੁਰੀ ਨੂੰ ਬਿਹਤਰੀਨ ਗੋਲਕੀਪਰ, ਦਵਿੰਦਰ ਵਾਲਮੀਕੀ ਨੂੰ ਬਿਹਤਰੀਨ ਡਿਫੈਂਡਰ ਅਤੇ ਹੁਗੋ ਇੰਗਲਜ਼ ਨੂੰ ਬਿਹਤਰੀਨ ਫਾਰਵਰਡ ਅਤੇ ਟੌਪ ਸਕੋਰਰ ਐਲਾਨਿਆ ਗਿਆ। ਗੋਰਡੀ ਜੌਹਨਸਨ ਟੂਰਨਾਮੈਂਟ ਦਾ ਐਮ.ਵੀ.ਪੀ. ਬਣਿਆ। ਆਈਡਲ ਸਾਈਨਜ਼ ਵਲੋਂ ਗੋਰਡੀ ਨੂੰ 500 ਡਾਲਰ ਦੇ ਇਨਾਮ ਨਾਲ਼ ਸਨਮਾਨਿਤ ਕੀਤਾ ਗਿਆ।

**ਨਾਮੀ ਸ਼ਖ਼ਸ਼ੀਅਤਾਂ :** ਟੂਰਨਾਮੈਂਟ ਦੇ ਤਿੰਨੋਂ ਦਿਨ ਸਿਆਸੀ, ਸਮਾਜਿਕ ਅਤੇ ਖੇਡ ਸਖਸ਼ੀਅਤਾਂ ਨੇ ਹਾਜ਼ਰੀ ਭਰੀ। ਇਹਨਾਂ ਮਾਣਯੋਗ ਸਖਸ਼ੀਅਤਾਂ ਵਿੱਚ ਰਣਦੀਪ ਸਿੰਘ ਸਰਾਏ, ਸੁੱਖ ਧਾਲ਼ੀਵਾਲ, ਟੌਮ ਗਿੱਲ, ਮਾਈਕ ਸਟਾਰਚੱਕ, ਟਰੇਸੀ ਰੈਡੀਜ਼, ਮਾਰਵਿਨ ਹੰਟ, ਜਿੰਨੀ ਸਿਮੰਜ਼, ਜਗਰੂਪ ਬਰਾੜ, ਬਾਬਾ ਸੇਵਾ ਸਿੰਘ (ਸ੍ਰੀ ਖਡੂਰ ਸਾਹਿਬ) ਸ਼ਾਮਿਲ ਸਨ।

**ਵਿਸ਼ੇਸ਼ ਧੰਨਵਾਦ :** ਟੂਰਨਾਮੈਂਟ ਦੀ ਸਮਾਪਤੀ ਤੋਂ ਕਲੱਬ ਦੀ ਮੀਟਿੰਗ ਦੌਰਾਨ ਵੈਨਕੂਵਰ ਏਰੀਏ ਦੀਆਂ ਸੰਸਥਾਵਾਂ ਅਤੇ ਸਮੂਹ ਵਲੰਟੀਅਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਦਰਸ਼ਕਾਂ ਅਤੇ ਖਿਡਾਰੀਆਂ ਲਈ ਤਿੰਨੋਂ ਦਿਨ ਲੰਗਰ ਦੀ ਸੇਵਾ ਦਸ਼ਮੇਸ਼ ਦਰਬਾਰ ਗੁਰੂਘਰ ਵਲੋਂ ਕੀਤੀ ਗਈ। ਨਿੱਝਰ ਟਰੱਕਿੰਗ ਵਲੋਂ ਰਘਬੀਰ ਸਿੰਘ ਨੇ ਲੰਗਰ ਲਈ ਟਰੇਲਰ ਦੀ ਸੇਵਾ ਕੀਤੀ। ਨਾਨਕ ਫੂਡ ਅਤੇ ਵੇਰਕਾ ਫੂਡ ਨੇ ਵੀ ਖਿਡਾਰੀਆਂ ਅਤੇ ਦਰਸ਼ਕਾਂ ਲਈ ਵਿਸ਼ੇਸ਼ ਤਰ੍ਹਾਂ ਦੇ ਖਾਣੇ ਸਪਾਂਸਰ ਕੀਤੇ। ਇਸ ਤੋਂ ਇਲਾਵਾ ਗੁਰੂ ਨਾਨਕ ਸਿੱਖ ਗੁਰੂਦੁਆਰਾ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ, ਅਕਾਲੀ ਸਿੰਘ ਸੁਸਾਇਟੀ ਵੈਨਕੂਵਰ ਅਤੇ ਗੁਰਦੁਆਰਾ ਦਸ਼ਮੇਸ਼ ਦਰਬਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਤੋਂ ਇਲਾਵਾ ਬਲਰਾਜ ਸਿੰਘ ਹੁੰਦਲ, ਬਲਜਿੰਦਰ ਸਿੰਘ, ਭੁਪਿੰਦਰ ਸਿੰਘ ਮੰਡ, ਕੁਲਜੀਤ ਸਿੰਘ, ਸੁਖਵਿੰਦਰ ਸਿੰਘ, ਬਿਕਰਮਜੀਤ ਸਿੰਘ, ਪ੍ਰਭਜੀਤ ਸਿੰਘ, ਨਰਿੰਦਰ ਸਿੰਘ, ਪਰਗਟ ਸਿੰਘ, ਸੁਰਜੀਤ ਸਿੰਘ, ਸੁਰਜੀਤ ਸਮਰਾ (ਪ੍ਰਧਾਨ) ਅਤੇ ਜਗਸ਼ੀਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਟੂਰਨਾਮੈਂਟ ਸਫਲ ਬਣਾਉਣ ਲਈ ਸਪਾਂਸਰਾਂ, ਖਿਡਾਰੀਆਂ ਅਤੇ ਦਰਸ਼ਕਾਂ ਦਾ ਕਲੱਬ ਵਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ।

# ਇੰਡੋ-ਕੈਨੇਡੀਅਨ ਅਥਲੈਟਿਕ ਮੀਟ ਵਿੱਚ ਸੰਘਾ ਪਰਿਵਾਰ ਦੀ ਚੜ੍ਹਤ







**ਸੁਖਵੀਰ ਗਰੇਵਾਲ**

ਕੈਲਗਰੀ : ਇੰਡੋ ਕੈਨੇਡੀਅਨ ਅਥਲੈਟਿਕਸ ਐਸੋਸੀਏਸ਼ਨ ਕੈਲਗਰੀ ਵਲੋਂ ਇੱਥੋਂ ਦੇ ਰੋਟਰੀ ਚੈਲੇਂਜਰ ਪਾਰਕ ਵਿੱਚ ਕਰਵਾਈ ਗਈ ਪੰਜਵੀਂ ਸਲਾਨਾ ਟਰੈਕ ਐਂਡ ਫੀਲਡ ਚੈਂਪੀਅਨਸ਼ਿਪ ਵਿੱਚ ਸੰਘਾ ਪਰਿਵਾਰ ਦੀ ਬੱਲੇ ਬੱਲੇ ਰਹੀ।ਇਸ ਪਰਿਵਾਰ ਦੇ ਹੁਕਮ ਸਿੰਘ ਸੰਘਾ ਨੇ ਮਾਸਟਰ ਵਰਗ ਵਿੱਚ ਬਿਹਤਰੀਨ ਅਥਲੀਟ ਬਣਨ ਦਾ ਮਾਣ ਹਾਸਿਲ ਕੀਤਾ। ਹੁਕਮ ਸੰਘਾ ਦੀ ਵੱਡੀ ਧੀ ਮਨਦੀਪ ਸੰਘਾ ਓਵਰਆਲ ਬਿਹਤਰੀਨ ਅਥਲੀਟ ਐਲਾਨੀ ਗਈ। ਛੋਟੀ ਧੀ ਸਿਮਰਨ ਸੰਘਾ ਪੀ-ਵੀ ਵਰਗ ਵਿੱਚ ਬਿਹਤਰੀਨ ਅਥਲੀਟ ਬਣੀ। ਦੱਸਣਯੋਗ ਹੈ ਕਿ ਮਨਦੀਪ ਕੌਰ ਸੰਘਾ ਨੇ ਪਿਛਲੇ ਸਾਲਾਂ ਦੌਰਾਨ ਕਈ ਅਥਲੈਟਿਕਸ ਮੁਕਾਬਲਿਆਂ ਵਿੱਚ ਮੱਲਾਂ ਮਾਰ ਕੇ ਪੰਜਾਬੀ ਭਾਈਚਾਰੇ ਦਾ ਨਾਮ ਉਚਾ ਕੀਤਾ ਹੈ। ਇਸ ਦੋ ਰੋਜ਼ਾ ਚੈਂਪੀਅਨਸ਼ਿਪ ਦਾ ਉਦਘਾਟਨ ਕੌਂਸਲਰ ਜੌਰਜ ਚਾਹਲ ਨੇ ਕੀਤਾ। ਅਥਲੈਟਿਕਸ ਅਲਬਰਟਾ ਦੇ ਸਹਿਯੋਗ ਨਾਲ਼ ਕਰਵਾਈ ਗਈ ਇਸ ਚੈਂਪੀਅਨਸ਼ਿਪ ਵਿੱਚ ਕਈ ਹੋਰ ਵਰਗਾਂ ਵਿੱਚ ਵੀ ਬਿਹਤਰੀਨ ਅਥਲੀਟ ਐਲਾਨੇ ਗਏ। ਮੁੰਡਿਆਂ ਦੇ ਟਾਈਕੀ ਵਰਗ ਵਿੱਚੋਂ ਹਰਜਨ ਸਿੰਘ ਸਰਾਂ ਅਤੇ ਮਿਡਜੈਟ ਵਰਗ ਵਿੱਚੋਂ ਹਰਸਾਬ ਸਿੰਘ ਬਿਹਤਰੀਨ ਬਣੇ। ਹਰਸਾਬ ਸਿੰਘ ਨੇ 80 ਮੀਟਰ,200 ਮੀਟਰ ਅਤੇ ਗੋਲ਼ੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਹਰਵੀਰ ਨਿੱਝਰ ਨੇ 400 ਮੀਟਰ,1500 ਮੀਟਰ ਅਤੇ 3000 ਮੀਟਰ ਦੌੜਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਸੁਖਵੀਰ ਨਿੱਝਰ 800 ਮੀਟਰ ਅਤੇ 1200 ਮੀਟਰ ਵਿੱਚੋਂ ਪਹਿਲੇ ਸਥਾਨ ਤੇ ਰਿਹਾ। 60 ਮੀਟਰ ਫਰਾਟਾ ਦੌੜ ਵਿੱਚੋਂ ਅਜੈ ਸਿੰਘ,100 ਮੀਟਰ ਵਿੱਚੋਂ ਪਰਮਿੰਦਰ ਸਿੰਘ, ਉਚੀ ਛਾਲ਼ ਵਿੱਚੋਂ ਗੁਰਵੰਸ਼ ਸਿੰਘ, ਲੰਮੀ ਛਾਲ਼ ਵਿੱਚੋਂ ਨਵਕਰਨ ਬਰਾੜ ਪਹਿਲਾ ਸਥਾਨ ਤੇ ਰਹੇ।

ਕੁੜੀਆਂ ਦੀ 60 ਮੀਟਰ ਵਿੱਚੋਂ ਪ੍ਰਭਨੂਰ ਬੈਨੀਪਾਲ,80 ਮੀਟਰ ਚੋਂ ਅਨਮੋਲਪ੍ਰੀਤ,300 ਮੀਟਰ ਚੋਂ ਬਵਨੀਤ ਢਿਲੋਂ,400 ਮੀਟਰ ਚੋਂ ਮਨਦੀਪ ਚੀਮਾ,600 ਅਤੇ 1000 ਮੀਟਰ ਚੋਂ ਮਨਦੀਪ ਸੰਘਾ,800 ਮੀਟਰ ਦੌੜ 'ਚੋਂ ਅਨਮੋਲਪ੍ਰੀਤ ਚੱਠਾ, 3000 ਮੀਟਰ ਚੋਂ ਸੂਰ ਵਿਰਕ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਭੰਗੜੇ ਦੀ ਨਾਮੀ ਸ਼ਖਸੀਅਤ ਦਲਜਿੰਦਰ ਜੌਹਲ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਆਖਰੀ ਦਿਨ ਸਿਆਸੀ ਆਗੂ ਜਗਦੀਪ ਕੌਰ ਸਹੋਤਾ ਨੇ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਬਲਵਿੰਦਰ ਸਹੋਤਾ, ਐਸੋਸੀਏਸ਼ਨ ਦੇ ਪ੍ਰਧਾਨ ਮਨਜੀਤ ਰਾਏ, ਬਿੱਕਰ ਸਿੰਘ, ਪਰਮਜੀਤ ਗਰੇਵਾਲ, ਜਗਰੂਪ ਕਾਹਲੋਂ, ਬਲਵੀਰ ਸੇਖੋਂ, ਜਰਨੈਲ ਦਾਦਰਾ, ਡਾ. ਜਰਨੈਲ ਕਲਸੀ, ਰਾਜੇਸ਼ ਅੰਗਰਾਲ਼, ਸੁਖਵੀਰ ਕਾਹਲ਼ੋਂ, ਸਰਬਜੀਤ ਬਰਾੜ, ਪਰਮਿੰਦਰ ਚੱਠਾ, ਢਿਲੋਂ ਪਰਿਵਾਰ ਅਤੇ ਸੰਘਾ ਪਰਿਵਾਰ ਨੇ ਚੈਂਪੀਅਨਸ਼ਿਪ ਨੂੰ ਨੇਪਰੇ ਚਾੜਨ ਵਿੱਚ ਯੋਗਦਾਨ ਪਾਇਆ।


Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in

IMMIGRATION
Applications for Family Class and APPEALS,
Skilled Workers, Investors,
Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder
Agreements and Incorporations
FORMATION OF PUBLIC COMPANIES

PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals.
We donate part of our fees to Alberta Children Hospital.

* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)



Martindale Dental Clinic
Open 7 days a week
Dr. A. Kler D.D.S.
Dr. A. Cheema D.D.S.
Dr. K. Sahota D.M.D.
All Services provided by General Dentists
ਹਿੰਦੀ, ਪੰਜਾਬੀ, ਅੰਗਰੇਜ਼ੀ ਅਤੇ ਉਰਦੂ ਵਿਚ ਗੱਲ ਕਰ ਸਕਦੇ ਹੋ।



ਦੰਦਾਂ ਦੀ ਹਰ ਕਿਸਮ ਦੀ ਸਮੱਸਿਆ ਲਈ ਤਸੱਲੀਬਖਸ਼ ਸੇਵਾਵਾਂ ਲਈ ਮਿਲੋ।
105-126 Martindale Dr.N.E.
Calgary, AB T3J3G5
403-590-4888
martindaledentist.com



ਮਨਦੀਪ

# ‘ਨੰਗੇ ਪੈਰਾਂ ਵਾਲੇ’ ਇਨਕਲਾਬੀ ਨੌਜਵਾਨ ਡਾਕਟਰਾਂ ਦੀਆਂ ਮਹਾਨ ਦੇਣ

ਅੱਜ ਸੰਸਾਰ ਸਾਮਰਾਜੀ ਪ੍ਰਬੰਧ ਅਤੇ ਉਸ ਦੀਆਂ ਪਿਛਾਖੜੀ ਹਾਕਮ ਜਮਾਤਾਂ ਗ਼ੈਰ-ਵਿਗਿਆਨਕ ਨਜ਼ਰੀਆ ਧਾਰਕੇ ਮੈਡੀਕਲ ਵਿਗਿਆਨ ਨੂੰ ‘ਲੋਕਾਂ ਦੀ ਸੇਵਾ ਲਈ’ ਦੀ ਬਜਾਏ ‘ਸਰਮਾਏਦਾਰਾਂ ਤੇ ਉਸਦੇ ਪਿੱਠੂਆਂ ਦੀ ਸੇਵਾ ਲਈ’ ਵਰਤਣ ਤੇ ਵਿਕਸਿਤ ਕਰਨ ਦੇ ਰਾਹ ’ਤੇ ਦੌੜ ਰਹੀਆਂ ਹਨ। ਇਸੇ ਰਾਹ ’ਤੇ ਚਲਦਿਆਂ ਉਹ ‘ਮਰੀਜ’ ਨੂੰ ਵੱਧ ਤੋਂ ਵੱਧ ਮੁਨਾਫਾ ਬਟੋਰਨ ਵਾਲੀ ‘ਜਿਨਸ’ ਸਮਝਦੇ ਹਨ ਤੇ ਮੈਡੀਕਲ ਵਿਗਿਆਨ ਦੇ ਨਾਂ ਹੇਠ ਇਲਾਜ ਕਰਨ ਦੇ ਮਹਿੰਗੇ, ਖਰਚੀਲੇ ਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰਲੇ ਢੰਗ-ਤਰੀਕੇ ਅਤੇ ਦਵਾਈਆਂ ਈਜਾਦ ਕਰ ਰਹੇ ਹਨ। ਇਸਦੇ ਸਿੱਟੇ ਵਜੋਂ ਅੱਜ ਸੰਸਾਰ ਸਾਮਰਾਜੀ, ਸਰਮਾਏਦਾਰੀ ਸਿਹਤ ਪ੍ਰਬੰਧ ਲੁੱਟ ਦਾ ਵੱਡਾ ਸਾਧਨ ਬਣਿਆ ਹੋਇਆ ਹੈ।

ਇਸਦੇ ਉਲਟ ਇੱਕ ਨਜ਼ਰੀਆ ਵਿਗਿਆਨਕ ਵਿਚਾਰਧਾਰਾ ਦੇ ਧਾਰਨੀ ਸੰਸਾਰ ਇਨਕਲਾਬੀ ਕਮਿਊਨਿਸਟ ਸ਼ਕਤੀਆਂ ਦਾ ਹੈ। ਜੋ ਮੈਡੀਕਲ ਵਿਗਿਆਨ ਨੂੰ (ਸਮੇਤ ਸਭਨਾ ਵਿਗਿਆਨਾਂ) ‘ਲੋਕਾਂ ਦੀ ਸੇਵਾ ਲਈ’ ਵਿਕਸਤ ਕਰਨ ਦੀ ਸਮਝ ਨੂੰ ਪ੍ਰਣਾਏ ਹੋਏ ਹਨ। ਵਿਗਿਆਨ ਨੂੰ ਲੋਕਾਂ ਦੀ ਸੇਵਾ ਲਈ ਵਰਤਣ ਦੀਆਂ ਸਫ਼ਲ ਕੋਸ਼ਿਸ਼ਾਂ ਨੂੰ ਸਮਾਜਵਾਦੀ ਪ੍ਰਬੰਧ ਖਾਸਕਰ ਚੀਨ ਅੰਦਰ ਅਮਲ ’ਚ ਲਿਆਂਦਾ ਗਿਆ, ਜਿਸਦੇ ਬੇਮਿਸਾਲ ਸਿੱਟੇ ਸਾਹਮਣੇ ਆਏ, ਜਿਸਨੇ ਦੁਨੀਆਂ ਅੱਗੇ ਵਿਲੱਖਣ ਉਦਾਹਰਣਾਂ ਤੇ ਕਾਰਨਾਮੇ ਪੇਸ਼ ਕੀਤੇ। ਸਿਹਤ ਦੇ ਖੇਤਰ ਅੰਦਰ ਅਨੋਖੇ ਕਾਰਨਾਮੇ ਪੇਸ਼ ਕਰਨ ਵਿਚ ਚੀਨੀ ਸਮਾਜਵਾਦੀ ਦੌਰ ਦਾ ਅੱਜ ਤੱਕ ਕੋਈ ਸਾਨੀ ਨਹੀਂ।

ਸਮਾਜਵਾਦੀ ਚੀਨ ਨੇ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਦੌਰਾਨ ਮੁਲਕ ਭਰ ’ਚੋਂ 20 ਲੱਖ ਤੋਂ ਉੱਪਰ ਨੌਜਵਾਨਾਂ ਨੂੰ ਲੋਕਾਂ ਦੀਆਂ ਸਿਹਤ ਸਮੱਸਿਆਵਾਂ ਦੇ ਹੱਲ ਲਈ ਵੱਡੀ ਪੱਧਰ ’ਤੇ ਪਛੜੇ ਖੇਤਰਾਂ ਵੱਲ ਨੂੰ ਕੂਚ ਕਰਨ ਲਈ ਪ੍ਰੇਰਿਆ। ਨਵੀਨ ਗਿਆਨ-ਵਿਗਿਆਨ ਤੇ ਲੋਕਾਂ ਦੇ ਅਗਲੀ ਤਜ਼ਰਬੇ ਦੇ ਸੁਮੇਲ ਨੇ ਇੱਕ ਬਿਲਕੁਲ ਨਵੀਂ ਕਿਸਮ ਦੇ ਸਿਹਤ ਪ੍ਰਬੰਧ ਨੂੰ ਸਾਹਮਣੇ ਲਿਆਂਦਾ। ਲੱਖਾਂ ਦੀ ਗਿਣਤੀ ’ਚ ਕਾਫ਼ਲੇ ਬੰਨ੍ਹਕੇ ਪਿੰਡਾਂ ਤੇ ਹੋਰ ਪੱਛੜੇ ਖੇਤਰਾਂ ਵੱਲ ਨੂੰ ਤੁਰੇ ਇਨਕਲਾਬੀ ਨੌਜਵਾਨ ਮੁੰਡੇ-ਕੁੜੀਆਂ ਨੇ ਨਿਰਸੁਆਰਥ ਹੋ ਕੇ ਪੂਰੀ ਸਮਰਪਨ ਭਾਵਨਾ ਨਾਲ ਆਪਣੇ ਦੇਸ਼ ਦੇ ਲੋਕਾਂ ਦੀ ਅਸਲੀ ਅਰਥਾਂ ’ਚ ਸੇਵਾ ਕੀਤੀ।

ਚੀਨ ਨੂੰ ਨਵੀਂ ਸ਼ਕਤੀ ਪ੍ਰਦਾਨ ਕਰਨ ਵਿਚ ਉੱਥੋਂ ਦੇ ਨੌਜਵਾਨਾਂ ਦਾ ਮਹੱਤਵਪੂਰਨ ਰੋਲ ਰਿਹਾ ਹੈ। “ਨਿਰਬਲ” ਚੀਨ ਜਿਸਨੂੰ ਅਮਰੀਕੀ ਸਾਮਰਾਜੀਆਂ ਨੇ ਅਫ਼ੀਮ ਦੇ ਢੇਰਾਂ ਥੱਲੇ ਦੱਬ ਦੇਣ ਦੀਆਂ ਕੁਚਾਲਾਂ ਚੱਲੀਆਂ ਸਨ, ਜਿੱਥੋਂ ਦੇ ਲੋਕਾਂ ਦੀ ਅਨਪੜ੍ਹ-ਜਾਹਲ, ਨਸ਼ੇੜੀ ਤੇ ਲੰਡੀ-ਬੁੱਚੀ ਨਾਲ ਤੁਲਨਾ ਕੀਤੀ ਜਾਂਦੀ ਸੀ ਉਸ ਨਿਰਬਲ ਚੀਨ ਨੂੰ ਸਮਾਜਵਾਦੀ ਵਿਚਾਰਧਾਰਾ ਨੇ ਇੱਕ ਨਵੀਂ-ਨਰੋਈ ਊਰਜਾ ਪ੍ਰਦਾਨ ਕੀਤੀ, ਨਵਾਂ ਬਲ ਬਖਸ਼ਿਆ ਅਤੇ ਸਦੀਆਂ ਦੀ ਲਤਾੜੀ ਜਨਤਾ ਇੱਕ ਨਵੇਂ ਮਨੁੱਖ ਵਜੋਂ ਉੱਭਰ ਕੇ ਸਾਹਮਣੇ ਆਈ।

ਨਵੇਂ ਮਨੁੱਖ ਦੀ ਸਿਰਜਣਾ ਵਿਚ ਨਵੀਂ ਪੀੜ੍ਹੀ ਦਾ ਅਹਿਮ, ਅਮਿੱਟ ਯੋਗਦਾਨ ਰਿਹਾ। ਅੱਜ ਨਵੇਂ ਸੰਸਾਰ ਸਾਮਰਾਜੀ ਪ੍ਰਬੰਧ ਅੰਦਰ, ਬਿਲਕੁਲ ਵੱਖਰੀਆਂ ਸਥਿਤੀਆਂ ਅੰਦਰ ਸਾਡੇ ਦੇਸ਼ ਦੇ ਨੌਜਵਾਨ ਮੁੰਡੇ-ਕੁੜੀਆਂ ਨੂੰ ਚੀਨ ਦੇ ਉਨ੍ਹਾਂ ਨੌਜਵਾਨ ਰੈੱਡ ਗਾਰਡਾਂ, ਡਾਕਟਰਾਂ, ਕਮਿਊਨਿਸਟ ਇਨਕਲਾਬੀਆਂ ਦੀ ਲੋਕ ਮੁਕਤੀ ਲਈ, ਲੋਕ ਸੇਵਾ ਲਈ ਲਟ-ਲਟ ਬਲਦੀ ਨਿਰਸੁਅਰਥੀ ਸਮਰਪਣ ਭਾਵਨਾ ਨੂੰ, ਸਪਿਰਟ ਨੂੰ, ਚੇਤਨਾ ਨੂੰ ਮੁੜ ਤਰੋ-ਤਾਜ਼ਾ ਕਰਨ ਲਈ ਆਪਣੀ ਭੂਮਿਕਾ ਨੂੰ ਪਹਿਚਾਨਣਾ ਚਾਹੀਦਾ ਹੈ। ਇਸੇ ਉਦੇਸ਼ ਲਈ ਪੇਸ਼ ਹੈ ਸਮਾਜਵਾਦੀ ਚੀਨ ਅੰਦਰ ਸਿਹਤ ਪ੍ਰਬੰਧ ਦੀ ਅਗਵਾਈ ਕਰ ਰਹੇ ਨੌਜਵਾਨ ਰੈੱਡ ਗਾਰਡ ਯੀ-ਵਾਂਗ ਨਾਲ ਇੱਕ ਮੁਲਾਕਾਤ ਦਾ ਪੰਜਾਬੀ ਅਨੁਵਾਦ। - ਅਨੁਵਾਦਕ



**? ਕੀ ਤੁਸੀਂ ਇਸਦੀ ਵਿਆਖਿਆ ਕਰ ਸਕਦੇ ਹੋ ਕਿ ਲਾਲ ਗਾਰਡ ਬਣਨ ਤੋਂ ਬਾਅਦ ਤੁਸੀਂ ਨੰਗੇ ਪੈਰਾਂ ਵਾਲੇ ਡਾਕਟਰ ਕਿਵੇਂ ਬਣੇ? ਪਿੰਡਾਂ ਵਿਚ ਨੰਗੇ ਪੈਰਾਂ ਵਾਲੇ ਡਾਕਟਰਾਂ ਦੀ ਕੀ ਭੂਮਿਕਾ ਰਹੀ ਹੈ ਅਤੇ ਡਾਕਟਰੀ ਪ੍ਰੈਕਟਿਸ ਨਾਲ ਤੁਸੀਂ ਸਿਆਸੀ ਸਿੱਖਿਆ ਤੇ ਜਮਾਤੀ ਜੱਦੋਜਹਿਦ ਦਾ ਸੁਮੇਲ ਕਿਵੇਂ ਕੀਤਾ?**

- ਨੰਗੇ ਪੈਰਾਂ ਦੇ ਡਾਕਟਰਾਂ (2 4) ਦਾ ਸੰਕਲਪ ਸਭ ਤੋਂ ਪਹਿਲਾਂ ਇਸ ਤੱਥ ਤੋਂ ਉਪਜਿਆ ਕਿ ਅਣਸਾਵੀਂ ਵੰਡ ਹੋਣ ਕਾਰਨ ਡਾਕਟਰ ਜਿਆਦਾ ਮਾਤਰਾ ਵਿਚ ਨਹੀਂ ਸਨ। ਪੁਰਾਣੇ ਢਾਂਚੇ ਤਹਿਤ ਡਾਕਟਰ ਮੁੱਖ ਤੌਰ ’ਤੇ ਸ਼ਹਿਰਾਂ ’ਚ ਹੀ ਹੁੰਦੇ ਸਨ ਅਤੇ ਪਿੰਡਾਂ ਅੰਦਰ ਮੈਡੀਕਲ ਸਹੂਲਤਾਂ ਬਹੁਤ ਘੱਟ ਹੁੰਦੀਆਂ ਸਨ। ਨੰਗੇ ਪੈਰਾਂ ਵਾਲੇ ਡਾਕਟਰ ਦੀ ਧਾਰਣਾ ਇਹ ਸੀ ਕਿ ਉਹ ਮੁੱਖ ਤੌਰ ’ਤੇ ਕਿਸਾਨ ਸਨ ਅਤੇ ਥੋੜ੍ਹੀ ਜਿਹੀ ਟ੍ਰੇਨਿੰਗ ਤੋਂ ਬਾਅਦ ਉਹ ਮੁੱਢਲੀ ਮੈਡੀਕਲ ਸਹਾਇਤਾ ਤੋਂ ਜਾਣੂ ਹੋ ਗਏ। ਇੱਥੇ ਇੱਕ ਬਹੁਤ ਹੀ ਮਹੱਤਵਪੂਰਨ ਨੁਕਤਾ ਇਹ ਹੈ ਕਿ ਉਹ ਫਿਰ ਵੀ ਕਿਸਾਨ ਹੀ ਰਹੇ ਅਤੇ ‘ਨੰਗੇ ਪੈਰਾਂ ਵਾਲੇ’ ਦੀ ਤਸਵੀਰ ਵੀ ਏਥੋਂ ਹੀ ਬਣਦੀ ਹੈ। ਇੱਕ ਪਾਸੇ ਇਹ ਹੱਥੀਂ ਕੰਮ ਕਰਦੇ (ਉਹ ਖੇਤਾਂ ਅੰਦਰ ਨੰਗੇ ਪੈਰ ਕੰਮ ਕਰਦੇ ਸਨ) ਤੇ ਦੂਸਰੇ ਪਾਸੇ ਉਨ੍ਹਾਂ ਨੂੰ ਡਾਕਟਰੀ ਸਹਾਇਤਾ ਦੀ ਸਿਖਲਾਈ ਮੁਹੱਈਆ ਕਰਵਾਈ ਜਾਂਦੀ ਸੀ। ਇਹ ਸਰੀਰਕ ਤੇ ਮਾਨਸਿਕ ਕਿਰਤ ਦੇ ਸੁਮੇਲ ਦੀ ਚੰਗੀ ਉਦਾਹਰਨ ਸੀ। ਜਿਸ ਰਾਹੀਂ ਲੋਕ ਸੇਵਕਾਂ ਦੀ ਨਵੀਂ ਪੀੜ੍ਹੀ ਦੀ ਸਿਰਜਣਾ ਹੋਈ। ‘ਨੰਗੇ ਪੈਰਾਂ ਵਾਲੇ’ ਹੋਣ ਕਾਰਨ ਉਹ ਮਰੀਜ਼ਾਂ ਨਾਲ ਨੇੜਲੇ ਸਬੰਧ ਸਥਾਪਤ ਕਰਨ ਦੇ ਯੋਗ ਹੋ ਗਏ। ਇੱਥੇ ਮਰੀਜਾਂ ਤੇ ਡਾਕਟਰਾਂ ਵਿਚਕਾਰ ਕੋਈ ਜਮਾਤੀ ਵਖਰੇਵਾਂ ਨਹੀਂ ਸੀ ਅਤੇ ਇਹ ਬਹੁਤ ਮਹੱਤਵਪੂਰਨ ਸੀ।

ਬੇਅਰਫੁੱਟ ਡਾਕਟਰਾਂ ਨੇ ਰੋਗਾਂ ਦੀ ਰੋਕਥਾਮ ਕਰਨ ਵਾਲੀਆਂ ਦਵਾਈਆਂ ਲਈ ਵੱਡੀ ਮਾਤਰਾ ’ਚ ਮਨੁੱਖੀ-ਸ਼ਕਤੀ ਮੁਹੱਈਆ ਕੀਤੀ। ਬੇਅਰਫੁੱਟ ਡਾਕਟਰ ਵੱਡੀ ਮਾਤਰਾ ਵਿਚ ਸਨ ਤੇ ਉਹ ਕਿਸਾਨਾਂ ਨਾਲ ਰਹਿੰਦੇ ਸਨ। ਇਸ ਤਰ੍ਹਾਂ ਉਹ ਮਰੀਜਾਂ ਦੀਆਂ ਡਾਕਟਰੀ ਲੋੜਾਂ ਨੂੰ ਜਾਣਦੇ ਸਨ ਅਤੇ ਰੋਗਾਂ ਦੀ ਰੋਕਥਾਮ ਲਈ ਮਰੀਜਾਂ ਨੂੰ ਡਾਕਟਰੀ ਸਹਾਇਤਾ ਦੇਣ ਦੇ ਯੋਗ ਸਨ। ਬੇਅਰਫੁੱਟ ਡਾਕਟਰਾਂ ਦੀ ਸਿਖਲਾਈ ਬਹੁਤ ਜਲਦੀ ਹੋ ਜਾਂਦੀ ਸੀ ਅਤੇ ਇਸਲਈ ਉਨ੍ਹਾਂ ਨੂੰ ਲੰਮੀ ਸਿੱਖਿਆ ਹਾਸਲ ਕਰਨ ਦੀ ਲੋੜ ਨਹੀਂ ਸੀ। ਉਹ ਆਪਣੇ ਕੰਮ ਤੇ ਛੋਟੇ ਕੋਰਸਾਂ ਰਾਹੀਂ ਸਿੱਖ ਜਾਂਦੇ ਸਨ। ਪਹਿਲਾਂ ਵਾਲੇ ਡਾਕਟਰ ‘ਨੰਗੇ ਪੈਰਾਂ ਵਾਲੇ’ ਨਹੀਂ ਸਨ ਹੁੰਦੇ, ਉਦੋਂ ਉਹ ਸਿਰਫ਼ ਕਿਤਾਬੀ ਗਿਆਨ ਹਾਸਲ ਕਰਦੇ, ਸੋ ‘ਕੰਮ ਦੌਰਾਨ ਸਿਖਲਾਈ’ ਇੱਕ ਚੰਗੀ ਗੱਲ ਸੀ। ਇਸ ਤੋਂ ਪਹਿਲਾਂ ਡਾਕਟਰਾਂ ਨੂੰ ਲੋਕਾਂ ਦਾ ਇੱਕ ਹਿੱਸਾ ਨਹੀਂ ਸਗੋਂ ਉਨ੍ਹਾਂ ਤੋਂ ਉੱਚਾ ਸਮਝਿਆ ਜਾਂਦਾ ਸੀ।

ਬੇਅਰਫੁੱਟ ਡਾਕਟਰਾਂ ਦਾ ਉਭਰਨਾ ਇੱਕ ਕੁਦਰਤੀ ਨਤੀਜਾ ਸੀ। ਸਭ ਤੋਂ ਪਹਿਲਾਂ ਅਸੀਂ ਸਮਾਜ ਨੂੰ ਬਦਲਣ ਦੀ ਲੋੜ ਸਮਝੀ। ਅਸੀਂ ਇਨਕਲਾਬ ਰਾਹੀਂ ਸਮਝਿਆ ਕਿ ਪੁਰਾਣੀਆਂ ਸਕੀਮਾਂ ਸਮਾਜ ਤੇ ਸਾਡੇ ਮੁਲਕ ਲਈ ਕੁਝ ਨਹੀਂ ਕਰ ਰਹੀਆਂ ਅਤੇ ਮਹਾਨ ਸੰਪਰਕ ਦੌਰਾਨ, ਦੂਰ ਦੁਰਾਡੇ ਇਲਾਕਿਆਂ ’ਚ ਅਮਲੀ ਤਜ਼ਰਬੇ ਰਾਹੀਂ ਸਮਝਿਆ ਕਿ ਪਿੰਡਾਂ ’ਚ ਇਸਦੀ ਬਹੁਤ ਲੋੜ ਹੈ।

ਦੂਜੇ ਸ਼ਬਦਾਂ ’ਚ ਅਸੀਂ ਸੱਚਮੁਚ ਕੁਝ ਅਜਿਹਾ ਕਰਨਾ ਚਾਹੁੰਦੇ ਸੀ, ਜਿਸ ਨਾਲ ਮੌਜੂਦਾ ਸਮਾਜ ਬਦਲ ਸਕੇ। ਸੋ, ਪਿੰਡਾਂ ’ਚ ਜਾ ਕੇ ਪੜ੍ਹੇ-ਲਿਖੇ ਨੌਜਵਾਨਾਂ, ਰੈੱਡ ਗਾਰਡਾਂ ਰਾਹੀਂ ਸਮਾਜ ਦੀ ਸੁਧਾਈ ਦਾ ਮੁੱਖ ਕਾਰਜ ਹੱਥ ਲੈਣਾ ਸੀ, ਮਿਆਰਾਂ ਨੂੰ ਬਦਲਣਾ ਸੀ, ਲੋਕਾਂ ਦੇ ਤਕਨੀਕ ਨੂੰ ਵਰਤਣ ਦੇ ਢੰਗ ਨੂੰ ਬਦਲਣਾ ਸੀ ਅਤੇ ਅਮਲੀ ਗਿਆਨ-ਵਿਗਿਆਨ ਨੂੰ ਪ੍ਰਫੁਲਿਤ ਕਰਨਾ ਸੀ ਅਤੇ ਮਹੱਤਵਪੂਰਨ ਗੱਲ ਆਪਣੇ ਆਪ ਨੂੰ ਮੁੜ ਸਿੱਖਿਅਤ ਕਰਨਾ ਸੀ। ਸੱਭਿਆਚਾਰ ਇਨਕਲਾਬ ਦੇ ਮੁੱਢਲੇ ਪੜਾਅ ਦੌਰਾਨ ਅਸੀਂ ਮਹਿਸੂਸ ਕੀਤਾ ਕਿ ‘ਰਸਮੀ’ ਜਮਾਤੀ ਘੋਲ ਸਾਡੇ ਲਈ ਫਾਇਦੇਮੰਦ ਨਹੀਂ ਕਿਉਕਿ ਸਾਰੀ ਗਿਆਨ ਸਿਖਲਾਈ ਦੀ ਬੁਰਜੂਆ ਜਮਾਤਾਂ ਵੱਲੋਂ ਵੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਪ੍ਰੋਲੇਤਾਰੀ ਜਮਾਤ ਲਈ ਵੀ। ਪਰੰਤੂ ਜਿਸ ਢੰਗ ਰਾਹੀਂ ਤੁਸੀਂ ਸਿੱਖਿਅਤ ਹੋਏ ਹੋ, ਇਸ ਗੱਲ ਦੀ ਵੱਧ ਸੰਭਾਵਨਾ ਹੈ ਕਿ ਤੁਸੀਂ ਬੁਰਜੂਆ ਜਮਾਤ ਵਿਚ ਸ਼ਾਮਲ ਹੋ ਜਾਵੋ ਬਜਾਏ ਪ੍ਰੋਲੇਤਾਰੀ ਜਮਾਤ ਦੇ। ਇਹ ਪਹਿਲੀ ਗੱਲ ਹੈ। ਦੂਸਰੀ ਗੱਲ ਇਹ ਕਿ ਸ਼ੁੱਧ ਗਿਆਨ ਪ੍ਰਾਪਤੀ ਦਾ ਅਰਥ ਇਹ ਨਹੀਂ ਕਿ ਇਹ ਸਮਾਜ ਦੀਆਂ ਅਸਲ ਹਾਲਤਾਂ ’ਤੇ ਢੁੱਕਦੀ ਹੋਵੇ। ਦੂਸਰੇ ਸ਼ਬਦਾਂ ’ਚ ਪਹਿਲਾਂ ਵਾਲੀ ਪੜ੍ਹਾਈ ਲੋੜ ’ਚੋਂ ਉਪਜੀ ਹੋਈ ਨਹੀਂ ਸੀ। ਪ੍ਰੰਤੂ ਫਿਰ, ਲੋਕਾਂ ਦੀ ਅਸਲੀ ਜ਼ਿੰਦਗੀ ’ਚ ਸ਼ਾਮਲ ਹੋਣ ਬਾਅਦ ਸਾਨੂੰ ਨੌਜਵਾਨਾਂ ਨੂੰ ਲੋਕਾਂ ਦੀਆਂ ਅਸਲੀ ਲੋੜਾਂ ਦੀ ਸਮਝ ਆਈ ਅਤੇ ਇਹ ਸਾਡੇ ਲਈ ਗਿਆਨ ਪ੍ਰਾਪਤ ਕਰਨ ਦਾ ਪ੍ਰੇਰਕ ਬਣਿਆ। ਪੜ੍ਹਾਈ ਕੁਦਰਤੀ ਸਿੱਖਿਅਕ ਪ੍ਰਕਿਰਿਆ ਮੁਤਾਬਕ ਪਹਿਲਾਂ ਅਭਿਆਸ, ਫਿਰ ਸਿਧਾਂਤ ਤੇ ਫਿਰ ਅਭਿਆਸ ਰਾਹੀਂ ਹੁੰਦੀ ਸੀ। ਪੁਰਾਣੇ ਪ੍ਰਬੰਧ ਵਿਚ ਲੋਕ ਸਿਰਫ਼ ਪੜ੍ਹਾਈ ਕਰਦੇ ਸਨ ਬਿਨਾਂ ਇਹ ਸੋਚੇ-ਵਿਚਾਰੇ ਕਿ ਇਸ ਗਿਆਨ ਦਾ ਕੀ ਕੀਤਾ ਜਾਵੇਗਾ? ਸੋ, ਇਹ ਗਿਆਨ ਬੁਰਜੂਆ ਜਾਂ ਪ੍ਰੋਲੇਤਾਰੀ ਕਿਸੇ ਵੀ ਜਮਾਤ ਵੱਲੋਂ ਵਰਤਿਆ ਜਾ ਸਕਦਾ ਸੀ।

ਇੱਥੇ ਬਹੁਤ ਸਾਰੇ ਵਿਦਿਆਰਥੀ ਸਨ ਜੋ ਪਿੱਛੇ ਜਾ ਕੇ ਖੇਤੀ ਮਾਹਰ, ਖੇਤ ਵਿਗਿਆਨੀ, ਮਿਸਤਰੀ, ਬੇਅਰਫੁੱਟ ਡਾਕਟਰ, ਸਕੂਲ ਅਧਿਆਪਕ ਆਦਿ ਬਣੇ। ਇਸ ਕਿਸਮ ਦੀ ਸਿੱਖਿਆ ਅਤੇ ਪੜ੍ਹਾਈ ਲੋੜ ’ਚੋਂ ਉਪਜੀ ਹੋਈ ਸੀ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਖ਼ਿਆਲ ਨਹੀਂ ਸੀ ਕਿ ਉਹ ਪਹਿਲੀ ਵਾਰ ਪਿੰਡਾਂ ’ਚ ਕਦੋਂ ਗਏ। ਉਨ੍ਹਾਂ ਨੇ ਸਿਰਫ਼ ਮਹਿਸੂਸ ਕੀਤਾ ਕਿ ਪਿੰਡਾਂ ’ਚ ਪੜ੍ਹੇ ਲਿਖੇ ਨੌਜਵਾਨਾਂ ਦੀ ਸਿਆਸੀ ਅਤੇ ਅਮਲੀ ਕਾਜ਼ ਲਈ ਲੋੜ ਹੈ। ਅਮਲੀ-ਮਤਲਬ ਰੋਜ਼ਾਨਾ ਪੈਦਾਵਾਰ, ਰੋਜ਼ਾਨਾ ਜ਼ਿੰਦਗੀ। ਸਿਆਸੀ-ਮਤਲਬ ਸਿੱਖਿਅਤ ਨੌਜਵਾਨਾਂ ਲਈ ਮੁੜ ਸਿੱਖਿਅਤ ਹੋਣਾ, ਗਿਆਨ ਦਾ ਪ੍ਰਚਾਰ-ਪ੍ਰਸਾਰ ਅਤੇ ਕਿਸਾਨਾਂ ਦੀ ਸਿਆਸੀ ਜੱਦੋਜਹਿਦ ਦੀ ਜਾਣਕਾਰੀ ਤਾਂ ਜੋ ਮੁਲਕ ਅੰਦਰਲੀਆਂ ਇਨਕਲਾਬੀ ਹਾਲਤਾਂ ਤੋਂ ਜਾਣੂ ਹੋ ਸਕਣ ਅਤੇ ਆਪਣਾ ਨਜ਼ਰੀਆ ਸਪੱਸ਼ਟਕਰ ਸਕਣ। ਇਹ ਪ੍ਰੇਰਨਾ ਪੈਸੇ ਤੋਂ ਨਹੀਂ ਸਗੋਂ ‘ਲੋਕਾਂ ਦੀ ਸੇਵਾ’ ਕਰਨ ਅਤੇ ਗਿਆਨ ਨੂੰ ਲੋਕਾਂ ਦੀਆਂ ਅਸਲ ਮੁਸ਼ਕਲਾਂ ਉੱਤੇ ਲਾਗੂ ਕਰਨ ਤੋਂ ਪੈਦਾ ਹੁੰਦੀ ਸੀ।

ਅਤੇ ਮੇਰੇ ਤਜ਼ਰਬੇ ਕਿ ਮੈਂ ‘ਨੰਗੇ ਪੈਰਾਂ ਵਾਲਾ ਡਾਕਟਰ’ ਕਿਵੇਂ ਬਣਿਆ? ਜਿਹੜੇ ਇਲਾਕੇ ਵਿਚ ਮੈਂ ਗਿਆ ਉਹ ਪੇਂਡੂ ਇਲਾਕਾ ਸੀ ਤੇ ਉੱਥੇ ਆਵਾਜਾਈ ਦਾ ਕੋਈ ਸਾਧਨ ਨਹੀਂ ਸੀ। ਆਵਾਜਾਈ ਪੈਦਲ ਹੀ ਸੀ। ਸਾਡੇ ਪਿੰਡ ਤੋਂ 50 ਕਿ.ਮੀ. ਦੂਰ ਇੱਕ ਹਸਪਤਾਲ ਸੀ। ਜੇਕਰ ਕੋਈ ਮਰੀਜ਼ ਗੰਭੀਰ ਬਿਮਾਰ ਹੁੰਦਾ ਸੀ ਤਦ ਉਸਨੂੰ ਪੈਦਲ ਹਸਪਤਾਲ ਲਿਜਾਣਾ ਬੇਹੱਦ ਮੁਸ਼ਕਲ ਹੁੰਦਾ ਸੀ ਅਤੇ ਇਸ ਕਰਕੇ, ਸਿੱਟੇ ਵਜੋਂ ਅੰਧਵਿਸ਼ਵਾਸ਼ ਤੇ ਟੂਣੇ-ਟਾਮਣ ਦਾ ਜ਼ੋਰ ਸੀ। ਉਦਾਹਰਣ ਵਜੋਂ ਜੇਕਰ ਕਿਸੇ ਨੂੰ ਨਮੂਨੀਆ ਅਤੇ ਬਹੁਤ ਜਿਆਦਾ ਬੁਖਾਰ ਹੋ ਜਾਂਦਾ ਤਦ ਟੂਣੇ-ਟਾਮਣ ਵਾਲਾ ਕੁਝ ਜਾਪ ਕਰਦਾ ਹੈ ਜਿਸਨੂੰ ਕੋਈ ਨਹੀਂਸਮਝ ਪਾਉਦਾ ਅਤੇ ਉਹ ਸਰੀਰ ਉੱਪਰ ਸਿਰਫ਼ ਠੰਡੇ ਪਾਣੀ ਦਾ ਛਿੜਕਾ ਕਰਦਾ ਹੈ। ਸਾਰੇ ਕੱਪੜੇ ਉਤਰਵਾ ਕੇ, ਠੰਡੇ ਪਾਣੀ ਦਾ ਛਿੜਕਾ ਕਰਕੇ ਉਹ ਕਹਿੰਦਾ ਹੈ ਕਿ ਇਹ ਠੰਡਾ ਜਲ ਇੱਕ ਦਵਾਈ ਹੈ ਜੋ ਪ੍ਰਮਾਤਮਾ ਵੱਲੋਂ ਦਿੱਤੀ ਜਾਂਦੀ ਹੈ।

ਮੈਂ ਤੇ ਰੈੱਡ ਗਾਰਡਾਂ ਦੀ ਟੋਲੀ ਜਦੋਂ ਪਿੰਡ ਗਏ ਤਦ ਅਸੀਂ ਵੇਖਿਆ ਕਿ ਪਿੰਡ ਵਿਚ ਅੱਧੀ ਵਸੋਂ ਬਿਮਾਰ ਸੀ ਤੇ ਉੱਥੇ ਮਹਾਂਮਾਰੀ ਫੈਲੀ ਹੋਈ ਸੀ। ਪਿੱਛੋਂ ਸਾਨੂੰ ਪਤਾ ਲੱਗਾ ਕਿ ਇਹ ਟਾਈਫੈਡ ਸੀ ਜੋ ਛੋਟੇ-ਛੋਟੇ ਪਰਜੀਵੀਆਂ ਨਾਲ ਫੈਲਦਾ ਹੈ। ਪੈਦਾਵਾਰੀ ਮਜ਼ਦੂਰਾਂ ਦੀ ਅੱਧੀ ਤੋਂ ਵੱਧ ਵਸੋਂ ਬਿਮਾਰ ਸੀ। ਅਜਿਹੇ ’ਚ ਉਹ ਜਮਾਤੀ ਜੱਦੋਜਹਿਦ ’ਚ ਕਿਵੇਂ ਹਿੱਸਾ ਪਾ ਸਕਦੇ ਸਨ? ਕਿਸ ਤਰ੍ਹਾਂ ਉਹ ਰੋਜ਼ਾਨਾ ਪੈਦਾਵਾਰ ਕਰ ਸਕਦੇ ਸਨ? ਉਹ ਆਪਣੀ ਦੇਖ-ਭਾਲ ਕਿਵੇਂ ਕਰ ਸਕਦੇ ਸਨ?

ਅਤੇ ਹੁਣ ਅਸੀਂ ਲੋੜਾਂ ਮੁਤਾਬਕ ਅਧਿਐਨ ਕਰਨ ਦਾ ਕਾਜ਼ ਹੱਥ ਲਿਆ। ਅਸੀਂ ਸਭ ਤੋਂ ਪਹਿਲਾਂ ਡਾਕਟਰੀ ਲੋੜ ਦਾ ਸਾਹਮਣਾ ਕੀਤਾ। ਸਿਹਤ ਦੀ ਬੁਨਿਆਦੀ ਮਨੁੱਖੀ ਲੋੜ ਤਾਂ ਜੋ ਉਹ ਕੁਝ ਕੰਮ ਕਰਦੇ ਰਹਿਣ। ਜੇਕਰ ਤੁਸੀਂ ਬਿਮਾਰ ਹੋ ਤਦ ਤੁਸੀਂ ਕੁਝ ਨਹੀਂ ਕਰ ਪਾਉਦੇ ਅਤੇ ਸਾਨੂੰ ਰੈੱਡ ਗਾਰਡ ਨੂੰ ਦਵਾਈ ਬਾਰੇ ਕੁਝ ਵੀ ਪਤਾ ਨਹੀਂ ਸੀ। ਅਸੀਂ ਮੁਸ਼ਕਲ ਨਾਲ ਹਾਈ ਸਕੂਲ ਤੱਕ ਪੜ੍ਹੇ ਹੋਏ ਸਾਂ। ਸੋ, ਅਸੀਂ ਮਹਿਸੂਸ ਕੀਤਾ ਕਿ ਇਹ ਐਮਰਜੈਂਸੀ ਵਾਲੀ ਸਥਿਤੀ ਹੈ ਅਤੇ ਇੱਥੇ ਕੋਈ ਡਾਕਟਰ ਵੀ ਮੌਜੂਦ ਨਹੀਂ। ਅਸੀਂ ਇਸਦਾ ਹੱਲ ਕਰਨ ਬਾਰੇ ਸੋਚਿਆ। ਇੱਥੇ ਹੋਰ ਕੋਈ ਸ਼ਕਤੀਆਂ ਜਾਂ ਤਾਕਤਾਂ ਨਹੀਂ ਸਨ ਜਿਨ੍ਹਾਂ ’ਤੇ ਅਸੀਂ ਯਕੀਨ ਕਰ ਸਕਦੇ। ਸੋ, ਅਸੀਂ ਤਿੰਨਾਂ ਨੇ ਛੋਟਾ ਜਿਹਾ ਕਲੀਨਿਕ ਖੋਲ੍ਹ ਲਿਆ। ਇਸਨੂੰ ਅਸੀਂ ਛੋਟਾ ਕਲੀਨਿਕ ਆਖ ਬੁਲਾਉਦੇ ਪ੍ਰੰਤੂ ਇੱਥੇ ਕੋਈ ਅਸਲੀ ਡਾਕਟਰ ਨਹੀਂ ਸੀ। ਅਸੀਂ ਉਹ ਸਾਰੀਆਂ ਦਵਾਈਆਂ ਇਕੱਠੀਆਂ ਕੀਤੀਆਂ ਜੋ ਸਾਡੇ ਆਪਣੇ ਲਈ ਸਨ। ਸੋ, ਅਸੀਂ ਸਾਰੀਆਂ ਐਂਟੀਬਾਇਟਿਕ ਇਕੱਠੀਆਂ ਕਰਕੇ ਮੁਫ਼ਤ ਦਵਾਖਾਨਾ ਸ਼ੁਰੂ ਕਰ ਦਿੱਤਾ। ਸਾਡੇ ਕੋਲ ਨੰਗੇ ਪੈਰਾਂ ਵਾਲੇ ਡਾਕਟਰਾਂ ਵਾਲੀ ਇੱਕ ਕਿਤਾਬ ਸੀ ਅਤੇ ਅਸੀਂ ਮਰੀਜ਼ ਦੀ ਬਿਮਾਰੀ ਦੇ ਲੱਛਣਾਂ ਨੂੰ ਕਿਤਾਬ ’ਚ ਦਰਸਾਏ ਲੱਛਣਾਂ ਨਾਲ ਮਿਲਾ ਲੈਂਦੇ ਅਤੇ ਅਖੀਰ ਅਸੀਂ ਮਹਿਸੂਸ ਕੀਤਾ ਕਿ ਇਹ ਛੂਤ ਦਾ ਰੋਗ ਟਾਈਫੈਡ ਬੁਖਾਰਹੈ।

ਸੋ ਇਹ ਦਵਾਈਆਂ ਬਹੁਤ ਲਾਹੇਵੰਦ ਸਾਬਤ ਹੋਈਆਂ ਅਤੇ ਦੋ ਜਾਂ ਤਿੰਨ ਦਿਨ ਲਈ ਦਵਾਈ ਵਰਤਕੇ ਤੇਜ਼ ਬੁਖਾਰ ਹਟ ਜਾਂਦਾ ਸੀ ਤੇ ਲੋਕ ਠੀਕ ਹੋ ਜਾਂਦੇ ਸਨ। ਅਸੀਂ ਇਹ ਮਹਿਸੂਸ ਨਹੀਂ ਸਾਂ ਕਰਦੇ ਕਿ ਅਸੀਂ ਡਾਕਟਰੀ ਇਲਾਜ ਕਰ ਰਹੇ ਹਾਂ, ਸਗੋਂ ਅਸੀਂ ਤਾਂ ਸਿਰਫ਼ ਲੋਕਾਂ ਦੀ ਸੇਵਾ ਕਰਨੀ ਚਾਹੁੰਦੇ ਸਾਂ। ਅਸੀਂ ਤਾਂ ਮੈਡੀਕਲ ਬਾਰੇ ਕੋਈ ਉਚੇਰੀ ਸਿੱਖਿਆ ਵੀ ਹਾਸਲ ਨਹੀਂ ਸੀ ਕੀਤੀ ਸਗੋਂ ਲੋਕਾਂ ਨੇ ਸਾਨੂੰ ਇਹ ਸਭ ਕਰਨ ਲਾ ਦਿੱਤਾ ਸੀ।

ਸੋ ਹਕੀਕਤ ਇਹ ਸੀ ਕਿ ਇੱਕ ਲੋੜ ਪਈ ਸੀ ਤੇ ਅਸੀਂ ਇਸ ਲੋੜ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਲੋੜ ਵਧ ਗਈ ਤਾਂ ਸਾਨੂੰ ਆਪਣੇ ਗਿਆਨ ’ਚ ਵਾਧਾ ਕਰਨਾ ਪਿਆ। ਸਾਡੀ ਮੁੱਢਲੀ ਵਿੱਦਿਆ ਖ਼ੁਦ ਪੜ੍ਹਨ ਤੇ ਸਿੱਖਣਰਾਹੀਂ ਸ਼ੁਰੂ ਹੋਈ ਸੀ। ਅਸੀਂ ਬਹਿਸਾਂ ਕਰਦੇ ਤੇ ਫਿਰ ਨਵੀਆਂ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ। ਅਸੀਂ ਫਿਰ ਵਿਚਾਰ-ਵਟਾਂਦਰਾ ਕਰਕੇ ਤੇ ਸਮੱਸਿਆਵਾਂ ਨੂੰ ਹੱਲ ਕਰ ਲੈਂਦੇ ਅਤੇ ਇਸ ਤਰ੍ਹਾਂ ਦੇ ਅਮਲ ਰਾਹੀਂ




ਅਸੀਂ ਤਜ਼ਰਬਾ ਹਾਸਲ ਕਰ ਸਕੇ।

ਚੀਨੀ ਇਲਾਜ ਅਸਲ ਵਿਚ ਤਜ਼ਰਬੇ 'ਤੇ ਆਧਾਰਤ ਹੈ। ਇੱਕ ਕਿਸਮ ਦੇ ਰੋਜ਼ਮਰ੍ਹਾ ਦੇ ਤਜ਼ਰਬੇ ਦੇ ਅਧਾਰ 'ਤੇ ਨਾ ਕੇਵਲ ਸਿਧਾਂਤ 'ਤੇ ਹੀ। ਪੱਛਮੀ ਇਲਾਜ ਵਿਧੀ ਦੇ ਆਉਣ ਤੋਂ ਪਹਿਲਾਂ ਚੀਨੀ ਇਲਾਜ ਵਿਧੀ ਦੇ ਲੱਖਾਂ ਡਾਕਟਰ ਸਨ। ਉਹ ਕਦੇ ਸਕੂਲ ਵੀ ਨਹੀਂ ਸਨ ਗਏ। ਉਨ੍ਹਾਂ ਕੋਲ ਕੋਈ ਕਿਤਾਬ ਵੀ ਨਹੀਂ ਸੀ। ਉਨ੍ਹਾਂ ਕੋਲ ਕੁਝ ਜੜ੍ਹੀ-ਬੂਟੀਆਂ ਤੇ ਕੁਝ ਕੁ ਐਕੂਪੰਕਚਰ ਸੂਈਆਂ ਹੁੰਦੀਆਂ ਸਨ। ਉਹ ਕਿਵੇਂ ਲਿਖਦੇ ਸਨ? ਉਹ ਆਪਣੇ ਪੁਰਖਿਆਂ ਤੇ ਲੋਕਾਂ ਤੋਂ ਸਿੱਖਦੇ ਸਨ। ਉਹ ਲੋਕਾਂ ਦੁਆਰਾ ਖ਼ੁਦ ਦਵਾਈਆਂ ਤਿਆਰ ਕਰਨ ਤੇ ਖ਼ੁਦ ਇਲਾਜ ਕਰਨ ਰਾਹੀਂ ਜਾਣਕਾਰੀ ਇਕੱਤਰ ਕਰਦੇ ਸਨ ਅਤੇ ਅਮਲੀ ਤੌਰ 'ਤੇ ਅਸੀਂ ਵੀ ਇਸੇ ਕਿਸਮ ਦਾ ਤਜ਼ਰਬਾ ਗ੍ਰਹਿਣ ਕੀਤਾ ਅਤੇ ਅਸੀਂ ਬੱਚੇ ਪੈਦਾ ਕਰਵਾਉਣ, ਮਿਹਦੇ ਦੇ ਜ਼ਖ਼ਮ, ਛੂਤ ਦੀਆਂ ਬਿਮਾਰੀਆਂ ਅਤੇ ਕੁਝ ਅਪਰੇਸ਼ਨ ਕਰਨ ਵਿਚ ਸਫ਼ਲ ਹੋਏ ਅਤੇ ਇਸ ਦੌਰਾਨ ਸਾਨੂੰ ਪੀ.ਐਲ.ਏ. ਦੀਆਂ ਚਲਦੀਆਂ-ਫਿਰਦੀਆਂ ਮੈਡੀਕਲ ਟੀਮਾਂ ਵੱਲੋਂ ਰਸਮੀ ਟ੍ਰੇਨਿੰਗ ਦਿੱਤੀ ਜਾਂਦੀ।

ਇੱਕ ਗੱਲ ਬਹੁਤ ਦਿਲਚਸਪ ਹੈ ਕਿ ਮਾਓ ਨੇ 1965 ਜਾਂ 1964'ਚ ਕਿਹਾ ਸੀ ਕਿ ਡਾਕਟਰੀ ਸਹਾਇਤਾ ਦਾ ਮੁੱਖ ਜ਼ੋਰ ਪੇਂਡੂ ਖਿੱਤਿਆ ਵਿਚ ਦਿੱਤਾ ਜਾਣਾ ਚਾਹੀਦਾ ਹੈ। ਦੂਸਰੇ ਸ਼ਬਦਾਂ 'ਚ ਇਸ ਤੋਂ ਪਹਿਲਾਂ ਡਾਕਟਰੀ ਸੇਵਾਵਾਂਮੁੱਖ ਤੌਰ ਤੇ ਸ਼ਹਿਰਾਂ ਵਿਚ ਕੇਂਦਰਤ ਸਨ। ਪੇਂਡੂ ਖੇਤਰਾਂ ਵਿਚ ਡਾਕਟਰੀ ਸਹੂਲਤਾਂ ਬਹੁਤ ਸੀਮਤ ਸਨ ਅਤੇ ਉਸ ਸਮੇਂ ਡਾਕਟਰਾਂ ਦੀ ਗਿਣਤੀ ਬਹੁਤ ਥੋੜ੍ਹੀ ਸੀ ਤੇ ਮੰਗ ਜ਼ਿਆਦਾ। ਇਸ ਤਰ੍ਹਾਂ ਹਾਸਲ ਡਾਕਟਰ ਪੇਂਡੂ ਖੇਤਰਾਂ ਵਿਚ ਜਾਣ ਤੋਂਕੰਨੀ ਕਤਰਾਉਂਦੇ ਸਨ। ਸਰਵਿਸ ਬਹੁਤ ਮਾੜੀ ਸੀ ਅਤੇ ਉਦਾਹਰਣ ਵਜੋਂ ਕਈਵਾਰ ਤੁਹਾਨੂੰ ਡਾਕਟਰਾਂ ਨੂੰ ਕੀਮਤੀ ਤੋਹਫੇ ਦੇਣੇ ਪੈਂਦੇ ਸਨ ਤਾਂ ਕਿ ਉਹ ਤੁਹਾਡੇ ਘਰ ਆ ਕੇ ਮਰੀਜ ਦਾ ਇਲਾਜ ਕਰੇ। ਇਸ ਤਰ੍ਹਾਂ ਇੱਥੇ ਭ੍ਰਿਸ਼ਟਾਚਾਰ ਤੇ ਬੁਰਜੂਆ ਅਧਿਕਾਰਾਂ ਦੀ ਗੱਲ ਚੱਲਣ ਲੱਗੀ। ਅਜਿਹੀ ਹਾਲਤ ਵਿਚ ਨੰਗੇ ਪੈਰਾਂ ਵਾਲੇ ਡਾਕਟਰ ਉੱਭਰਕੇ ਸਾਹਮਣੇ ਆਏ - ਅਸਲ ਵਿਚ ਸਾਡੀ ਯੋਗਤਾ ਦੇ ਵਿਕਸਿਤ ਹੋਣ ਨੇ ਉਨ੍ਹਾਂ ਲਈ ਚੁਣੌਤੀ ਪੇਸ਼ ਕੀਤੀ। ਉਨ੍ਹਾਂ ਕੋਲ ਰਸਮੀ ਸਿੱਖਿਆ ਸੀ,ਉਹ ਮੈਡੀਕਲ ਗਰੈਜੂਏਟ ਸਨ, ਪ੍ਰੰਤੂ ਸਥਾਨਕ ਕਿਸਾਨਾਂ ਦਾ ਉਨ੍ਹਾਂ ਉੱਤੋਂ ਭਰੋਸਾਖ਼ਤਮ ਹੁੰਦਾ ਜਾ ਰਿਹਾ ਸੀ, ਪਰ ਕਿਸਾਨਾਂ ਨੇ ਨੰਗੇ ਪੈਰਾਂ ਵਾਲੇ ਡਾਕਟਰਾਂ ਉੱਪਰਅਥਾਹ ਭਰੋਸਾ ਦਿਖਾਇਆ, ਬੇਅਰਫੁੱਟ ਡਾਕਟਰਾਂ ਬਾਰੇ ਚੰਗੀ ਗੱਲ ਸੀ ਕਿ ਉਹ ਇੱਕੋਸਮੇਂ ਡਾਕਟਰ ਸਨ ਅਤੇ ਦੂਜੇ ਵੇਲੇ ਉਹ ਸਰੀਰਕ ਕੰਮ ਵੀ ਕਰਦੇ ਸਨ, ਖੇਤਾਂ 'ਚ ਕੰਮ ਵੀ ਕਰਦੇ ਸਨ। ਸੋ ਅਸਲ ਵਿਚ ਉਹ ਇੱਕੋ ਜਮਾਤ ਦੇ ਸਨ, ਇੱਕੋ ਖੇਤਰ 'ਚੋਂ ਸਨ, ਉਹ ਹਰ ਰੋਜ ਸੰਪਰਕ 'ਚ ਰਹਿੰਦੇ ਸਨ, ਉਹ ਲੋਕਾਂ ਨੂੰ ਜਾਣਦੇ ਸਨ। ਬੇਅਰਫੁੱਟ ਡਾਕਟਰ ਹਰ ਪਰਿਵਾਰ ਦੀ ਪੂਰੀ ਜਾਣਕਾਰੀ ਰੱਖਦੇ ਸਨ, ਹਰ ਪਰਿਵਾਰ ਦੀਆਂ ਸਮੱਸਿਆਵਾਂ ਤੋਂ ਜਾਣੂ ਸਨ। ਉਨ੍ਹਾਂ ਕੋਲ ਹਰੇਕ ਦੀ ਮੈਡੀਕਲ ਹਿਸਟਰੀ ਹੁੰਦੀ ਸੀ ਅਤੇ ਉਹ ਜਲਦੀ ਪਹੁੰਚ ਜਾਂਦੇ ਕਿਉਂਕਿ ਉਹ ਉਸੇ ਪਿੰਡ ਵਿਚ ਰਹਿੰਦੇ ਸਨ। ਉਹ ਹੋਰ ਪਿੰਡਾਂ ਵਿਚ ਵੀ ਜਾਂਦੇ ਸਨ ਪ੍ਰੰਤੂ ਹਰ ਪਿੰਡ ਕੋਲ ਆਪਣੇ ਬੇਅਰਫੁੱਟ ਡਾਕਟਰ ਹੁੰਦੇ ਸਨ। ਨੰਗੇ ਪੈਰਾਂ ਵਾਲੇ ਡਾਕਟਰਾਂ ਵਿਚੋਂ ਬਹੁਤੇ ਖ਼ੁਦ ਕਿਸਾਨ ਸਨ ਅਤੇ ਉਹ ਹਾਈ ਸਕੂਲ ਜਾਂ ਐਲੀਮੈਂਟਰੀ ਜਾਂ ਪ੍ਰਾਈਮਰੀ ਵਿੱਦਿਆ ਪ੍ਰਾਪਤ ਸਨ। ਸ਼ੁਰੂ ਕਰਨ ਲਈ (ਡਾਕਟਰੀ ਟ੍ਰੇਨਿੰਗ) ਉਹ ਛੇ ਤੋਂ ਬਾਰ੍ਹਾਂ ਮਹੀਨਿਆਂ 'ਚ ਸਿੱਖਿਅਤ ਹੋ ਜਾਂਦੇ - ਉਨ੍ਹਾਂ ਨੂੰ ਕੁਝ ਐਕੂਪੰਕਚਰ ਵਿਧੀ ਦੇ ਯੋਗ ਕੀਤਾ ਜਾਂਦਾ, ਕੁਝ ਜੜ੍ਹੀ ਬੂਟੀਆਂ ਨੂੰ ਨਿਯੰਤਰਿਤ ਕਰਨ ਯੋਗ ਹੋ ਜਾਂਦੇ ਤੇ ਟੀਕੇ ਲਾਉਣੇ ਸਿੱਖ ਜਾਂਦੇ। ਹੌਲੀ-ਹੌਲੀ ਉਨ੍ਹਾਂ ਦੀ ਮੁਹਾਰਤ ਵਧਦੀ ਜਾਂਦੀ ਤੇ ਉਹ ਹੋਰ ਵੱਧ ਕਰਨ ਦੇ ਯੋਗ ਹੋ ਜਾਂਦੇ।

ਨੰਗੇ ਪੈਰਾਂ ਵਾਲੇ ਡਾਕਟਰ ਇੱਕ ਮਿਸਾਲ ਸਨ ਕਿ ਕਿਵੇਂ ਇੱਕੋ ਸਰੀਰ ਮਾਨਸਿਕ ਤੇ ਸਰੀਰਕ ਕਿਰਤ ਕਰ ਸਕਦਾ ਹੈ। ਸਰੀਰਕ ਮਿਹਨਤ ਦੁਆਰਾ ਤੁਸੀਂ ਕਿਸਾਨਾਂ ਨਾਲ ਨੇੜਲਾ ਰਿਸ਼ਤਾ ਬਣਾਉਂਦੇ ਹੋ। ਤੁਸੀਂ ਇੱਕੋ ਜਮਾਤ ਨਾਲ ਸਬੰਧਤ ਹੋ ਜਿਹੜਾ ਕਿ ਬਹੁਤ ਮਹੱਤਵਪੂਰਨ ਹੈ। ਤੁਸੀਂ ਉਨ੍ਹਾਂ ਨਾਲੋਂ ਕੋਈ ਅਨੋਖੀ ਚੀਜ਼ ਨਹੀਂ ਹੋ, ਜਿਹੜੀ ਉੱਚੇ ਅਹੁਦੇ ਕਾਰਨ ਦੂਸਰੇ ਡਾਕਟਰਾਂ ਵਿਚ ਸੀ। ਇਹ ਬਹੁਤ ਹੀ ਵਧੀਆ ਵਿਚਾਰ ਹੈ ਅਤੇ ਮੇਰੇ ਅਨੁਸਾਰ ਇਹ ਮਹੱਤਵਪੂਰਨ ਅੰਸ਼ ਹੈ ਕਿ ਪੱਛੜੇ ਖੇਤਰਾਂ 'ਚ ਹਾਲੇ ਵੀ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਪ੍ਰੰਤੂ ਚੀਨ ਦਾ ਹੁਣ ਦਾ ਅਮਲ (ਉਲਟ ਇਨਕਲਾਬ ਵੇਲੇ) ਇਸ ਤਰ੍ਹਾਂ ਦਾ ਹੈ ਕਿ ਕੁਝ ਨੰਗੇ ਪੈਰਾਂ ਵਾਲੇ ਡਾਕਟਰ ਜੁੱਤੀਆਂ ਪਹਿਨ ਕੇ ਰੱਖਦੇ ਹਨ। (ਹਸਦੇ ਹੋਏ)

? ਮੈਂ ਸੋਚਦਾ ਹਾਂ ਕਿ ਚੀਨ ਦੀ ਮੌਜੂਦਾ ਸਰਕਾਰ ਨੇ ਨੰਗੇ ਪੈਰਾਂ ਵਾਲੇ ਲਾਲ ਡਾਕਟਰਾਂ ਨੂੰ ਭੁਲਾ ਦਿੱਤਾ ਹੈ?

- ਨਹੀਂ, ਅਸਲ ਵਿਚ ਉਹ ਉਨ੍ਹਾਂ ਨੂੰ ਭੁਲਾ ਹੀ ਨਹੀਂ ਸਕਦੇ। ਪਰ ਹੁਣ ਨੰਗੇ ਪੈਰਾਂ ਵਾਲੇ ਡਾਕਟਰਾਂ 'ਚ ਰੁਝਾਣ ਇਹ ਹੈ ਕਿ ਉਨ੍ਹਾਂ ਨੂੰ ਬਹੁਤਾ ਉਤਸ਼ਾਹਤ ਨਹੀਂ ਕੀਤਾ ਜਾਂਦਾ। ਉਨ੍ਹਾਂ ਨੂੰ ਪੈਰਾਂ 'ਚ ਜੁੱਤੀਆਂ ਪਾਉਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ, ਦੂਜੇ ਸ਼ਬਦਾਂ ਵਿਚ ਉਨ੍ਹਾਂ ਨੂੰ ਕਿੱਤਾਮੁਖੀ ਬਣਨ, ਪ੍ਰਾਈਵੇਟ ਕਲੀਨਿਕ ਵੱਲ ਦੌੜਨ ਤੇ ਅਮੀਰ ਬਣਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਸੋ ਇਹ ਬਿਲਕੁਲ ਵੱਖਰੀ ਤਰ੍ਹਾਂ ਹੈ, ਨੰਗੇ ਪੈਰਾਂ ਵਾਲੇ ਡਾਕਟਰ ਬਣਾਉਣਾ ਬਹੁਤ ਹੀ ਉਤਸ਼ਾਹਜਨਕ ਸੀ। ਇਹ ਬਹੁਤ ਹੀ ਵਧੀਆ ਸੀ।

? ਜਦੋਂ ਤੁਸੀਂ ਬੇਅਰਫੁੱਟ ਡਾਕਟਰ ਸੀ ਤਦ ਪਿੰਡਾਂ ਅੰਦਰ ਚੱਲ ਰਹੀ ਜਮਾਤੀ ਜੱਦੋਜਹਿਦ ਵਿਚ ਤੁਹਾਡੀ ਕੀ ਭੂਮਿਕਾ ਸੀ, ਮਿਸਾਲ ਵਜੋਂ ਜਗੀਰਦਾਰੀ ਦੀ ਰਹਿੰਦ-ਖੂੰਹਦ ਤੇ ਵਹਿਮਾਂ-ਭਰਮਾਂ ਖਿਲਾਫ਼? ਤੁਸੀਂ ਮੈਡੀਕਲ ਤੇ ਸਿਆਸੀ ਭੂਮਿਕਾ ਵਿਚ ਸੁਮੇਲ ਕਿਵੇਂ ਬੈਠਾਉਂਦੇ ਸੀ?

- ਇਹ ਪੱਕਾ ਹੈ ਕਿ ਪਿੰਡ ਵਿਚ ਰਹਿਣ ਵਾਲੇ ਹਰੇਕ ਵਿਅਕਤੀ ਨੂੰ ਜਮਾਤੀ ਜੱਦੋਜਹਿਦ ਤੇ ਸਿਆਸੀ ਲਹਿਰ ਵਿਚ ਹਿੱਸਾ ਲੈਣਾ ਪੈਂਦਾ ਸੀ। ਪਰੰਤੂ ਰੋਜ਼ਮਰ੍ਹਾਂ ਦੀ ਜ਼ਿੰਦਗੀ ਵਿਚ ਹਰ ਇੱਕ ਦੀ ਆਪਣੀ ਭੂਮਿਕਾ ਹੁੰਦੀ ਹੈ। ਉਦਾਹਰਣ ਵਜੋਂ ਸਾਡੀ ਟੀਮ ਦੇ ਲੋਕ ਪਸ਼ੂਆਂ ਦੀ ਦੇਖਭਾਲ ਕਰਦੇ ਸਨ, ਕੁਝ ਲੋਕ ਖੇਤੀ ਕਰਦੇ ਸਨ ਅਤੇ ਕੁਝ ਅਧਿਆਪਕ ਸਨ। ਹਰ ਇੱਕ ਦੀ ਆਪੋ-ਆਪਣੀ ਜ਼ਿੰਦਗੀ 'ਚ ਸਿਆਸੀ ਸੁਧਾਰਾਂ ਲਈ ਭੂਮਿਕਾ ਸੀ।

ਦੂਜੇ ਸ਼ਬਦਾਂ 'ਚ, ਜਿਵੇਂ ਕਿ ਮੈਂ ਕਿਹਾ, ਨੰਗੇ ਪੈਰਾਂ ਵਾਲੇ ਡਾਕਟਰ ਦੇ ਤੌਰ 'ਤੇ ਸਾਡੀ ਭੂਮਿਕਾ ਵਹਿਮਾਂ-ਭਰਮਾਂ ਵਿਰੁੱਧ ਲੜਨਾ, ਜਾਦੂ-ਟੂਣਿਆਂ ਤੇ ਹੋਰ ਪੁਰਾਣੇ ਰਿਵਾਜਾਂ ਖਿਲਾਫ਼ ਲੜਨਾ ਸੀ। ਅਸੀਂ ਇਨ੍ਹਾਂ ਸਾਰੇ ਪੱਖਾਂ ਨੂੰ ਸਿਆਸੀ ਸਮਝਦੇ ਸੀ। ਕੇਵਲ ਸਿਧਾਂਤ ਹੀ ਸਿਆਸੀ ਨਹੀਂ ਹੁੰਦਾ ਤੇ ਨਾ ਹੀ ਕੇਵਲ ਸੰਘਰਸ਼ ਤੇ ਨਾ ਸਿਰਫ਼ ਇੱਕ ਦੂਜੇ ਨਾਲ ਆਹਮੋ-ਸਾਹਮਣੇ ਟਕਰਾਅ। ਸਿਆਸੀ ਜੱਦੋ-ਜਹਿਦ ਨੂੰ ਸੰਖੇਪ 'ਚ ਇੱਕ ਠੋਸ ਕਾਰਜ ਦੇ ਤੌਰ 'ਤੇ ਦਰਸਾਇਆ ਜਾ ਸਕਦਾ ਹੈ। ਠੋਸ ਕਾਰਜ ਦੀ ਹਰ ਛੋਟੀ ਕੜੀ ਵੀ ਮਹੱਤਵਪੂਰਨ ਹੁੰਦੀ ਹੈ। ਉਦਾਹਰਨ ਵਜੋਂ, ਸਾਡੀ ਹੋਂਦ ਨੇ ਉਨ੍ਹਾਂ ਡਾਕਟਰਾਂ ਨੂੰ ਚੁਣੌਤੀ ਦਿੱਤੀ, ਜਿਸਨੇ ਉਨ੍ਹਾਂ ਨੂੰ ਆਪਣਾ ਬਚਾਅ ਕਰਨ ਲਈ ਅਤੇ ਆਪਣਾ ਮਾਣ ਬਚਾਈ ਰੱਖਣ ਲਈ ਖ਼ੁਦ ਆਪਣਾ ਸੁਧਾਰ ਕਰਨ ਵੱਲ ਨੂੰ ਧੱਕਿਆ ਤਾਂ ਕਿ ਸਮਾਜ ਉਨ੍ਹਾਂ ਨੂੰ ਮਾਨਤਾ ਦੇਵੇ। ਉਨ੍ਹਾਂ ਨੂੰ ਆਪਣੇ ਵਿਵਹਾਰ ਨੂੰ ਵਧੀਆ ਬਣਾਉਣ ਲਈ ਸੱਚੀਮੁੱਚੀ ਉਨ੍ਹਾਂ ਨੂੰ ਮੁੜ ਸਿੱਖਿਅਤ ਕਰਨ ਲਈ ਸਕੀਮ ਬਣਾਈ ਗਈ। ਉਨ੍ਹਾਂ ਨੂੰ ਸਰੀਰਕ ਕੰਮ 'ਚ ਪਾਉਣ ਲਈ ਸਕੀਮ ਬਣਾਈ ਗਈ।

? ਕੀ ਉਨ੍ਹਾਂ ਨੇ ਇਸਦਾ ਵਿਰੋਧ ਕੀਤਾ?

- ਹਕੀਕਤ ਇਹ ਹੈ ਕਿ ਉਨ੍ਹਾਂ ਨੇ ਇਸਦਾ ਵਿਰੋਧ ਕੀਤਾ, ਪਰ ਉਨ੍ਹਾਂ ਨੂੰ ਇਹ ਕੰਮ (ਸਰੀਰਕ) ਕਰਨਾ ਪਿਆ। ਉਦਾਹਰਣ ਵਜੋਂ, ਸਾਡੇ ਆਪਣੇ ਕਮਿਊਨ ਵਿਚ ਡਾਕਟਰਾਂ ਨੂੰ ਮੁੜ ਸਿੱਖਿਅਤ ਕਰਨ ਲਈ ਉਨ੍ਹਾਂ ਨੂੰ ਆਪਣਾ ਅੱਧਾ ਸਮਾਂ ਪਿੰਡਾਂ ਵਿਚ ਸਰੀਰਕ ਕੰਮ ਕਰਨ ਵਿਚ ਗੁਜਾਰਨਾ ਪੈਂਦਾ ਸੀ ਤੇ ਅੱਧਾ ਸਮਾਂ ਨੰਗੇ ਪੈਰਾਂ ਵਾਲੇ ਡਾਕਟਰ ਵਜੋਂ ਕੰਮ ਕਰਨਾ ਪੈਂਦਾ ਸੀ। ਉਹ ਸ਼ੁੱਧ ਡਾਕਟਰ ਹੀ ਨਹੀਂ ਸਨ ਰਹਿ ਗਏ। ਇਸ ਤਰ੍ਹਾਂ ਮਿਹਨਤ ਕਰਨ ਨਾਲ ਉਨ੍ਹਾਂ ਨੂੰ ਆਪਣੇ ਬੂਟ ਉਤਾਰਨੇ ਪੈਂਦੇ ਸਨ ਤੇ ਖੇਤਾਂ ਵਿਚ ਜਾਣਾ ਪੈਂਦਾ ਸੀ ਤੇ ਨਾਲ ਹੀ ਲੋੜ ਪੈਣ 'ਤੇ ਮਰੀਜਾਂ ਨੂੰ ਦੇਖਣ ਜਾਣਾ ਪੈਂਦਾ ਸੀ। ਇਸ ਤਰ੍ਹਾਂ ਕਰਨ ਦਾ ਇਹ ਇੱਕ ਬਹੁਤ ਚੰਗਾ ਵਿਚਾਰ ਸੀ। ...ਉਨ੍ਹਾਂ ਨੂੰ ਸਰੀਰਕ ਕੰਮ ਦਾ ਸਖ਼ਤ ਅਨੁਭਵ ਹੁੰਦਾ ਸੀ ਤੇ ਇਸ ਤਰ੍ਹਾਂ ਉਹ ਚੰਗੀ ਤਰ੍ਹਾਂ ਸਮਝ ਸਕਦੇ ਸਨ ਕਿ ਇੱਕ ਬਿਮਾਰ ਕਿਸਾਨ ਤੇ ਹੋਰਾਂ ਦੀ ਕੀ ਹਾਲਤ ਹੁੰਦੀ ਹੈ। ਸੋ ਇਸ ਦੀ ਸਮੁੱਚੇ ਤੌਰ 'ਤੇ ਸਿਆਸੀ ਮਹੱਤਤਾ ਸੀ। ਇਹ ਸਿਰਫ਼ ਸ਼ੁੱਧ ਮੈਡੀਕਲ ਅਮਲ ਹੀ ਨਹੀਂ ਸੀ।

ਇਸ ਕਰਕੇ ਕੁਝ ਵੀ ਸ਼ੁੱਧ ਕੁਦਰਤੀ ਨਹੀਂ ਹੁੰਦਾ, ਜਿਸਦੇ ਸਿਆਸੀ ਨਤੀਜੇ ਨਾ ਹੋਣ। ਸੋ ਸਾਡੀ ਟੀਮ ਦੇ ਹਰ ਵਿਅਕਤੀ ਨੇ ਪਿੰਡ ਅਤੇ ਕਮਿਊਨ ਵਿਚਲੀ ਹਰ ਜੱਦੋਜਹਿਦ 'ਚ ਹਿੱਸਾ ਲਿਆ। ਉਦਾਹਰਨ ਦੇ ਤੌਰ 'ਤੇ ਜੇਕਰ ਕੋਈ ਅਲੋਚਨਾਤਮਕ ਮੀਟਿੰਗ ਹੁੰਦੀ ਸੀ ਤਾਂ ਸਾਨੂੰ ਸਭ ਨੂੰ ਇਸ ਵਿਚ ਹਿੱਸਾ ਲੈਣਾ ਪੈਂਦਾ ਸੀ। ਜੇ ਕਿਤੇ ਸੱਚੀਮੁੱਚੀ ਹੀ ਸਿਆਸੀ ਗੱਲ ਹੁੰਦੀ ਸੀ ਤਦ ਸਾਡਾ ਇਸ ਵਿਚ ਸ਼ਾਮਲ ਹੋਣਾ ਜ਼ਰੂਰੀ ਹੁੰਦਾ ਸੀ। ਆਪਣੇ ਠੋਸ ਕਾਰਜ, ਠੋਸ ਕੰਮ ਰਾਹੀਂ ਯਥਾਰਥ 'ਚ ਅਸੀਂ ਸਮਾਜ ਨੂੰ ਬਦਲਣ ਦੇ ਹਕੀਕੀ ਅਮਲ 'ਚ ਯੋਗਦਾਨ ਪਾ ਰਹੇ ਸੀ।

**(ਇਹ ਮੁਲਾਕਾਤ ਦਸੰਬਰ 1993 ਦੇ ਰੈਵੂਲਿਊਸ਼ਨਰੀ ਵਰਕਰ ਦੇ 386ਵੇਂ ਅੰਕ 'ਚੋਂ ਧੰਨਵਾਦ ਸਹਿਤ ਅਨੁਵਾਦ ਕੀਤੀ ਹੈ।)**

# ਸਦਮਾ ਸਿਧਾਂਤ ਦਾ ਸਿਆਸੀ-ਅਰਥ ਸ਼ਾਸਤਰ

**ਮਨਪ੍ਰੀਤ ਜੱਸ**



ਪਰਾਲੀ ਪ੍ਰਦੂਸ਼ਣ ਰੋਕਣ ਦੇ ਨਾਮ ਤੇ ਬਹੁਕੌਮੀ-ਸਾਮਰਾਜੀ ਕੰਪਨੀਆਂ ਨੂੰ 230 ਮਿਲੀਅਨ ਡਾਲਰ ਦੇ ਗੱਫੇ ਵਰਤਾਉਣ ਦੀ ਤਿਆਰੀ। ਪਿਛਲੇ ਵਰ੍ਹੇ ਝੋਨੇ ਦੀ ਪਰਾਲੀ ਕਾਰਨ ਹੁੰਦੇ ਪ੍ਰਦੂਸ਼ਣ ਬਾਰੇ ਰੌਲੇ ਤੋਂ ਬਾਅਦ ਹੁਣ ਝੋਨਾ ਲਾਉਣ ਲਈ ਵਰਤੇ ਜਾ ਰਹੇ ਪਾਣੀ ਕਾਰਨ ਪੰਜਾਬ ਦੇ ਬੰਜਰ ਹੋ ਜਾਣ ਦੇ ਖਤਰੇ ਸਨਮੁੱਖ ਕਿਸਾਨਾਂ ਨੂੰ ਆਤਮਘਾਤੀ ਰੁਝਾਣ ਤੋਂ ਬਚਣ ਦੀਆਂ 'ਨਸੀਹਤਾਂ' ਦਾ ਲੰਮਾ ਦੌਰ ਚੱਲਕੇ ਹਟਿਆ ਹੈ ਮਨੁੱਖਤਾ ਦੇ "ਵਡੇਰੇ ਹਿੱਤਾਂ" ਦੇ ਸਨਮੁੱਖ ਝੋਨੇ ਦੀ ਖੇਤੀ ਬੰਦ ਕਰਨ ਦੇ ਸੁਝਾਵਾ? ਦਾ ਹੜ ਵਗਿਆ ਹੈ। ਪਰ ਦੋ-ਡੰਗ ਢਿੱਡ ਭਰਨ,ਤੇ ਗੁਜਰ ਬਸਰ ਦੀ ਮਜਬੂਰੀ ਸਾਹਵੇਂ "ਨਸੀਹਤਾਂ" ਤੇ ਅਪੀਲਾਂ ਬੇਅਸਰ ਰਹੀਆਂ ਹਨ। ਝੋਨਾ ਖੇਤਾਂ ਚ ਲੱਗ ਗਿਆ ਹੈ। ਖੇਤਾਂ ਵਿੱਚ ਲਾਏ ਜਾ ਚੁੱਕੇ ਝੋਨੇ ਨੇ ਫੇਰ ਤੋਂ ਲੱਖਾਂ ਟਨ ਪਰਾਲੀ ਪੈਦਾ ਕਰਨੀ ਹੈ ਤੇ ਉਸਦੇ ਨਿਪਟਾਰੇ ਦਾ ਸਵਾਲ ਫੇਰ ਖੜ੍ਹਾ ਹੋਣਾ ਹੈ। ਖਬਰ ਏਜੰਸੀ ਰਾਇਟਰਜ ਮੁਤਾਬਕ ਮੋਦੀ ਹਕੂਮਤ ਪਰਾਲੀ ਦੇ ਨਿਪਟਾਰੇ ਲਈ 230 ਮਿਲੀਅਨ ਡਾਲਰ ਖਰਚਣ ਜਾ ਰਹੀ ਹੈ। ਇਹ ਪੈਸਾ ਕਿਸਾਨਾਂ ਨੂੰ ਪਰਾਲੀ ਦੇ ਨਿਪਟਾਰੇ ਲਈ ਮਸ਼ੀਨਰੀ ਖਰੀਦਣ ਲਈ ਸਬਸਿਡੀ ਦੇ ਰੂਪ ਚ ਦਿੱਤਾ ਜਾ ਰਿਹਾ ਹੈ। ਦੇਖਣ ਨੂੰ ਸੁਆਗਤਯੋਗ ਲੱਗਦਾ ਇਹ ਫੈਸਲਾ ਅਸਲ ਚ ਸੰਸਾਰ ਸਾਮਰਾਜੀ ਸਮਾਏ ਦੇ ਸੰਕਟ ਪੈਦਾ ਕਰਨ, ਇਹਨੂੰ ਵਿਕਰਾਲ ਕਰਨ ਤੇ ਫੇਰ ਉਹਦੇ ਚੋਂ ਮੁਨਾਫੇ ਨਿਚੋੜਣ ਦੇ ਸਦਮਾ ਸਿਧਾਂਤ ਦੀ ਉਦਾਹਰਨ ਹੈ। ਐਲੋਪੈਥੀ ਇਲਾਜ ਵਿਧੀ ਵਾਂਗ ਰੋਗ ਦੀ ਜੜ੍ਹ ਫੜਨ ਦੀ ਬਜਾਏ ਦਰਦ ਨਿਵਾਰਕ ਦਵਾਈਆਂ ਦੇਕੇ ਬਿਮਾਰੀ ਦੇ ਲੱਛਣਾ ਨੂੰ ਦਬਾਉਣ ਨੂੰ ਹੀ ਇਲਾਜ ਕਹਿਣ ਦੀ ਕਸਰਤ ਹੈ। ਪਰਾਲੀ, ਲੋਕਾਂ ਦੀ ਸਿਹਤ ਨਾਲ ਖਿਲਵਾੜ, ਖੁਦਕੁਸ਼ੀਆਂ ਤੇ ਪਾਣੀ ਦਾ ਸੰਕਟ ਮੁਲਕ ਦੇ ਹਾਕਮਾਂ ਦੀਆਂ ਸਾਮਰਾਜ ਪੱਖੀ ਹਕੂਮਤੀ ਨੀਤੀਆਂ ਦੁਆਰਾ ਲੱਦਿਆ ਗਿਆ ਸੰਕਟ ਹੈ। ਸੰਸਾਰ ਸਾਮਰਾਜੀ ਕੰਪਨੀਆਂ ਦੇ ਪੈਦਾਵਾਰੀ ਸੰਕਟ ਦਾ ਭਾਰ ਭਾਰਤ ਵਰਗੇ ਮੁਲਕਾਂ ਤੇ ਲੱਦਣ ਦਾ ਸਿੱਟਾ ਹੈ। ਸਾਮਰਾਜੀ ਕੰਪਨੀਆਂ ਦੀ ਮਸ਼ੀਨਰੀ, ਬੀਜਾਂ, ਤਕਨੀਕ, ਰੇਹਾਂ, ਸਪਰੇਹਾਂ ਆਦਿ ਨੂੰ ਭਾਰਤ ਦੀਆਂ ਸਥਾਨਕ ਆਰਥਿਕ, ਵਾਤਾਵਰਨਿਕ ਤੇ ਸਮਾਜਿਕ ਲੋੜਾਂ ਨੂੰ ਅਣਗੌਲਿਆਂ ਕਰਕੇ ਭਾਰਤੀ ਖੇਤੀ ਸਿਰ ਮੜ੍ਹਿਆ ਗਿਆ। ਹਰੇ ਇਨਕਲਾਬ ਦੇ ਨਾਅਰੇ ਤੇ'ਅੰਨਦਾਤੇ' ਵਰਗੇ ਭੁਚਲਾਊ ਖਿਤਾਬ ਬਖ਼ਸ਼ ਅਉਣ ਵਾਲੇ ਕਾਲੇ ਸਮੇਂ ਬਾਰੇ ਲੋਕ-ਪੱਖੀ ਹਿੱਸਿਆਂ ਵੱਲੋਂ ਜਾਹਰ ਕੀਤੇ ਖਦਸ਼ਿਆਂ ਤੇ ਪਰਦਾ ਪਾਇਆ ਗਿਆ। ਵਿਦੇਸ਼ੀ ਤਕਨੀਕ ਦੀ ਆਮਦ ਰਾਹੀਂ ਖੇਤੀ ਦਾ ਕੁਦਰਤੀ ਪ੍ਰਬੰਧ ਤਬਾਹ ਕਰ ਦਿੱਤਾ ਗਿਆ। ਖੇਤੀ ਪੈਦਾਵਾਰ ਨੂੰ ਸੰਸਾਰ ਸਾਮਰਾਜੀ ਸਰਮਾਏ ਦੀਆਂ ਲੋੜਾਂ ਤੇ ਮੰਡੀ ਨਾਲ ਸਿਰ ਨਰੜ ਕਰ ਦਿੱਤਾ ਗਿਆ। ਪੰਜਾਬ ਨੂੰ ਕੈਂਸਰ, ਦਿਲ ਦੇ ਰੋਗਾਂ, ਸ਼ੂਗਰ ਤੇ ਹੋਰ ਜਾਨਲੇਵਾ ਬਿਮਾਰੀਆਂ ਦਾ ਘਰ ਬਨਣ ਦਿੱਤਾ ਗਿਆ। ਨਰਮਾ ਪੱਟੀ ਕੈਂਸਰ ਪੱਟੀ ਵਿੱਚ ਤਬਦੀਲ ਹੋ ਗਈ। ਖੁਦਕੁਸ਼ੀਆਂ ਦੀ ਨਵੀਂ ਫਸਲ ਪੰਜਾਬ ਦੇ ਖੇਤਾਂ ਚ ਲਹਿਰਾਉਣ ਲੱਗੀ। ਖੇਤੀ ਮਾਹਰਾਂ ਤੇ ਵਾਤਾਵਰਨ ਪ੍ਰੇਮੀਆਂ ਦੀਆਂ ਚਿਤਾਵਨੀਆਂ ਸਰਕਾਰ ਦੇ ਬੋਲੇ ਕੰਨਾਂ ਨੇ ਦਰਕਿਨਾਰ ਕਰ ਦਿੱਤੀਆਂ। ਅਜਿਹਾ ਨਹੀਂ ਕਿ ਸਰਕਾਰਾਂ ਨੂੰ ਇਨ੍ਹਾਂ ਖ਼ਤਰਿਆਂ ਦਾ ਕੋਈ ਅੰਦਾਜ਼ਾ ਨਹੀਂ ਸੀ। ਪਰ ਸੰਸਾਰ ਸਰਮਾਏ ਨਾਲ ਦਲਾਲੀ ਦੇ ਰਿਸ਼ਤੇ ਚ ਬੱਝੀਆਂ ਹਾਕਮ ਜਮਾਤਾਂ ਉਹਨਾਂ ਦੇ ਹਿੱਤਾਂ ਦੇ ਉਲਟ ਕਿਵੇਂ ਭੁਗਤਦੀਆਂ? ਸੰਸਾਰ ਸਾਮਰਾਜੀ ਸਰਮਾਏ ਦੇ ਸਦਮਾ ਸਿਧਾਂਤ ਦਾ ਸਿੱਧਾ ਤਰਕ ਹੈ, ਪਹਿਲਾਂ ਸੰਕਟ ਪੈਦਾ ਕਰੋ, ਇਸਨੂੰ ਵਿਕਰਾਲ ਬਣਾਉ ਤੇ ਫੇਰ ਫੇਰ ਆਪਣੇ ਮੁਨਾਫੇ ਦਾ ਏਜੰਡਾ ਅੱਗੇ ਵਧਾਉ। ਮਰਨਹਾਰ ਹੋ ਚੁੱਕਿਆ ਇਹ ਪ੍ਰਬੰਧ ਸੰਕਟਾਂ ਦੀ ਖੁਰਾਕ ਤੇ ਹੀ ਪਲਦਾ ਹੈ। ਆਪਣੇ ਅੰਨ੍ਹੇ ਮੁਨਾਫਿਆਂ ਲਈ ਹਾਬੜੀਆਂ ਸਾਮਰਾਜੀ ਕੰਪਨੀਆਂ, ਆਪਣਾ ਸੰਕਟ ਪੱਛੜੇ ਮੁਲਕਾਂ ਤੇ ਲੱਦ ਦੀਆਂ ਹਨ। ਤੇ ਫੇਰ ਇਨ੍ਹਾਂ ਹੀ ਸੰਕਟਾਂ ਵਿੱਚੋਂ ਨਵੇਂ ਮੁਨਾਫੇ ਚੂੰਡਣ ਦੇ ਰਾਹ ਭਾਲਦੀਆਂ ਹਨ ਸੰਸਾਰ ਪੱਧਰ ਤੇ ਇਹ ਵਰਤਾਰਾ ਇਸ ਰੂਪ ਚ ਸਾਹਮਣੇ ਆਉਂਦਾ ਹੈ। ਸਭ ਤੋਂ ਪਹਿਲਾਂ ਲੋਕ-ਦੋਖੀ ਹਾਕਮਾਂ ਵੱਲੋਂ ਲੋਕ ਵਿਰੋਧੀ ਸਰਮਾਏ ਦੀਆਂ ਨੀਤੀਆਂ ਨੂੰ ਲੋਕਾਂ ਸਿਰ ਲੱਦਿਆ ਜਾਂਦਾ ਹੈ। ਇਹਨਾਂ ਨੀਤੀਆਂ ਦੇ ਅਸਰਾਂ ਦਾ ਵਿਰੋਧ ਕਰਦੇ ਲੋਕਾਂ ਤੇ ਜਬਰ ਦਾ ਕੁਹਾੜਾ ਚਲਾਇਆ ਜਾਂਦਾ ਹੈ। ਸਥਾਨਕ ਹਕੂਮਤੀ ਮਸ਼ੀਨਰੀ ਨੂੰ ਸਾਮਰਾਜੀ ਨੀਤੀਆਂ ਦੇ ਸੇਵਾ ਚ ਭੁਗਤਾਉਂਦਿਆਂ ਵਿਰੋਧ ਦੀ ਹਰ ਅਵਾਜ ਦਬਾਈ ਜਾਂਦੀ ਹੈ॥ ਵਿਰੋਧ ਕਰਦੇ ਲੋਕਾਂ ਨੂੰ ਵਿਕਾਸ-ਵਿਰੋਧੀ, ਦੇਸ਼-ਵਿਰੋਧੀ, ਮਨੁੱਖਤਾ ਵਿਰੋਧੀ ਆਦਿ ਗਰਦਾਨਿਆ ਜਾਂਦਾ ਹੈ। ਹਕੂਮਤੀ ਨੀਤੀਆਂ ਦਾ ਵਿਰੋਧ ਕਰਦੇ ਮਿਹਨਤਕਸ਼ ਲੋਕਾਂ ਤੇ ਹੁੰਦਾ ਨਿੱਤ ਦਾ ਜਬਰ ਇਹਦੀ ਪ੍ਰਤੱਖ ਮਿਸਾਲ ਹੈ। ਲੋਕਾਂ ਦੇ ਗੁੱਸੇ ਨੂੰ ਹਕੂਮਤਾਂ ਤੋਂ ਪਾਸੇ ਤਿਲਕਾਉਣ ਲਈ ਇਹਨਾਂ ਹੀ ਸਾਮਰਾਜੀ ਕੰਪਨੀਆਂ ਦੇ ਲੁਕਵੇਂ ਫੰਡਾ ਤੇ ਪਲਦੀਆਂ ਐਨ. ਜੀ.ਓਜ..ਪ੍ਰਚਾਰ ਸਾਧਨਾਂ ਤੇ ਮੀਡੀਏ ਰਾਹੀਂ ਮਸਲੇ ਦੇ ਅਸਲ ਪਹਿਲੂਆਂ ਤੋਂ ਧਿਆਨ ਪਾਸੇ ਤਿਲਕਾਇਆ ਜਾਂਦਾ ਹੈ। ਸਾਮਰਾਜੀ ਨੀਤੀਆਂ ਦੇ ਪੱਖ ਚ ਤੇ ਵਿਰੋਧ ਕਰਦੀਆਂ ਤਾਕਤਾਂ ਦੇ ਵਿਰੁੱਧ ਪ੍ਰਚਾਰ ਦੀ ਹਨੇਰੀ ਚਲਾਈ ਜਾਂਦੀ ਹੈ।(ਜਿਵੇਂ ਕੁਦਰਤੀ ਖੇਤੀ, ਆਰਗੈਨਿਕ ਖੇਤੀ ਦੇ ਨਾਮ ਤੇ ਗੁੰਮਰਾਹਕਰੂ ਮੁਹਿੰਮ ਚਲਾਕੇ ਖੇਤੀ ਦੇ ਇਸ ਸੰਕਟ ਦੇ ਅਸਲ ਕਾਰਨਾਂ ਤੇ ਪਰਦਾ ਪਾਕੇ ਕਿਸਾਨਾਂ ਨੂੰ ਨਸੀਹਤਾਂ ਵੰਡਣ ਦੀ ਝਲਿਆਈ ਮੁਹਿੰਮ ਚਲਾਈ ਗਈ ਹੈ। ਆਮ ਸ਼ਹਿਰੀਆਂ, ਇਨਸਾਫਪਸੰਦ ਤੇ ਵਾਤਾਵਰਣ ਪ੍ਰੇਮੀ ਹਿੱਸਿਆਂ ਨੂੰ ਕਿਸਾਨਾਂ ਦੇ ਖਿਲਾਫ ਖੜ੍ਹਾ ਕਰਨ ਦਾ ਯਤਨ ਕੀਤਾ ਗਿਆ ਹੈ ਤੇ ਸਰਕਾਰ ਨੂੰ ਆਪਣੀ ਜ਼ਿੰਮੇਵਾਰੀ ਤੋਂ ਸਾਫ ਨਿਕਲਣ ਲਈ ਮੌਕੇ ਮੁਹੱਈਆ ਕਰਵਾਏ ਗਏ ਹਨ।) ਵੱਖ-ਵੱਖ ਮਹਿਕਮਿਆਂ ਦੇ ਪ੍ਰਾਈਵੇਟਕਰਨ ਵੇਲੇ ਵੀ ਹਕੂਮਤੀ ਨੀਤੀਆਂ ਦੀ ਬਜਾਏ ਮਜਦੂਰਾਂ-ਮੁਲਾਜਮਾਂ ਨੂੰ ਵਿਹਲੜ, ਭ੍ਰਿਸ਼ਟ ਤੇ ਨਕੰਮੇ ਕਰਾਰ ਦੇਣ ਦਾ ਹਰਬਾ ਜੋਰ ਸ਼ੋਰ ਨਾਲ ਵਰਤੋਂ ਚ ਲਿਆਂਦਾ ਜਾਂਦਾ ਰਿਹਾ ਹੈ। ਇਸ ਤੋਂ ਬਾਅਦ ਵਿਕਰਾਲ ਹੋ ਗਏ ਸੰਕਟ ਦੇ ਸਮੁੰਦਰ ਵਿੱਚੋਂ ਆਪਣੇ ਲਈ ਵੱਡੇ ਮੁਨਾਫਿਆਂ ਦੇ ਗੱਫਿਆਂ ਦੀ ਤਲਾਸ਼ ਕਰਨਾ। ਜਿਵੇਂ ਮੌਜੂਦਾ ਸੰਕਟ ਦੇ ਅਮਲੀ ਤੇ ਠੋਸ ਹੱਲ ਕਰਨ ਦੀ ਬਜਾਏ ਇਸ ਨੂੰ ਵੱਡੀਆਂ ਸਾਮਰਾਜੀ ਕੰਪਨੀਆਂ ਨੂੰ ਮੁਨਾਫਿਆਂ ਦੇ ਗੱਫਿਆਂ ਦੇਣ ਲਈ ਵਰਤਿਆ ਜਾ ਰਿਹਾ ਹੈ। ਚਾਹੀਦਾ ਇਹ ਸੀ ਕਿ ਲੋਕ ਪੱਖੀ, ਵਾਤਾਵਰਨ ਪੱਖੀ ਖੇਤੀ ਨੀਤੀ ਬਣਾਉਂਦਿਆਂ ਝੋਨੇ ਕਣਕ ਦੇ ਫ਼ਸਲੀ ਚੱਕਰ ਤੋਂ ਖੇਤੀ ਨੂੰ ਮੁਕਤ ਕਰਾਇਆ ਜਾਵੇ। ਸਾਰੀਆਂ ਫਸਲਾਂ ਦੇ ਲਾਹੇਵੰਦ ਸਰਕਾਰੀ ਭਾਅ ਮਿੱਥਣ ਰਾਹੀਂ ਖੇਤੀ ਵਿਭਿੰਨਤਾ ਨੀਤੀ ਲਾਗੂ ਕੀਤੀ ਜਾਵੇ। ਖੇਤੀ ਨੂੰ ਸੰਸਾਰ ਸਾਮਰਾਜੀ ਸਰਮਾਏ ਦੀਆਂ ਲੋੜਾਂ ਨਾਲੋਂ ਤੋੜ ਕੇ ਦੇਸ਼ ਦੀਆਂ ਲੋੜਾਂ ਨਾਲ ਸਬੰਧਤ ਕੀਤਾ ਜਾਵੇ।ਪਰ ਸੰਸਾਰ ਸਾਮਰਾਜੀ ਸਰਮਾਏ ਦੇ ਦਲਾਲ ਹਾਕਮਾਂ ਕੋਲੋਂ ਇਸ ਦੀ ਆਸ ਨਹੀਂ ਕੀਤੀ ਜਾ ਸਕਦੀ। ਉਹ ਲੋਕਾਂ ਦੇ ਘਰਾਂ ਵਿੱਚ ਵਿਛ ਰਹੇ ਸੱਥਰਾਂ ਤੇ ਮੁਲਕ ਦੇ ਵਾਤਾਵਰਨ ਨੂੰ ਪੈਦਾ ਹੋ ਰਹੇ ਅਣਕਿਆਸੇ ਸੰਕਟਾਂ ਦੇ ਸਨਮੁੱਖ ਵੀ, ਸਾਮਰਾਜੀਆਂ ਦੇ ਮੁਨਾਫ਼ੇ ਵਧਾਉਣ ਦੀਆਂ ਨੀਤੀਆਂ ਘੜਨ ਵਿੱਚ ਗਲਤਾਨ ਹਨ। ਦੋ ਸੌ ਤੀਹ ਮਿਲੀਅਨ ਡਾਲਰ ਖਰਚ ਕੇ ਵੀ ਪਰਾਲੀ ਦੀ ਸਮੱਸਿਆ ਦਾ ਪੂਰਾ ਹੱਲ ਨਹੀਂ ਹੋਣਾ। 20-25 % ਫਰਕ ਹੀ ਪੈਣਾ ਹੈ। ਝੋਨੇ ਕਣਕ ਦੇ ਫ਼ਸਲੀ ਚੱਕਰ ਅਤੇ ਰੇਹਾਂ ਸਪਰੇਹਾਂ ਦੀ ਅੰਨ੍ਹੀ ਵਰਤੋਂ ਕਾਰਨ ਹੋ ਰਹੀ, ਲੋਕਾਂ ਦੀ ਸਿਹਤ ਅਤੇ ਵਾਤਾਵਰਨ ਦੀ ਬਰਬਾਦੀ ਨੂੰ ਕੋਈ ਫਰਕ ਨਹੀਂ ਪੈਣਾ। ਪਰ ਇਹਦੇ ਨਾਲ ਅਮਰੀਕਾ ਦੀ ਜਾਹਨ ਡੀਅਰ ਤੇ ਭਾਰਤ ਦੀ ਮਹਿੰਦਰਾ ਮਹਿੰਦਰਾ ਵਰਗੀਆਂ ਵੱਡੀਆਂ ਕੰਪਨੀਆਂ ਜਿਨ੍ਹਾਂ ਨੇ ਇਹ ਮਸ਼ੀਨਰੀ ਵੇਚਣੀ ਹੈ ਉਨ੍ਹਾਂ ਦੇ ਮੁਨਾਫਿਆਂ ਨੂੰ ਜ਼ਰੂਰ ਫਰਕ ਪੈਣਾ ਹੈ। ਪਰਾਲੀ ਦੇ ਨਿਪਟਾਰੇ ਵਾਲੀ ਇਸ ਮਸ਼ੀਨਰੀ ਤੇ 60 ਤੋਂ 70% ਸਬਸਿਡੀ ਮਿਲਣੀ ਹੈ। ਬਾਕੀ ਪੈਸਾ ਕਿਸਾਨਾਂ ਦੀ ਜੇਬ ਚੋਂ ਜਾਣਾ ਹੈ। ਡੀਜਲ, ਦਿਹਾੜੀ ਦੇ ਖਰਚੇ ਵੱਖਰੇ ਪੈਣੇ ਹਨ। ਪਰਾਲੀ ਦੀ ਸਮਸਿਅ ਨੇ ਬਹੁਕੌਮੀ ਕੰਪਨੀਆਂ ਲਈ ਵਰਦਾਨ ਤੇ ਕਿਸਾਨ ਲਈ ਸਰਾਪ ਹੋ ਨਿਬੜਨਾ ਹੈ। ਜਿਵੇਂ ਪਾਣੀ ਦੇ ਪ੍ਰਦੂਸਣ ਦੇ ਮਸਲੇ ਨੇ ਬੋਤਲਬੰਦ ਪਾਣੀ ਦੇ ਕਾਰੋਬਾਰ, ਪਾਣੀ ਲਈ ਵਰਤੇ ਜਾਂਦੇ ਫਿਲਟਰ ਬਣਾਉਣ ਵਾਲੀਆਂ ਕੰਪਨੀਆਂ ਨੂੰ ਮੁਨਾਫਿਆਂ ਦੇ ਗੱਫੇ ਬਖਸ਼ੇ ਪਰ ਪਾਣੀ ਪ੍ਰਦੂਸ਼ਣ ਦਾ ਹੱਲ ਨਹੀਂ ਕੀਤਾ। ਪਰਾਲੀ ਦੇ ਨਿਪਟਾਰੇ ਦੀ ਮਸ਼ੀਨਰੀ ਨੇ ਵੀ ਇਹੀ ਕਰਨਾ ਹੈ। ਸਰਕਾਰੀ ਤੇ ਲੋਕਾਂ ਦੇ ਪੈਸੇ ਨੇ ਅਖੀਰ ਮਹਿੰਦਰਾ, ਜੋਹਨ ਡੀਅਰ ਵਰਗੀਆਂ ਕੰਪਨੀਆਂ ਦੇ ਢਿੱਡਾਂ ਚ ਪੈਣਾ ਹੈ ਲੋਕਾਂ ਦੀਆਂ ਮੁਸ਼ਕਿਲਾਂ ਨੇ ਬਣੇ ਰਹਿਣਾ ਹੈ। ਇਹਦੇ ਮੁਕਾਬਲੇ ਹੀ ਸਾਡੇ ਵੱਲੋਂ ਪਿਛਲੇ ਵਰ੍ਹੇ ਸਾਂਝਾ ਕੀਤਾ ਗਿਆ ਚੀਨ ਦਾ ਤਜੁਰਬਾ ਵੀ ਦੇਖਣਯੋਗ ਹੈ ਜਿੱਥੇ ਲੋਕਾਂ ਦੀ ਵਿਆਪਕ ਭਾਗੀਦਾਰੀ, ਲੋਕ ਪੱਖੀ ਨੀਤੀਆਂ ਬਣਾਉਣ ਤੇ ਇਸ ਸਮੱਸਿਆ ਨੂੰ ਸਰਬਪੱਖੀ ਢੰਗ ਨਾਲ ਹੱਲ ਕਰਨ ਦੇ ਯਤਨ ਜੁਟਾਉਣ ਰਾਹੀਂ ਨਾ ਸਿਰਫ ਇਸ ਸਮੱਸਿਆ ਤੇ ਕਾਬੂ ਪਾਇਆ ਗਿਆ ਬਲਕਿ ਰੁਜ਼ਗਾਰ ਵੀ ਪੈਦਾ ਹੋਇਆ। (ਇਸ ਸਬੰਧੀ ਲਿੰਕ ਹੇਠਾਂ ਕੁਮੈਂਟ ਬਾਕਸ ਵਿੱਚ ਹੈ) ਸੋ ਅੱਜ ਸਭਨਾਂ ਲੋਕ ਪੱਖੀ ਕਿਸਾਨ ਪੱਖੀ ਤੇ ਵਾਤਾਵਰਨ ਪੱਖੀ ਇਨਸਾਫ਼ਪਸੰਦ ਲੋਕਾਂ ਵਾਸਤੇ ਇਸ ਗੱਲ ਦੀ ਲੋੜ ਹੈ ਕਿ ਸੰਸਾਰ ਸਾਮਰਾਜੀ ਸਰਮਾਏ ਦੇ ਇਸ ਸਦਮਾ ਸਿਧਾਂਤ ਦੀਆਂ ਚਾਲਾਂ ਨੂੰ ਪਛਾਣਦੇ ਹੋਏ, ਇੱਕ ਲੋਕ ਪੱਖੀ, ਵਾਤਾਵਰਣ ਪੱਖੀ ਖੇਤੀ ਪ੍ਰਬੰਧ ਉਸਾਰਨ ਵਾਸਤੇ ਵੱਡੀ ਏਕਤਾ ਉਸਾਰ ਕੇ ਸੰਘਰਸ਼ਾਂ ਦੇ ਰਾਹ ਪਿਆ ਜਾਵੇ ਲੋਕਾਂ ਦੇ ਖੂਨ-ਪਸੀਨੇ ਦੀ ਕਮਾਈ ਨਾਲ ਸਾਮਰਾਜੀਆਂ ਦੇ ਢਿੱਡ ਭਰਨ ਤੋਂ ਰੋਕਣ ਲਈ ਜੱਦੋਜਹਿਦ ਕੀਤੀ ਜਾਵੇ।

ਗੁਰਮੇਲ ਸਿੰਘ ਭੁਟਾਲ਼ ਦੀ ਰਚਨਾ ਭਾਵੇਂ ਘੱਟ ਛਪੀ ਹੈ ਫਿਰ ਵੀ ਪੰਜਾਬੀ ਕਰਾਂਤੀਕਾਰੀ ਜਗਤ ਦੇ ਸਥਾਪਿਤ ਤੇ ਕੱਦਾਵਰ ਲੇਖਕਾਂ ਤੋਂ ਇਸ ਦੀ ਰਚਨਾ ਕਿਸੇ ਵੀ ਪੱਖੋਂ ਘੱਟ ਨਹੀਂ ਹੈ। 'ਭੁਟਾਲ਼' ਇੱਕ ਚੇਤੰਨ ਕਰਾਂਤੀਕਾਰੀ ਸ਼ਖਸ਼ੀਅਤ ਦਾ ਮਾਲਕ ਹੈ ਜਿਸ ਨੇ ਕੇਵਲ ਲਿਖਿਆ ਹੀ ਨਹੀਂ ਬਲਕਿ ਜੋ ਲਿਖਿਆ ਹੈ, ਉਹ ਜੀਵਿਆ ਵੀ ਹੈ। 16-17 ਸਾਲ ਦੀ ਨਿਆਣੀ ਉਮਰੇ ਕਰਾਂਤੀਕਾਰੀ ਲਹਿਰ ਦੇ ਵਿਹੜੇ ਪੈਰ ਧਰਨ ਵਾਲ਼ਾ ਇਹ ਕਵੀ ਪਹਿਲਾਂ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਹੋਰ ਇਨਕਲਾਬੀ/ਜਮਾਤੀ ਜੱਥੇਬੰਦੀਆਂ ਤੋਂ ਬਾਅਦ ਹੁਣ ਡੈਮੋਕਰੈਟਿਕ ਟੀਚਰਜ਼ ਫਰੰਟ, ਪੰਜਾਬ ਦੇ ਸੂਬਾਈ ਸਮਰੱਥ ਆਗੂ ਵਜੋਂ ਵਿਚਰਦਾ ਆ ਰਿਹਾ ਹੈ ਜਿਸ ਨੇ ਸਾਹਿਤ ਦੀ ਹਰ ਵੰਨਗੀ 'ਤੇ ਹੱਥ ਅਜਮਾਇਆ ਹੈ। ਇੱਕ ਮਿਹਨਤੀ ਤੇ ਬਹੁ-ਵਿਸ਼ਾ ਸਮਰੱਥ ਅਧਿਆਪਕ ਵਜੋਂ ਦਰਜਨਾਂ ਵਿਦਿਆਰਥੀਆਂ ਨੂੰ ਰਾਜ ਅਤੇ ਦੇਸ਼-ਪੱਧਰੇ ਮੁਕਾਬਲਿਆਂ ਦੇ ਜੇਤੂ ਮੁਕਾਮ ਹਾਸਲ ਕਰਾਏ ਹਨ। 'ਭੁਟਾਲ਼' ਦੀ ਰਚਨਾ ਵਿੱਚ ਪੀੜਾਂ-ਪਰੁੰਨ੍ਹੀ ਲੋਕਾਈ ਦੇ ਦਰਦਾਂ ਦੀ ਦਾਸਤਾ ਅਤੇ ਲੋਟੂ ਵਿਵਸਥਾ ਨੂੰ ਮੌਤ ਦੇ ਖੂਹ ਵਿੱਚ ਧੱਕਾ ਦੇ ਕੇ ਨਵਾਂ-ਨਰੋਆ ਤੇ ਬਰਾਬਰੀ-ਪੂਰਨ ਸਮਾਜ ਸਿਰਜਣ ਦਾ ਸੰਦੇਸ਼ ਹੈ। ਅਸੀਂ ਇਹਨਾਂ ਦੀ ਰਚਨਾ ਪਾਠਕਾਂ ਨਾਲ਼ ਸਾਂਝੀ ਕਰਨ ਦੀ ਖੁਸ਼ੀ ਲੈ ਰਹੇ ਹਾਂ। - ਸੰਪਾਦਕ



ਗੁਰਮੇਲ ਸਿੰਘ ਭੁਟਾਲ਼
9417759042

## ਗੀਤ

ਆ ਜਾਣਾ ਉਹ ਵੀ ਦਿਨ ਜੱਗ ਉੱਤੇ ਜਿਹੜੇ ਦਿਨ
ਮਿਟ ਜਾਊ ਬਦੀਆਂ ਦਾ ਨਾਂ ਨੇਕੀ ਦੀ ਚੁਫੇਰੇ
ਹੋਊ ਛਾਂ

ਕੁੱਲੀਆਂ ਦੇ ਜਦੋਂ ਸਾਰੇ ਪਾਸਵਾਨ ਜਾਗ ਪਏ
ਧਰਤੀ ਦੇ ਖੇਤ ਤੇ ਕਿਸਾਨ ਸਾਰੇ ਜਾਗ ਪਏ
ਹੱਕਾਂ ਦਾ ਤਾਰਾਨਾ ਫਿਰ ਛੇੜੇਗਾ ਜ਼ਮਾਨਾ ਫਿਰ
ਕਿਰਤਾਂ ਨੇ ਤੱਕਣਾ ਨਿਆਂ ਨੱਚੂ ਫਿਰ ਜ਼ਿਮੀਂ ਆਸਮਾਂ

ਉਚ-ਨੀਚ ਵੱਟਾਂ ਬੰਨ੍ਹੇ ਸਾਰੇ ਟੁੱਟ ਜਾਣਗੇ
ਜਾਤਾ ਪਾਤਾਂ ਧਰਮਾਂ ਦੇ ਝੇੜੇ ਮੁੱਕ ਜਾਣਗੇ
ਬਣੇਗਾ ਤਿਉਹਾਰ ਜਿਹਾ ਹਾਸੇ ਦੀ ਫੁਹਾਰ ਜਿਹਾ
ਧਰਤੀ ਦਾ ਹਰ ਇਨਸਾਂ ਪਹਿਰਾ ਦੇਊ ਖੁਸ਼ੀ
ਹਰ ਥਾਂ

ਦੌਲਤਾਂ ਖਜ਼ਾਨੇ ਸਾਰੇ ਸਭਨਾਂ ਦੇ ਹੋਣਗੇ
ਚੁੱਲ੍ਹਿਆਂ ਦੇ ਗੀਤ ਵੀ ਉਦਾਸ ਨਹੀਓਂ ਹੋਣਗੇ
ਮਨਾਂ 'ਚ ਹੁਲਾਸ ਹੋਊ ਬੋਲਾਂ 'ਚ ਮਿਠਾਸ ਹੋਊ
ਖੜ੍ਹ ਖੜ੍ਹ ਤੱਕੇਗਾ ਸਮਾਂ ਦਮ ਲੈਣਾ ਵਕਤ ਦੇ ਪਰਾਂ

ਲਫ਼ਜ਼ ਪੱਤਝੜ ਜਿਹੇ ਉੱਡ ਪੁੱਡ ਜਾਣਗੇ
ਗ਼ਮਾਂ ਵਾਲ਼ੇ ਬਿਰਖ ਬਹਾਰ ਬਣ ਜਾਣਗੇ
ਕੱਜਲੇ ਦੀ ਧਾਰੀ ਹੋਊ ਸਿਰੀਂ ਫੁਲਕਾਰੀ ਹੋਊ
ਮਿਲੂ ਫਿਰ ਚੂੜਾ ਹਰ ਬਾਂਹ ਗਿੱਧਿਆਂ ਨੇ ਹੋਣਾ
ਹੈ ਜਵਾਂ

• • •

## ਮੇਰਾ ਭਾਰਤ ਚੰਨ ਤੇ ਨਹੀਂ ਪਹੁੰਚਿਆ

ਉਹ ਕਹਿੰਦੇ ਨੇ ਦੇਸ਼ ਅਸਾਡਾ
ਚੰਨ ਤੇ ਪੁੱਜਿਆ
ਪਰ ਮੈਂ ਕਹਿੰਦਾ ਹਾਂ ਕਿ
ਮੇਰਾ ਦੇਸ਼
ਹਾਲੇ ਕਿਤੇ ਨਹੀਂ ਪੁੱਜਿਆ

ਇਸ ਦੇਸ਼ ਵਿੱਚ ਦੋ ਦੇਸ਼ ਨੇ
ਇਸ ਭਾਰਤ ਵਿੱਚ ਦੋ ਭਾਰਤ

ਇੱਕ ਭਾਰਤ ਹਾਕਮਾਂ ਦਾ
ਤੇ ਦੂਜਾ, ਮਹਿਕੂਮਾਂ ਦਾ ਭਾਰਤ
ਇੱਕ ਭਾਰਤ, ਜ਼ਾਲਮਾਂ ਦਾ
ਦੂਜਾ, ਮਜ਼ਲੂਮਾਂ ਦਾ ਭਾਰਤ
ਮਹਿਕੂਮਾਂ ਮਜ਼ਲੂਮਾਂ ਵਾਲ਼ਾ
ਮੇਰਾ ਭਾਰਤ..ਮੇਰਾ ਭਾਰਤ
ਜਿਹੜਾ ਭਾਰਤ ਚੰਨ ਤੇ ਪਹੁੰਚਿਆ ਹੈ
ਉਹ ਤਾਂ ਉਹਨਾਂ ਦਾ ਭਾਰਤ ਹੈ
ਜੋ ਸਾਡੇ ਕੁੱਝ ਵੀ ਨਹੀਂ ਲਗਦੇ

ਮੇਰਾ ਭਾਰਤ ਹਾਲੇ
ਚੰਨ ਤੇ ਨਹੀਂ ਪਹੁੰਚਿਆ
ਇਹ ਤਾਂ ਹਾਲੇ
ਕਦੇ ਸੰਤਾਲ਼ੀਵੇਂ ਤੇ ਕਦੇ ਚੁਰਾਸੀਵੇਂ ਦੀ
ਪੀੜ ਜਰਦਾ ਹੈ
ਭਾਵੇਂ ਦਿੱਲੀ ਮੱਚਦੀ ਹੈ
ਭਾਵੇਂ ਗੋਧਰਾ ਸੜਦਾ ਹੈ
ਜਦ ਵੀ ਸੜਦਾ ਹੈ ਤਾਂ
ਮੇਰਾ ਭਾਰਤ ਸੜਦਾ ਹੈ
ਮੇਰਾ ਭਾਰਤ ਸੜਦਾ ਹੈ
ਕਿਉਂਕਿ ਮੇਰਾ ਭਾਰਤ
ਹਾਲੇ ਚੰਨ ਤੇ ਨਹੀਂ ਪਹੁੰਚਿਆ

ਮੇਰਾ ਭਾਰਤ ਚੰਨ ਤੇ ਨਹੀਂ ਪਹੁੰਚਿਆ
ਇਹ ਤਾਂ ਹਾਲੇ
ਆਪਣੇ ਜੋਗੀ ਥਾਂ ਦੀ ਤਲਾਸ਼ ਵਿੱਚ
ਧਰਤੀ ਉੱਤੇ ਹੀ
ਤੜਫਦਾ ਫਿਰਦਾ ਹੈ
ਇਸ ਤੜਫਣਾਂ ਵਿੱਚ
ਇਹ ਕਦੇ
ਮਟਕਾ ਚੌਕ 'ਚ ਪੁੱਜਦਾ ਹੈ
ਕਦੇ ਪੁਲ਼ ਬਿਆਸ ਦਾ ਮੱਲਦਾ ਹੈ
ਅੱਜ ਕਿਸੇ ਸ਼ਹਿਰ ਕੱਲ੍ਹ ਕਿਸੇ ਸ਼ਹਿਰ
ਇਹ ਤਾਂ ਕਾਨੂੰਨ ਦੇ ਰਖਵਾਲਿਆਂ ਦੇ
ਡੰਡਿਆਂ ਦਾ ਸੇਕ ਝੱਲਦਾ ਹੈ

ਰੋਟੀ-ਰੋਜ਼ੀ ਤੋਂ ਆਤੁਰ
ਹਾਲੇ ਤਾਂ
ਖੁਦਕਸ਼ੀਆਂ ਦੀ ਮੌਤੇ ਮਰਦਾ ਹੈ ਮੇਰਾ ਭਾਰਤ
ਕਦੇ ਭੁੱਖ ਹੜਤਾਲਾਂ, ਕਦੇ ਮਰਨ ਵਰਤ
ਤੇ ਕਦੇ ਟੈਂਕੀਆਂ ਤੇ ਚੜ੍ਹਦਾ ਹੈ
ਮੇਰਾ ਭਾਰਤ...ਮੇਰਾ ਭਾਰਤ

ਤੜਫਣਾਂ ਦੀ ਭੱਠੀ 'ਚ ਭੁੱਜਦੇ
ਮੇਰੇ ਇਸ ਭਾਰਤ ਨੂੰ
ਚੰਨ ਤੇ ਪਹੁੰਚਿਆ ਭਾਰਤ
ਮੁਸਕੜੀਏਂ ਤੱਕਦਾ ਹੈ

ਚੰਨ ਤੇ ਪੁੱਜਿਆ ਭਾਰਤ
ਵਿਹਲੜਾਂ ਦਾ ਭਾਰਤ ਹੈ
ਤੇ ਮੇਰਾ ਭਾਰਤ
ਕਿਰਤ ਦੀ ਸਹੁੰ ਖਾ ਕੇ ਜੰਮਿਆ ਹੈ
ਸੋਹਣੀਆਂ ਸੜਕਾਂ..ਸੋਹਣੀਆਂ ਕਾਰਾਂ
ਸੋਹਣੀਆਂ ਮੰਜ਼ਲਾਂ..ਸੋਹਣੀਆਂ ਪੁਸ਼ਾਕਾਂ
ਫੈਕਟਰੀਆਂ 'ਚ ਮਾਲ...ਤੇ ਖੇਤਾਂ 'ਚ ਖੁਰਾਕਾਂ
ਮੇਰੇ ਵਾਲ਼ਾ ਭਾਰਤ ਹੀ ਪੈਦਾ ਕਰਦਾ ਹੈ
ਤੇ ਚੰਨ ਤੇ ਪੁੱਜਿਆ ਭਾਰਤ ਤਾਂ
ਐਵੇਂ ਨਾਲ਼ੇ ਘੂਰਦਾ ਨਾਲ਼ੇ ਐਸ਼ਾਂ ਕਰਦਾ ਹੈ

ਦੁੱਖ-ਦਸੌਂਟੇ ਕੱਟਦਾ..ਮੇਰਾ ਭਾਰਤ
ਕਿਰਤਾਂ ਦੇ ਮਾਣ ਦਾ ਤਾਜ
ਸਿਰ ਤੇ ਲੈ ਕੇ
ਰੋਜ਼ ਨਵੀਂ ਜ਼ਿੰਦਗੀ ਦੀ
ਅਰਾਧਨਾ ਕਰਦਾ ਹੈ
ਤੇ ਹੱਕਾਂ ਦੀ ਮੰਜ਼ਲ ਤੇ ਪੁੱਜਣ ਵਾਸਤੇ ਰੋਜ਼
ਨਦੀ ਖੂਨ ਦੀ ਤਰਦਾ ਹੈ
ਹੱਕਾਂ ਦੀ ਹੇਕ
ਉੱਚੀ ਹੁੰਦੀ ਤੱਕ ਕੇ
ਚੰਨ ਤੇ ਪਹੁੰਚੇ ਭਾਰਤ ਦਾ ਤਖ਼ਤ
ਥਰ-ਥਰ ਕਰਦਾ ਹੈ
ਵਿਸ਼ਵਾਸ਼ ਹੈ ਮੇਰਾ ਕਿ
ਇੱਕ ਨਾ ਇੱਕ ਦਿਨ ਭਾਰਤ ਮੇਰਾ
ਥਰਥਰਾਉਂਦੇ ਤਖ਼ਤ ਦਾ ਧੰਦਾ ਭੁਗਤਾਏਗਾ
ਫਿਰ ਕਿਰਤ ਹੱਸੇਗੀ
ਤੇ ਚੁਫੇਰਾ ਗੀਤ ਖੁਸ਼ੀ ਦੇ ਗਾਏਗਾ
ਫਿਰ ਮੇਰੇ ਭਾਰਤ ਨੂੰ
ਚੰਨ ਤੇ ਪਹੁੰਚਣ ਦੀ ਲੋੜ ਨਹੀਂ ਪੈਣੀ
ਫਿਰ ਚੰਨ ਧਰਤੀ ਤੇ ਆਏਗਾ

• • •

## ਦੱਸ ਦਿੱਲੀਏ

ਕਰਦੇ ਕਮਾਈਆਂ ਅਸੀਂ ਹੋ ਗਏ ਚੂਰ-ਚੂਰ ਨੀ
ਦੱਸ ਦਿੱਲੀਏ ਨੀ ਭਲਾ ਸਾਡਾ ਕੀ ਕਸੂਰ ਨੀ

ਵਾਅਦਾ ਕੀਤਾ ਕਦੇ ਤੈਂ ਗ਼ਰੀਬੀ ਨੂੰ ਹਟਾਉਣ ਦਾ
ਕਦੇ ਵਾਅਦਾ ਦੇਸ਼ ਚ ਸਮਾਜਵਾਦ
ਲਿਆਉਣ ਦਾ
ਨਿੱਕਲ਼ਿਆ ਹਰ ਵਾਅਦਾ ਤੇਰਾ ਸਦਾ ਕੂੜ ਨੀ

ਰੱਜ ਕੇ ਨਾ ਖਾਧਾ ਕਦੇ ਰੱਜ ਕੇ ਨਾ ਪਹਿਨਿਆ
ਹਰ ਦਮ ਚਿੱਤ ਰਹੇ ਸਹਿਮਿਆ ਹੀ ਸਹਿਮਿਆ
ਹਾਸਿਆਂ ਦਾ ਹੋਠਾਂ ਤੇ ਨਾ ਆਇਆ ਕਦੇ ਬੂਰ ਨੀ

ਔਟਣ ਮੁਸ਼ੱਕਤਾਂ ਦੇ ਹੱਥੀਂ ਸਾਡੇ ਪੈ ਗਏ
ਮਿੱਟੀ ਨਾਲ਼ ਮਿੱਟੀ ਹੋ ਕੇ ਮਿੱਟੀ ਜੋਗੇ ਰਹਿ ਗਏ
ਭੁੱਖਾਂ-ਤੇਹਾਂ ਵਿੱਚ ਅਸੀਂ ਹੋ ਗਏ ਮਸ਼ਹੂਰ ਨੀ

ਹੱਥ ਨਾ ਹਿਲਾਈਏ ਦੱਸ ਕਿੱਥੋਂ ਆ ਜੂ ਮਾਲ ਨੀ
ਪੂਰੀਆਂ ਕਰੇਂਦਾ ਜੱਗ ਲੋੜਾਂ ਜੀਹਦੇ ਨਾਲ਼ ਨੀ
ਸਾਡੇ ਚਿਹਰੇ ਬੁਝੇ ਪਰ ਵਿਹਲੜਾਂ ਦੇ ਨੂਰ ਨੀ

ਕਰਮਾਂ ਕਿਸਮਤਾਂ ਦੇ ਲਾਰੇ ਸਾਡੇ ਵਾਸਤੇ
ਗਿਆਨ ਵਾਲ਼ੇ ਬੰਦ ਨੇ ਦੁਆਰੇ ਸਾਡੇ ਵਾਸਤੇ
ਵਹਿਮਾਂ ਦਾ ਤੈਂ ਪਾਇਆ ਸਾਡੇ ਪੈਰਾਂ ਵਿੱਚ ਜੂੜ ਨੀ
ਜ਼ਿੰਦਗੀ ਦੇ ਅਰਥਾਂ ਨੂੰ ਜਦੋਂ ਅਸੀਂ ਜਾਣਿਆ
ਆਪਣੇ-ਬੇਗਾਨਿਆਂ ਦਾ ਫ਼ਰਕ ਪਹਿਚਾਣਿਆ
ਫੇਰ ਅਸੀਂ ਕਾਮੇ ਤੇਰਾ ਤੋੜਾਂਗੇ ਫ਼ਤੂਰ ਨੀ

• • •

## ਮੇਰਾ ਰੰਗਲਾ ਪੰਜਾਬ

ਕਿਹੜੇ ਰਾਹਾਂ ਤੇ ਜੁਆਨੀ ਅੱਜ ਪੈਰ ਪਾ ਲਿਆ
ਮੇਰਾ ਰੰਗਲ਼ਾ ਪੰਜਾਬ ਨਸ਼ਿਆਂ ਨੇ ਖਾ ਲਿਆ

ਕਦੇ ਖਾਂਦੇ ਸੀ ਖੁਰਾਕਾਂ ਦੁੱਧ-ਦਹੀਂ ਤੇ ਮਲਾਈ
ਕੰਮ ਜਚ ਕੇ ਕਰੇਂਦੇ ਸਾਰਾ ਦਿਨ ਚਾਈਂ-ਚਾਈਂ
ਅੱਜ ਦੇਖ ਲਵੋ ਕੈਸਾ ਹੈ ਜ਼ਮਾਨਾ ਆ ਗਿਆ

ਹੁਣ ਕਿਸੇ ਨੂੰ ਰਿਹਾ ਨਾ ਫ਼ਿਕਰ ਸਰੀਰ ਦਾ
ਨੌਜਵਾਨਾਂ ਪਾ ਲਿਆ ਹੈ 'ਰੁਤਬਾ' ਮੁਛੈਰ ਦਾ
ਸੋਹਣੇ ਫ਼ਬਦੇ ਸਰੀਰਾਂ ਨੂੰ ਪਿਆ ਹੈ ਗਾਲ਼ਿਆ

ਭੁੱਕੀ-ਫੀਮ ਤੇ ਸ਼ਰਾਬ ਨਾਲ਼ੇ ਜ਼ਰਦਾ ਤਮਾਕੂ
ਚੱਕੀ ਜਾਂਦੇ ਸਾਰਾ ਕੁੱਝ ਕੀ ਜਵਾਨ ਕੀ ਪੜ੍ਹਾਕੂ
ਜਿਹੜਾ ਅਣਖਾਂ ਸਿਖਾਵੇ ਵਿਰਸਾ ਗੁਆ ਲਿਆ

ਦਿਨ-ਰਾਤ ਜੋ ਕਰੇਂ ਤੂੰ ਹੱਡ-ਭੰਨਵੀਂ ਕਮਾਈ
ਕਾਹਤੋਂ ਨਸ਼ੇ ਦੇ ਵਪਾਰੀਆਂ ਨੂੰ ਜਾਣੀਂ ਤੂੰ ਲੁਟਾਈ
ਤੈਨੂੰ ਡਾਢਿਆਂ ਕਸੂਤੀ ਚਾਟ ਉੱਤੇ ਲਾ ਲਿਆ

ਪੰਜਾਂ ਪਾਣੀਆਂ ਦੀ ਹਿੱਕੜੀ ਤੇ 'ਛੇਵਾਂ' ਦਰਿਆ
ਜਾਣ-ਬੁੱਝ ਕੇ ਸ਼ੈਤਾਨ ਇੱਥੇ ਰਹੇ ਨੇ ਵਗਾਅ
ਅੱਜ ਹਰ ਕੋਈ ਗੁਲਾਮ ਨਸ਼ਿਆਂ ਬਣਾ ਲਿਆ

ਛੱਡੋ ਨਸ਼ਿਆਂ ਦਾ ਖਹਿੜਾ ਖੁਸ਼ੀ ਮਾਣ ਲਓ ਜੁਆਨੀ
ਸੋਹਣਾ ਵਿਰਸਾ ਬਚਾ ਲਓ ਜੋ ਸ਼ਹੀਦਾਂ ਦੀ ਨਿਸ਼ਾਨੀ
ਫਿਰ ਸੋਚੋਗੇ ਕਿ ਐਵੇਂ ਵਕਤ ਗੁਆ ਲਿਆ

• • •

## ਗੀਤ

ਅਰਜ਼ ਕਰਾਂ ਮੈਂ ਥੋਡੇ ਸਾਰਿਆਂ ਦੇ ਨਾਂ ਵੇ
ਕੁੱਖਾਂ ਵਿੱਚ ਮਾਰੋ ਨਾ ਵੇ ਲੋਕੋ ਮੈਨੂੰ ਨਾ ਵੇ

ਵੇਖਦਾ ਹੈ ਬਾਕੀ ਦਾ ਜਹਾਨ ਜਿਵੇਂ ਜੱਗ ਵੇ
ਮੇਰੇ ਤੇ ਪਾਬੰਦੀਆਂ ਕਿਉਂ ਜਾਂਦੀਆਂ ਨੇ ਲੱਗ ਵੇ
ਦੇਵੋ ਇਹ ਜਵਾਬ ਥੋਨੂੰ ਮੰਨ ਲਵਾਂ ਤਾਂ ਵੇ

ਜਿਸ ਵਿਹੜੇ ਵੀਰਾ ਖੇਡੇ ਮੇਰਾ ਵੀ ਉਹ ਹੱਕ ਵੇ
ਮੇਰੇ ਅਰਮਾਨ ਦਿੰਦੇ ਅੰਦਰੇ ਕਿਉਂ ਨੱਪ ਵੇ
ਹੈਗਾ ਪਰਿਵਾਰ 'ਚ ਜ਼ਰੂਰੀ ਮੇਰਾ ਥਾਂ ਵੇ

ਮੇਰੇ ਲਈ ਆਫ਼ਤਾਂ ਨੇ ਸਾਇੰਸ ਤਰੱਕੀਆਂ
ਮਾਰਨੇ ਨੂੰ ਮੈਨੂੰ ਨੇ ਮਸ਼ੀਨਾਂ ਅੱਜ ਰੱਖੀਆਂ
ਮੇਰੇ ਲਈ ਬੇਗਾਨੀ ਹੋ ਗਈ ਕਾਹਤੋਂ ਮੇਰੀ ਮਾਂ ਵੇ

ਕੰਮਾਂ 'ਚ ਵਟਾਊਂ ਹੱਥ ਅੰਮੜੀ ਦੇ ਨਾਲ਼ ਵੇ
ਬਾਬਲੇ ਦੀ ਪੱਗ ਦਾ ਮੈਂ ਰੱਖੂੰਗੀ ਖਿਆਲ ਵੇ
ਬਿਰਖਾਂ ਦੇ ਵਾਂਗ ਥੋਡੇ ਵਿਹੜੇ ਕਰੂੰ ਛਾਂ ਵੇ

ਵੀਰੇ ਹੱਥ ਦੱਸੋ ਕੌਣ ਰੱਖੜੀ ਸਜਾਊਗਾ
ਪਾਪਾ ਕਾਹਤੋਂ ਆਇਆ ਨੀ ਸਵਾਲ ਕੌਣ ਪਾਊਗਾ
ਮੇਰੇ ਬਾਝੋਂ ਘਰ ਲੱਗੂ ਵਾਂਗ ਸਰਾਂ ਵੇ

ਪੇਕੇ ਵੀ ਤੇ ਸਹੁਰੇ ਵੀ ਬੇਗਾਨੀ ਹੀ ਕਹਾਵਾਂ ਮੈਂ
ਕਿਹੜਿਆਂ ਗੁਨਾਹਾਂ ਦੀਆਂ ਪਾਈਆਂ ਨੇ ਸਜ਼ਾਵਾਂ ਮੈਂ
ਦੱਸੋ ਦੱਸੋ ਦੱਸੋ ਮੈਨੂੰ ਕਿਹੜੀ ਮੇਰੀ ਥਾਂ ਵੇ

ਸੁਣੋ ਜੱਗ ਵਾਲਿਓ ਵੇ ਹੋਸ਼ ਕਰੋ ਕੁੱਝ ਵੇ
ਕਾਲਜੇ 'ਚ ਨਿੱਤ ਮੇਰੇ ਭਰਦੇ ਕਿਉਂ ਰੁੱਗ ਵੇ
ਅੱਜ ਦੀ ਮੈਂ ਧੀ ਤੇ ਭਵਿੱਖ ਦੀ ਹਾਂ ਮਾਂ ਵੇ

• • •

## ਗੀਤ

ਉਹ ਸਿਦਕਾਂ ਦੇ ਰਖਵਾਲੇ ਸੀ ਜੋ ਹੱਸ ਕੇ ਚਮਨ
ਲੁਟਾ ਗਏ ਨੇ
ਪੀੜਾ ਜੋ ਸਾਰੀ ਧਰਤੀ ਦੀ ਦਿਲ ਆਪਣੇ ਵਿੱਚ
ਸਮਾ ਗਏ ਨੇ

ਇਹ ਗਾਥਾ ਪੂਰੇ ਆਲਮ ਦੀ ਮੁੱਦਤਾਂ ਦੇ ਜਿੰਨੀ
ਪੁਰਾਣੀ ਹੈ
ਚੋਰੀ ਤੇ ਸੀਨਾ-ਜ਼ੋਰੀ ਹੈ ਤੇ ਜ਼ਬਰ-ਜ਼ੁਲਮ ਦੀ
ਢਾਣੀ ਹੈ
ਕਿਰਤਾਂ ਦੇ ਸਿਰ ਤੇ ਅਣਖਾਂ ਦੀ ਸਦਾ ਸੂਰੇ
ਪੱਗ ਸਜ਼ਾ ਗਏ ਨੇ

ਨਾਨਕ ਨੇ ਹੋਕਾ ਦਿੱਤਾ ਸੀ ਵੰਡ ਛਕਣੇ
ਕਿਰਤਾਂ ਕਰਨੇ ਦਾ
ਗੋਬਿੰਦ ਨੇ ਸਿਹਰਾ ਖੱਟਿਆ ਹੈ ਭੇਟਾ ਸਰਬੰਸ
ਦੀ ਕਰਨੇ ਦਾ
ਨੀਹਾਂ ਵਿੱਚ ਟੋਟੇ ਜਿਗਰਾਂ ਦੇ ਜੋ ਸੱਚ ਦੇ ਲਈ
ਚਿਣਾ ਗਏ ਨੇ

ਜੋ ਤੱਤੀ ਤਵੀ ਨੂੰ ਠਾਰ ਗਿਆ ਗੁਰੂ ਅਰਜਨ
ਦੇਵ ਕਹਾਇਆ ਏ
ਉੱਤੋਂ ਤਪਦਾ ਰੇਤਾ ਅਗਨ ਜਿਹਾ ਜ਼ਾਲਮ ਨੇ
ਸਿਰ ਵਿੱਚ ਪਾਇਆ ਏ
"ਤੇਰੇ ਭਾਣੇ ਅੰਮ੍ਰਿਤ ਵੱਸੈ" ਦਾ ਹੱਸ ਮੁੱਖ ਤੋਂ
ਸ਼ਬਦ ਸੁਣਾ ਗਏ ਨੇ

ਨੇਕੀ ਬੰਦੇ ਬੈਰਾਗੀ ਦੀ ਦੁਨੀਆਂ ਤੇ ਭੁੱਲਿਆ
ਕਿਹੜਾ ਹੈ
ਬੰਦ-ਬੰਦ ਕਟਾ ਲਏ ਮਨੀ ਸਿੰਘ ਨੇ ਚਿਹਰੇ ਤੇ
ਫਿਰ ਵੀ ਖੇੜਾ ਹੈ
ਉੱਬਲਦੀਆਂ ਦੇਗਾਂ ਵਿੱਚ ਬਹਿ ਕੇ ਜੋ ਵੈਰੀ ਨੂੰ
ਦਹਿਲਾ ਗਏ ਨੇ

ਚੱਲਦੀ ਹੀ ਰਹਿਣੀ ਦੁਨੀਆਂ ਤੇ ਗੱਲ ਅਣਖੀ
ਬੀਰ ਦਲੇਰਾਂ ਦੀ
ਅਹੁ ਭਗਤ ਸਰਾਭੇ ਊਧਮ ਦੀ ਚੰਦਰ ਸ਼ੇਖਰ
ਜਿਹੇ ਸ਼ੇਰਾਂ ਦੀ
ਹੱਸ-ਹੱਸ ਕੇ ਦੇ ਗਏ ਕੁਰਬਾਨੀ ਬਣ ਸੂਰਜ
ਅਰਸ਼ੀਂ ਛਾ ਗਏ ਨੇ

• • •

## ਗ਼ੈਰਾਂ ਦੇ ਪੱਥਰਾਂ ਦੀ ਕਦ ਪ੍ਰਵਾਹ

ਗ਼ੈਰਾਂ ਦੇ ਪੱਥਰਾਂ ਦੀ ਕਦ ਪ੍ਰਵਾਹ ਸਾਨੂੰ
ਆਪਣਿਆਂ ਦੇ ਫੁੱਲਾਂ ਦੀ ਹੈ ਮਾਰ ਬੁਰੀ
ਜਦ ਵੀ ਕਿਸੇ ਹੰਢਾਇਆ ਇਹ ਦਸਤੂਰ ਬੁਰਾ
ਜੱਗ ਦੇ ਉੱਤੇ ਏਹੀ ਗੱਲ ਹਰ ਵਾਰ ਤੁਰੀ

ਸੱਚ ਦੀ ਖ਼ਾਤਰ ਤੁਰਿਆ ਹਰ ਕੋਈ ਜਿੱਤਿਆ ਏ
ਜ਼ੁਲਮਾਂ ਵਾਲ਼ੀ ਹਰ ਵਾਰੀ ਤਲਵਾਰ ਮੁੜੀ

ਧਰਤ ਕਦੇ ਨਾ ਖੂਨ-ਪਿਆਸੀ ਹੋਣੀ ਸੀ
ਜੇਕਰ ਬੰਦਾ ਦਿੰਦਾ ਸੋਚ ਵਿਸਾਰ ਬੁਰੀ

ਢਿੱਡ ਖਾਲੀ ਨਿਰਵਸਤਰ ਨਾ ਤਨ ਹੋਣੇ ਸੀ
ਜੇ ਨਾ ਹੁੰਦੀ ਸਮਿਆਂ ਦੀ ਸਰਕਾਰ ਬੁਰੀ

ਓਦੋਂ ਵੀ ਗਲ਼ ਕੱਟਿਆ ਜਾਂਦਾ ਨੇਕੀ ਦਾ
ਧੋਖੇ ਵਾਲ਼ੀ ਫੇਰਨ ਜਦ ਗ਼ੱਦਾਰ ਛੁਰੀ

ਨਾਤੇ-ਰਿਸ਼ਤੇ ਪਿਆਰ-ਮੁਹੱਬਤ ਰੁਲ਼ ਜਾਂਦੇ
ਵਸ ਜਾਂਦੀ ਜਦ ਵਿੱਚ ਮਨਾਂ ਦੇ ਖ਼ਾਰ ਬੁਰੀ

ਜ਼ਿੰਦਗੀ ਦਾ ਉਹ ਲੁਤਫ਼ ਕਦੇ ਨੀ ਲੈ ਸਕਦੇ
ਸੋਚ ਜਿਨ੍ਹਾਂ ਦੀ ਜਾਂਦੀ ਹੈ ਹਰ ਵਾਰ ਖੁਰੀ

ਗੁਫ਼ਾ ਹਨੇਰੀ ਵੱਲ ਨੂੰ ਡੰਡੀ ਜਾਂਦੀ ਹੈ
ਜਿਸ ਦੇ ਉੱਤੇ ਜਾਂਦਾ ਹੈ ਸੰਸਾਰ ਤੁਰੀ

ਨਰਕ ਜਿਹਾ ਫਿਰ ਏਹੀ ਜੀਵਨ ਸੁਰਗ ਬਣੂ
ਸੋਚਾਂ ਦੀ ਜਦ ਚੰਗੀ ਦਿਸ਼ਾ ਮੁਹਾਰ ਮੁੜੀ

• • •

## ਜੱਟ ਦਾ ਪੁੱਤ

ਮੈਂ ਜੱਟ ਦਾ ਪੁੱਤ ਹਾਂ
ਗੀਤਾਂ ਵਾਲ਼ੇ ਜੱਟ ਦਾ ਨਹੀਂ
ਬਲਕਿ ਖੇਤਾਂ ਵਾਲ਼ੇ ਜੱਟ ਦਾ
ਜਦ ਮੈਂ ਆਪਣੇ ਬਾਪ ਦੇ
ਛਾਲਿਆਂ ਵਾਲ਼ੇ ਖੁਰਦਰੇ ਹੱਥ ਵੇਖਦਾ ਹਾਂ
ਬਿਆਈਆਂ ਪਾਟੇ ਪੈਰ
ਝੁਰੜੀਆਂ ਵਾਲਾ ਮੱਥਾ
ਅਤੇ ਸੁੱਕ ਕੇ ਢੂਹੀ ਨਾਲ਼
ਲੱਗਿਆ ਪੇਟ ਵੇਖਦਾ ਹਾਂ
ਜਦ ਮੈਂ ਆਪਣੇ ਬਾਪ ਦੀਆਂ
ਵਧੇ ਹੋਏ ਨਹੁਆਂ ਵਾਲ਼ੀਆਂ
ਵਿੰਗ-ਤੜਿੰਗੀਆਂ ਉਂਗਲ਼ੀਆਂ ਵੇਖਦਾ ਹਾਂ
ਜਦ ਮੈਂ ਆਪਣੇ ਜੱਟ ਬਾਪ ਦਾ
ਫਿਕਰਾਂ ਨਾਲ਼ ਮੁਰਝਾਇਆ
ਚੇਹਰਾ ਤੱਕਦਾ ਹਾਂ
ਤਾਂ ਮੈਨੂੰ ਇੰਜ ਜਾਪਦਾ ਹੈ
ਕਿ ਗੀਤਾਂ ਵਾਲ਼ੇ ਝੂਠ ਲਿਖਦੇ ਨੇ
ਗੀਤਾਂ ਵਾਲ਼ੇ ਝੂਠ ਗਾਉਂਦੇ ਨੇ
ਉਹ ਤਾਂ ਬੱਸ ਪੈਸੇ ਕਮਾਉਂਦੇ ਨੇ
ਕੁਫ਼ਰ ਵਰਤਾਉਂਦੇ ਨੇ
ਭੁਲੇਖੇ ਪਾਉਂਦੇ ਨੇ
ਜੱਟਾਂ ਦਾ ਮੌਜੂ ਬਣਾਉਂਦੇ ਨੇ
ਜੱਟਾਂ ਨੂੰ "ਜੱਟ" ਹੋਣ ਦੀ ਫੂਕ ਛਕਾਉਂਦੇ ਨੇ
ਮੇਰਾ ਬਾਪ ਬੋਤਲ ਦਾ ਡੱਟ ਨਹੀਂ ਪੱਟਦਾ
ਉਹ ਤਾਂ ਕਦੇ ਕਦੇ
ਘਰ ਦੀ ਸਰਾਬ ਵਾਲ਼ੀ
ਕੱਚ ਦੀ ਬੋਤਲ ਦੇ ਮੂੰਹ ਚੋਂ
ਮੱਕੀ ਦੀ ਛੱਲੀ ਦਾ ਗੁੱਲ ਕੱਢਦਾ ਹੈ
ਤੇ ਦੋ ਪੈੱਗ ਸ਼ਰਾਬ ਪੀ ਲੈਂਦਾ ਹੈ
ਪਰ ਵਿਚਾਰਾ ਕਦੇ ਬੱਕਰੇ ਨਹੀਂ ਬੁਲਾਉਂਦਾ
ਉਹ ਤਾਂ ਦਿਨ ਭਰ ਦੇ ਥਕੇਵੇਂ ਨੇ
ਬੱਕਰੇ ਵਾਂਗੂੰ ਹਲਾਲ ਕੀਤਾ ਹੁੰਦਾ ਹੈ
ਉਹ ਤਾਂ ਹੱਥ ਉੱਤੇ ਧਰ ਕੇ ਦੋ ਰੋਟੀਆਂ
ਖਾ ਕੇ ਸੌਣ ਦੀ ਕਰਦਾ ਹੈ
ਤੜਕੇ ਉੱਠ ਕੇ ਫਿਰ
ਕੰਮ 'ਤੇ ਜਾਣ ਦਾ
ਫਿਕਰ ਹੁੰਦਾ ਹੈ ਉਹਨੂੰ
ਕਦੇ ਜ਼ੁਬਾਨ ਨਾਲ਼ ਨਹੀਂ
ਬੱਸ ਨਜ਼ਰਾਂ ਨਾਲ਼ ਹੀ ਪਾਈ ਹੈ
ਮੇਰੀ ਸਕੂਲ ਦੀ ਫੀਸ ਭਰਨ ਵੇਲ਼ੇ
ਕਈ ਕਈ ਦਿਨ ਉਦਾਸ ਰਹਿੰਦਾ
ਬਾਪੂ ਦਾ ਭੋਲ਼ਾ ਜਿਹਾ ਚੇਹਰਾ
ਮੇਰੇ ਅੰਦਰ ਨਿੱਤ ਠੋਕਰਾਂ ਮਾਰਦਾ ਹੈ
ਤਪਦੇ ਥਲ ਵਰਗੇ, ਬਾਪੂ ਦੇ ਹਿਰਦੇ ਨੂੰ
ਸੁੱਖਾਂ ਦੀ ਛਾਂ ਜ਼ਰੂਰ ਕਰੂੰਗਾ
ਮੈਨੂੰ ਤੇਰੇ ਕਰਜ਼ ਦੀ ਸਹੁੰ ਬਾਪੂ
ਮੈਂ ਤੇਰੀ ਡੰਗੋਰੀ ਬਣੂੰਗਾ
ਨਾਲ਼ੇ ਲੱਭੂੰਗਾ ਉਹ ਭੇਦ
ਕਿ ਧਰਤੀ ਦਾ ਮੁੱਖੜਾ
ਹਰਿਆ-ਭਰਿਆ ਬਣਾਉਣ ਵਾਲ਼ੇ
ਜੱਟਾਂ ਦੀ ਜ਼ਿੰਦਗੀ ਦੀਆਂ ਪੈਲ਼ੀਆਂ ਨੂੰ
ਬੰਜਰ ਕਿਸ ਨੇ ਬਣਾਇਆ ਹੈ
ਮੈਂ ਉਸ ਮੰਡੀ ਦੀ ਪੈੜ ਕੱਢਾਂਗਾ
ਜਿੱਥੇ 'ਜੱਟ' ਸ਼ਬਦ ਤਾਂ
ਵਿਕ ਜਾਂਦਾ ਹੈ ਲੱਖਾਂ-ਕਰੋੜਾਂ 'ਚ
ਤੇ ਜੱਟ ਖੁਦ ਵਿਚਾਰਾ
ਓਸੇ ਮੰਡੀ 'ਚ ਰੋਜ਼ ਖੀਸੇ ਲੁਟਾ ਕੇ ਮੁੜਦਾ ਹੈ
ਮੈਂ ਓਸ ਜੱਟ ਦਾ ਪੁੱਤ ਹਾਂ
ਗੀਤਾਂ ਵਾਲ਼ੇ ਜੱਟ ਦਾ ਨਹੀਂ
ਬਲਕਿ ਖੇਤਾਂ ਵਾਲ਼ੇ ਜੱਟ ਦਾ।

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਊਧਮ ਸਿੰਘ ਦੇ ਅਦਾਲਤ ਵਿੱਚ 'ਹੀਰ' (ਵਾਰਿਸ ਸ਼ਾਹ) ਦੀ ਸਹੁੰ ਚੁੱਕਣ ਬਾਰੇ



ਰਾਕੇਸ਼ ਕੁਮਾਰ
97792-32276

ਊਧਮ ਸਿੰਘ ਨੇ 13 ਮਾਰਚ 1940 ਨੂੰ ਲੰਡਨ ਦੇ ਕੈਕਸਟਨ ਹਾਲ 'ਚ ਚਾਰ ਅੰਗਰੇਜ਼ ਅਫ਼ਸਰਾਂ ਦੇ 6 ਗੋਲੀਆਂ ਮਾਰੀਆਂ। ਇੰਗਲੈਂਡ ਦੇ ਅਖ਼ਬਾਰ 'ਡੇਲੀ ਮਿਰਰ' ਦੀ 14 ਮਾਰਚ 1940 ਦੀ ਖ਼ਬਰ ਮੁਤਾਬਿਕ ਊਧਮ ਸਿੰਘ ਨੇ ਪਹਿਲਿਆਂ ਦੋ ਗੋਲੀਆਂ ਮਾਰਕੁਅਸ ਆਫ ਜੈੱਟਲੈਂਡ ਦੇ ਮਾਰੀਆਂ ਤੇ ਬਾਅਦ ਵਿੱਚ ਹੋਰ ਅੰਗਰੇਜ਼ ਅਫ਼ਸਰਾਂ ਮਾਈਕਲ ਓਡਵਾਇਰ ਦੇ ਦੋ ਗੋਲੀਆਂ, ਲੁਈਸ ਡੇਨ ਦੇ ਇੱਕ ਤੇ ਲਾਰਡ ਲੈਮਿੰਗਟਨ ਦੇ ਇੱਕ ਗੋਲੀ ਮਾਰੀ। ਮਾਈਕਲ ਓਡਵਾਇਰ ਮੌਕੇ 'ਤੇ ਮਰ ਗਿਆ ਤੇ ਬਾਕੀ ਜ਼ਖ਼ਮੀ ਹੋ ਗਏ।

ਗੋਲੀ ਚਲਾਉਣ ਤੋਂ ਬਾਅਦ ਊਧਮ ਸਿੰਘ ਨੂੰ ਪੁਲਿਸ ਅਧਿਕਾਰੀਆਂ ਨੇ ਮੌਕੇ 'ਤੇ ਫੜ ਲਿਆ ਸੀ ਅਤੇ ਉਸ ਨੂੰ ਕੈਨਲ ਰੋਅ ਪੁਲਿਸ ਸਟੇਸ਼ਨ ਲਿਜਾਇਆ ਗਿਆ। ਉੱਥੇ ਉਸਦੀਆਂ ਉਂਗਲੀਆਂ ਦੇ ਨਿਸ਼ਾਨ ਲਏ ਗਏ ਤੇ ਉੱਥੇ ਊਧਮ ਸਿੰਘ ਨੇ ਬਿਆਨ ਦਰਜ ਕਰਵਾਇਆ। ਊਧਮ ਸਿੰਘ 'ਤੇ ਮਾਈਕਲ ਓਡਵਾਇਰ ਦੇ ਕਤਲ ਦਾ ਦੋਸ਼ ਲਾਇਆ ਗਿਆ ਤੇ 14 ਮਾਰਚ 1940 ਨੂੰ 9:30 ਵਜੇ ਸਵੇਰੇ ਬੋਅ ਸਟਰੀਟ ਪੁਲਿਸ ਕੋਰਟ ਅੱਗੇ ਪੇਸ਼ ਕੀਤਾ ਗਿਆ। ਜੱਜ ਨੇ 21 ਮਾਰਚ 1940 ਸਵੇਰੇ 10:30 ਵਜੇ ਤੱਕ ਦਾ ਰਿਮਾਂਡ ਦਿੱਤਾ ਤੇ ਬਾਅਦ ਵਿੱਚ ਉਸ ਨੂੰ ਬਰਿਕਸਟਨ ਜੇਲ੍ਹ ਭੇਜ ਦਿੱਤਾ ਗਿਆ।

4 ਜੂਨ 1940 ਨੂੰ ਊਧਮ ਸਿੰਘ ਦਾ ਮੁਕੱਦਮਾ 'ਤਾਜ ਬਨਾਮ ਊਧਮ ਸਿੰਘ' ਓਲਡ ਬੈਲੇ ਦੀ ਕੇਂਦਰੀ ਅਪਰਾਧ ਅਦਾਲਤ ਵਿੱਚ ਸ਼ੁਰੂ ਹੋਇਆ। ਜੱਜ ਐਟਕਿਨਸਨ ਅਦਾਲਤੀ ਕਾਰਵਾਈ ਦੀ ਪ੍ਰਧਾਨਗੀ ਕਰ ਰਿਹਾ ਸੀ। ਜਿਊਰੀ ਵਿੱਚ 10 ਆਦਮੀ ਤੇ 2 ਔਰਤਾਂ ਸ਼ਾਮਲ ਸਨ।

ਮਿ. ਜੀ.ਬੀ. ਮੈਕਲਿਊਰ, ਮਿਸਟਰ ਸੀ. ਹਮਫਰੇ ਅਤੇ ਮਿਸਟਰ ਜਾਰਡਿਨ ਸਰਕਾਰੀ ਵਕੀਲ ਸਨ।

ਮਿ. ਸੇਂਟ ਜੌਹਨ ਹੁਚਿਨਸਨ, ਕੇ.ਸੀ., ਮਿਸਟਰ ਆਰ. ਈ. ਸੀਟਨ ਅਤੇ ਮਿਸਟਰ ਵੀ.ਕੇ. ਕ੍ਰਿਸ਼ਨਾ ਮੈਨਨ ਊਧਮ ਸਿੰਘ ਦੇ ਵਕੀਲ ਸਨ।

ਅਦਾਲਤ ਦੇ ਕਲਰਕ ਨੇ ਕਿਹਾ, "ਊਧਮ ਸਿੰਘ ਤੁਹਾਡੇ 'ਤੇ ਦੋਸ਼ ਹੈ ਕਿ ਤੁਸੀਂ 13 ਮਾਰਚ ਨੂੰ ਮਾਈਕਲ ਫਰਾਂਸਿਸ ਓਡਵਾਇਰ ਦਾ ਕਤਲ ਕੀਤਾ ਹੈ।" ਇਸ ਦੋਸ਼ ਲਈ ਉਹ ਸਫਾਈ ਦੇ ਰਿਹਾ ਹੈ, "ਮੈਂ ਦੋਸ਼ੀ ਨਹੀਂ ਹਾਂ" ਅਤੇ "ਇਹ ਤੁਹਾਡੇ ਸਾਹਮਣੇ ਹੋਵੇਗਾ ਗਵਾਈਆਂ ਸੁਣਨ ਤੋਂ ਬਾਅਦ ਕਿ ਇਹ ਦੋਸ਼ੀ ਹੈ ਜਾਂ ਨਹੀਂ।"

ਸਰਕਾਰੀ ਵਕੀਲ ਮਿ. ਜੀ.ਬੀ. ਮੈਕਲਿਊਰ ਨੇ ਮੁਕੱਦਮੇ ਦੀ ਕਾਰਵਾਈ ਸ਼ੁਰੂ ਕੀਤੀ। ਤੇਜੀ ਨਾਲ ਗਵਾਹਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਕੁੱਲ 24 ਗਵਾਹਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਹਨਾਂ ਨੂੰ ਸਰਕਾਰੀ ਵਕੀਲ ਮੈਕਲਿਊਰ, ਜੱਜ ਐਟਕਿਨਸਨ ਤੇ ਊਧਮ ਸਿੰਘ ਦੇ ਵਕੀਲ ਵਜੋਂ ਸੇਂਟ ਜੌਹਨ ਹੁਚਿਨਸਨ ਨੇ ਓਡਵਾਇਰ ਦੇ ਕਤਲ ਸਬੰਧੀ ਅਨੇਕਾਂ ਸਵਾਲ ਕੀਤੇ। ਉਨ੍ਹਾਂ ਸਾਰਿਆਂ ਗਵਾਹਾਂ ਦੇ ਬਿਆਨ ਊਧਮ ਸਿੰਘ ਦੇ ਵਿਰੁੱਧ ਸਨ।

ਜੱਜ ਦੀ ਇਜ਼ਾਜਤ ਤੋਂ ਬਾਅਦ ਊਧਮ ਸਿੰਘ ਦੇ ਵਕੀਲ ਸੇਂਟ ਜੌਹਨ ਹੁਚਿਨਸਨ ਨੇ ਊਧਮ ਸਿੰਘ ਨੂੰ ਕਟਹਿਰੇ 'ਚ ਬੁਲਾਇਆ। ਉਸ ਨੇ ਰਸਮੀ ਪ੍ਰਤਿੱਗਿਆ ਲਈ।

(ਨੈਸ਼ਨਲ ਆਰਕਾਇਵਜ ਲੰਡਨ ਵੱਲੋਂ ਸਾਲ 2016 ਵਿੱਚ ਜਾਰੀ ਫਾਈਲ D.P.P. 2/761 ਪੰਨਾ 222 ਅਤੇ ਬ੍ਰਿਟਿਸ਼ ਲਾਇਬਰੇਰੀ ਲੰਡਨ ਫਾਈਲ MSSEUR C-826 ਪੰਨਾ 55)

ਬ੍ਰਿਟਿਸ਼ ਰਾਈਟਰ ਰੋਜ਼ਰ ਪਰਕਿਨਸ ਨੇ ਆਪਣੀ ਕਿਤਾਬ 'ਦੀ ਅੰਮ੍ਰਿਤਸਰ ਲੈਗੇਸੀ' ਦੇ ਪੰਨਾ 145 'ਤੇ ਲਿਖਿਆ ਹੈ ਕਿ ਊਧਮ ਸਿੰਘ ਨੇ ਬਾਈਬਲ 'ਤੇ ਹੱਥ ਰੱਖ ਕੇ ਸਹੁੰ ਖਾਣ ਤੋਂ ਇਨਕਾਰ ਕਰ ਦਿੱਤਾ ਪਰ ਰਸਮੀ ਪ੍ਰਤਿੱਗਿਆ ਲਈ।



ਲੇਖਿਕਾ ਫ਼ਰੀਨਾ ਮੀਰ ਨੇ ਆਪਣੀ ਕਿਤਾਬ 'ਸੋਸ਼ਲ ਸਪੇਸ ਆਫ ਲੈਂਗਵੇਜ ਦਾ ਵਰਨੈਕੂਲਰ ਕਲਚਰ ਆਫ ਬ੍ਰਿਟਿਸ਼ ਕਾਲੋਨੀਅਲ ਪੰਜਾਬ' ਦੇ ਪੰਨਾ 3 ਤੇ 'ਦਿ ਟ੍ਰਿਬਿਊਨ' ਵਿੱਚ 16 ਜੁਲਾਈ 2007 ਵਿੱਚ ਛਪੀ ਰਿਪੋਰਟ ਦੇ ਹਵਾਲੇ ਨਾਲ ਲਿਖਿਆ ਕਿ ਊਧਮ ਸਿੰਘ ਮੁਕੱਦਮੇ ਦੌਰਾਨ ਹੀਰ ਵਾਰਿਸ ਤੋਂ ਸਹੁੰ ਚੁੱਕਣਾ ਚਾਹੁੰਦਾ ਸੀ। ਇਸ ਦੀ ਕਾਪੀ ਦੀ ਮੰਗ ਉਸ ਨੇ ਜਦੋਂ ਉਹ ਜੇਲ੍ਹ ਵਿੱਚ ਸੀ ਆਪਣੇ ਦੋਸਤ ਤੋਂ ਕੀਤੀ ਸੀ।

ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਸ਼੍ਰੇਣੀ ਲਈ ਇਤਿਹਾਸ ਦੀ ਪਾਠ ਪੁਸਤਕ ਦੇ ਪੰਨਾ 94 'ਤੇ ਲਿਖਿਆ ਹੈ :

"ਕੀ ਤੁਸੀਂ ਜਾਣਦੇ ਹੋ?

ਸ਼ਹੀਦ ਊਧਮ ਸਿੰਘ ਨੇ ਜਲ੍ਹਿਆਂਵਾਲਾ ਬਾਗ ਦੇ ਕਾਂਡ ਦਾ ਬਦਲਾ ਲੈਣ ਤੋਂ ਬਾਅਦ ਅੰਗਰੇਜ਼ੀ ਅਦਾਲਤ ਵਿੱਚ ਧਾਰਮਿਕ ਪਹਿਚਾਣ ਨੂੰ ਖਤਮ ਕਰਨ ਅਤੇ ਆਪਣੀ ਪਹਿਚਾਣ ਨੂੰ ਦ੍ਰਿੜ ਕਰਨ ਲਈ ਇੱਕ ਨਿਯਮ ਮੁਤਾਬਿਕ ਕਿਸੇ ਧਾਰਮਿਕ ਗ੍ਰੰਥ ਦੀ ਸਹੁੰ ਨਾ ਚੁੱਕ ਕੇ ਵਾਰਿਸ ਸ਼ਾਹ ਦੀ ਰਚਨਾ 'ਹੀਰ' ਦੀ ਸਹੁੰ ਚੁੱਕੀ ਸੀ।" ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਸ਼੍ਰੇਣੀ ਦੀ ਇਤਿਹਾਸ ਦੀ ਪੁਸਤਕ ਵਿੱਚ ਊਧਮ ਸਿੰਘ ਵੱਲੋਂ ਅਦਾਲਤ ਵਿੱਚ ਹੀਰ ਦੀ ਸਹੁੰ ਚੁੱਕਣ ਵਾਲੀ ਗੱਲ ਇਤਿਹਾਸਕ ਤੱਥਾਂ ਤੋਂ ਦੂਰ ਹੈ।

(ਪੰਜਾਬੀ ਟ੍ਰਿਬਿਊਨ 10 ਜੂਨ 2018 ਦੀ ਛਪੀ ਖ਼ਬਰ ਮੁਤਾਬਿਕ ਹੁਣ ਛੇ ਮੈਂਬਰੀ ਕਮੇਟੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਜਮਾਤ ਦੀ ਇਤਿਹਾਸ ਦੀ ਵਿਵਾਦਤ ਕਿਤਾਬ ਵਾਪਸ ਲੈਣ ਦੀ ਸਿਫ਼ਾਰਸ ਕੀਤੀ ਹੈ ਤੇ ਅਗਲੇ ਅਕਾਦਮਿਕ ਸੈਸ਼ਨ ਤੋਂ ਬਦਲਣ ਦੀ ਸਿਫ਼ਾਰਸ ਕੀਤੀ ਹੈ।)

ਕਰਤਾਰਪੁਰ (ਜਲੰਧਰ ਨੇੜੇ) ਵਿੱਚ ਬਣੀ 'ਜੰਗ-ਏ-ਆਜ਼ਾਦੀ' ਯਾਦਗਾਰ ਪੰਜਾਬ ਦੀ ਇੱਕ ਗੈਲਰੀ ਵਿੱਚ ਊਧਮ ਸਿੰਘ ਸੰਬੰਧੀ ਸਕਰੀਨ 'ਤੇ ਦਿਖਾਈ ਜਾ ਰਹੀ ਡਾਕੂਮੈਂਟਰੀ ਵਿੱਚ ਊਧਮ ਸਿੰਘ ਵੱਲੋਂ ਹੀਰ ਤੋਂ ਸਹੁੰ ਚੁੱਕਣ ਬਾਰੇ ਦੱਸਿਆ ਜਾ ਰਿਹਾ ਹੈ ਜੋ ਕਿ ਇਤਿਹਾਸਕ ਤੱਥਾਂ ਤੋਂ ਦੂਰ ਹੈ। ਇੱਥੇ ਗੈਲਰੀਆਂ 'ਚ ਊਧਮ ਸਿੰਘ ਸਬੰਧੀ ਲੱਗੇ ਬੋਰਡਾਂ 'ਤੇ ਦਿੱਤੀ ਜਾਣਕਾਰੀ ਤੇ ਸਕਰੀਨਾਂ 'ਤੇ ਚਲਾਈਆਂ ਜਾ ਰਹੀਆਂ ਡਾਕੂਮੈਂਟਰੀਆਂ ਵਿੱਚ ਊਧਮ ਸਿੰਘ ਬਾਰੇ ਦਿਖਾਇਆ ਜਾ ਰਿਹਾ ਬਹੁਤ ਸਾਰਾ ਕੁੱਝ ਇਤਿਹਾਸਕ ਤੱਥਾਂ ਤੋਂ ਦੂਰ ਹੈ।

ਜ.ਸ. ਗਰੇਵਾਲ ਅਤੇ ਹ.ਕ. ਪੁਰੀ ਵੱਲੋਂ ਸੰਪਾਦਤ ਕੀਤੀਆਂ 'ਊਧਮ ਸਿੰਘ ਦੀਆਂ ਚਿੱਠੀਆਂ' ਦੀ ਪੁਸਤਕ ਸਾਲ 1974 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਛਾਪੀ ਸੀ। ਇਸ ਦੇ ਪੰਨਾ 52 'ਤੇ ਊਧਮ ਸਿੰਘ ਵੱਲੋਂ 6 ਅਪ੍ਰੈਲ 1940 ਨੂੰ ਇੱਕ ਚਿੱਠੀ ਜਿਹੜੀ ਉਸ ਨੇ ਖਾਲਸਾ ਜੱਥਾ 79, ਸਿਕਲੇਅਰ ਰੋਡ, ਲੰਡਨ ਪੱਛਮ 14 ਦੇ ਪਤੇ 'ਤੇ ਬਰਿਕਸਟਨ ਜੇਲ੍ਹ ਤੋਂ ਭੇਜੀ ਸੀ ਛਪੀ ਹੋਈ ਹੈ। ਇਸ ਵਿੱਚ ਲਿਖਿਆ ਹੈ, 'ਜੇ ਤੁਸੀਂ ਕਰ ਸਕੋ ਤਾਂ ਹੀਰ ਵਾਰਿਸ ਸ਼ਾਹ ਨਾਮ ਦੀ ਕਿਤਾਬ ਭੇਜਣੀ, ਇਹ ਕਿਤਾਬ ਨੂੰ ਓਲਡ ਬੇਲੀ ਨੂੰ ਸਹੁੰ ਖਾਣ ਲਈ ਲੈ ਕੇ ਜਾਣ ਦੀ ਮਨਸ਼ਾ ਹੈ।'

ਊਧਮ ਸਿੰਘ ਵੈਲਫੇਅਰ ਟਰੱਸਟ ਬਰਮਿੰਘਮ (ਇੰਗਲੈਂਡ) ਨੇ ਇਸ ਚਿੱਠੀ ਦੀ ਲਿਖਾਵਟ ਦਾ ਮਾਹਰਾਂ ਕੋਲੋਂ ਨਿਰਣਾ ਕਰਵਾਇਆ ਤਾਂ ਮਾਹਰਾਂ ਨੇ ਦੱਸਿਆ ਕਿ ਇਹ ਚਿੱਠੀ ਅਸਲੀ ਨਹੀਂ, ਨਕਲੀ ਹੈ। ਇਸ ਚਿੱਠੀ ਵਿੱਚ ਹੀਰ ਵਾਰਿਸ ਸ਼ਾਹ ਊਧਮ ਸਿੰਘ ਦੀ ਲਿਖਾਈ ਵਿੱਚ ਨਹੀਂ ਹੈ। ਮੇਰੇ ਵੱਲੋਂ ਪੁੱਛਣ 'ਤੇ ਵੀ ਵੈਲਫੇਅਰ ਟਰੱਸਟ ਬਰਮਿੰਘਮ (ਇੰਗਲੈਂਡ) ਦੇ ਪਦਾਅਧਿਕਾਰੀ ਨੇ ਉਪਰੋਕਤ ਦੀ ਪੁਸ਼ਟੀ ਕੀਤੀ ਹੈ।

ਊਧਮ ਸਿੰਘ ਦੇ ਦਸਤਖ਼ਤ ਵਾਲੀ ਪੁਸਤਕ 'ਹੀਰ' ਵਾਰਿਸ ਸ਼ਾਹ ਦੇਸ਼ ਭਗਤ ਹਾਲ, ਜਲੰਧਰ ਦੀ ਲਾਇਬਰੇਰੀ ਵਿੱਚ :

ਸੋਹਣ ਸਿੰਘ ਚੀਮਾ ਨੇ ਆਪਣੀ ਪੁਸਤਕ 'ਖੇਡ ਮੈਦਾਨ 'ਚ ਅੱਧੀ ਸਦੀ' ਦੇ ਪੰਨਾ 280 'ਤੇ ਲਿਖਿਆ ਹੈ ਕਿ ਮੇਰੇ ਪਿਤਾ ਚਰਨ ਸਿੰਘ ਚੀਮਾ ਨੇ ਦੱਸਿਆ ਸੀ ਕਿ ਵਾਰਿਸ ਸ਼ਾਹ ਦੀ ਹੀਰ ਦੀ ਕਾਪੀ ਊਧਮ ਸਿੰਘ ਨੇ ਆਪ ਬਾਬੂ ਕਰਮ ਸਿੰਘ ਜੀ ਨੂੰ ਦਿੱਤੀ ਸੀ ਤੇ ਕਿਹਾ ਸੀ ਕਿ ਇਸ 'ਤੇ ਮੇਰੇ ਦਸਤਖ਼ਤ ਵੀ ਹਨ। ਜੇ ਕਦੇ ਵਾਪਿਸ ਆ ਗਿਆ ਤਾਂ ਲੈ ਲਵਾਂਗਾ, ਨਹੀਂ ਤਾਂ ਸੰਭਾਲ ਕੇ ਰੱਖਿਓ, ਮੇਰੀ ਇਸ ਨਿਸ਼ਾਨੀ ਨੂੰ ਪੜ੍ਹਦੇ ਹੋਏ ਕਦੇ ਯਾਦ ਕਰ ਲਿਆ ਕਰੀਓ। ਮਹਾਨ ਦੇਸ਼ ਭਗਤ ਭਗਤ ਸਿੰਘ ਬਿਲਗਾ ਜੀ ਨੇ ਆਪਣੀ ਕਿਤਾਬ 'ਮੇਰਾ ਵਤਨ' ਦੇ ਪੰਨਾ 108 'ਤੇ ਲਿਖਿਆ ਹੈ ਕਿ 'ਹੀਰ' ਹਮੇਸ਼ਾ ਊਧਮ ਸਿੰਘ ਦੇ ਝੋਲੇ ਵਿੱਚ ਹੁੰਦੀ ਸੀ ਅਤੇ ਕਾਜ਼ੀ ਤੇ ਹੀਰ ਦੇ ਸਵਾਲ-ਜਵਾਬ ਉਸ ਨੂੰ ਬੜੇ ਪਸੰਦ ਸਨ। ਇਹ ਕਿੱਸਾ ਬਾਬੂ ਕਰਮ ਸਿੰਘ ਚੀਮਾ ਨੇ ਦੇਸ਼ ਭਗਤ ਯਾਦਗਾਰ ਹਾਲ ਨੂੰ ਭੇਂਟ ਕਰ ਦਿੱਤਾ।'

ਇਹ ਅਸਲੀ ਕਾਪੀ ਜਿਸ ਦੇ ਪੰਨਾ 282 ਉੱਪਰ 'ਊਧਮ ਸਿੰਘ' 'ਊਧਮ' ਅੰਗਰੇਜ਼ੀ ਵਿੱਚ ਨਾਂ ਲਿਖੇ ਹੋਏ ਹਨ। ਇੱਕ ਹੋਰ ਸਫ਼ੇ 'ਤੇ ਆਜ਼ਾਦ ਸਿੰਘ ਲਿਖਿਆ ਹੈ। ਇਹ ਪਿਛਲੇ 40 ਸਾਲਾਂ ਤੋਂ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਦੀ ਭਾਈ ਸੰਤੋਖ ਸਿੰਘ ਯਾਦਗਾਰੀ ਲਾਇਬਰੇਰੀ ਵਿੱਚ ਪਈ ਹੈ।

# ਪੰਜਾਬ ਦੀ ਵਿਦਿਆਰਥੀ ਲਹਿਰ ਦੇ ਸਿਰਮੌਰ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਸ਼ਹਾਦਤ



ਅੱਜ ਤੋਂ 67 ਸਾਲ ਪਹਿਲਾਂ 5 ਮਾਰਚ 1952 ਨੂੰ ਪੰਜਾਬ ਦੀ ਵਿਦਿਆਰਥੀ ਲਹਿਰ ਦੇ ਸਿਰਮੌਰ ਆਗੂ ਪਿਰਥੀਪਾਲ ਸਿੰਘ ਰੰਧਾਵਾ ਦਾ ਜਨਮ ਹੋਇਆ ਸੀ। ਉਸਨੇ 1970-71 ਚ ਪੰਜਾਬ ਸਟੂਡੈਂਟਸ ਯੂਨੀਅਨ ਨੂੰ ਜ਼ਮੀਨ ਤੋਂ ਖੜ੍ਹੀ ਕਰਕੇ ਅੰਬਰਾਂ ਤੱਕ ਪਹੁੰਚਾਇਆ ਸੀ। ਪੰਜਾਬ ਦੇ ਲੁਟੇਰੇ ਹਾਕਮਾਂ ਨੇ 18 ਜੁਲਾਈ 1979 ਨੂੰ 27 ਸਾਲ ਦੀ ਭਰ ਜੁਆਨ ਉਮਰ 'ਚ ਉਸਦਾ ਕਤਲ ਕਰਕੇ ਇਹ ਹੀਰਾ ਸਾਡੇ ਕੋਲੋਂ ਖੋਹ ਲਿਆ। ਉਸਦੀ ਸ਼ਹਾਦਤ ਮਗਰੋ...: ਛਪੇ ਪੈਂਫਲਿਟ 'ਇਹੋ ਜਿਹਾ ਸੀ ਸਾਡਾ ਪਿਰਥੀ' 'ਚ ਬਿਲਕੁਲ ਸਹੀ ਲਿਖਿਆ ਗਿਆ ਸੀ –

"ਵਿਦਿਆਰਥੀ ਹਿੱਤਾਂ ਲਈ ਆਪਣਾ ਸਭ ਕੁਝ ਨਿਛਾਵਰ ਕਰ ਦੇਣ ਵਾਲਾ ਵਿਦਿਆਰਥੀਆਂ ਦਾ ਸੱਚਾ ਸੁੱਚਾ ਰਹਿਨੁਮਾ ਸੀ ਸਾਡਾ ਪਿਰਥੀ! ਪੰਜਾਬ ਦੇ ਵਿਦਿਆਰਥੀਆਂ ਦੀ ਅਣਖ ਤੇ ਸਵੈਮਾਨ ਦਾ ਜਿਉਂਦਾ ਜਾਗਦਾ ਪ੍ਰਤੀਕ ਸੀ ਸਾਡਾ ਪਿਰਥੀ। ਉਹਦੀ ਅਗਵਾਈ ਵਿੱਚ ਹੀ ਪੀ. ਐਸ. ਯੂ. ਨੇ ਵਿਦਿਆਰਥੀ ਮੰਗਾਂ ਲਈ ਦਲੇਰਾਨਾ ਸੰਘਰਸ਼ ਲੜੇ ਤੇ ਜਿੱਤੇ। ਹਰ ਤਰਾਂ ਦੀ ਗੁੰਡਾਗਰਦੀ ਦਾ ਮੂੰਹ ਤੋੜ ਜੁਆਬ ਦਿੱਤਾ। ਪੁਲਸੀ ਜਬਰ ਦਾ ਬੁਥਾੜ ਭੰਨਿਆ। ਹੰਕਾਰੇ ਵਿਦਿਅਕ ਅਧਿਕਾਰੀਆਂ ਦੀਆਂ ਗੋਡਣੀਆਂ ਲੁਆਈਆਂ। ਇਸ ਸਭ ਕਾਸੇ ਕਰਕੇ ਹੀ ਅੱਜ ਅਸੀਂ ਅਣਖ ਤੇ ਸਵੈਮਾਨ ਨਾਲ ਜਿਉਣ ਦੇ ਯੋਗ ਹੋਏ ਹਾਂ। ਕਾਲਜਾਂ ਯੂਨੀਵਰਸਿਟੀਆਂ ਵਿੱਚ ਆਪਣੀ ਆਜ਼ਾਦ ਹਸਤੀ ਬਰਕਰਾਰ ਰੱਖਣ ਦੇ ਯੋਗ ਹੋਏ ਹਾਂ। ਇਸ ਸਭ ਕਾਸੇ ਕਰਕੇ ਹੀ ਅਸੀਂ ਆਪਣੇ ਵਿਦਿਆਰਥੀ ਜੀਵਨ ਨੂੰ ਚੰਗੇਰਾ ਬਣਾਉਣ ਲਈ ਬੇਅੰਤ ਰਿਆਇਤਾਂ ਅਤੇ ਖੁੱਲ੍ਹਾਂ ਹਾਸਲ ਕਰ ਸਕੇ ਹਾਂ।"

ਹਾਕਮਾਂ ਨੇ ਭਾਵੇਂ ਸਾਡੇ ਤੋਂ ਸਰੀਰੀ ਤੌਰ ਤੇ ਪ੍ਰਿਥੀਪਾਲ ਰੰਧਾਵਾ ਨੂੰ ਖੋਹ ਲਿਆ ਹੈ, ਪਰ ਅੱਜ ਵੀ ਉਸਦੀ ਸ਼ਖਸ਼ੀਅਤ ਵਿਦਿਆਰਥੀ ਲਹਿਰ ਲਈ ਪ੍ਰੇਰਨਾ ਦਾ ਇੱਕ ਸੋਮਾ ਤੇ ਇੱਕ ਰਾਹ ਦਰਸਾਵਾ ਬਣੀ ਖੜ੍ਹੀ ਹੈ ਤੇ ਬਣੀ ਰਹੇਗੀ। ਸਾਡੇ ਇਸ ਨਾਇਕ ਨੂੰ ਸਲਾਮ ਕਰਦਿਆਂ #ਪਾਸ਼ ਦੀ ਇਹ ਕਵਿਤਾ ਸਾਂਝੀ ਕਰ ਰਹੇ ਹਾਂ–

ਜਿੱਦਣ ਤੂੰ ਪਿਰਥੀ ਨੂੰ ਜੰਮਿਆ
ਕਿਹੜਾ ਦਿਨ ਸੀ ਮਾਂ
'ਰੱਬ' ਬਣਕੇ ਮੈਂ ਕੁੱਲ ਕਲੰਡਰ
ਉਹੀਓ ਦਿਨ ਕਰ-ਦਾਂ

ਕਿੱਥੇ ਬੁੱਢੀ ਚਗਲ ਉਹ ਜਿਸਦੀ
ਕਾਕਾਸ਼ਾਹੀ ਬਾਂਹ
ਕਿੱਥੇ ਨੌਂ ਵਰ੍ਹਿਆਂ ਦਾ ਤੇਰਾ
ਲਾਲ ਸੀ ਕੁੱਲ ਜਮ੍ਹਾਂ

ਜੇਸ ਰਾਤ ਤੇਰਾ ਲੈ ਗਏ ਪਿਰਥੀ
ਕੋਹਿਆ ਜਿਹੜੀ ਥਾਂ
ਉਦਣ ਧਰਤ ਸੁਹਾਗਣ ਹੋਈ
ਟਹਿਕੀ ਸੁੰਨ ਸਰਾਂ।

ਪਿਰਥੀ ਕਰ ਗਿਆ ਧਰਤੀਆਂ ਅੰਬਰ
ਸਾਰੇ ਤੇਰੇ ਨਾਂ
ਲੱਭਦੇ ਫਿਰਨ 'ਬੇਅੰਤੇ' ਵਰਗੇ
ਪੈਰ ਧਰਨ ਨੂੰ ਥਾਂ

ਤੇਰਾ ਕੋਈ ਕੀ ਕਰ ਲਊ
ਤੂੰ ਸ਼ੇਰ ਪੁੱਤਾਂ ਦੀ ਮਾਂ

- ਲਲਕਾਰ 'ਚੋਂ ਧੰਨਵਾਦ ਸਹਿਤ

## ਆਪਣੀ ਧਰਤੀ ਨੂੰ ਛੱਡ ਕੇ ਦੌੜਨ ਨਾਲੋਂ ਬਿਹਤਰ ਹੈ ਕਿ ਅਸੀਂ ਇਸ ਨੂੰ ਰਹਿਣਯੋਗ ਬਣਾਈਏ,

ਪਿਆਰੇ ਦੋਸਤੋ,

ਕਿਸੇ ਸ਼ਹਿਰ ਵਿਚੋਂ ਗੁਜ਼ਰਦੀ ਕੁਦਰਤੀ ਜਲ ਧਾਰਾ ਉਸ ਸ਼ਹਿਰ ਦੀ ਜਾਨ ਅਤੇ ਸ਼ਾਨ ਹੁੰਦੀ ਹੈ। ਪਰ ਸਾਡੇ ਸ਼ਹਿਰ ਵਿਚੋਂ ਲੰਘਦਾ ਬੁੱਢਾ ਦਰਿਆ ਪਹਿਲਾਂ ਬੁੱਢਾ ਨਾਲਾ ਬਣਿਆ ਫਿਰ ਗੰਦਾ ਨਾਲਾ ਬਣ ਗਿਆ। ਗੰਦਾ ਵੀ ਏਨਾ ਇਹ ਨਾ ਕੇਵਲ ਲੁਧਿਆਣੇ ਸਗੋਂ ਪੂਰੇ ਪੰਜਾਬ ਸਿਰ ਕਲੰਕ ਵਾਂਗ ਹੈ। ਸ਼ਹਿਰ ਦਾ ਧਰਤੀ ਹੇਠਲਾ ਪਾਣੀ ਪੀਣਯੋਗ ਨਹੀਂ ਰਿਹਾ ਅਤੇ ਮਾਲਵਾ ਖੇਤਰ ਵਿਚ ਕੈਂਸਰ ਰੋਗ ਵੱਡੇ ਪੱਧਰ ਤੇ ਫੈਲ ਰਿਹਾ ਹੈ। ਇਹਨਾਂ ਦੋਨਾਂ ਦਾ ਮੁੱਖ ਕਾਰਨ ਇਸ ਨਾਲ੍ਹੇ ਦੀ ਗੰਦਗੀ ਨੂੰ ਸਮਝਿਆ ਜਾਂਦਾ ਹੈ। ਦਰਿਆ ਦੀ ਇਹ ਹਾਲਤ ਇਸ ਕਰਕੇ ਹੈ ਕਿਉਂਕਿ ਅਸੀਂ ਇਸ ਨੂੰ ਇਸ ਤਰ੍ਹਾਂ ਦਾ ਕਬੂਲਿਆ ਹੋਇਆ ਹੈ, ਅਸੀਂ ਇਸ ਨੂੰ ਆਪਣਾ ਨਹੀਂ ਸਮਝਿਆ, ਇਸ ਦੇ ਨਾਲ ਨਹੀਂ ਖੜ੍ਹੇ।

ਸਾਡੇ ਜੀਵਨ ਲਈ ਸਭ ਤੋਂ ਜ਼ਰੂਰੀ ਹਵਾ ਅਤੇ ਪਾਣੀ ਹਨ। ਇਹਨਾਂ ਨੂੰ ਗੰਦਗੀ, ਜ਼ਹਿਰਾਂ ਅਤੇ ਬਦਬੂ ਤੋਂ ਆਜ਼ਾਦ ਕਰਾਉਣਾ ਸਾਡਾ ਫਰਜ਼ ਵੀ ਹੈ ਅਤੇ ਅਧਿਕਾਰ ਵੀ। ਫਰਜ਼ ਅਤੇ ਅਧਿਕਾਰ ਦੇ ਸਾਂਝੇ ਅਹਿਸਾਸ ਨਾਲ ਲਾਈਫ ਲਾਈਨ ਫਾਊਂਡੇਸ਼ਨ ਦੇ ਸੱਦੇ ਤੇ ਅਸੀਂ ਸਭ ਵਰਗਾਂ ਦੇ ਦਸ ਹਜ਼ਾਰ ਤੋਂ ਵੱਧ ਸ਼ਹਿਰੀ 12 ਅਗਸਤ ਐਤਵਾਰ ਨੂੰ ਸਵੇਰੇ 6 ਵਜੇ ਬੁੱਢੇ ਨਾਲ੍ਹੇ ਕਿਨਾਰੇ ਜੀ. ਟੀ. ਰੋਡ ਪੁਲ ਕੋਲ ਇਕੱਠੇ ਹੋਵਾਂਗੇ। ਇਥੋਂ ਨਾਲ੍ਹੇ ਦੇ ਨਾਲ-ਨਾਲ ਲਗਪਗ ਢਾਈ ਕਿਲੋਮੀਟਰ ਦੀ Round About ਦੌੜ ਹੋਵੇਗੀ। ਇਸ ਵਿਸ਼ੇਸ਼ ਦੌੜ ਦਾ ਨਾਂ RUN FOR FREEDOM Against POLLUTION OF BUDHA NALA ਰੱਖਿਆ ਹੈ। ਇਸ ਦਾ ਮਨੋਰਥ ਆਪਣੇ ਦਰਿਆ ਨੂੰ ਵਿਸ਼ਵਾਸ ਦੁਆਉਣਾ ਹੈ ਕਿ ਤੂੰ ਸਾਡਾ ਹੈਂ ਅਤੇ ਅਸੀਂ ਤੇਰੇ ਨਾਲ ਹਾਂ। ਤੈਨੂੰ ਗੰਦਗੀ ਅਤੇ ਬਦਬੂ ਤੋਂ ਆਜ਼ਾਦੀ ਕਰਾਉਣ ਲਈ ਸਾਡਾ ਜ਼ਾਤੀ ਤੌਰ 'ਤੇ ਜਾਂ ਜਮਾਤੀ ਤੌਰ 'ਤੇ ਜੋ ਵੀ ਕਰਨਾ ਬਣਦਾ ਹੈ ਉਹ ਕਰਾਂਗੇ। ਸੰਸਥਾਵਾਂ, ਵਿਭਾਗਾਂ ਅਤੇ ਸਰਕਾਰਾਂ ਤੋਂ ਜੋ ਕਰਾਉਣਾ ਬਣਦਾ ਉਹ ਕਰਾਵਾਂਗੇ।

ਇਸ ਸਾਂਝੇ Event ਵਿਚ ਤੁਹਾਨੂੰ ਆਪਣੇ ਪਰਿਵਾਰਾਂ ਅਤੇ ਦੋਸਤਾਂ ਸਮੇਤ ਭਾਗ ਲੈਣ ਦਾ ਸੱਦਾ ਹੈ। ਭਾਗ ਲੈਣ ਵਾਲਿਆਂ ਲਈ ਰਜਿਸਟ੍ਰੇਸ਼ਨ ਫਾਰਮ ਦਾ ਲਿੰਕ ਦਿੱਤਾ ਜਾ ਰਿਹਾ ਹੈ। ਇਸ ਵਿਚ ਆਪਣਾ ਨਾਂ, ਫੋਨ ਨੰਬਰ ਆਦਿ ਭਰ ਕੇ Submit ਬਟਨ ਦਬਾਓਗੇ ਤਾਂ ਇਹ ਸਾਡੇ ਕੋਲ ਪਹੁੰਚ ਜਾਵੇਗਾ। ਆਪਣਾ ਫਾਰਮ ਭਰਨ ਉਪਰੰਤ ਇਹ ਸੁਨੇਹਾ ਅਤੇ ਫਾਰਮ ਦਾ ਲਿੰਕ ਅੱਗੇ ਆਪਣੇ ਜਾਣਕਾਰਾਂ ਤੱਕ ਜ਼ਰੂਰ ਪਹੁੰਚਾਓ।

ਆਪਣੀ ਧਰਤੀ ਨੂੰ ਛੱਡ ਕੇ ਦੌੜਨ ਨਾਲੋਂ ਬਿਹਤਰ ਹੈ ਕਿ ਅਸੀਂ ਇਸ ਨੂੰ ਰਹਿਣਯੋਗ ਬਣਾਈਏ, ਜ਼ਿੰਦਗੀ ਨੂੰ ਜੀਊਣਯੋਗ ਬਣਾਈਏ। ਤੁਹਾਡਾ ਕੋਈ ਸਵਾਲ ਜਾਂ ਸੁਝਾਅ ਹੋਵੇ ਤਾਂ ਲਾਈਫ ਲਾਈਨ ਫਾਊਂਡੇਸ਼ਨ ਦੇ ਵਟਸਐਪ ਨੰਬਰ 98151 00113 ਤੇ ਲਿਖ ਕੇ ਭੇਜ ਸਕਦੇ ਹੋ।

ਜ਼ਿੰਦਗੀ ਜ਼ਿੰਦਾਬਾਦ। ਆਜ਼ਾਦੀ ਜ਼ਿੰਦਾਬਾਦ

Jaswant singh Zafar

# ਭਾਰਤੀਆਂ ਨੇ ਕੈਨੇਡਾ 'ਚ ਵੋਟ ਦਾ ਹੱਕ ਕਿਸ ਤਰ੍ਹਾਂ ਲਿਆ?

(ਸਫ਼ਾ 1 ਦੀ ਬਾਕੀ)

ਜਾਵੇਗਾ ਕਿ ਸਾਡੇ ਲੋਕਾਂ ਦੇ ਇਸ ਸੰਘਰਸ਼ ਵਿੱਚ ਸਮੁੱਚੀ ਕੈਨੇਡੀਅਨ ਕਮਿਊਨਿਟੀ ਵਿਚੋਂ ਕਿਹੜੀਆਂ ਧਿਰਾਂ ਇਸ ਜੱਦੋਜਹਿਦ ਦੇ ਹੱਕ ਵਿੱਚ ਖੜ੍ਹੀਆਂ ਅਤੇ ਕਿਹੜੀਆਂ ਧਿਰਾਂ ਨੇ ਇਸ ਜੱਦੋਜਹਿਦ ਦੀ ਵਿਰੋਧਤਾ ਕੀਤੀ।

**ਵੋਟ ਦਾ ਹੱਕ ਕਦੋਂ ਅਤੇ ਕਿਸ ਤਰ੍ਹਾਂ ਖੋਹਿਆ ਗਿਆ?**

ਜਦੋਂ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਭਾਰਤੀਆਂ ਨੇ ਕੈਨੇਡਾ ਆਉਣਾ ਸ਼ੁਰੂ ਕੀਤਾ ਤਾਂ ਉਹ ਸਭ ਤੋਂ ਪਹਿਲਾਂ ਪੱਛਮੀ ਤੱਟ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਆਏ ਅਤੇ ਖੇਤੀਬਾੜੀ, ਮੱਛੀ ਉਦਯੋਗ ਅਤੇ ਲੱਕੜ ਦੀਆਂ ਮਿੱਲਾਂ ਵਿੱਚ ਮਜ਼ਦੂਰੀ ਕਰਨ ਲੱਗੇ। ਇਸ ਸੂਬੇ ਦੀ ਆਬਾਦੀ ਉਸ ਸਮੇਂ ਅਜੇ ਏਨੀ ਜ਼ਿਆਦਾ ਨਹੀਂ ਸੀ। ਯੂਰਪੀਅਨ ਪਿਛੋਕੜ ਦੇ ਲੋਕਾਂ ਦੇ ਨਾਲ ਨਾਲ ਏਥੇ ਕਾਫੀ ਵੱਡੀ ਗਿਣਤੀ ਵਿੱਚ ਚੀਨੀ ਅਤੇ ਜਾਪਾਨੀ ਲੋਕ ਵੀ ਰਹਿ ਰਹੇ ਸਨ। ਸੂਬੇ ਦੀ ਆਰਥਿਕਤਾ ਅਜੇ ਏਨੀ ਵਿਕਸਤ ਨਹੀਂ ਸੀ ਹੋਈ। ਖੇਤੀਬਾੜੀ ਦਾ, ਮੱਛੀ ਦਾ ਅਤੇ ਕੁੱਝ ਹੱਦ ਤੱਕ ਲੱਕੜ ਦਾ ਕੰਮ ਮੌਸਮ ਕਾਰਨ ਸਾਲ ਦਾ ਕੁੱਝ ਹਿੱਸਾ ਬੰਦ ਰਹਿੰਦਾ ਸੀ। ਨਤੀਜੇ ਵਜੋਂ ਸਾਲ ਦਾ ਕਾਫੀ ਹਿੱਸਾ ਬਹੁਤ ਲੋਕ ਕੰਮਾਂ ਤੋਂ ਵਿਹਲੇ ਰਹਿੰਦੇ ਸਨ। ਮਿੱਲਾਂ, ਫਾਰਮਾਂ ਅਤੇ ਮੱਛੀ ਦੀਆਂ ਕੈਨਰੀਆਂ ਦੇ ਮਾਲਕ ਅਤੇ ਸਮੇਂ ਦੀਆਂ ਸਾਰੇ ਪੱਧਰਾਂ ਦੀਆਂ ਸਰਕਾਰਾਂ ਆਪਣੇ ਮੁਨਾਫੇ ਅਤੇ ਸਰਦਾਰੀ ਵਾਸਤੇ ਗੈਰ-ਯੂਰਪੀਅਨ ਪਿਛੋਕੜ ਦੇ ਲੋਕਾਂ ਦੀ ਦੋਹਰੀ ਤੀਹਰੀ ਵਰਤੋਂ ਕਰਦੇ ਸਨ। ਇਕ ਤਾਂ ਉਹ ਏਸ਼ੀਅਨ ਮਜ਼ਦੂਰਾਂ ਨੂੰ ਘੱਟ ਤਨਖਾਹ ਉੱਤੇ ਰੱਖ ਕੇ ਸਿੱਧਾ ਮੁਨਾਫਾ ਕਮਾਉਂਦੇ; ਦੂਜਾ ਉਹ ਇਨ੍ਹਾਂ ਨੂੰ ਕੰਮ ਦੇਣ ਦੇ ਡਰਾਵੇ ਨਾਲ ਯੂਰਪੀਅਨ ਪਿਛੋਕੜ ਦੇ ਮਜ਼ਦੂਰਾਂ ਨੂੰ ਵੀ ਘੱਟ ਤਨਖਾਹ ਦਿੰਦੇ ਅਤੇ ਘਟੀਆ ਹਾਲਤਾਂ ਵਿੱਚ ਕੰਮ ਕਰਨ ਲਈ ਮਜਬੂਰ ਕਰਦੇ; ਤੀਜਾ ਜਦੋਂ ਵੀ ਬੇਰੁਜ਼ਗਾਰੀ ਵੱਧਦੀ ਜਾਂ ਕਿਸੇ ਕਿਸਮ ਦੀ ਸਮਾਜਕ, ਸਿਆਸੀ ਜਾਂ ਆਰਥਿਕ ਸਮੱਸਿਆ ਖੜ੍ਹੀ ਹੁੰਦੀ ਤਾਂ ਉਹ ਸਾਰਾ ਕਸੂਰ ਏਸ਼ੀਅਨ ਆਵਾਸੀਆਂ ਦੇ ਸਿਰ ਮੜ੍ਹ ਦਿੰਦੇ।

ਇਸ ਕੰਮ ਨੂੰ ਸੌਖਾ ਬਣਾਉਣ ਲਈ ਯੂਰਪੀਅਨ ਬਸਤੀਵਾਦੀਆਂ ਵਲੋਂ ਨਸਲੀ ਵਖਰੇਵਿਆਂ ਉੱਤੇ ਆਧਾਰਿਤ ਉਚ-ਨੀਚ ਦੀ ਆਪਣੀ ਪਾਲਿਸੀ ਨੂੰ ਖੁਲ੍ਹ ਕੇ ਵਰਤਿਆ ਜਾਂਦਾ। ਨਸਲ ਉੱਤੇ ਆਧਾਰਿਤ ਇਸ ਨਜ਼ਰੀਏ ਅਨੁਸਾਰ ਉਹ ਦੁਨੀਆਂ ਦੇ ਹਰ ਗੈਰ-ਚਿੱਟੇ ਇਨਸਾਨ ਨੂੰ ਚਿੱਟੇ ਲੋਕਾਂ ਨਾਲੋਂ ਘਟੀਆ ਸਾਬਤ ਕਰਦੇ। ਇਸ ਪੈਂਤੜੇ ਨੂੰ ਇਸ ਹੱਦ ਤੱਕ ਵਰਤਿਆ ਜਾਂਦਾ ਕਿ ਲੋੜ ਪੈਣ ਉੱਤੇ ਵੈਨਕੂਵਰ ਵਿੱਚ ਜਾਪਾਨੀ ਅਤੇ ਚੀਨੀ ਲੋਕਾਂ ਦੇ ਖਿਲਾਫ ਦੰਗੇ ਤੱਕ ਹੋ ਜਾਂਦੇ। ਆਪਣੀਆਂ ਕੰਮ ਦੀਆਂ ਹਾਲਤਾਂ ਅਤੇ ਮਜ਼ਦੂਰੀ ਨੂੰ ਬਿਹਤਰ ਬਣਾਉਣ ਵਾਸਤੇ ਯੂਰਪੀਅਨ ਪਿਛੋਕੜ ਦੇ ਮਜ਼ਦੂਰਾਂ ਵਲੋਂ ਪਾਏ ਦਬਾਅ ਕਾਰਨ ਚੀਨੀ ਅਤੇ ਜਾਪਾਨੀ ਲੋਕਾਂ ਦਾ ਕੈਨੇਡਾ ਵਿੱਚ ਦਾਖਲਾ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਕਾਫੀ ਹੱਦ ਤੱਕ ਰੋਕ ਦਿੱਤਾ ਗਿਆ ਸੀ। ਇਸ ਰੋਕ ਨਾਲ ਬ੍ਰਿਟਿਸ਼ ਕੋਲੰਬੀਆ ਵਿੱਚ ਖੇਤੀਬਾੜੀ, ਮੱਛੀ ਉਦਯੋਗ ਅਤੇ ਲੱਕੜ ਦੀਆਂ ਮਿੱਲਾਂ ਦੇ ਮਾਲਕਾਂ ਨੂੰ ਪ੍ਰਾਪਤ ਮਜ਼ਦੂਰਾਂ ਦੇ ਪੂਲ ਵਿੱਚ ਕਮੀ ਆ ਗਈ। ਇਸ ਕਮੀ ਨੂੰ ਭਰਨ ਵਾਸਤੇ ਪੰਜਾਬੀਆਂ ਨੂੰ ਏਥੇ ਦਾਖਲ ਹੋਣ ਦਿੱਤਾ ਜਾਣ ਲੱਗਾ। ਪਰ ਯੂਰਪੀਅਨ ਪਿਛੋਕੜ ਦੇ ਮਜ਼ਦੂਰ ਪੰਜਾਬੀਆਂ ਦੇ ਦਾਖਲੇ ਦਾ ਵੀ ਵਿਰੋਧ ਕਰਦੇ ਸਨ ਕਿਉਂਕਿ ਮਾਲਕ ਇਨ੍ਹਾਂ ਨੂੰ ਵੀ ਚੀਨੀ ਜਾਂ ਜਾਪਾਨੀ ਮਜ਼ਦੂਰਾਂ ਵਾਂਗ ਉਸੇ ਮਕਸਦ ਲਈ ਲਿਆਉਂਦੇ ਅਤੇ ਵਰਤਦੇ ਸਨ।

ਇਸ ਕਿਸਮ ਦੇ ਤਲਖ ਅਤੇ ਨਫਰਤ ਭਰੇ ਵਾਤਾਵਰਨ ਵਿੱਚ ਭਾਰਤੀਆਂ ਨੇ ਏਥੇ ਆਉਣਾ ਸ਼ੁਰੂ ਕੀਤਾ। ਉਨ੍ਹਾਂ ਆਉਂਦਿਆਂ ਨਾਲ ਹੀ ਹਰ ਕਿਸਮ ਦਾ ਨਸਲੀ ਵਿਤਕਰਾ ਹੋਣਾ ਸ਼ੁਰੂ ਹੋ ਗਿਆ। ਉਨ੍ਹਾਂ ਦੇ ਏਥੇ ਦਾਖਲੇ ਦੇ ਖਿਲਾਫ ਤਾਂ ਆਵਾਜ਼ ਉੱਠਣੀ ਹੀ ਸੀ ਨਾਲ ਹੀ, ਬ੍ਰਿਟਿਸ਼ ਸਬਜੈਕਟ (ਬਰਤਾਨਵੀ ਸਾਮਰਾਜ ਦੀ ਪਰਜਾ) ਹੋਣ ਕਾਰਨ ਯੂਰਪੀਅਨ ਲੋਕਾਂ ਦੇ ਬਰਾਬਰ ਬਣਦੇ ਭਾਰਤੀਆਂ ਦੇ ਹੱਕਾਂ ਨੂੰ ਮਾਨਤਾ ਦੇਣ ਦੀ ਵੀ ਵਿਰੋਧਤਾ ਹੋਣੀ ਸ਼ੁਰੂ ਹੋ ਗਈ। ਨਤੀਜੇ ਵਜੋਂ ਸੰਨ 1908 ਵਿੱਚ ਉਨ੍ਹਾਂ ਦੇ ਏਥੇ ਦਾਖਲੇ ਵਿਰੁੱਧ ਕਾਨੂੰਨ ਬਣਾਇਆ ਗਿਆ ਜੋ ਬਾਅਦ ਵਿੱਚ ਭਾਰਤੀਆਂ ਵਲੋਂ ਕਾਮਾਗਾਟਾ ਰਾਹੀਂ ਵੰਗਾਰਿਆ ਗਿਆ। ਇਸ ਦੇ ਨਾਲ ਹੀ ਜਿਹੜੇ ਭਾਰਤੀ ਏਥੇ ਆ ਚੁੱਕੇ ਸਨ ਉਨ੍ਹਾਂ ਕੋਲੋਂ ਏਥੋਂ ਦੇ ਨਾਗਰਿਕ ਹੋਣ ਦਾ ਹੱਕ ਕਾਨੂੰਨੀ ਤੌਰ ਉੱਤੇ ਖੋਹੇ ਜਾਣ ਲੱਗੇ।

ਭਾਰਤੀ ਲੋਕ ਉਸ ਵੇਲੇ, ਬਰਤਾਨਵੀ ਸਾਮਰਾਜ ਦਾ ਹਿੱਸਾ ਹੋਣ ਕਰਕੇ, ਕੈਨੇਡਾ ਵਿੱਚ ਹਰ ਪੱਧਰ ਦੀ ਸਰਕਾਰ ਵਾਸਤੇ ਵੋਟ ਪਾਉਣ ਦਾ ਹੱਕ ਰੱਖਦੇ ਸਨ। ਪਰ ਬ੍ਰਿਟਿਸ਼ ਕੋਲੰਬੀਆ ਦੇ ਸੂਬਾਈ ਚੋਣ ਕਾਨੂੰਨ ਵਿੱਚ ਸੰਨ 1907 ਤਬਦੀਲੀ ਕਰ ਕੇ, ਉਨ੍ਹਾਂ ਕੋਲੋਂ ਇਹ ਹੱਕ ਖੋਹ ਲਿਆ ਗਿਆ। ਫਿਰ ਸੰਨ 1908 ਨੂੰ ਮਿਊਂਸਪਲ ਪੱਧਰ ਉੱਤੇ ਵੀ ਇਨ੍ਹਾਂ ਨੂੰ ਵੋਟ ਪਾਉਣ ਤੋਂ ਵਿਰਵੇ ਕਰ ਦਿੱਤਾ ਗਿਆ। ਇਸ ਤਰ੍ਹਾਂ ਹੀ ਚੀਨੀ ਅਤੇ ਜਾਪਾਨੀ ਲੋਕਾਂ ਕੋਲੋਂ ਵੀ ਵੋਟ ਪਾਉਣ ਦਾ ਹੱਕ ਸੰਨ 1874 ਅਤੇ ਸੰਨ 1895 ਨੂੰ ਕਰਮਵਾਰ ਖੋਹਿਆ ਜਾ ਚੁੱਕਾ ਸੀ। ਬੀਥ ਸੀਥ ਦੇ ਸੂਬਾਈ ਚੋਣ ਕਾਨੂੰਨ ਵਿੱਚ ਕੀਤੀ ਤਬਦੀਲੀ ਦੇ ਨਤੀਜੇ ਵਜੋਂ ਭਾਰਤੀ ਲੋਕਾਂ ਨੂੰ ਕਨੇਡਾ ਪੱਧਰ ਉੱਤੇ ਵੀ ਵੋਟ ਪਾਉਣ ਦਾ ਹੱਕ ਨਾ ਰਿਹਾ ਕਿਉਂਕਿ ਉਦੋਂ ਲਾਗੂ ਕਾਨੂੰਨ ਅਨੁਸਾਰ ਉਹੀ ਵਿਅਕਤੀ ਕਨੇਡਾ ਪੱਧਰ ਉੱਤੇ ਵੋਟ ਪਾ ਸਕਦਾ ਸੀ ਜਿਸ ਨੂੰ ਸੂਬਾਈ ਪੱਧਰ ਉੱਤੇ ਵੋਟ ਪਾਉਣ ਦਾ ਹੱਕ ਹੋਵੇ। ਬੇਸ਼ੱਕ ਉਸ ਸਮੇਂ ਕੈਨੇਡਾ ਦੇ ਦੂਜੇ ਸੂਬਿਆਂ ਵਿੱਚ ਭਾਰਤੀਆਂ ਨੂੰ ਵੋਟ ਪਾਉਣ ਦਾ ਹੱਕ ਸੀ ਪਰ ਕਿਉਂਕਿ ਬਹੁਗਿਣਤੀ ਭਾਰਤੀ ਬੀਥ ਸੀਥ ਵਿੱਚ ਰਹਿੰਦੇ ਸਨ ਇਸ ਲਈ ਇੱਥੋਂ ਦੀ ਕਾਨੂੰਨੀ ਤਬਦੀਲੀ ਨੇ ਅਮਲੀ ਤੌਰ ਉੱਤੇ ਕਨੇਡਾ ਵਿੱਚ ਭਾਰਤੀਆਂ ਦੇ ਵੋਟ ਦੇ ਹੱਕ ਦਾ ਖਾਤਮਾ ਕਰ ਦਿੱਤਾ ਸੀ।

ਬੀ. ਸੀ. ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਣ ਵਾਸਤੇ ਮੁੱਖ ਤੌਰ ਉੱਤੇ ਨਸਲਵਾਦੀ ਵਿਚਾਰਧਾਰਾ ਨੂੰ ਵਰਤਿਆ ਗਿਆ। ਉਦਾਹਰਨ ਲਈ ਬੀ. ਸੀ. ਲੈਜਿਸਲੇਚਰ ਵਿੱਚ 26 ਮਾਰਚ, 1907 ਨੂੰ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਣ ਸੰਬੰਧੀ ਕਾਨੂੰਨ ਨੂੰ ਪੇਸ਼ ਕਰਦਿਆਂ ਉਸ ਵੇਲੇ ਦੀ ਕੰਜ਼ਰਵੇਟਿਵ ਸਰਕਾਰ ਦੇ ਇੰਟੀਰੀਅਰ ਮਨਿਸਟਰ ਬਾਊਜ਼ਰ ਨੇ ਕਿਹਾ:

ਮੈਨੂੰ ਇਸ ਗੱਲ ਦੀ ਬੇਹੱਦ ਨਿਰਾਸ਼ਾ ਹੈ ਕਿ ਕੈਨੇਡਾ ਦੀ ਸਰਕਾਰ ਨੇ ਇਸ ਕਿਸਮ ਦੇ ਕਾਨੂੰਨ ਸੰਬੰਧੀ ਬੜੀ ਸਖਤ ਨੀਤੀ ਅਪਣਾਈ ਹੋਈ ਹੈ... ਪਰ ਇਸ ਹਾਊਸ ਦੇ ਲਿਬਰਲਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣੀ ਪਾਰਟੀ ਨਾਲੋਂ ਇਸ ਗੱਲ ਉੱਤੇ ਨਿਖੇੜਾ ਕਰਨ ਅਤੇ ਜਿੰਨਾਂ ਵੀ ਉਨ੍ਹਾਂ ਦੀ ਤਾਕਤ ਵਿੱਚ ਹੈ ਬ੍ਰਿਟਿਸ਼ ਕੋਲੰਬੀਆ ਨੂੰ ਗੋਰਿਆਂ ਦਾ ਦੇਸ਼ ਕਾਇਮ ਰੱਖਣ ਵਾਸਤੇ ਜ਼ੋਰ ਲਾਉਣ।

ਜਦੋਂ ਭਾਰਤੀ ਲੋਕਾਂ ਦੇ ਇਸ ਹੱਕ ਨੂੰ ਖੋਹਿਆ ਜਾ ਰਿਹਾ ਸੀ ਤਾਂ ਉਸ ਵਕਤ ਬੀਥ ਸੀਥ ਦੀ ਅਸੰਬਲੀ ਵਿੱਚ ਬੈਠੀ ਵਿਰੋਧੀ ਧਿਰ, ਉਸ ਸਮੇਂ ਦੀ ਲਿਬਰਲ ਪਾਰਟੀ, ਵਲੋਂ ਵੀ ਕੋਈ ਵਿਰੋਧਤਾ ਨਾ ਕੀਤੀ ਗਈ। ਉਸ ਨੇ ਸਗੋਂ ਇਸ ਮਸਲੇ ਨੂੰ ਬੜੇ ਹੀ ਗੈਰ-ਸੰਜੀਦਾ ਤਰੀਕੇ ਨਾਲ ਲੈ ਕੇ ਇਸ ਦੀ ਪ੍ਰੋੜਤਾ ਕੀਤੀ। ਵਿਰੋਧੀ ਪਾਰਟੀ ਦੇ ਨੇਤਾ ਡਬਲਯੂ ਮੈਕਡਾਨਲਡ ਨੇ ਹੱਸਦਿਆਂ ਕਿਹਾ, ਮੈਂ ਇਹ ਤਾਂ ਨਹੀਂ ਕਹਿੰਦਾ ਕਿ ਮਿਸਟਰ ਬਾਊਜ਼ਰ ਦਾ ਨਜ਼ਰੀਆ ਸਹੀ ਹੈ ਪਰ ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਵਿਦੇਸ਼ੀਆਂ ਨੂੰ ਵੋਟਰ ਲਿਸਟ ਤੋਂ ਬਾਹਰ ਰੱਖਿਆ ਜਾਵੇ। ਉਸ ਨੇ ਅੱਗੇ ਕਿਹਾ:

ਹਿੰਦੂ, ਭਾਵੇਂ ਬ੍ਰਿਟਿਸ ਸਬਜੈਕਟ ਹਨ, ਪਰ ਉਨ੍ਹਾਂ ਵਿਚੋਂ ਸੈਂਕੜਿਆਂ ਵਿਚੋਂ ਇਕ ਵੀ ਸਾਡੀ ਬੋਲੀ ਨਹੀਂ ਬੋਲ ਸਕਦਾ। ਨਾ ਹੀ ਉਨ੍ਹਾਂ ਨੂੰ ਸਾਡੇ ਕਾਨੂੰਨਾਂ ਅਤੇ ਰਸਮਾਂ ਦੀ ਸਮਝ ਹੈ ੩ ਮੈਂ ਇਹ ਸੁਝਾਅ ਦਿਆਂਗਾ ਕਿ ਸਰਕਾਰ ਇਨ੍ਹਾਂ ਕਾਨੂੰਨਾਂ ਵਿੱਚ ਤਬਦੀਲੀ ਲਿਆਵੇ। ਹਿੰਦੂਆਂ ਅਤੇ ਦੂਜੇ ਵਿਦੇਸ਼ੀਆਂ ਤੋਂ ਵੋਟ ਪਾਉਣ ਦਾ ਹੱਕ ਖੋਹਿਆ ਜਾਵੇ। ਸਗੋਂ ਉਨ੍ਹਾਂ ਨੂੰ ਵੀ ਇਹ ਹੱਕ ਨਾ ਦਿੱਤਾ ਜਾਵੇ ਜਿਨ੍ਹਾਂ ਨੂੰ ਵੋਟ ਪਰਚੀ ਪੜ੍ਹਨੀ ਨਾ ਆਉਂਦੀ ਹੋਵੇ। ਜਿੰਨਾ ਚਿਰ ਇਹ ਕਦਮ ਨਹੀਂ ਪੁੱਟਿਆ ਜਾਂਦਾ ਮੈਂ ਇਸ ਹਥਲੇ ਕਾਨੂੰਨ ਦੇ ਹੱਕ ਵਿੱਚ ਆਪਣੀ ਵੋਟ ਪਾਉਂਦਾ ਹਾਂ।

ਇਸ ਮਸਲੇ ਉੱਪਰ, ਬੜੇ ਹੀ ਗੈਰ-ਸੰਜੀਦਾ ਮਾਹੌਲ ਵਿੱਚ, ਕੁੱਝ ਹੋਰ ਮੈਂਬਰਾਂ ਵਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਕ ਮੈਂਬਰ ਨੇ ਮਿਸਟਰ ਬਾਊਜ਼ਰ ਨੂੰ ਕਿਹਾ, ਜੇ ਹਿੰਦੂ ਤਾਕਤਵਰ ਅਤੇ ਸ਼ਕਤੀਸ਼ਾਲੀ ਹੁੰਦਾ ਅਤੇ ਉਸ ਦੀ ਆਪਣੀ ਨੇਵੀ ਹੁੰਦੀ ਤਾਂ ਵੈਨਕੂਵਰ ਦਾ ਸੀਨੀਅਰ ਮੈਂਬਰ (ਮਿਸਟਰ ਬਾਊਜ਼ਰ) ਇਸ ਕਿਸਮ ਦਾ ਕਦਮ ਚੁੱਕਣ ਦੀ ਕਦੇ ਪੇਸ਼ਕਸ਼ ਨਾ ਕਰਦਾ। ਹਾਜ਼ਰ ਮੈਂਬਰਾਂ ਵਲੋਂ ਇਸ ਮੈਂਬਰ ਦੀ ਇਸ ਗੱਲ ਦਾ ਸਵਾਗਤ ਹਾਸੇ ਨਾਲ ਕੀਤਾ ਗਿਆ।

ਇਸ ਤਰ੍ਹਾਂ ਦੇ ਨਸਲਵਾਦ ਦੀ ਝਲਕ ਸੰਨ 1923 ਵਿੱਚ ਕੈਨੇਡਾ ਦੀ ਪਾਰਲੀਮੈਂਟ ਵਿੱਚ ਭਾਰਤੀਆਂ ਨੂੰ ਵੋਟ ਦੇਣ ਸੰਬੰਧੀ ਚੱਲੀ ਬਹਿਸ ਦੌਰਾਨ ਵੀ ਦਿਖਾਈ ਦਿੰਦੀ ਹੈ। ਇਸ ਸਮੇਂ ਬੀ. ਸੀ. ਦੇ ਕੈਰੀਬੂਅ ਇਲਾਕੇ ਤੋਂ ਪ੍ਰੋਗਰੈਸਿਵ ਪਾਰਟੀ ਦੇ ਚੁਣੇ ਹੋਏ ਮੈਂਬਰ ਮਿਸਟਰ ਮੈਕਬਰਾਈਡ ਨੇ ਭਾਰਤੀਆਂ ਨੂੰ ਵੋਟ ਪਾਉਣ ਦਾ ਹੱਕ ਦੇਣ ਦੀ ਵਿਰੋਧਤਾ ਕਰਦਿਆਂ ਕਿਹਾ:

ਅਸੀਂ ਨਹੀਂ ਚਾਹੁੰਦੇ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਹੋਰ ਹਿੰਦੂ ਆਉਣ। ਮੈਂ ਕੈਨੇਡਾ ਦੇ ਕਾਨੂੰਨਾਂ ਦੀ ਉਸ ਤੋਂ ਵੱਧ ਕਦੇ ਵੀ ਕੀਮਤ ਮਹਿਸੂਸ ਨਹੀਂ ਕੀਤੀ ਜਦੋਂ ਵੈਨਕੂਵਰ ਦੀ ਬੰਦਰਗਾਹ ਵਿੱਚ ਹਿੰਦੂਆਂ ਨਾਲ ਭਰਿਆ ਜਹਾਜ਼ ਆਇਆ ਸੀ, ਜਿਸ ਨੂੰ ਮੁਲਕ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਸੀ ਅਤੇ ਸਰਕਾਰ ਨੇ ਵਾਪਸ ਭੇਜ ਦਿੱਤਾ ਸੀ। ਮੈਂ ਆਸ ਕਰਦਾ ਹਾਂ ਕਿ ਇਹ ਸਰਕਾਰ ਵੀ ਉਸੇ ਹੀ ਇਰਾਦੇ ਉੱਤੇ ਕਾਇਮ ਰਹੇਗੀ। ਬ੍ਰਿਟਿਸ਼ ਕੋਲੰਬੀਆ ਦੇ ਤੱਟ ਉੱਤੇ ਸਾਡੇ ਕੋਲ ਚੀਨੇ ਅਤੇ ਜਾਪਾਨੀ ਹਨ ਜਿਹੜੇ ਸਾਡੇ ਸਟੋਰ ਸਾਂਭੀ ਬੈਠੇ ਹਨ। ਉਹ ਗੋਰੇ ਲੋਕਾਂ ਨੂੰ ਬਾਹਰ ਕੱਢ ਰਹੇ ਹਨ। ਸਾਡੇ ਕੋਲ ਯੂਨਾਨੀ ਹਨ ਜਿਹੜੇ ਸਾਡੇ ਹੋਟਲ ਸਾਂਭੀ ਬੈਠੇ ਹਨ ਅਤੇ ਯਹੂਦੀ ਸਾਡੇ ਸੈਕਿੰਡ ਹੈਂਡ ਸਟੋਰਾਂ ਦੇ ਮਾਲਕ ਬਣੇ ਹੋਏ ਹਨ ਅਤੇ ਹੁਣ ਕੁੱਝ ਲੋਕ ਹਿੰਦੂਆਂ ਨੂੰ ਲਿਆਉਣਾ ਚਾਹੁੰਦੇ ਹਨ ਤਾਂ ਕਿ ਉਹ ਸਾਡੀਆਂ ਮਿੱਲਾਂ ਸਾਂਭ ਲੈਣ।

ਉਸੇ ਸਾਲ, ਯਾਨੀ ਕਿ ਨਵੰਬਰ 1923 ਵਿੱਚ ਬੀ. ਸੀ. ਦੀ ਸਰਕਾਰ ਨੇ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਵੁਰੱਧ ਇਕ ਬਹੁਤ ਸਖਤ ਰੈਜ਼ੂਲੇਸ਼ਨ ਪਾਸ ਕੀਤਾ। ਬ੍ਰਿਟਿਸ਼ ਕੋਲੰਬੀਆ ਦੀ ਸਰਕਾਰ ਵਲੋਂ ਡੁਮੀਨੀਅਨ (ਕਨੇਡਾ) ਸਰਕਾਰ ਨੂੰ ਸਾਵਧਾਨ ਕਰਨ ਵਾਸਤੇ ਇਸ ਰੈਜ਼ੂਲੇਸ਼ਨ ਵਿੱਚ ਕਿਹਾ ਗਿਆ:

ਇਹ ਰੈਜ਼ੂਲੇਸ਼ਨ ਆਰਥਿਕ ਅਤੇ ਸਮਾਜਕ ਅਧਾਰ ਉੱਤੇ ਓਰੀਐਂਟਲ ਲੋਕਾਂ ਨੂੰ ਸੂਬੇ ਦੀਆਂ ਜਾਂ ਡੁਮੀਨਿਅਨ ਦੀਆਂ ਚੋਣਾਂ ਵਿੱਚ ਵੋਟ ਪਾਉਣ ਦਾ ਹੱਕ ਦਿੱਤੇ ਜਾਣ ਦੇ ਸਖਤ ਵਿਰੁੱਧ ਹੈ। ਇਸ ਕਰਕੇ ਕਨੇਡਾ ਦੀ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਅਜਿਹਾ ਕੋਈ ਕਦਮ ਨਾ ਚੁੱਕੇ ਜਿਹੜਾ ਸੂਬੇ ਦੇ ਵੋਟ ਦੇਣ ਦੇ ਹੱਕਾਂ ਵਿੱਚ ਦਖਲ-ਅੰਦਾਜ਼ੀ ਕਰਦਾ ਹੋਵੇ। ਇਸ ਤੋਂ ਅੱਗੇ ਸਰਕਾਰ ਨੂੰ ਬੇਨਤੀ ਕਰਦਾ ਹੈ ਕਿ ਜਦੋਂ ਉਹ ਵੋਟ ਦੇ ਹੱਕ ਨੂੰ ਪ੍ਰਭਾਸ਼ਿਤ ਕਰਨ ਤਾਂ ਉਹ ਓਰੀਐਂਟਲ ਲੋਕਾਂ ਨੂੰ ਵੋਟ ਦਾ ਹੱਕ ਨਾ ਦੇਣ।

ਇਸ ਰੈਜ਼ੂਲੇਸ਼ਨ ਦੀ ਹਮਾਇਤ ਕਰਦਿਆਂ ਖਾਣਾਂ ਦੇ ਮਨਿਸਟਰ ਆਨਰੇਬਲ ਵਿਲੀਅਮ ਸਲੋਨ ਨੇ ਕਿਹਾ, ਜਿੱਥੇ ਤੱਕ ਵੋਟ ਦਾ ਸਵਾਲ ਹੈ ਅਸੀਂ ਆਪਣੇ ਘਰ ਵਿੱਚ ਖੁਦਮੁਖਤਿਆਰ ਹਾਂ। ਅਤੇ ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਨੂੰ ਗੋਰਿਆਂ ਵਾਸਤੇ ਰਾਖਵਾਂ ਰੱਖਣ ਦੇ ਹੱਕ ਵਿੱਚ ਖੜ੍ਹੇ ਹਾਂ। (ਸ਼ਬਦਾਂ ਉੱਤੇ ਜ਼ੋਰ ਸਾਡਾ)

ਇਹਨਾਂ ਉਦਾਹਰਨਾਂ ਤੋਂ ਸਾਫ ਜ਼ਾਹਰ ਹੈ ਕਿ ਕੈਨੇਡਾ ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਣ ਪਿੱਛੇ ਨਸਲਵਾਦੀ ਨਜ਼ਰੀਆ ਕੰਮ ਕਰਦਾ ਸੀ। ਇਸ ਨਸਲਵਾਦੀ ਵਤੀਰੇ ਦਾ ਮੁੱਖ ਮਕਸਦ ਕੈਨੇਡਾ ਵਿੱਚ ਗੋਰੇ ਲੋਕਾਂ ਦੀ ਸਿਆਸੀ ਅਤੇ ਆਰਥਿਕ ਸਰਦਾਰੀ ਨੂੰ ਕਾਇਮ ਰੱਖਣਾ ਸੀ।

**ਵੋਟ ਦਾ ਹੱਕ ਨਾ ਹੋਣ ਦੇ ਅਸਰ**

ਕੈਨੇਡਾ ਵਿੱਚ ਵੋਟ ਦਾ ਹੱਕ ਨਾ ਹੋਣ ਦੇ ਭਾਰਤੀ-ਕੈਨੇਡੀਅਨ ਲੋਕਾਂ ਉੱਪਰ ਕਈ ਤਰ੍ਹਾਂ ਦੇ ਅਸਰ ਪੈਂਦੇ ਸਨ। ਪਹਿਲਾ, ਇਸ ਹੱਕ ਦੇ ਨਾ ਹੋਣ ਕਾਰਨ ਉਹ ਕਨੇਡਾ ਦੀ ਸਿਆਸਤ ਵਿੱਚ ਕਿਸੇ ਤਰ੍ਹਾਂ ਦਾ ਵੀ ਹਿੱਸਾ ਨਹੀਂ ਸਨ ਲੈ ਸਕਦੇ। ਕਨੇਡਾ ਦੀਆਂ ਤਿੰਨਾਂ ਪੱਧਰਾਂ ਦੀਆਂ ਸਰਕਾਰਾਂ (ਡੁਮੀਨਿਅਨ, ਸੂਬੇ ਅਤੇ ਮਿਊਂਸਪਲ) ਦੇ ਨੁਮਾਇੰਦਿਆਂ ਨੂੰ ਚੁਣਨ ਵਿੱਚ ਉਹਨਾਂ ਨੂੰ ਕਿਸੇ ਤਰ੍ਹਾਂ ਦਾ ਅਧਿਕਾਰ ਨਹੀਂ ਸੀ। ਇਸ ਦੇ ਨਾਲ ਹੀ ਇਹਨਾਂ ਸਰਕਾਰਾਂ ਦੇ ਨੁਮਾਇੰਦਿਆਂ ਵਜੋਂ ਚੁਣੇ ਜਾਣ ਲਈ ਚੋਣ ਨਹੀਂ ਲੜ ਸਕਦੇ ਸਨ। ਨਤੀਜੇ ਵਜੋਂ ਉਹ ਕਨੇਡਾ ਦੀਆਂ ਤਿੰਨਾਂ ਪੱਧਰਾਂ ਦੀਆਂ ਸਰਕਾਰਾਂ ਵਲੋਂ ਬਣਾਏ ਜਾਂਦੇ ਕਾਨੂੰਨਾਂ, ਜਿਹਨਾਂ ਦਾ ਉਹਨਾਂ ਦੇ ਜੀਵਨ ਨਾਲ ਸਿੱਧਾ ਸੰਬੰਧ ਸੀ, ਵਿੱਚ ਕਿਸੇ ਅਸਰਦਾਰ ਢੰਗ ਨਾਲ ਦਖਲਅੰਦਾਜ਼ੀ ਨਹੀਂ ਕਰ ਸਕਦੇ ਸਨ।

ਦੂਸਰਾ, ਵੋਟ ਦਾ ਹੱਕ ਨਾ ਹੋਣ ਕਾਰਨ ਕਨੇਡਾ ਦੇ ਭਾਰਤੀਆਂ ਉੱਪਰ ਕਈ ਤਰ੍ਹਾਂ ਦੀਆਂ ਬੰਦਸ਼ਾਂ ਸਨ। ਜਿਵੇਂ: ਉਹ ਕਿਸੇ ਜਿਊਰੀ ਉੱਤੇ ਨਹੀਂ ਬੈਠ ਸਕਦੇ ਸਨ; ਪਬਲਿਕ ਵਰਕਸ ਡਿਪਾਰਟਮੈਂਟ ਦੇ ਠੇਕੇਦਾਰਾਂ ਕੋਲ ਕੰਮ ਨਹੀਂ ਸਨ ਕਰ ਸਕਦੇ। ਉਹ ਵਕੀਲ, ਫਾਰਮਾਸਿਸਟ, ਸਕੂਲ ਬੋਰਡ ਦੇ ਟਰੱਸਟੀ ਆਦਿ ਨਹੀਂ ਬਣ ਸਕਦੇ ਸਨ। ਸਮੁੱਚੇ ਰੂਪ ਵਿੱਚ, ਵੋਟ ਦਾ ਅਧਿਕਾਰ ਨਾ ਹੋਣ ਕਾਰਨ, ਭਾਰਤੀਆਂ ਉੱਪਰ ਇਸ ਤਰ੍ਹਾਂ ਦੀਆਂ 26 ਪਾਬੰਦੀਆਂ ਸਨ।

ਤੀਸਰਾ, ਕੈਨੇਡਾ ਵਿੱਚ ਭਾਰਤੀਆਂ ਕੋਲ ਸਿਆਸੀ ਅਧਿਕਾਰਾਂ ਦੇ ਨਾ ਹੋਣ ਨੂੰ ਕਨੇਡੀਅਨ ਸਰਕਾਰ ਵਲੋਂ ਭਾਰਤੀਆਂ ਦੇ ਕਨੇਡਾ ਆਉਣ ਉੱਤੇ ਰੋਕ ਲਾਉਣ ਲਈ ਇਕ ਦਲੀਲ ਵਜੋਂ ਵਰਤਿਆ ਜਾਂਦਾ ਸੀ। ਕੈਨੇਡੀਅਨ ਇੰਮੀਗਰੇਸ਼ਨ ਐਕਟ ਕੈਨੇਡਾ ਵਿੱਚ ਉਹਨਾਂ ਲੋਕਾਂ ਦੇ ਦਾਖਲੇ ਉੱਤੇ ਪਾਬੰਦੀ ਲਾਉਂਦਾ ਸੀ ਜਿਹਨਾਂ ਨੂੰ ਕਨੇਡਾ ਵਿੱਚ ਨਾਗਰਿਕਾਂ ਦੇ ਫਰਜ਼ ਅਤੇ ਜ਼ਿੰਮੇਵਾਰੀਆਂ ਨਿਭਾਉਣ ਦੇ ਕਾਬਲ ਨਹੀਂ ਸਮਝਿਆ ਜਾਂਦਾ ਸੀ।

ਕੈਨੇਡਾ ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਖੋਹੇ ਜਾਣ ਦੇ ਨਾਲ ਹੀ ਉਹਨਾਂ ਨੂੰ ਵੋਟ ਦਾ ਹੱਕ ਮੁੜ ਦਿੱਤੇ ਜਾਣ ਦੀ ਮੰਗ ਉੱਠਣ ਲੱਗੀ। ਅਜਿਹੀ ਮੰਗ ਕਰਨ ਵਾਲਿਆਂ ਵਿੱਚ ਸਥਾਨਕ ਭਾਰਤੀ ਕਮਿਊਨਿਟੀ ਦੇ ਨਾਲ ਨਾਲ ਬਰਤਾਨਵੀ ਸਾਮਰਾਜ ਅਤੇ ਉਹਨਾਂ ਦੇ ਭਾਰਤੀ ਨੁਮਾਇੰਦੇ ਵੀ ਸ਼ਾਮਲ ਸਨ। ਇਹ ਮੰਗ ਕਰਨ ਪਿੱਛੇ ਇਹਨਾਂ ਦੋਹਾਂ ਧਿਰਾਂ ਦੇ ਵੱਖ ਵੱਖ ਮਕਸਦ ਸਨ। ਇਕ ਪਾਸੇ ਬਰਤਾਨਵੀ ਸਾਮਰਾਜ ਅਤੇ ਉਸ ਦੇ ਨੁਮਾਇੰਦੇ ਭਾਰਤੀਆਂ ਨੂੰ ਕੈਨੇਡਾ ਵਿੱਚ ਵੋਟ ਦਾ ਹੱਕ ਮੁੜ ਦੇਣ ਦੀ ਮੰਗ ਇਸ ਕਰਕੇ ਕਰਦੇ ਸਨ ਕਿ ਅਜਿਹਾ ਨਾ ਹੋਣ ਨਾਲ ਭਾਰਤ ਵਿੱਚ ਅੰਗ੍ਰੇਜ਼ਾਂ ਦੇ ਰਾਜ ਵਿਰੁੱਧ ਗੁੱਸਾ ਪੈਦਾ ਹੁੰਦਾ ਸੀ। ਦੂਜੇ ਪਾਸੇ ਕਨੇਡਾ ਦੇ ਸਥਾਨਕ ਭਾਰਤੀ ਵੋਟ ਦੇ ਹੱਕ ਦੀ ਮੰਗ ਇਸ ਕਰਕੇ ਕਰਦੇ ਸਨ ਕਿ ਉਹ ਕੈਨੇਡਾ ਦੇ ਦੂਸਰੇ ਨਾਗਰਿਕਾਂ ਦੇ ਬਰਾਬਰ ਹੋ ਕੇ ਜਿਉਣਾ ਚਾਹੁੰਦੇ ਸਨ। ਦੋਹਾਂ ਧਿਰਾਂ ਦੇ ਮਕਸਦ ਵੱਖਰੇ ਵੱਖਰੇ ਹੋਣ ਕਰਕੇ ਉਹਨਾਂ ਵਲੋਂ ਇਸ ਸੰਬੰਧ ਵਿੱਚ ਅਪਣਾਈ ਜਾਂਦੀ ਪਹੁੰਚ ਵੀ ਵੱਖਰੀ ਵੱਖਰੀ ਸੀ। ਇਸ ਲਈ ਅਸੀਂ ਉਹਨਾਂ ਦੋਹਾਂ ਦੇ ਰੋਲ ਨੂੰ ਵੱਖਰੇ ਵੱਖਰੇ ਹਿੱਸੇ ਵਿੱਚ ਵਿਚਾਰਾਂਗੇ।

**ਬਰਤਾਨਵੀ ਸਾਮਰਾਜ ਅਤੇ ਉਸ ਦੇ ਨੁਮਾਇੰਦਿਆਂ ਦੀ ਭਾਰਤੀ-ਕੈਨੇਡੀਅਨਾਂ ਦੇ ਵੋਟ ਦੇ ਹੱਕ ਬਾਰੇ ਚਿੰਤਾ**

ਭਾਰਤ ਦੀ ਆਜ਼ਾਦੀ ਦੀ ਲਹਿਰ ਦੇ ਇਤਿਹਾਸ ਵਿੱਚ ਕਈ ਅਜਿਹੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ ਜੋ ਦੱਸਦੀਆਂ ਹਨ ਕਿ ਭਾਰਤ ਤੋਂ ਬਾਹਰ ਬਰਤਾਨਵੀ ਸਾਮਰਾਜ ਵਿੱਚ ਵਸਦੇ ਭਾਰਤੀਆਂ ਨਾਲ ਹੁੰਦੀ ਬਦਸਲੂਕੀ ਨੂੰ ਆਜ਼ਾਦੀ ਸੰਗਰਾਮੀਏ ਭਾਰਤ ਵਿੱਚ ਅੰਗ੍ਰੇਜ਼ਾਂ ਵਿਰੁੱਧ ਬਗਾਵਤ ਦੀ ਚਿਣਗ ਪੈਦਾ ਕਰਨ ਲਈ ਵਰਤਦੇ ਸਨ। ਕੈਨੇਡਾ ਵਿੱਚ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਨਾਲ ਹੋਈ ਬਦਸਲੂਕੀ ਨੂੰ ਗਦਰੀਆਂ ਵਲੋਂ ਅੰਗਰੇਜ਼ੀ ਰਾਜ ਵਿਰੁੱਧ ਰੋਹ ਪੈਦਾ ਕਰਨ ਲਈ ਵਰਤਣਾ ਇਸ ਦੀ ਇਕ ਵਧੀਆ ਉਦਾਹਰਨ ਕਹੀ ਜਾ ਸਕਦੀ ਹੈ। ਅਜਿਹੀਆਂ ਗਤੀਵਿਧੀਆਂ ਨੂੰ ਦੇਖਦਿਆਂ ਭਾਰਤ ਦੇ ਗੋਰੇ ਹਾਕਮਾਂ ਅਤੇ ਉਹਨਾਂ ਦੇ ਪ੍ਰਤੀਨਿਧਾਂ ਨੂੰ ਡਰ ਸੀ ਕਿ ਕੈਨੇਡਾ ਵਿੱਚ ਭਾਰਤੀਆਂ ਕੋਲ ਵੋਟ ਦਾ ਹੱਕ ਨਾ ਹੋਣ ਨਾਲ ਭਾਰਤ ਵਿੱਚ ਗੋਰਿਆਂ ਦੇ ਰਾਜ ਵਿਰੁੱਧ ਗੁੱਸਾ ਭੜਕ ਸਕਦਾ ਹੈ ਜਾਂ ਭਾਰਤ ਦੇ ਆਜ਼ਾਦੀ ਸੰਗਰਾਮੀਏ ਇਸ ਬਦਸਲੂਕੀ ਨੂੰ ਵੀ ਭਾਰਤ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਬਗਾਵਤ ਫੈਲਾਉਣ ਲਈ ਵਰਤ ਸਕਦੇ ਹਨ। ਇਹੀ ਕਾਰਨ ਸੀ ਕਿ ਭਾਰਤ ਦੇ ਗੋਰੇ ਹਾਕਮ ਇਸ ਸਥਿਤੀ ਤੋਂ ਚਿੰਤਾਗ੍ਰਸਤ ਸਨ। ਇਸ ਚਿੰਤਾ ਅਧੀਨ ਉਹ ਕਨੇਡਾ ਦੇ ਭਾਰਤੀਆਂ ਲਈ ਵੋਟ ਦੇ ਹੱਕ ਦੀ ਮੰਗ ਕਰਦੇ ਸਨ। ਇਸ ਹੀ ਚਿੰਤਾ ਦੇ ਸਿੱਟੇ ਵਜੋਂ ਭਾਰਤ ਦੀ ਗੋਰੀ ਸਰਕਾਰ ਦੇ ਨੁਮਾਇੰਦਿਆਂ ਵਲੋਂ ਲੰਡਨ ਵਿੱਚ 10 ਡਾਊਨਿੰਗ ਸਟਰੀਟ ਉੱਤੇ 20 ਜੂਨ, 1921 ਨੂੰ ਹੋਈ ਇੰਮਪੀਰੀਅਲ ਕਾਨਫਰੰਸ ਦੌਰਾਨ ਕਨੇਡਾ ਵਿੱਚ ਰਹਿੰਦੇ ਭਾਰਤੀਆਂ ਨੂੰ ਵੋਟ ਦਾ ਹੱਕ ਦਿੱਤੇ ਜਾਣ ਦੇ ਸੰਬੰਧ ਵਿੱਚ ਸਵਾਲ ਉਠਾਇਆ ਗਿਆ ਅਤੇ ਇਕ ਮਤਾ ਪਾਸ ਕੀਤਾ ਗਿਆ। ਇਹ ਮਤਾ ਬਰਤਾਨਵੀ ਸਾਮਰਾਜ ਦੇ ਦੂਜੇ ਭਾਗਾਂ ਜਿਵੇਂ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਸਾਊਥ ਅਫਰੀਕਾ ਆਦਿ ਵਿੱਚ ਭਾਰਤੀਆਂ ਨੂੰ ਨਾ ਮਿਲਦੇ ਹੱਕਾਂ ਬਾਰੇ ਚਿੰਤਾ ਜ਼ਾਹਿਰ ਕਰਦਾ ਹੈ ਅਤੇ ਬ੍ਰਿਟਿਸ਼ ਕਾਮਨਵੈਲਥ ਦੀ ਏਕਤਾ ਦੇ ਨੁਕਤੇ ਤੋਂ ਭਾਰਤੀਆਂ ਨੂੰ ਇਹਨਾਂ ਦੇਸਾਂ ਵਿੱਚ ਨਾਗਰਿਕਤਾ ਦਿੱਤੇ ਜਾਣ ਦੀ ਖਾਹਿਸ਼ ਜ਼ਾਹਿਰ ਕਰਦਾ ਹੈ।

ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜਦੋਂ ਇੰਮਪੀਰੀਅਲ ਕਾਨਫਰੰਸ ਦੇ 1921 ਦੇ ਅਜਲਾਸ ਵਿੱਚ ਇਹ ਮਤਾ ਪਾਸ ਕੀਤਾ ਗਿਆ ਉਸ ਸਮੇਂ ਪੰਜਾਬ ਦੇ ਦੁਆਬਾ ਇਲਾਕੇ ਵਿੱਚ ਬੱਬਰ ਅਕਾਲੀ ਲਹਿਰ ਅੰਗ੍ਰੇਜ਼ਾਂ ਅਤੇ ਉਸ ਦੇ ਦੇਸੀ ਕਰਿੰਦਿਆਂ ਦੇ ਖਿਲਾਫ ਹਥਿਆਰਬੰਦ ਘੋਲ ਲੜ ਰਹੀ ਸੀ। ਇਸ ਲਹਿਰ ਉੱਪਰ ਗਦਰ ਲਹਿਰ ਦਾ ਅਸਰ ਹੀ ਨਹੀਂ ਸੀ ਸਗੋਂ ਉਸ ਲਹਿਰ ਦੇ ਕੁੱਝ ਲੋਕ ਵੀ ਬੱਬਰਾਂ ਵਿੱਚ ਸ਼ਾਮਲ ਸਨ। ਇਸ ਤੋਂ ਇਹ ਗੱਲ ਸਾਫ ਜ਼ਾਹਿਰ ਹੁੰਦੀ ਹੈ ਕਿ ਅੰਗ੍ਰੇਜ਼ ਸਰਕਾਰ ਨੂੰ ਭਾਰਤੀ ਲੋਕਾਂ ਵਿੱਚ ਪੈਦਾ ਹੋ ਰਹੀ ਬੇਚੈਨੀ ਦਾ ਫਿਕਰ ਸੀ। ਅੰਗ੍ਰੇਜ਼ ਸਰਕਾਰ ਨੂੰ ਇਸ ਗੱਲ ਦਾ ਡਰ ਸੀ ਕਿ ਸਾਮਰਾਜ ਦੇ ਦੂਜੇ ਭਾਗਾਂ ਵਿੱਚ ਭਾਰਤੀਆਂ ਨਾਲ ਹੁੰਦੇ ਦੁਰਵਿਵਹਾਰ ਨਾਲ ਭਾਰਤੀਆਂ ਦੀ ਬੇਚੈਨੀ ਵਿੱਚ ਵਾਧਾ ਹੋ ਸਕਦਾ ਹੈ। ਇਸ ਫਿਕਰ ਨੂੰ ਦੂਰ ਕਰਨ ਵਾਸਤੇ ਅੰਗ੍ਰੇਜ਼ ਸਰਕਾਰ ਦੇ ਭਾਰਤੀ ਨੁਮਾਇੰਦੇ ਵੀਥ ਐੱਸ਼ ਸ੍ਰੀ ਨਿਵਾਸ ਸ਼ਾਸਤਰੀ, ਜਿਹੜਾ ਕਿ ਬ੍ਰਿਟਿਸ਼ ਪਰਿਵੀ ਕੌਂਸਲ ਦਾ ਮੈਂਬਰ ਸੀ, ਨੂੰ 1922 ਵਿੱਚ ਸਾਮਰਾਜ ਦੇ ਇਹਨਾਂ ਹਿੱਸਿਆਂ ਦਾ ਦੌਰਾ ਕਰਨ ਵਾਸਤੇ ਭੇਜਿਆ ਗਿਆ।

ਸ੍ਰੀ ਨਿਵਾਸ ਸ਼ਾਸਤਰੀ ਨੇ ਕੈਨੇਡਾ ਵਿੱਚ ਆਪਣੇ ਦੌਰੇ ਦੌਰਾਨ ਵੱਖ ਵੱਖ ਪੱਧਰ ਦੀਆਂ ਸਰਕਾਰਾਂ ਨਾਲ ਮੁਲਾਕਾਤਾਂ ਕੀਤੀਆਂ ਅਤੇ ਕੈਨੇਡਾ ਵਿੱਚ ਭਾਰਤੀਆਂ ਨਾਲ ਹੁੰਦੇ ਵਿਤਕਰੇ ਦੇ ਸਿੱਟੇ ਵਜੋਂ ਭਾਰਤ ਵਿੱਚ ਗੋਰੀ ਸਰਕਾਰ ਨੂੰ ਆ ਰਹੀਆਂ ਮੁਸ਼ਕਲਾਂ ਦੀ ਗੱਲ ਕੀਤੀ। ਅਜਿਹੀ ਹੀ ਇਕ ਮੁਲਾਕਾਤ ਉਸ ਵਲੋਂ 19 ਅਗਸਤ, 1922 ਵਾਲੇ ਦਿਨ ਵਿਕਟੋਰੀਆ ਵਿੱਚ ਬੀ. ਸੀ. ਦੇ ਪ੍ਰੀਮੀਅਰ ਮਿਸਟਰ ਓਲੀਵਰ ਨਾਲ ਵੀ ਕੀਤੀ ਗਈ। ਇਸ ਮੁਲਾਕਾਤ ਵਿੱਚ ਮਿਸਟਰ ਸ਼ਾਸ਼ਤਰੀ ਨੇ ਪ੍ਰੀਮੀਅਰ ਓਲੀਵਰ ਨੂੰ ਕਿਹਾ ਕਿ ਬ੍ਰਿਟਿਸ਼ ਸਬਜੈਕਟ ਹੋਣ ਕਾਰਨ ਇਥੇ ਰਹਿ ਰਹੇ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਜਵਾਬ ਵਿੱਚ ਪ੍ਰੀਮੀਅਰ ਓਲੀਵਰ ਨੇ ਉਸ ਨੂੰ ਭਰੋਸਾ ਦਿਵਾਇਆ ਕਿ ਉਹ ਅਤੇ ਉਸ ਦੀ ਕੈਬਨਿਟ ਮੁਲਕ ਦੇ ਹਿਤ ਦੇ ਨਜ਼ਰੀਏ ਤੋਂ ਇਸ ਸੁਝਾਅ ਬਾਰੇ ਸੋਚਣਗੇ। ਪਰ ਅਸਲੀਅਤ ਵਿੱਚ ਬੀ. ਸੀ. ਦੀ ਸਰਕਾਰ ਨੇ ਸ਼ਾਸਤਰੀ ਦੇ ਇਸ ਸੁਝਾਅ ਦੇ ਹੱਕ ਵਿੱਚ ਕੋਈ ਹਾਂ-ਪੱਖੀ ਅਮਲੀ ਕਦਮ ਨਹੀਂ ਚੁੱਕਿਆ। ਸਗੋਂ ਸੰਨ 1923 ਵਿੱਚ ਬੀ. ਸੀ. ਦੀ ਅਸੰਬਲੀ ਨੇ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਦੇ ਵਿਰੁੱਧ ਇਕ ਸਖਤ ਮਤਾ ਪਾਸ ਕੀਤਾ ਜਿਸ ਦੀ ਚਰਚਾ ਪਹਿਲਾਂ ਕੀਤੀ ਜਾ ਚੁੱਕੀ ਹੈ।

ਸ਼ਾਸਤਰੀ ਦੀ ਜਾਂ ਉਸ ਸਮੇਂ ਦੀ ਭਾਰਤੀ ਅੰਗ੍ਰੇਜ਼ ਸਰਕਾਰ ਦੀ ਮੰਗ ਬੜੀ ਛੋਟੀ ਅਤੇ ਸਿੱਧੀ ਸੀ। ਉਹ ਸਿਰਫ ਏਨਾ ਚਾਹੁੰਦੇ ਸਨ ਕਿ ਜਿਹੜੇ ਭਾਰਤੀ ਇਹਨਾਂ ਦੇਸ਼ਾਂ ਵਿੱਚ ਕਾਨੂੰਨੀ ਤੌਰ ਉੱਤੇ ਆ ਕੇ ਰਹਿਣ ਲੱਗ ਪਏ ਸਨ, ਉਹਨਾਂ ਨੂੰ ਬ੍ਰਿਟਿਸ਼ ਸਬਜੈਕਟ ਹੋਣ ਕਰਕੇ, ਪੂਰੇ ਨਾਗਰਿਕਾਂ ਵਾਲੇ ਅਧਿਕਾਰ ਦਿੱਤੇ ਜਾਣ। ਸਾਮਰਾਜ ਦੇ ਇਹਨਾਂ ਭਾਗਾਂ ਦੇ ਗੋਰੇ ਹਾਕਮਾਂ ਦੀ ਆਪਣੇ ਮੁਲਕਾਂ ਨੂੰ 'ਸਿਰਫ ਗੋਰਿਆਂ ਵਾਸਤੇ ਰਾਖਵੇਂ ਰੱਖਣ ਦੀ ਖਾਹਿਸ਼' ਨਾਲ ਉਹ ਅੰਦਰੋਂ ਸਹਿਮਤ ਸਨ ਅਤੇ ਉਹਨਾਂ ਨੂੰ ਇਸ ਗੱਲ ਦਾ ਯਕੀਨ ਦੁਆਉਣ ਦਾ ਪੂਰਾ ਯਤਨ ਕਰਦੇ ਸਨ। ਉਦਾਹਰਨ ਲਈ ਪਰੈੱਸ ਨਾਲ ਗੱਲਬਾਤ ਕਰਦਿਆਂ ਮਿਸਟਰ ਸ਼ਾਸਤਰੀ ਨੇ ਕਿਹਾ, ਇਕ ਸਮਝੌਤੇ ਅਨੁਸਾਰ ਕਿਸੇ ਵੀ ਭਾਰਤੀ ਨੂੰ ਕੈਨੇਡਾ ਵਿੱਚ ਪੱਕੇ ਤੌਰ ਉੱਤੇ ਆ ਕੇ ਰਹਿਣ ਦੀ ਇਜਾਜ਼ਤ ਨਹੀਂ। ਹੁਣ ਇੰਮੀਗਰੇਸ਼ਨ ਦੇ ਸਵਾਲ ਨੂੰ ਦੁਆਰਾ ਵਿਚਾਰਨ ਦੀ ਗੱਲ ਕਰਕੇ ਭਾਰਤੀ ਅਧਿਕਾਰੀ ਉਸ ਸਮਝੌਤੇ ਨੂੰ ਤੋੜਨ ਦੀ ਕੋਸ਼ਿਸ਼ ਨਹੀਂ ਕਰ ਸਕਦੇ। ਇੱਥੇ ਮਿਸਟਰ ਸ਼ਾਸਤਰੀ ਸ਼ਾਇਦ ਉਸ ਸਮਝੌਤੇ ਜਾਂ ਕਾਨੂੰਨ ਦੀ ਗੱਲ ਕਰ ਰਿਹਾ ਸੀ

ਜਿਹੜਾ ਭਾਰਤ ਸਰਕਾਰ ਨੇ ਸੰਨ 1918 ਵਿੱਚ ਪਾਸ ਕੀਤਾ ਸੀ। ਉਸ ਕਾਨੂੰਨ ਅਨੁਸਾਰ, (ਭਾਰਤ) ਵਿੱਚੋਂ ਕੋਈ ਵੀ ਵਿਅਕਤੀ (ਸੰਨ 1918) ਤੋਂ ਬਾਅਦ ਕਿਸੇ ਵੀ ਡੁਮੀਨਿਅਨ ਨੂੰ ਕੰਮ ਕਰਨ ਜਾਂ ਪੱਕੇ ਤੌਰ ਉੱਤੇ ਰਹਿਣ ਲਈ ਨਹੀਂ ਜਾ ਸਕਦਾ ਸੀ...।

ਸ੍ਰੀਨਿਵਾਸ ਸ਼ਾਸਤਰੀ ਦੇ ਕੈਨੇਡਾ ਆਉਣ ਦਾ ਅਸਰ ਇਹ ਹੋਇਆ ਕਿ ਕੈਨੇਡੀਅਨ ਸਿਆਸਤਦਾਨਾਂ ਨੂੰ, ਖਾਸ ਕਰਕੇ ਡੁਮੀਨਿਅਨ (ਕੈਨੇਡਾ) ਪੱਧਰ ਉੱਤੇ, ਇਸ ਮਸਲੇ ਵੱਲ ਧਿਆਨ ਦੇਣਾ ਪਿਆ। ਉਸ ਵਲੋਂ ਕਨੇਡੀਅਨ ਸਰਕਾਰ ਨੂੰ ਕੀਤੀ ਅਪੀਲ ਅਤੇ ਸਾਲ ਪਹਿਲਾਂ ਲੰਡਨ ਵਿੱਚ ਪਾਸ ਹੋਏ ਮਤੇ ਦੇ ਸਿੱਟੇ ਵਜੋਂ ਕਨੇਡਾ ਦੀ ਪਾਰਲੀਮੈਂਟ ਵਿੱਚ 29 ਜੂਨ, 1923 ਵਾਲੇ ਦਿਨ ਇਸ ਮਸਲੇ ਉੱਤੇ ਭਖਵੀਂ ਬਹਿਸ ਚੱਲੀ। ਕਿਊਬਿਕ ਤੋਂ ਲਿਬਰਲ ਪਾਰਟੀ ਦੇ ਐੱਮ. ਪੀ. ਮਿਸਟਰ ਜੈਕਬਸ ਨੇ ਪਾਰਲੀਮੈਂਟ ਵਿੱਚ ਮਸਲਾ ਉਠਾਇਆ ਕਿ ਇੰਪੀਰੀਅਲ ਕਾਨਫਰੰਸ ਵਿੱਚ ਪਾਸ ਕੀਤੇ ਮਤੇ ਅਨੁਸਾਰ ਕੈਨੇਡਾ ਵਿੱਚ ਵਸਦੇ ਭਾਰਤੀਆਂ ਨੂੰ ਬ੍ਰਿਟਿਸ਼ ਸਬਜੈਕਟ ਹੋਣ ਕਰਕੇ ਵੋਟ ਦੇਣ ਦਾ ਹੱਕ ਦਿੱਤਾ ਜਾਣਾ ਚਾਹੀਦਾ ਹੈ। ਉਸ ਵਲੋਂ ਉਠਾਏ ਇਸ ਮਸਲੇ ਦੀ ਸਖਤ ਵਿਰੋਧਤਾ ਹੋਈ ਜਿਹੜੀ ਭਾਰਤੀਆਂ ਵਿਰੁੱਧ ਨਸਲਵਾਦੀ ਅਹਿਸਾਸਾਂ ਨਾਲ ਭਰੀ ਹੋਈ ਸੀ ਜਿਸ ਬਾਰੇ ਪਹਿਲਾਂ ਵੀ ਗੱਲ ਕੀਤੀ ਜਾ ਚੁੱਕੀ ਹੈ। ਵਿਰੋਧਤਾ ਕਰਨ ਵਾਲੇ ਮੁੱਖ ਤੌਰ ਉੱਤੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਐੱਮ ਪੀ ਮਿਸਟਰ ਨੀਲ ਅਤੇ ਮਿਸਟਰ ਮੈਕਬਰਾਈਡ ਸਨ। ਮਿਸਟਰ ਨੀਲ ਨੇ ਇਹ ਕਹਿ ਕੇ ਮਸਲੇ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਮਸਲਾ ਕੇਂਦਰੀ ਸਰਕਾਰ ਨਾਲ ਸੰਬੰਧ ਨਹੀਂ ਰੱਖਦਾ। ਉਹਨੇ ਕਿਹਾ: ਇਹ ਡੁਮੀਨਿਅਨ ਦਾ ਮਸਲਾ ਨਹੀਂ ਹੈ। ਇਹ ਬ੍ਰਿਟਿਸ਼ ਕੋਲੰਬੀਆ ਦੇ ਸਮੱਸਿਆ ਹੈ ਤੇ. ਇਸ ਸਮੱਸਿਆ ਨੂੰ ਸਾਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਹੀ ਹੱਲ ਕਰਨਾ ਚਾਹੀਦਾ ਹੈ।(14)

ਬੀ. ਸੀ. ਦੇ ਦੂਜੇ ਐੱਮ ਪੀ ਮਿਸਟਰ ਮੈਕਬਰਾਈਡ ਦੇ ਵਿਚਾਰ ਨਸਲੀ ਨਫਰਤ ਨਾਲ ਗ੍ਰਸੇ ਹੋਏ ਸਨ। ਜਿਸ ਦੇ ਪ੍ਰਤੀਕਰਮ ਵਜੋਂ ਸੀਥ ਸੀਥ ਐੱਫ਼ ਦੇ ਮੈਂਬਰ ਮਿਸਟਰ ਜੇ ਵੁਡਜ਼ਵਰਥ ਨੇ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਦੀ ਹਿਮਾਇਤ ਕਰਦਿਆਂ ਕਿਹਾ: ਮੈਨੂੰ ਲੱਗਦਾ ਹੈ ਕਿ ਇਸ ਕਿਸਮ ਦੀ ਸੌੜੀ ਨਸਲੀ ਕੱਟੜਤਾ ਨਾਲ ਅਸੀਂ ਕਿਸੇ ਸਿਰੇ ਨਹੀਂ ਲੱਗ ਸਕਦੇ ਤੇ. ਮੇਰਾ ਵਿਸ਼ਵਾਸ ਹੈ ਕਿ ਇਹਨਾਂ ਗੱਲਾਂ ਨਾਲ ਨਿਪਟਣ ਵਾਸਤੇ ਸਾਨੂੰ ਸੌੜੇ ਵਿਤਕਰੇ ਭਰੇ ਨਜ਼ਰੀਏ ਤੋਂ ਉੱਚੇ ਉੱਠਣਾ ਚਾਹੀਦਾ ਹੈ ਅਤੇ ਇਹਨਾਂ ਉੱਪਰ ..ਸੰਸਾਰ ਪੱਧਰ ਦੇ ਨਜ਼ਰੀਏ ਤੋਂ ਦੇਖਣਾ ਚਾਹੀਦਾ ਹੈ।

ਇਸ ਹੀ ਤਰ੍ਹਾਂ ਸਤੰਬਰ 1928 ਵਿੱਚ ਬਰਤਾਨਵੀ ਸਾਮਰਾਜ ਦੀ ਪਾਰਲੀਮੈਂਟਰੀ ਐਸੋਸੀਏਸ਼ਨ ਦੇ ਤਿੰਨ ਮੈਂਬਰ – ਦੀਵਾਨ ਬਹਾਦੁਰ ਜੀ. ਏ. ਨੇਤਸਨ, ਦੀਵਾਨ ਸੀ. ਲਾਲ ਅਤੇ ਟੀ. ਸੀ. ਗੋਸਵਾਮੀ – ਬੀ. ਸੀ. ਵਿੱਚ ਆਏ। ਉਹਨਾਂ ਵੀ ਆਪਣੀ ਫੇਰੀ ਦੌਰਾਨ ਕੈਨੇਡੀਅਨ ਪ੍ਰੈੱਸ ਵਿੱਚ ਭਾਰਤੀ-ਕੈਨੇਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਕੀਤੀ। ਬੀ. ਸੀ. ਦੀ ਕੈਬਨਿਟ ਨਾਲ ਕੀਤੀ ਮੀਟਿੰਗ ਵਿੱਚ ਉਹਨਾਂ ਸਿਰਫ ਏਨਾ ਹੀ ਪੁੱਛਿਆ ਕਿ ਕੀ ਇੱਥੇ ਭਾਰਤੀਆਂ ਨੂੰ ਵੋਟ ਪਾਉਣ ਦਾ ਹੱਕ ਹੈ ਜਾਂ ਨਹੀਂ? ਜਦੋਂ ਉਹਨਾਂ ਨੂੰ ਇਹ ਦੱਸਿਆ ਗਿਆ ਕਿ ਭਾਰਤੀ-ਕੈਨੇਡੀਅਨਾਂ ਨੂੰ ਵੋਟ ਦਾ ਹੱਕ ਨਹੀਂ ਹੈ ਤਾਂ ਇਸ ਤੋਂ ਬਾਅਦ ਉਹਨਾਂ ਇਸ ਬਾਰੇ ਮੁੜ ਗੱਲ ਨਹੀਂ ਕੀਤੀ।(16) ਅਗਸਤ 1932 ਵਿੱਚ ਇਕ ਬਰਤਾਨਵੀ ਡੈਲੀਗੇਸ਼ਨ ਕਨੇਡਾ ਦੇ ਦੌਰੇ ਉੱਤੇ ਆਇਆ। ਇਸ ਡੈਲੀਗੇਸ਼ਨ ਦੇ ਮੁਖੀ ਸਰ ਅਤੁਲ ਚੈਟਰਜੀ ਨੇ ਕੈਨੇਡਾ ਦੀ ਸਰਕਾਰ ਨਾਲ ਮਿਲ ਕੇ ਕੈਨੇਡਾ ਵਿੱਚ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਕੀਤੀ। ਕੈਨੇਡੀਅਨ ਸਰਕਾਰ ਦੇ ਨੁਮਾਇੰਦਿਆਂ ਨੇ ਉਸ ਨੂੰ ਇਸ ਬਾਰੇ ਵਿਚਾਰ ਕਰਨ ਦਾ ਭਰੋਸਾ ਦਿਵਾਇਆ।

ਬਰਤਾਨਵੀ ਸਾਮਰਾਜ ਦੇ ਨੁਮਾਇੰਦੇ ਕੈਨੇਡਾ ਅਤੇ ਬੀ. ਸੀ. ਸਰਕਾਰਾਂ ਦੇ ਪ੍ਰਤੀਨਿਧਾਂ ਨਾਲ ਮਿਲ ਕੇ ਉਹਨਾਂ ਅੱਗੇ ਬੇਨਤੀ ਕਰਦੇ ਸਨ ਕਿ ਉਹ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇ ਦੇਣ। ਉਹ ਕਦੇ ਵੀ ਕੈਨੇਡਾ ਅਤੇ ਬੀ. ਸੀ. ਸਰਕਾਰ ਦੀ ਨਸਲਪ੍ਰਸਤੀ ਵੱਲ ਇਸ਼ਾਰਾ ਨਹੀਂ ਕਰਦੇ ਸਨ। ਅਸਲ ਵਿੱਚ ਉਹ ਹਾਕਮ ਗੋਰਿਆਂ ਦੀ ਹੀ ਬੋਲੀ ਬੋਲਦੇ ਸਨ, ਉਨ੍ਹਾਂ ਦੇ ਹੀ ਹੋਟਲਾਂ ਵਿੱਚ ਠਹਿਰਦੇ ਅਤੇ ਉਹਨਾਂ ਦੀਆਂ ਹੀ ਸਟੇਜਾਂ, ਜਿਵੇਂ ਲਾਇਨਜ਼ ਕਲੱਬ ਆਦਿ, ਤੋਂ ਬੋਲਦੇ ਸਨ। ਇਹ ਗੱਲ ਸਾਫ ਸੀ ਕਿ ਬਾਹਰ ਵਸਦੇ ਭਾਰਤੀ ਲੋਕਾਂ ਨਾਲ ਹੁੰਦੀਆਂ ਵਧੀਕੀਆਂ ਦੀ ਉਹਨਾਂ ਨੂੰ ਚਿੰਤਾ ਨਹੀਂ ਸੀ ਪਰ ਉਹਨਾਂ ਵਧੀਕੀਆਂ ਦੇ ਸਿੱਟੇ ਵਜੋਂ ਭਾਰਤ ਵਿੱਚ ਫੈਲਦੀ ਬੇਚੈਨੀ ਉਹਨਾਂ ਵਾਸਤੇ ਚਿੰਤਾ ਦੀ ਗੱਲ ਸੀ। ਸੋ ਭਾਰਤੀ ਲੋਕਾਂ ਨੂੰ ਕਾਬੂ ਵਿੱਚ ਰੱਖਣ ਦੀ ਮਜਬੂਰੀ ਕਰਕੇ ਗੋਰੀ ਸਰਕਾਰ ਨੂੰ ਬਾਹਰ ਵਸਦੇ ਭਾਰਤੀਆਂ ਦੇ ਹੱਕਾਂ ਦੀ ਗੱਲ ਕਰਨੀ ਪੈ ਰਹੀ ਸੀ। ਇੱਥੇ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਉਂਕਿ ਭਾਰਤੀ ਗੋਰੀ ਸਰਕਾਰ ਦੇ ਨੁਮਾਇੰਦੇ ਸਾਮਰਾਜ ਦੀਆਂ ਦੂਜੀਆਂ ਸਰਕਾਰਾਂ ਵਾਸਤੇ ਵੀ ਮਹੱਤਤਾ ਰੱਖਦੇ ਸਨ, ਇਸ ਕਰਕੇ ਉਹਨਾਂ ਦੀ ਆਵਾਜ਼ ਦੇ ਫਲਸਰੂਪ ਵੋਟ ਦੇ ਹੱਕ ਵਰਗੇ ਮਸਲੇ ਨੂੰ ਵੱਡੀ ਪੱਧਰ ਉੱਤੇ ਮਹੱਤਤਾ ਪ੍ਰਾਪਤ ਹੁੰਦੀ ਸੀ। ਕਨੇਡਾ ਵਿੱਚ ਵਸਦੀ ਭਾਰਤੀ ਭਾਰਤੀ ਕਮਿਊਨਨਿਟੀ ਵਿੱਚੋਂ ਆਪਣੇ ਹੱਕਾਂ ਵਾਸਤੇ ਜੱਦੋਜਹਿਦ ਕਰ ਰਹੇ ਲੋਕ ਵੀ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਦੇ ਸਨ। ਇਸ ਮਕਸਦ ਲਈ ਉਹ ਇਹਨਾਂ ਨੁਮਾਇੰਦਿਆਂ ਨੂੰ ਕਈ ਵਾਰੀ ਖੁਦ ਵੀ ਬੋਲਣ ਲਈ ਸੱਦੇ ਦਿੰਦੇ ਸਨ ਅਤੇ ਉਹਨਾਂ ਦੇ ਕਿਰਾਏ ਅਤੇ ਹੋਟਲਾਂ ਆਦਿ ਵਿੱਚ ਰਹਿਣ ਦੇ ਖਰਚੇ ਵਗੈਰਾ ਵੀ ਦਿੰਦੇ ਸਨ।

**ਸਥਾਨਕ ਭਾਰਤੀ ਕਮਿਊਨਿਟੀ ਵਲੋਂ ਜੱਦੋਜਹਿਦ**

ਸਥਾਨਕ ਭਾਰਤੀ ਕਮਿਊਨਿਟੀ ਵਲੋਂ ਵੋਟ ਦਾ ਹੱਕ ਲੈਣ ਲਈ ਲੜੀ 40 ਸਾਲ ਲੰਮੀ ਲੜਾਈ ਦੌਰਾਨ ਭਾਰਤੀ ਕਮਿਊਨਿਟੀ ਨੇ ਇਸ ਜੱਦੋਜਹਿਦ ਦੇ ਵੱਖਰੇ ਵੱਖਰੇ ਪੜਾਵਾਂ ਉੱਤੇ, ਸਮੇਂ ਦੀਆਂ ਵੱਖ ਵੱਖ ਹਾਲਤਾਂ ਅਨੁਸਾਰ, ਵੱਖਰੇ ਵੱਖਰੇ ਢੰਗਾਂ ਅਤੇ ਦਲੀਲਾਂ ਦਾ ਸਹਾਰਾ ਲਿਆ। ਇਸ ਦੌਰਾਨ ਕੈਨੇਡਾ ਦੇ ਭਾਰਤੀਆਂ ਨੂੰ ਵਾਰ ਵਾਰ, ਮੋੜ ਮੋੜ ਉੱਤੇ ਅਸਫਲਤਾ ਦਾ ਸਾਹਮਣਾ ਕਰਨਾ ਪਿਆ, ਪਰ ਉਹਨਾਂ ਨੇ ਕਾਮਯਾਬ ਹੋਣ ਤੱਕ ਲੜਨਾ ਨਹੀਂ ਛੱਡਿਆ। ਜੇ ਅਸੀਂ ਇਸ ਤੱਤ ਨੂੰ ਧਿਆਨ ਵਿੱਚ ਰੱਖੀਏ ਕਿ ਸੰਨ 1942-47 ਦੌਰਾਨ ਜਦੋਂ ਵੋਟ ਲਈ ਹੱਕ ਦੀ ਲੜਾਈ ਸਿਖਰ ਉੱਤੇ ਸੀ, ਉਸ ਵੇਲੇ ਵੱਖਰੀਆਂ ਵੱਖਰੀਆਂ ਰਿਪੋਰਟਾਂ ਮੁਤਾਬਕ ਬੀ. ਸੀ. ਵਿੱਚ ਭਾਰਤੀਆਂ ਦੀ ਕੁੱਲ ਗਿਣਤੀ ਮਸਾਂ 1000-1700 ਵਿਚਕਾਰ ਸੀ ਤਾਂ ਇਸ ਗੱਲ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਇਸ ਲੰਮੀ ਜੱਦੋਜਹਿਦ ਦੌਰਾਨ ਕਨੇਡਾ ਦੇ ਭਾਰਤੀਆਂ ਨੇ ਇਕ ਪਾਸੇ ਹਿੰਦੁਸਤਾਨ ਰਹਿ ਚੁੱਕੇ ਅਤੇ ਬ੍ਰਿਟਿਸ਼ ਸਾਮਰਾਜ ਦੇ ਵਫਾਦਾਰ ਅੰਗ੍ਰੇਜ਼ਾਂ ਦੀ ਅਤੇ ਦੂਸਰੇ ਪਾਸੇ ਕਨੇਡਾ ਅਤੇ ਖਾਸ ਕਰਕੇ ਬੀ. ਸੀ. ਦੀ ਮਜ਼ਦੂਰ ਲਹਿਰ ਅਤੇ ਸੋਸ਼ਲਿਸਟ ਵਿਚਾਰ ਰੱਖਣ ਵਾਲੇ ਲੋਕਾਂ ਦੀ ਮਦਦ ਲਈ। ਇਕ ਪਾਸੇ ਭਾਰਤੀ ਕਮਿਊਨਿਟੀ ਬੀ. ਸੀ. ਦੇ ਸਿਆਸੀ ਲੀਡਰਾਂ ਨੂੰ ਮਿਲ ਕੇ, ਪਟੀਸ਼ਨਾਂ ਦੇ ਕੇ ਵੋਟ ਦਾ ਹੱਕ ਮੰਗਦੀ ਸੀ ਤਾਂ ਦੂਜੇ ਪਾਸੇ ਲੋੜ ਪੈਣ ਉੱਤੇ ਸਿਆਸੀ ਲੀਡਰਾਂ ਨੂੰ ਚੁਣੌਤੀ ਦੇਣੋਂ ਵੀ ਨਹੀਂ ਝਿਜਕਦੀ ਸੀ।

ਲਿਖਤੀ ਅਤੇ ਪ੍ਰੈੱਸ ਰਿਪੋਰਟਾਂ ਵਿੱਚ ਵੋਟ ਦਾ ਹੱਕ ਨਾ ਹੋਣ ਵਿਰੁੱਧ ਭਾਰਤੀਆਂ ਵਲੋਂ ਚੁੱਕੇ ਪਹਿਲੇ ਕਦਮ ਦੀ ਗੱਲ ਹਸਨ ਰਹੀਮ ਤੋਂ ਸ਼ੁਰੂ ਹੁੰਦੀ ਹੈ। ਭਾਰਤੀਆਂ ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਅਖਬਾਰ ਦੀ ਆਰੀਅਨ ਵਿੱਚ ਛਪੀ ਇਕ ਰਿਪੋਰਟ ਮੁਤਾਬਕ, ਸੰਨ 1911 ਵਿੱਚ ਹਸਨ ਰਹੀਮ ਨੇ ਵੈਨਕੂਵਰ ਦੀਆਂ ਮਿਊਂਸਪਲ ਚੋਣਾਂ ਵਿੱਚ ਵੋਟ ਪਾਈ। ਉਸ ਦਾ ਮੱਤ ਸੀ ਕਿ ਬ੍ਰਿਟਿਸ਼ ਸਬਜੈਕਟ ਹੋਣ ਦੇ ਨਾਤੇ ਉਸ ਨੂੰ ਵੋਟ ਪਾਉਣ ਦਾ ਹੱਕ ਹਾਸਲ ਸੀ। ਪਰ ਸਥਾਨਕ ਕਾਨੂੰਨ ਦੀਆਂ ਨਜ਼ਰਾਂ ਵਿੱਚ ਇਹ ਕੰਮ ਗੈਰ-ਕਾਨੂੰਨੀ ਹੋਣ ਕਰਕੇ ਉਸ ਉੱਪਰ ਮੁਕੱਦਮਾ ਚਲਾਇਆ ਗਿਆ। ਵਿਲੀਅਮ ਹਾਪਕਿਨਸਨ ਦੀ ਸ਼ਹਿ ਉੱਤੇ ਚਲਾਏ ਇਸ ਮੁਕੱਦਮੇ ਵਿਚੋਂ ਹਸਨ ਰਹੀਮ ਬਰੀ ਹੋ ਗਿਆ। ਹਸਨ ਰਹੀਮ ਵਲੋਂ ਇਸ ਤਰ੍ਹਾਂ ਕਰਨ ਨਾਲ ਵੋਟ ਦੇ ਹੱਕ ਦਾ ਮਸਲਾ ਉੱਭਰ ਕੇ ਸਾਹਮਣੇ ਆਇਆ।

ਇਸ ਤੋਂ ਬਾਅਦ ਇਹ ਮਸਲਾ ਸੰਨ 1920 ਤੋਂ ਬਾਅਦ ਮੁੜ ਉਭਰਿਆ ਅਤੇ ਸੰਨ 1947 ਤੱਕ ਇਹ ਕਿਸੇ ਨਾ ਕਿਸੇ ਰੂਪ ਵਿੱਚ ਭਖਦਾ ਰਿਹਾ। ਵੋਟ ਦਾ ਹੱਕ ਲੈਣ ਲਈ ਭਾਰਤੀਆਂ ਵਲੋਂ ਕਈ ਤਰ੍ਹਾਂ ਦੀਆਂ ਦਲੀਲਾਂ ਵਰਤੀਆਂ ਜਾਂਦੀਆਂ ਸਨ। ਸਭ ਤੋਂ ਪਹਿਲਾਂ, ਭਾਰਤੀਆਂ ਦਾ ਮੱਤ ਸੀ ਕਿ ਉਹ ਬ੍ਰਿਟਿਸ਼ ਸਬਜੈਕਟ ਹਨ ਇਸ ਲਈ ਉਹਨਾਂ ਨੂੰ ਵੋਟ ਦਾ ਹੱਕ ਹੋਣਾ ਚਾਹੀਦਾ ਹੈ ਅਤੇ ਉਹਨਾਂ ਨੇ ਇਸ ਮੱਤ ਨੂੰ ਲਗਾਤਾਰ ਆਪਣੀ ਜੱਦੋਜਹਿਦਦਾ ਹਿੱਸਾ ਬਣਾਇਆ। ਉਦਾਹਰਨ ਲਈ, 9 ਅਪ੍ਰੈਲ 1927 ਨੂੰ ਕੈਨੇਡਾ ਦਾ ਗਵਰਨਰ ਜਨਰਲ ਵਾਈਕਾਊਂਟ ਵਿਲਿੰਗਡਨ ਵੈਨਕੂਵਰ ਦੇ ਦੌਰੇ ਉੱਤੇ ਆਇਆ। ਇਸ ਸਮੇਂ ਭਾਰਤੀ ਕਮਿਊਨਿਟੀ ਵਲੋਂ ਇਕ ਅੱਠ ਮੈਂਬਰੀ-ਕਮੇਟੀ ਨੇ ਗਵਰਨਰ ਜਨਰਲ ਨੂੰ ਮਿਲ ਕੇ ਇਕ ਪਟੀਸ਼ਨ ਦਿੱਤੀ। ਇਸ ਪਟੀਸ਼ਨ ਵਿੱਚ ਮੰਗ ਕੀਤੀ ਗਈ ਸੀ ਕਿ ਕਿਉਂਕਿ ਕਨੇਡਾ ਵਿੱਚ ਰਹਿ ਰਹੇ ਭਾਰਤੀ ਬ੍ਰਿਟਿਸ਼ ਸਬਜੈਕਟ ਹਨ, ਇਸ ਲਈ ਉਹਨਾਂ ਨੂੰ ਕਨੇਡਾ ਵਿੱਚ ਨਾਗਰਿਕਾਂ ਵਾਲੇ ਅਧਿਕਾਰ ਦਿੱਤੇ ਜਾਣ। ਆਉਣ ਵਾਲੇ ਸਮੇਂ ਵਿੱਚ ਇਹ ਦਲੀਲ ਵਾਰ ਵਾਰ ਦੁਹਰਾਈ ਜਾਂਦੀ ਰਹੀ।

ਵੋਟ ਦਾ ਹੱਕ ਲੈਣ ਲਈ ਭਾਰਤੀਆਂ ਵਲੋਂ ਦੂਸਰੀ ਦਲੀਲ ਇਹ ਵਰਤੀ ਜਾਂਦੀ ਸੀ ਕਿ ਭਾਰਤੀਆਂ ਨੇ ਬਰਤਾਨਵੀ ਸਾਮਰਾਜ ਲਈ ਆਪਣਾ ਲਹੂ ਡੋਲਿਆ ਹੈ। ਅਪ੍ਰੈਲ 1927 ਵਿੱਚ ਵਾਈਕਾਊਂਟ ਵਿਲਿੰਗਡਨ ਅੱਗੇ ਪੇਸ਼ ਕੀਤੀ ਪਟੀਸ਼ਨ ਵਿੱਚ ਵੀ ਇਹ ਦਲੀਲ ਦਿੱਤੀ ਗਈ ਸੀ। ਬਾਅਦ ਵਿੱਚ ਵੀ ਜਦੋਂ ਵੋਟ ਦਾ ਹੱਕ ਲੈਣ ਲਈ ਭਾਰਤੀਆਂ ਦੇ ਡੈਲੀਗੇਸ਼ਨ ਬੀ. ਸੀ. ਦੀ ਸਰਕਾਰ ਦੇ ਨੁਮਾਇੰਦਿਆਂ ਨੂੰ ਮਿਲਦੇ ਤਾਂ ਇਹਨਾਂ ਡੈਲੀਗੇਸ਼ਨਾਂ ਵਿੱਚ ਅੰਗਰੇਜ਼ਾਂ ਦੀ ਫੌਜ ਵਿੱਚ ਰਹਿ ਚੁੱਕੇ ਫੌਜੀਆਂ ਨੂੰ ਵੀ ਸ਼ਾਮਲ ਕੀਤਾ ਜਾਂਦਾ ਸੀ। ਉਦਾਹਰਨ ਲਈ, 2 ਮਾਰਚ 1943 ਨੂੰ ਵੋਟ ਦੇ ਹੱਕ ਦੇ ਸੰਬੰਧ ਵਿੱਚ ਬੀ. ਸੀ. ਦੇ ਪ੍ਰੀਮੀਅਰ ਜਾਹਨ ਹਾਰਟ ਨੂੰ ਮਿਲਣ ਵਾਲੇ ਡੈਲੀਗੇਸ਼ਨ ਵਿੱਚ ਤਿੰਨ ਫੌਜੀ ਸ਼ਾਮਲ ਸਨ। ਇਹਨਾਂ ਵਿੱਚੋਂ ਇਕ, ਬਾਹੂ ਸਿੰਘ, ਪਹਿਲੀ ਸੰਸਾਰ ਜੰਗ ਵਿੱਚ ਲੜ ਚੁੱਕਾ ਸੀ। ਦੂਸਰੇ ਦੋ – ਫੰਗਨ ਸਿੰਘ ਅਤੇ ਜੀ. ਐਸ. ਬਾਦਲ, ਉਸ ਸਮੇਂ ਕਨੇਡੀਅਨ ਫੌਜ ਵਿੱਚ ਭਰਤੀ ਸਨ। ਭਾਰਤੀਆਂ ਦੇ ਹਮਦਰਦ ਅੰਗਰੇਜ਼ ਜੋ ਹਿੰਦੁਸਤਾਨ ਵਿੱਚ ਰਹਿ ਚੁੱਕੇ ਸਨ ਵੀ ਇਸ ਦਲੀਲ ਨੂੰ ਜ਼ੋਰ ਸ਼ੋਰ ਨਾਲ ਵਰਤਦੇ ਸਨ। 28 ਅਗਸਤ 1942 ਨੂੰ ਵੈਨਕੂਵਰ ਵਿੱਚ ਇਕ ਮੀਟਿੰਗ ਵਿੱਚ ਬੋਲਦਿਆਂ ਸਰ ਰੌਬਰਟ ਹਾਲੈਂਡ ਨੇ ਕਿਹਾ, ਇਹ ਗੱਲ ਬੜੀ ਬੇਇਨਸਾਫੀ ਵਾਲੀ ਹੈ ਕਿ ਭਾਰਤੀ ਲੋਕ ਕਨੇਡਾ ਦੇ ਫੌਜੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਲੜਨ ਨੂੰ ਤਿਆਰ ਹਨ ਪਰ ਕਨੇਡਾ ਦੇ ਮਾਮਲਿਆਂ ਵਿੱਚ ਦਖਲ ਦੇਣ ਲਈ ਉਹਨਾਂ ਕੋਲ ਕੋਈ ਅਵਾਜ਼ ਨਹੀਂ।

ਅਸਲ ਵਿੱਚ ਭਾਰਤੀ ਲੋਕਾਂ ਨੂੰ ਇਸ ਗੱਲ ਦਾ ਬਹੁਤ ਗੁੱਸਾ ਸੀ ਕਿ ਜਿਸ ਸਾਮਰਾਜ ਦੀ ਰੱਖਿਆ ਲਈ ਉਹ ਆਪਣੀਆਂ ਜਾਨਾਂ ਵਾਰਨ ਨੂੰ ਤਿਆਰ ਸਨ, ਉਸ ਸਾਮਰਾਜ ਵਿੱਚ ਉਹਨਾਂ ਨਾਲ ਬਰਾਬਰੀ ਦਾ ਸਲੂਕ ਨਹੀਂ ਕੀਤਾ ਜਾਂਦਾ ਸੀ। ਜਦੋਂ ਦੂਸਰੀ ਜੰਗ ਸਮੇਂ, ਕਨੇਡਾ ਵਿੱਚ ਰਹਿ ਰਹੇ ਭਾਰਤੀ ਜਵਾਨਾਂ ਨੂੰ, ਕੈਨੇਡੀਅਨ ਫੌਜ ਵਿੱਚ ਜ਼ਬਰੀ ਭਰਤੀ ਹੋਣ ਦੀਆਂ ਚਿੱਠੀਆਂ ਆਉਣ ਲੱਗੀਆਂ ਤਾਂ ਕਮਿਊਨਿਟੀ ਵਿੱਚ ਇਹ ਗੁੱਸਾ ਬਹੁਤ ਵੱਧ ਗਿਆ। ਕਮਿਊਨਿਟੀ ਦਾ ਵਿਚਾਰ ਸੀ ਕਿ ਜੇ ਕਨੇਡੀਅਨ ਸਰਕਾਰ ਭਾਰਤੀਆਂ ਨੂੰ ਵੋਟ ਦਾ ਹੱਕ ਦੇਣ ਲਈ ਤਿਆਰ ਨਹੀਂ ਤਾਂ ਇਸ ਸਰਕਾਰ ਨੂੰ ਕੋਈ ਹੱਕ ਨਹੀਂ ਕਿ ਉਹ ਕਨੇਡੀਅਨ-ਭਾਰਤੀ ਜਵਾਨਾਂ ਨੂੰ ਫੌਜ ਵਿੱਚ ਜ਼ਬਰੀ ਭਰਤੀ ਹੋਣ ਲਈ ਕਹੇ। ਇਸ ਸੰਬੰਧ ਵਿੱਚ ਅਕਤੂਬਰ 1942 ਵਿੱਚ ਭਾਰਤੀ ਕਮਿਊਨਿਟੀ ਵਲੋਂ ਖਾਲਸਾ ਦੀਵਾਨ ਸੁਸਾਇਟੀ ਨੇ ਕਨੇਡਾ ਦੇ ਡਿਫੈਂਸ ਮਨਿਸਟਰੀ ਅੱਗੇ ਸਖਤ ਰੋਸ ਪ੍ਰਗਟ ਕੀਤਾ।

ਸਮੇਂ ਦੀਆਂ ਹਾਲਤਾਂ ਨੂੰ ਸਮਝਦੇ ਹੋਏ, ਰੋਸ ਪ੍ਰਗਟ ਕਰਨ ਦੇ ਨਾਲ ਨਾਲ, ਭਾਰਤੀ ਕਮਿਊਨਿਟੀ ਨੇ ਜ਼ਬਰੀ ਭਰਤੀ ਦੇ ਮਾਮਲੇ ਨੂੰ ਵੋਟ ਦਾ ਹੱਕ ਲੈਣ ਲਈ ਵਰਤਣ ਦਾ ਵੀ ਫੈਸਲਾ ਕੀਤਾ। ਸੰਨ 1942 ਵਿੱਚ ਭਾਰਤੀ ਕਮਿਊਨਿਟੀ ਦੇ ਨਾਂ ਉੱਤੇ ਖਾਲਸਾ ਦੀਵਾਨ ਸੁਸਾਇਟੀ ਵਲੋਂ ਬੀਥ ਸੀਥ ਅਤੇ ਕਨੇਡਾ ਦੀ ਸਰਕਾਰ ਨੂੰ ਇਕ ਪਟੀਸ਼ਨ ਭੇਜੀ ਗਈ। ਇਸ ਪਟੀਸ਼ਨ ਵਿੱਚ ਮੁੱਖ ਤੌਰ ਉੱਤੇ ਇਹ ਕਿਹਾ ਗਿਆ ਸੀ ਕਿ ਭਾਰਤੀ ਲੋਕ ਕਨੇਡਾ ਦੇ ਵਫਾਦਾਰ ਹਨ ਅਤੇ ਲੋੜ ਪੈਣ ਉੱਤੇ ਇਸ ਦੇਸ਼ ਲਈ ਆਪਣੀਆਂ ਜਾਨਾਂ ਵੀ ਵਾਰਨ ਨੂੰ ਤਿਆਰ ਹਨ। ਪਰ ਉਹ ਇਹ ਮਹਿਸੂਸ ਕਰਦੇ ਹਨ ਕਿ ਜੇ ਉਹਨਾਂ ਤੋਂ ਬ੍ਰਿਟਿਸ਼ ਸਬਜੈਕਟ ਦੇ ਫਰਜ਼ ਨਿਭਾਉਣ ਦੀ ਆਸ ਕੀਤੀ ਜਾਂਦੀ ਹੈ ਤਾਂ ਉਹਨਾਂ ਨੂੰ ਬ੍ਰਿਟਿਸ਼ ਸਬਜੈਕਟਾਂ ਦੇ ਹੱਕ ਵੀ ਮਿਲਣੇ ਚਾਹੀਦੇ ਹਨ।

ਕੈਨੇਡਾ ਦੀ ਭਾਰਤੀ ਕਮਿਊਨਿਟੀ ਵਲੋਂ ਭਾਰਤੀ ਜਵਾਨਾਂ ਦੀ ਕੈਨੇਡੀਅਨ ਫੌਜ ਵਿੱਚ ਜ਼ਬਰੀ ਭਰਤੀ ਨੂੰ ਵੋਟ ਦੇ ਹੱਕ ਨਾਲ ਜੋੜਨ ਦੀ ਦਲੀਲ ਨੂੰ ਬਹੁਗਿਣਤੀ ਭਾਈਚਾਰੇ ਦੇ ਵੱਡੇ ਹਿੱਸੇ ਦੀ ਹਿਮਾਇਤ ਹਾਸਲ ਸੀ। ਉਦਾਹਰਨ ਲਈ, ਇਸ ਦਲੀਲ ਨੂੰ ਆਧਾਰ ਬਣਾ ਕੇ ਵੈਨਕੂਵਰ ਤੋਂ ਛਪਣ ਵਾਲੇ ਦੋ ਅਖਬਾਰਾਂ – ਵੈਨਕੂਵਰ ਨਿਊਜ਼ ਹੈਰਲਡ ਅਤੇ ਵੈਨਕੂਵਰ ਡੇਲੀ ਪ੍ਰੌਵਿੰਸ – ਨੇ ਭਾਰਤੀਆਂ ਦੇ ਹੱਕ ਵਿੱਚ ਸੰਪਾਦਕੀ ਲਿਖੇ। 13 ਅਕਤੂਬਰ 1942 ਨੂੰ ਵੈਨਕੂਵਰ ਡੇਲੀ ਪ੍ਰੌਵਿੰਸ ਦੀ ਸੰਪਾਦਕੀ ਵਿੱਚ ਇਸ ਤਰ੍ਹਾਂ ਲਿਖਿਆ ਹੈ:

ਈਸਟ ਇੰਡੀਅਨਾਂ ਦੀਆਂ ਕੁੱਝ ਦਲੀਲਾਂ ਬਹੁਤ ਜਾਇਜ਼ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹ ਬ੍ਰਿਟਿਸ਼ ਸਬਜੈਕਟ ਹਨ। ਉਹ ਕਹਿੰਦੇ ਹਨ ਕਿ ਉਹ ਵਫਾਦਾਰ ਹਨ ਅਤੇ ਇਸ (ਦਾਅਵੇ) ਦੇ ਵਿਰੁੱਧ ਥੋੜ੍ਹੀ ਜਿੰਨੀ ਵੀ ਗਵਾਹੀ ਨਾ ਹੋਣ ਕਾਰਨ, ਇਹ ਮੰਨ ਲੈਣਾ ਚਾਹੀਦਾ ਹੈ ਕਿ ਉਹ ਵਫਾਦਾਰ ਹਨ। ਉਹ ਕਹਿੰਦੇ ਹਨ ਕਿ ਜੇ ਉਹਨਾਂ ਨੂੰ ਨਾਗਰਿਕਤਾ ਦੇ ਦਿੱਤੀ ਜਾਵੇ ਤਾਂ ਉਹ ਕਿਸੇ ਵੀ ਤਰ੍ਹਾਂ ਕਨੇਡਾ ਦੇ ਸੇਵਾ ਕਰਨ ਵਿੱਚ ਖੁਸ਼ੀ ਮਹਿਸੂਸ ਕਰਨਗੇ। ਨਾਗਰਿਕਾਂ ਦੇ ਅਧਿਕਾਰ ਨਾ ਹੋਣ ਦੇ ਬਾਵਜੂਦ ਉਹਨਾਂ ਵਿੱਚੋਂ ਕਈਆਂ ਉੱਪਰ ਜ਼ਬਰੀ ਭਰਤੀ ਲਾਗੂ ਕੀਤੀ ਗਈ ਹੈ। ਉਹਨਾਂ ਦਾ ਕਹਿਣਾ ਹੈ ਕਿ ਇਹ ਜਾਇਜ਼ ਨਹੀਂ। ਇਸ ਸੂਬੇ ਵਿੱਚ ਈਸਟ ਇੰਡੀਅਨ ਸੰਨ 1908 ਤੋਂ ਵੋਟ ਦੇ ਹੱਕ ਦੀ ਮੰਗ ਕਰ ਰਹੇ ਹਨ। ਜੇ ਇਹ (ਮੰਗ) ਕਦੇ ਵੀ ਸਵੀਕਾਰ ਕਰਨੀ ਹੈ ਤਾਂ ਹੁਣ, ਜਦੋਂ ਕਿ ਇਸ ਤੋਂ ਵੱਡਾ ਸਿਆਸੀ ਲਾਭ ਲਿਆ ਜਾ ਸਕਦਾ ਹੈ, ਸਭ ਤੋਂ ਸਹੀ ਸਮਾਂ ਹੈ।

ਹਿੰਦੁਸਤਾਨ ਵਿੱਚ ਅਜ਼ਾਦੀ ਦੀ ਲੜਾਈ ਕਾਰਨ ਪੈਦਾ ਹੋਈ ਸਿਆਸੀ ਅਸਥਿਰਤਾ ਨੂੰ ਵੀ ਕੈਨੇਡੀਅਨ-ਭਾਰਤੀ ਕਮਿਊਨਿਟੀ ਇਕ ਦਲੀਲ ਵਜੋਂ ਵਰਤਦੀ ਸੀ। ਸੰਨ 1942-43 ਵਿੱਚ ਹਿੰਦੁਸਤਾਨ ਵਿੱਚ 'ਭਾਰਤ ਛੱਡੋ' ਅੰਦੋਲਨ ਜ਼ੋਰਾਂ ਉੱਤੇ ਸੀ। ਸੰਨ 1942 ਵਿੱਚ ਬੀ. ਸੀ. ਅਤੇ ਕੈਨੇਡਾ ਦੀ ਸਰਕਾਰ ਨੂੰ ਦਿੱਤੀ ਪਟੀਸ਼ਨ ਵਿੱਚ ਭਾਰਤੀ ਕਮਿਊਨਿਟੀ ਦੇ ਲੀਡਰਾਂ ਦੀ ਇਕ ਦਲੀਲ ਇਹ ਵੀ ਸੀ ਕਿ ਕੈਨੇਡਾ ਵਿੱਚ ਭਾਰਤੀਆਂ ਨੂੰ ਵੋਟ ਦਾ ਹੱਕ ਦੇਣਾ ਹਿੰਦੁਸਤਾਨ ਵਿੱਚ ਸਿਆਸੀ ਗੜਬੜ ਨੂੰ ਸ਼ਾਂਤ ਕਰਨ ਵਿੱਚ ਸਹਾਈ ਹੋ ਸਕਦਾ ਹੈ।

ਅਗਲੀ ਦਲੀਲ ਜੋ ਕੈਨੇਡੀਅਨ ਭਾਰਤੀ ਕਮਿਊਨਿਟੀ ਵੋਟ ਦਾ ਹੱਕ ਲੈਣ ਲਈ ਵਰਤਦੀ ਸੀ, ਉਹ ਸੀ ਕੈਨੇਡਾ ਦੀ ਉਸਾਰੀ ਵਿੱਚ ਭਾਰਤੀ ਕਮਿਊਨਿਟੀ ਦਾ ਯੋਗਦਾਨ। ਭਾਰਤੀ ਕਮਿਊਨਿਟੀ ਦੀ ਇਹ ਦਲੀਲ ਸੀ ਕਿ ਭਾਰਤੀ ਲੋਕ ਕਨੇਡਾ ਵਿੱਚ ਚੰਗੇ ਸ਼ਹਿਰੀਆਂ ਵਜੋਂ ਰਹਿੰਦੇ ਸਨ, ਕੈਨੇਡਾ ਦੀ ਸਰਕਾਰ ਨੂੰ ਟੈਕਸ ਦਿੰਦੇ ਸਨ ਅਤੇ ਕੈਨੇਡਾ ਦੇ ਆਰਥਿਕ ਵਿਕਾਸ ਵਿੱਚ ਹਿੱਸੇ ਆਉਂਦਾ ਯੋਗਦਾਨ ਪਾ ਰਹੇ ਸਨ। ਇਸ ਸੰਬੰਧ ਵਿੱਚ 9 ਅਪ੍ਰੈਲ 1927 ਨੂੰ ਭਾਰਤੀ ਕਮਿਊਨਿਟੀ ਵਲੋਂ ਕੈਨੇਡਾ ਦੇ ਗਵਰਨਰ ਜਨਰਲ ਵਾਈਕਾਊਂਟ ਵਿਲਿੰਗਡਨ ਨੂੰ ਦਿੱਤੀ ਪਟੀਸ਼ਨ ਵਿੱਚ ਇਸ ਤਰ੍ਹਾਂ ਲਿਖਿਆ ਹੈ:

ਹੁਣ ਕੈਨੇਡਾ ਵਿੱਚ 1100 ਦੇ ਲੱਗਭਗ (ਭਾਰਤੀ ਮੂਲ ਦੇ) ਬ੍ਰਿਟਿਸ਼ ਸਬਜੈਕਟ ਰਹਿੰਦੇ ਹਨ। ਇਹਨਾਂ ਵਿੱਚੋਂ ਬਹੁਤੇ ਕੈਨੇਡਾ ਵਿੱਚ ਵੀਹ-ਪੱਚੀ ਸਾਲਾਂ ਤੋਂ ਰਹਿ ਰਹੇ ਹਨ। ਇਸ ਸਮੇਂ ਦੌਰਾਨ ਉਹਨਾਂ ਨੇ ਵੱਡੀ ਗਿਣਤੀ ਵਿੱਚ ਜ਼ਮੀਨ ਖਰੀਦੀ ਅਤੇ ਸੁਧਾਰੀ ਹੈ। ਇਸ ਤੋਂ ਬਿਨਾਂ ਉਹਨਾਂ ਨੇ ਕਈ ਮਹੱਤਵਪੂਰਨ ਅਤੇ ਖੁਸ਼ਹਾਲ ਸਨਅਤਾਂ ਨੂੰ ਉਸਾਰਿਆ ਹੈ। ਵੱਡੀ ਗਿਣਤੀ ਵਿੱਚ ਟੈਕਸ ਅਦਾ ਕੀਤਾ ਹੈ ਅਤੇ ਇਸ ਦੇ ਨਾਲ ਨਾਲ (ਨਵੇਂ) ਅਪਣਾਏ ਦੇਸ਼ ਵਿੱਚ ਚੰਗੇ ਅਤੇ ਮਿਹਨਤੀ ਨਾਗਰਿਕਾਂ ਵਾਂਗ ਰਹਿ ਰਹੇ ਹਨ।

ਫਿਰ ਚਾਲੀਵਿਆਂ ਵਿੱਚ ਵੀ ਇਹ ਦਲੀਲ ਵਾਰ ਵਾਰ ਵਰਤੀ ਜਾਂਦੀ ਰਹੀ। ਉਦਾਹਰਨ ਲਈ, 2 ਮਾਰਚ 1943 ਨੂੰ ਭਾਰਤੀ ਕਮਿਊਨਿਟੀ ਅਤੇ ਉਸ ਦੇ ਹਮਦਰਦਾਂ ਦਾ ਇਕ ਡੈਲੀਗੇਸ਼ਨ ਬੀ. ਸੀ. ਦੇ ਪ੍ਰੀਮੀਅਰ ਜਾਹਨ ਹਾਰਟ ਨੂੰ ਮਿਲਿਆ। ਇਸ ਡੈਲੀਗੇਸ਼ਨ ਦੇ ਮੈਂਬਰ ਸਨ: ਨਰਿੰਦਰ ਸਿੰਘ ਗਿੱਲ, ਖਾਲਸਾ ਦੀਵਾਨ ਸੁਸਾਇਟੀ ਦਾ ਸੈਕਟਰੀ; ਨਰਿੰਜਨ ਸਿੰਘ, ਖਾਲਸਾ ਦੀਵਾਨ ਦਾ ਪ੍ਰੈਜ਼ੀਡੈਂਟ; ਦਰਸ਼ਨ ਸਿੰਘ ਸੰਘਾ (ਜੋ ਬਾਅਦ ਵਿੱਚ ਪੰਜਾਬ ਦੀ ਸਿਆਸਤ ਵਿੱਚ ਦਰਸ਼ਨ ਸਿੰਘ ਕੈਨੇਡੀਅਨ ਵਜੋਂ ਮਸ਼ਹੂਰ ਹੋਏ); ਹਜ਼ਾਰਾ ਸਿੰਘ ਗਰਚਾ; ਹਰਨਾਮ ਸਿੰਘ, ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਦਾ ਪ੍ਰੈਜ਼ੀਡੈਂਟ; ਦੀਦਾਰ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦਾ ਖਜ਼ਾਨਚੀ; ਅਰਜਨ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦਾ ਉੱਪ ਖਜ਼ਾਨਚੀ; ਮਹਿੰਦਰ ਸਿੰਘ; ਫੰਗਨ ਸਿੰਘ; ਜੀ. ਐੱਸ਼ ਬਾਦਲ; ਬਾਹੂ ਸਿੰਘ; ਸਰ ਰੌਬਰਟ ਹਾਲੈਂਡ ਅਤੇ ਇੰਟਰਨੈਸ਼ਨਲ ਵੁੱਡਵਰਕਰਜ਼ ਆਫ ਅਮਰੀਕਾ (ਆਈ. ਡਬਲਿਊ. ਏ.) ਦੇ ਡਿਸਟ੍ਰਿਕਟ ਨੰਬਰ 1 ਦਾ ਪ੍ਰੈਜ਼ੀਡੈਂਟ ਹੈਰਲਡ ਪਰਿਚਟ। ਡੈਲੀਗੇਸ਼ਨ ਦੀ ਬੀ. ਸੀ. ਦੇ ਪ੍ਰੀਮੀਅਰ ਨਾਲ ਹੋਈ ਮੀਟਿੰਗ ਦੌਰਾਨ ਖਾਲਸਾ ਦੀਵਾਨ ਸੁਸਾਇਟੀ ਦੇ ਸੈਕਟਰੀ ਨਰਿੰਦਰ ਸਿੰਘ ਗਿੱਲ ਨੇ ਬਰੀਫ ਪੜ੍ਹਦਿਆਂ ਕਿਹਾ:

ਅਸੀਂ ਇਮਾਨਦਾਰੀ ਨਾਲ ਨਾਗਰਿਕਾਂ ਦੇ ਫਰਜ਼ ਅਤੇ ਜ਼ਿੰਮੇਵਾਰੀਆਂ ਨਿਭਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਸਾਨੂੰ ਨਾਗਰਿਕਤਾ ਦਾ ਲੋਕਤੰਤਰੀ ਅਧਿਕਾਰ ਨਹੀਂ ਦਿੱਤਾ ਗਿਆ। ਸਾਡਾ ਦਾਅਵਾ ਹੈ ਕਿ ਸਾਨੂੰ ਇਹ ਹੱਕ ਨਾ ਦੇਣ ਦੀ ਉਚਿਤਤਾ ਤਰਕ ਅਤੇ ਦਲੀਲ ਤੋਂ ਕੋਰੀ ਹੈ। ਅਸੀਂ ਲੋਕ ਪੁਰਾਣੀ ਅਤੇ ਲੋਕਤੰਤਰਿਕ ਪਰੰਪਰਾ ਦੇ ਧਾਰਨੀ ਹਾਂ। ਅਸੀਂ ਜਮ੍ਹੂਰੀਅਤ ਦੇ ਅਸੂਲਾਂ ਅਤੇ ਆਜ਼ਾਦੀਆਂ ਵਿੱਚ ਯਕੀਨ ਰੱਖਦੇ ਹਾਂ ਅਤੇ ਉਹਨਾਂ ਲਈ ਲੜਨ ਨੂੰ ਤਿਆਰ ਹਾਂ। ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਕਨੇਡੀਅਨ ਕਮਿਊਨਿਟੀ ਦੇ ਸਤਿਕਾਰਯੋਗ ਮੈਂਬਰਾਂ ਦਾ ਰੋਲ ਅਦਾ ਕਰਦੇ ਹੋਏ ਚੰਗੇ ਕਨੇਡੀਅਨ ਅਤੇ ਜ਼ਿੰਮੇਵਾਰ ਸ਼ਹਿਰੀਆਂ ਦੇ ਤੌਰ 'ਤੇ ਵੱਡੇ ਹੋਣ।

ਇਸ ਹੀ ਤਰ੍ਹਾਂ 16 ਸਤੰਬਰ 1947 ਨੂੰ ਹੈਰੀਸਨ ਹਾਟ ਸਪਰਿੰਗਜ਼ ਵਿਖੇ ਬੀ. ਸੀ. ਦੀਆਂ ਮਿਊਂਸਪੈਲਟੀਆਂ ਦੀ ਯੂਨੀਅਨ ਦੀ ਮੀਟਿੰਗ ਵਿੱਚ ਭਾਰਤੀਆਂ ਕੈਨੇਡੀਅਨਾਂ ਨੂੰ ਮਿਊਂਸਪੈਲ ਪੱਧਰ ਉੱਤੇ ਵੋਟ ਦਾ ਅਧਿਕਾਰ ਦੇਣ ਦੇ ਹੱਕ ਵਿੱਚ ਬੋਲਦਿਆਂ ਡਾ: ਪਾਂਡੀਆ ਨੇ ਕਿਹਾ ਕਿ ਭਾਰਤੀ ਲੋਕ ਜਾਇਦਾਦਾਂ ਦੇ ਮਾਲਕ ਹਨ ਅਤੇ ਟੈਕਸ ਦਿੰਦੇ ਹਨ। ਡੈਮੋਕਰੇਸੀ ਦਾ ਅਸੂਲ ਹੈ ਕਿ ਨੁਮਾਇੰਦਗੀ ਦੇ ਹੱਕ ਤੋਂ ਬਿਨਾਂ ਟੈਕਸ ਨਹੀਂ ਲੱਗਣਾ ਚਾਹੀਦਾ। ਭਾਰਤੀਆਂ ਨੇ ਕਨੇਡਾ ਦੀ ਆਰਥਿਕਤਾ, ਖਾਸ ਕਰਕੇ ਲੱਕੜ ਅਤੇ ਖੇਤੀਬਾੜੀ ਦੇ ਖਿਤੇ ਦਾ ਵਿਕਾਸ ਕਰਨ ਵਿੱਚ, ਇਕ ਮੋਢੀ ਰੋਲ ਨਿਭਾਇਆ ਹੈ। ਭਾਰਤੀ ਲੋਕ ਵਫਾਦਾਰ ਲੋਕ ਹਨ ਅਤੇ ਉਹਨਾਂ ਨੇ ਛੇਵੇਂ ਵਾਇਸਰਾਏ ਦੇ ਬਾਂਡਾਂ ਵਿੱਚ ਅੱਧੇ ਮਿਲੀਅਨ (5 ਲੱਖ) ਤੋਂ ਵੱਧ ਡਾਲਰ ਲਾਏ ਹਨ ਅਤੇ ਉਹਨਾਂ ਨੇ ਰੈੱਡ ਕਰਾਸ ਅਤੇ ਹਸਪਤਾਲਾਂ ਲਈ ਦਿਲ ਖੋਲ੍ਹ ਕੇ ਦਾਨ ਦਿੱਤਾ ਹੈ।

ਜਿੱਥੇ ਭਾਰਤ ਵਿਚਲੀ ਅੰਗਰੇਜ਼ੀ ਸਰਕਾਰ ਦੇ ਨੁਮਾਇੰਦੇ ਕਨੇਡਾ ਵਿੱਚ ਭਾਰਤੀਆਂ ਲਈ ਸਿਰਫ ਨਾਗਰਿਕਤਾ ਦੇ ਅਧਿਕਾਰਾਂ ਦੀ ਹੀ ਗੱਲ ਕਰਦੇ ਸਨ ਉੱਥੇ ਕਨੇਡਾ ਦੀ ਸਥਾਨਕ ਭਾਰਤੀ ਕਮਿਊਨਿਟੀ ਨਾਗਰਿਕਤਾ ਦੇ ਅਧਿਕਾਰਾਂ ਦੇ ਨਾਲ ਨਾਲ ਕਨੇਡਾ ਵਿੱਚ ਭਾਰਤੀਆਂ ਨੂੰ ਵਧੇਰੇ ਇੰਮੀਗਰੇਸ਼ਨ ਦੇਣ ਦੀ ਵੀ ਮੰਗ ਕਰਦੀ ਸੀ। ਉਦਾਹਰਨ ਲਈ, 9 ਅਪ੍ਰੈਲ 1927 ਵਿੱਚ ਵਾਈਕਾਊਂਟ ਵਿਲਿੰਗਡਨ ਅੱਗੇ ਪੇਸ਼ ਕੀਤੀ ਪਟੀਸ਼ਨ ਵਿੱਚ ਭਾਰਤੀ ਕਮਿਊਨਿਟੀ ਨੇ ਹਰ



ਸਾਲ ਕੁਝ ਭਾਰਤੀਆਂ ਨੂੰ ਕਨੇਡਾ ਵਿੱਚ ਆਉਣ ਦੇਣ ਅਤੇ ਵਿਦਿਆਰਥੀਆਂ ਅਤੇ ਵਪਾਰੀਆਂ ਉੱਤੇ ਲਾਈਆਂ ਬੰਦਸ਼ਾਂ ਨੂੰ ਨਰਮ ਕਰਨ ਦੀ ਮੰਗ ਕੀਤੀ ਸੀ।

ਵੋਟ ਦਾ ਹੱਕ ਲੈਣ ਲਈ ਲੜੀ ਲੰਮੀ ਅਤੇ ਔਖੀ ਲੜਾਈ ਦੌਰਾਨ ਕਨੇਡਾ ਦੀ ਭਾਰਤੀ ਕਮਿਊਨਿਟੀ ਨੇ ਕਮਿਊਨਿਟੀ ਤੋਂ ਬਾਹਰ ਦੇ ਲੋਕਾਂ, ਦੋਸਤਾਂ ਅਤੇ ਹਮਦਰਦਾਂ ਨਾਲ ਸੰਬੰਧ ਸਥਾਪਤ ਕੀਤੇ ਅਤੇ ਉਹਨਾਂ ਤੋਂ ਮਦਦ ਲਈ। ਇਸ ਲੰਮੀ ਲੜਾਈ ਵਿੱਚ ਕਨੇਡਾ ਦੀ ਬਹੁਗਿਣਤੀ ਕਮਿਊਨਿਟੀ ਵਿਚੋਂ ਮਦਦ ਕਰਨ ਵਾਲੇ ਲੋਕਾਂ ਵਿੱਚ ਸੋਸ਼ਲਿਸਟ ਜਥੇਬੰਦੀਆਂ, ਟਰੇਡ ਯੂਨੀਅਨ ਲਹਿਰ, ਸੀਥ ਸੀਥ ਐੱਫ਼ ਪਾਰਟੀ, ਲੇਬਰ ਪਰਾਗਰੈਸਿਵ ਪਾਰਟੀ, ਚਰਚਾਂ, ਟੀਚਰਾਂ ਦੀਆਂ ਐਸੋਸੀਏਸ਼ਨਾਂ ਆਦਿ ਸ਼ਾਮਲ ਸਨ। ਜਥੇਬੰਦੀਆਂ ਤੋਂ ਬਿਨਾਂ ਉਸ ਸਮੇਂ ਦੇ ਕਈ ਉੱਘੇ ਕਨੇਡੀਅਨ ਲੋਕਾਂ ਨੇ ਵੀ ਇਸ ਘੋਲ ਵਿੱਚ ਭਾਰਤੀਆਂ ਦੀ ਮਦਦ ਕੀਤੀ।

ਬੇਸ਼ੱਕ ਕਨੇਡਾ ਵਿੱਚ ਭਾਰਤੀਆਂ ਵਲੋਂ ਵੋਟ ਦਾ ਹੱਕ ਲੈਣ ਦੀ ਜੱਦੋਜਹਿਦ ਲੰਮਾ ਸਮਾਂ ਚੱਲੀ ਪਰ ਇਸ ਲਹਿਰ ਦਾ ਸਿਖਰ ਸੰਨ 1942-47 ਦੇ ਵਿਚਕਾਰ ਸੀ। ਉਸ ਸਮੇਂ ਦੌਰਾਨ ਭਾਰਤੀ ਕਮਿਊਨਿਟੀ ਨੂੰ ਸੀਥ ਸੀਥ ਐਫ਼ ਪਾਰਟੀ ਅਤੇ ਟਰੇਡ ਯੂਨੀਅਨ ਲਹਿਰ ਵਲੋਂ ਜੋ ਮਦਦ ਮਿਲੀ ਉਸ ਦਾ ਜ਼ਿਕਰ ਅਸੀਂ ਥੋੜੇ ਵਿਸਥਾਰ ਵਿੱਚ ਕਰਨਾ ਚਾਹਾਂਗੇ ਕਿਉਂਕਿ ਸਾਡੇ ਖਿਆਲ ਵਿੱਚ ਉਹਨਾਂ ਵਲੋਂ ਮਿਲੀ ਮਦਦ ਨੇ ਇਸ ਜੱਦੋਜਹਿਦ ਵਿੱਚ ਫੈਸਲਾਕੁੰਨ ਰੋਲ ਅਦਾ ਕੀਤਾ। ਸੀ. ਸੀ. ਐਫ਼ ਪਾਰਟੀ ਦੇ ਨੁਮਾਇੰਦੇ ਕੈਨੇਡਾ ਵਿੱਚ ਭਾਰਤੀਆਂ ਨੂੰ ਵੋਟ ਦਾ ਹੱਕ ਮਿਲਣ ਦੇ ਮਸਲੇ ਨੂੰ ਬੀਥ ਸੀਥ ਦੀ ਅਸੰਬਲੀ ਵਿੱਚ ਲੈ ਕੇ ਗਏ ਅਤੇ ਉਸ ਦੇ ਹੱਕ ਵਿੱਚ ਬੋਲੇ। ਸੀਥ ਸੀਥ ਐਫ਼ ਪਾਰਟੀ ਦੇ ਰੋਲ ਬਾਰੇ ਗੱਲ ਕਰਦਿਆਂ, ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਦੇ ਪ੍ਰੈਜ਼ੀਡੈਂਟ ਹਰਨਾਮ ਸਿੰਘ ਅਤੇ ਸੈਕਟਰੀ ਸੁੰਦਰ ਸਿੰਘ ਸੁਸਾਇਟੀ ਵਲੋਂ ਸੰਨ 1947 ਵਿੱਚ ਛਾਪੀ ਆਪਣੀ ਰਿਪੋਰਟ ਵਿੱਚ ਇਸ ਤਰ੍ਹਾਂ ਲਿਖਦੇ ਹਨ:

ਭਾਵੇਂ ਅਸੀਂ ਵੋਟ ਦੇ ਕਾਨੂੰਨ ਵਿੱਚ ਤਬਦੀਲੀ ਲਿਆਉਣ ਲਈ ਅੰਦੋਲਨ ਕਰਦੇ ਰਹੇ, ਪਰ ਇਹ ਮਸਲਾ ਉਸ ਸਮੇਂ ਤੱਕ ਭਖਵਾਂ ਮਸਲਾ ਨਹੀਂ ਬਣਿਆ ਜਦੋਂ ਤੱਕ ਸੋਸ਼ਲਿਸਟ ਪਾਰਟੀ - ਦੀ ਕੋਅਪ੍ਰੇਟਿਵ ਕਾਮਨਵੈਲਥ ਫੈਡਰੇਸ਼ਨ - ਨੇ ਨਸਲੀ ਵਿਤਕਰਾ ਖਤਮ ਕਰਨ ਲਈ ਇਸ ਨੂੰ ਆਪਣੇ ਪ੍ਰੋਗਰਾਮ ਦਾ ਮੁੱਖ ਮਸਲਾ ਨਹੀਂ ਬਣਾ ਲਿਆ।

9 ਮਾਰਚ 1944 ਨੂੰ ਵੈਨਕੂਵਰ ਈਸਟ ਤੋਂ ਸੀ.ਸੀ.ਐਫ਼ ਦੇ ਅਸੰਬਲੀ ਮੈਂਬਰ ਡਬਲਿਊ. ਡਬਲਿਊ. ਲੀਫੈਕਸ ਨੇ ਅਸੰਬਲੀ ਵਿੱਚ ਬੀ. ਸੀ. ਇਲੈਕਸ਼ਨ ਐਕਟ ਵਿੱਚ ਇਕ ਤਰਮੀਮ ਪੇਸ਼ ਕੀਤੀ ਤਾਂ ਕਿ ਕੈਨੇਡਾ ਦੇ ਭਾਰਤੀਆਂ ਨੂੰ ਵੋਟ ਦਾ ਹੱਕ ਦਿੱਤਾ ਜਾ ਸਕੇ। ਵੈਨਕੂਵਰ ਸੈਂਟਰ ਤੋਂ ਸੀ. ਸੀ. ਐਫ਼ ਦੀ ਅਸੰਬਲੀ ਮੈਂਬਰ ਸ਼੍ਰੀ ਮਤੀ ਲਾਰਾ ਜੇਮੀਸਨ ਇਸ ਤਰਮੀਮ ਦੇ ਹੱਕ ਵਿੱਚ ਬੋਲੀ। ਪਰ ਇਹ ਤਰਮੀਮ ਪਾਸ ਨਾ ਹੋ ਸਕੀ ਕਿਉਂਕਿ ਅਸੰਬਲੀ ਦੇ ਸਪੀਕਰ ਮਿਸਟਰ ਵਿਟੇਕਰ ਨੇ ਉਸ ਬਿੱਲ, ਜਿਸ ਵਿੱਚ ਇਹ ਤਰਮੀਮ ਸ਼ਾਮਲ ਸੀ, ਨੂੰ ਕੁਝ ਤਕਨੀਕੀ ਕਾਰਨਾਂ ਕਰਕੇ ਆਊਟ ਆਫ ਆਰਡਰ ਕਰਾਰ ਦੇ ਦਿੱਤਾ। ਇਸ ਤੋਂ ਬਾਅਦ ਬੀ. ਸੀ. ਦੀ ਸੀ. ਸੀ. ਐਫ਼ ਪਾਰਟੀ ਦੇ ਮੈਂਬਰ ਕੈਨੇਡਾ ਦੇ ਭਾਰਤੀਆਂ ਦੇ ਵੋਟ ਦੇ ਹੱਕ ਵਿੱਚ ਬੋਲਦੇ ਰਹੇ। 23 ਅਕਤੂਬਰ 1944 ਨੂੰ ਬੀ. ਸੀ. ਦੀ ਸੀ. ਸੀ. ਐਫ਼ ਪਾਰਟੀ ਦਾ ਨੇਤਾ ਹੈਰਾਲਡ ਈਥ ਵਿਚ ਵੈਨਕੂਵਰ ਦੇ ਗੁਰਦੁਆਰੇ ਆਇਆ ਅਤੇ ਬੋਲਿਆ, ਸੀ. ਸੀ. ਐਫ਼ ਦੀ ਪਾਲਸੀ ਨਸਲ ਦਾ ਖਿਆਲ ਕੀਤੇ ਬਿਨਾਂ ਕਨੇਡਾ ਵਿੱਚ ਕਾਨੂੰਨੀ ਤੌਰ ਉੱਤੇ ਰਹਿ ਰਹੇ ਸਾਰੇ ਲੋਕਾਂ ਨੂੰ ਨਾਗਰਿਕਤਾ ਦੇਣ ਦੇ ਹੱਕ ਵਿੱਚ ਹੈ।

ਉਸ ਤੋਂ ਬਾਅਦ ਬੀ.ਸੀ. ਅਸੰਬਲੀ ਦੇ ਅਗਲੇ ਸਾਲ ਦੇ ਸੈਸ਼ਨ ਦੌਰਾਨ, 15 ਮਾਰਚ 1945 ਨੂੰ ਵੈਨਕੂਵਰ ਸੈਂਟਰ ਤੋਂ ਸੀਥ ਸੀਥ ਐਫ਼ ਪਾਰਟੀ ਨਾਲ ਸੰਬੰਧਤ ਅਸੰਬਲੀ ਮੈਂਬਰ ਡਬਲਿਊ. ਡਬਲਿਊ. ਲੀਫੈਕਸ ਨੇ ਇਕ ਵਾਰ ਫੇਰ ਕੈਨੇਡਾ ਦੇ ਭਾਰਤੀਆਂ ਨੂੰ ਬੀ. ਸੀ. ਵਿਚ ਵੋਟ ਦਾ ਹੱਕ ਦੇਣ ਲਈ ਬੀ. ਸੀ. ਦੇ ਇਲੈਕਸ਼ਨ ਐਕਟ ਵਿੱਚ ਤਰਮੀਮ ਕਰਨ ਲਈ ਬਿਲ ਪੇਸ਼ ਕੀਤਾ। ਬਿਲ ਪੇਸ਼ ਕਰਦੇ ਸਮੇਂ ਉਸ ਨੇ ਕਿਹਾ, ਇਹ ਸਮਾਂ, ਜਦੋਂ ਹਜ਼ਾਰਾਂ ਦੀ ਗਿਣਤੀ ਵਿੱਚ ਭਾਰਤੀ ਫੌਜੀ ਬਰਮਾ ਦੇ ਜੰਗਲਾਂ ਵਿੱਚ ਲੋਕਤੰਤਰ ਖਾਤਰ ਆਪਣੀਆਂ ਜਾਨਾਂ ਵਾਰ ਰਹੇ ਹਨ, ਇਥੇ ਦੇ ਭਾਰਤੀਆਂ ਨੂੰ ਨਾਗਰਿਕਤਾ ਦੇ ਅਧਿਕਾਰ ਦੇਣ ਲਈ ਸਭ ਤੋਂ ਉਚਿਤ ਹੈ। ਉਹਨਾਂ ਨੂੰ ਵੋਟ ਦਾ ਹੱਕ ਨਾ ਦੇ ਕੇ ਬੀ. ਸੀ. ਲੇਬਰ ਦਾ ਨੀਵਾਂ ਪੱਧਰ ਪੈਦਾ ਕਰ ਰਿਹਾ ਹੈ ਅਤੇ ਇਕ ਅਜਿਹੀ ਮੁਸ਼ਕਿਲ ਪੈਦਾ ਕਰ ਰਿਹਾ ਹੈ ਜਿਸ ਨਾਲ, ਅਮਰੀਕਾ ਵਿੱਚ ਕਾਲਿਆਂ ਦੀ ਸਮੱਸਿਆ ਵਾਂਗ, ਕਦੇ ਨਾ ਕਦੇ ਨਜਿੱਠਣਾ ਹੀ ਪੈਣਾ ਹੈ। ਬੇਸ਼ੱਕ ਇਸ ਸਮੇਂ ਬੀ. ਸੀ. ਵਿੱਚ ਵੱਡੇ ਪੱਧਰ ਉੱਤੇ ਕਨੇਡਾ ਦੇ ਭਾਰਤੀਆਂ ਨੂੰ ਵੋਟ ਦਾ ਅਧਿਕਾਰ ਦੇਣ ਦੇ ਹੱਕ ਵਿੱਚ ਮਾਹੌਲ ਸੀ ਪਰ ਇਸ ਵਾਰ ਵੀ ਇਹ ਤਰਮੀਮ ਪਾਸ ਨਾ ਹੋ ਸਕੀ। 28 ਮਾਰਚ 1945 ਨੂੰ ਇਸ ਬਿਲ ਦੀ ਚਾਰ ਵੋਟਾਂ ਦੇ ਫਰਕ (18 ਹੱਕ ਵਿੱਚ ਅਤੇ 22 ਵਿਰੋਧ ਵਿੱਚ) ਨਾਲ ਹਾਰ ਹੋ ਗਈ। ਇਸ ਹਾਰ ਦੀ ਆਲੋਚਨਾ ਕਰਦਿਆਂ 7 ਅਪ੍ਰੈਲ 1945 ਨੂੰ ਵਿਕਟੋਰੀਆ ਡੇਲੀ ਟਾਇਮਜ਼ ਵਿੱਚ ਲਿਖੇ ਇਕ ਖਤ ਵਿੱਚ ਦਰਸ਼ਨ ਸਿੰਘ ਸੰਘਾ (ਕੈਨੇਡੀਅਨ) ਨੇ ਇਸ ਤਰ੍ਹਾਂ ਲਿਖਿਆ:

ਈਸਟ ਇੰਡੀਅਨ ਜਨਮ ਤੋਂ ਹੀ ਬ੍ਰਿਟਿਸ਼ ਸਬਜੈਕਟ ਹਨ। ਉਹ ਟੈਕਸ ਦਿੰਦੇ ਹਨ ਅਤੇ ਉਹ ਸਾਰੇ ਫਰਜ਼ ਨਿਭਾਉਂਦੇ ਹਨ ਜਿਹਨਾਂ ਦੀ ਇਕ ਪੂਰੇ ਨਾਗਰਿਕ ਤੋਂ ਆਸ ਕੀਤੀ ਜਾਂਦੀ ਹੈ। ਇਹ ਗੱਲ ਸਮਝ ਤੋਂ ਬਾਹਰ ਹੈ ਕਿ ਬਰਤਾਨਵੀ ਨਾਗਰਿਕਾਂ ਨੂੰ ਬਰਤਾਨੀਆਂ ਦੀ ਡੁਮੀਨਿਅਨ ਵਿੱਚ ਪੂਰੀ ਨਾਗਰਿਕਤਾ ਦੇ ਅਧਿਕਾਰ ਨਾ ਹੋਣ....।

ਬੀ . ਸੀ. ਵਿੱਚ ਭਾਰਤੀਆਂ ਦੇ ਹੱਕ ਵਿੱਚ ਮਾਹੌਲ ਹੁੰਦੇ ਹੋਏ ਵੀ ਇਸ ਬਿੱਲ ਦੀ ਹਾਰ ਕਿਉਂ ਹੋ ਗਈ? ਇਸ ਦਾ ਵੱਡਾ ਕਾਰਨ ਸੀ ਬੀ. ਸੀ. ਦੀ ਲਿਬਰਲ ਸਰਕਾਰ ਸੀ ਜੋ ਭਾਰਤੀਆਂ ਨੂੰ ਵੋਟ ਦਾ ਹੱਕ ਨਹੀਂ ਦੇਣਾ ਚਾਹੁੰਦੀ ਸੀ। ਇਸ ਲਈ ਉਸ ਸਮੇਂ ਦੀ ਲਿਬਰਲ ਸਰਕਾਰ ਦੇ ਰਵੱਈਏ ਉੱਤੇ ਇਕ ਸੰਖੇਪ ਝਾਤ ਮਾਰ ਲੈਣੀ ਕੁਥਾਂਵੀਂ ਗੱਲ ਨਹੀਂ ਹੋਵੇਗੀ। ਫਰਵਰੀ 1944 ਵਿੱਚ ਸੀ. ਸੀ. ਐਫ਼ ਦੇ ਅਸੰਬਲੀ ਮੈਂਬਰ ਡਬਲਿਊ. ਡਬਲਿਊ. ਲੀਫੈਕਸ ਵਲੋਂ ਪੇਸ਼ ਕੀਤੀ ਗਈ ਤਰਮੀਮ ਉੱਤੇ ਹੋਈ ਬਹਿਸ ਦੌਰਾਨ 9 ਮਾਰਚ 1944 ਨੂੰ ਬੀ. ਸੀ. ਦੇ ਪ੍ਰੋਵਿੰਸ਼ਿਲ ਸੈਕਟਰੀ ਅਤੇ ਲਿਬਰਲ ਸਰਕਾਰ ਦੇ ਲੇਬਰ ਮਨਿਸਟਰ, ਆਨਰੇਬਲ ਜਾਰਜ ਪੀਅਰਸਨ, ਨੇ ਤਰਮੀਮ ਦਾ ਵਿਰੋਧ ਕਰਦਿਆਂ ਕਿਹਾ:

ਵੋਟ ਦਾ ਹੱਕ ਪ੍ਰਾਪਤ ਕਰਨ ਪਿੱਛੇ ਕੌਮੀਅਤ ਨਾਲੋਂ ਕੁਝ ਵੱਧ ਹੋਣਾ ਚਾਹੀਦਾ ਹੈ। ਇਸ ਸੂਬੇ ਵਿੱਚ ਰਹਿਣ-ਸਹਿਣ ਦਾ ਜੋ ਪੱਧਰ ਅਸੀਂ ਮਿੱਥਿਆ ਹੈ, ਉਸ ਪੱਧਰ ਨੂੰ ਕਾਇਮ ਰੱਖਣ ਵਿੱਚ ਹਿੰਦੂ ਸਾਡੀ ਮਦਦ ਨਹੀਂ ਕਰ ਰਿਹਾ। ਇਸ ਸੂਬੇ ਵਿੱਚ ਹਿੰਦੂਆਂ ਵਰਗਾ ਬੇਇਤਬਾਰਾ, ਬੇਈਮਾਨ ਅਤੇ ਧੋਖੇਬਾਜ਼ ਹੋਰ ਕੋਈ ਨਹੀਂ ਹੈ। ਅਸੀਂ ਉਹਨਾਂ ਤੋਂ ਜਾਣਕਾਰੀ ਨਹੀਂ ਲੈ ਸਕਦੇ। ਉਹ ਸਾਡੇ ਬਣਾਏ ਹਰ ਨਿਯਮ ਨੂੰ ਤੋੜਦੇ ਹਨ। ਸਾਨੂੰ ਉਹਨਾਂ ਕੇਸਾਂ ਦਾ ਪਤਾ ਹੈ ਜਿਹਨਾਂ ਵਿੱਚ ਨੌਕਰੀ ਲੈਣ ਲਈ ਹਿੰਦੂਆਂ ਨੂੰ ਦੂਜੇ ਹਿੰਦੂਆਂ ਨੂੰ ਪੈਸੇ ਦੇਣੇ ਪਏ ਸਨ। ਲੇਬਰ ਡੀਪਾਰਟਮੈਂਟ ਵਿੱਚ ਚੀਨੇ ਜ਼ਿੰਦਗੀ ਦਾ ਫਿਕਰ ਬਣੇ ਹੋਏ ਹਨ; ਅਤੇ ਜਾਪਾਨੀ ਵੀ। ਉਹਨਾਂ ਨੂੰ ਪੂਰੇ ਅਧਿਕਾਰਾਂ ਤੋਂ ਵਾਂਝੇ ਰੱਖ ਕੇ ਅਸੀਂ ਠੀਕ ਕਰ ਰਹੇ ਹਾਂ।

ਮਿਸਟਰ ਪੀਅਰਸਨ ਦੇ ਇਸ ਬਿਆਨ ਨਾਲ ਭਾਰਤੀ ਕਮਿਊਨਿਟੀ ਅਤੇ ਉਸ ਦੇ ਹਮਦਰਦਾਂ ਵਿੱਚ ਗੁੱਸੇ ਦੀ ਲਹਿਰ ਦੌੜ ਗਈ। ਵੈਨਕੂਵਰ ਸੈਂਟਰ ਤੋਂ ਸੀ. ਸੀ. ਐਫ਼ ਦੀ ਮੈਂਬਰ ਲਾਰਾ ਜੇਮੀਸਨ ਨੇ ਅਸੰਬਲੀ ਵਿੱਚ ਲੇਬਰ ਮਨਿਸਟਰ ਦੇ ਬਿਆਨ ਦਾ ਨੋਟਿਸ ਲੈਂਦਿਆਂ ਕਿਹਾ ਕਿ ਲੇਬਰ ਮਨਿਸਟਰ ਦੇ ਬਿਆਨ ਵਿੱਚੋਂ ਰੰਗ ਦੇ ਆਧਾਰ ਉੱਤੇ ਵਿਤਕਰੇ ਦੀ ਝਲਕ ਮਿਲਦੀ ਹੈ।

ਕੈਨੇਡੀਅਨ-ਭਾਰਤੀ ਕਮਿਊਨਿਟੀ ਵਲੋਂ ਇਸ ਬਿਆਨ ਦਾ ਬੜਾ ਸਖਤ ਨੋਟਿਸ ਲਿਆ ਗਿਆ। ਇਸ ਬਿਆਨ ਦੇ ਪ੍ਰਤੀਕਰਮ ਵਿੱਚ ਖਾਲਸਾ ਦੀਵਾਨ ਸੁਸਾਇਟੀ ਦੇ ਸੈਕਟਰੀ ਨਰਿੰਦਰ ਸਿੰਘ ਗਿੱਲ ਨੇ ਕਿਹਾ, ਮਿਸਟਰ ਪੀਅਰਸਨ ਦੇ ਇਹ ਬਿਆਨ ਨਾਵਾਜਬ ਅਤੇ ਅਕਾਰਨ ਹਨ। ਜਦੋਂ ਮਿਸਟਰ ਪੀਅਰਸਨ ਆਪਣੇ ਹੂੰਝਾ-ਫੇਰੂ ਬਿਆਨ ਵਿੱਚ ਚੀਨਿਆਂ ਨੂੰ ਵੀ ਸ਼ਾਮਲ ਕਰ ਲੈਂਦਾ ਹੈ ਤਾਂ ਉਹ ਇਕ ਸ਼ਾਵਨਵਾਦੀ ਰਵੱਈਆ ਅਖਤਿਆਰ ਕਰਦਾ ਹੈ, ਜੋ ਕਿ ਨਾਜ਼ੀਆਂ ਦੀ 'ਮਾਸਟਰ ਰੇਸ' ਦੀਆਂ ਥਿਊਰੀਆਂ ਦੀ ਵਿਸ਼ੇਸ਼ਤਾ ਹੈ।(36) ਨਰਿੰਦਰ ਸਿੰਘ ਗਿੱਲ ਨੇ ਅਗਾਂਹ ਮਿਸਟਰ ਪੀਅਰਸਨ ਨੂੰ ਚੁਣੌਤੀ ਦਿੰਦਿਆਂ ਕਿਹਾ:

ਜੇ ਮਿਸਟਰ ਪੀਅਰਸਨ ਇਕ ਸਨਮਾਨਯੋਗ ਵਿਅਕਤੀ ਹੋਵੇਗਾ ਤਾਂ ਉਹ ਆਪਣੇ ਵਲੋਂ ਕਹੇ ਸਚਾਈ-ਰਹਿਤ ਸ਼ਬਦਾਂ ਲਈ ਪਬਲਿਕ ਤੌਰ ਉੱਤੇ ਮੁਆਫੀ ਮੰਗ ਲਵੇਗਾ। ਪਰ ਜੇ ਉਹ ਅਜਿਹਾ ਨਹੀਂ ਕਰਨਾ ਚਾਹੁੰਦਾ ਤਾਂ ਉਸ ਨੂੰ ਇਹ ਸ਼ਬਦ ਅਸੰਬਲੀ ਤੋਂ ਬਾਹਰ ਦੁਹਰਾਉਣੇ ਚਾਹੀਦੇ ਹਨ। ਅਸੀਂ ਉਸ ਨੂੰ ਯਕੀਨ ਦਿਵਾਉਂਦੇ ਹਾਂ ਕਿ ਜੇ ਉਹ ਅਜਿਹਾ ਕਰੇਗਾ ਤਾਂ ਅਸੀਂ ਇਕ ਦਮ ਹੱਤਕ-ਇੱਜ਼ਤ ਦਾ ਮੁਕੱਦਮਾ ਕਰ ਦੇਵਾਂਗੇ ਤਾਂ ਕਿ ਕਚਹਿਰੀਆਂ ਇਹ ਫੈਸਲਾ ਕਰ ਸਕਣ ਕਿ ਕੀ ਅਸੀਂ ਅਜਿਹੇ ਅਣਚਾਹੇ ਨਾਗਰਿਕ ਹਾਂ ਜਾਂ ਨਹੀਂ ਜਿਹਨਾਂ ਦੀ ਮਿਸਟਰ ਪੀਅਰਸਨ ਨੇ ਸੰਸਦੀ ਵਿਸ਼ੇਸ਼ ਅਧਿਕਾਰਾਂ ਦੀ ਓਟ ਲੈ ਕੇ ਅਕਾਰਨ ਹੀ ਬੇਇੱਜ਼ਤੀ ਕੀਤੀ ਹੈ।

14 ਮਾਰਚ 1944 ਨੂੰ ਕਨੇਡੀਅਨ ਭਾਰਤੀ ਕਮਿਊਨਿਟੀ ਵਲੋਂ ਇਕ ਡੈਲੀਗੇਸ਼ਨ ਇਸ ਬਿਆਨ ਬਾਰੇ ਰਸਮੀ ਤੌਰ ਉੱਤੇ ਰੋਸ ਪ੍ਰਗਟ ਕਰਨ ਲਈ ਲੇਬਰ ਮਨਿਸਟਰ ਪੀਅਰਸਨ ਨੂੰ ਮਿਲਿਆ। ਇਸ ਡੈਲੀਗੇਸ਼ਨ ਦੇ ਮੈਂਬਰ ਸਨ: ਨਰਿੰਦਰ ਸਿੰਘ ਗਿੱਲ, ਸੈਕਟਰੀ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ; ਜੈਰੀ ਸਿੰਘ ਹੁੰਦਲ; ਮਹਿੰਦਰ ਸਿੰਘ, ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਦਾ ਨੁਮਾਇੰਦਾ ਅਤੇ ਦਰਸ਼ਨ ਸਿੰਘ ਸੰਘਾ (ਕੈਨੇਡੀਅਨ)। ਇਸ ਡੈਲੀਗੇਸ਼ਨ ਨੇ ਲੇਬਰ ਮਨਿਸਟਰ ਪੀਅਰਸਨ ਨੂੰ ਰੋਸ ਭਰਿਆ ਪੱਤਰ ਦਿੱਤਾ ਅਤੇ ਮੰਗ ਕੀਤੀ ਕਿ ਉਹ ਆਪਣੇ ਸ਼ਬਦ ਵਾਪਸ ਲਵੇ। ਇਹ ਡੈਲੀਗੇਸ਼ਨ ਆਪਣੇ ਨਾਲ ਵਿਕਟੋਰੀਆ ਦੀ ਚੀਈਨੀਜ਼ ਯੂਥ ਐਸੋਸੀਏਸ਼ਨ ਵਲੋਂ ਲਿਖਿਆ ਇਕ ਖਤ ਵੀ ਲੈ ਕੇ ਗਿਆ ਜਿਸ ਵਿੱਚ ਲੇਬਰ ਮਨਿਸਟਰ ਪੀਅਰਸਨ ਦੇ ਸ਼ਬਦਾਂ ਵਿਰੁੱਧ ਚੀਨੀ ਭਾਈਚਾਰੇ ਵਲੋਂ ਰੋਸ ਪ੍ਰਗਟ ਕੀਤਾ ਗਿਆ ਸੀ।

22 ਮਾਰਚ 1944 ਨੂੰ ਲੇਬਰ ਮਨਿਸਟਰ ਪੀਅਰਸਨ ਨੇ ਖਾਲਸਾ ਦੀਵਾਨ ਸੁਸਾਇਟੀ ਨੂੰ ਮੁਆਫੀ ਦਾ ਇਕ ਖਤ ਭੇਜਿਆ। ਉਸ ਖਤ ਨਾਲ ਭਾਰਤੀ ਕਮਿਊਨਿਟੀ ਦੀ ਤਸੱਲੀ ਨਾ ਹੋਈ। ਪਰ ਮਿਸਟਰ ਪੀਅਰਸਨ ਨੇ ਅਸੰਬਲੀ ਵਿੱਚ ਬੋਲੇ ਸ਼ਬਦ ਅਸੰਬਲੀ ਤੋਂ ਬਾਹਰ ਨਾ ਕਹੇ। ਇਸ ਲਈ ਭਾਰਤੀ ਕਮਿਊਨਿਟੀ ਵਲੋਂ ਉਸ ਉੱਤੇ ਹੱਤਕ-ਇੱਜ਼ਤ ਦਾ ਮੁਕੱਦਮਾ ਕਰਨ ਤੱਕ ਦੀ ਵੀ ਨੌਬਤ ਨਾ ਪਹੁੰਚੀ।

ਭਾਰਤੀ ਕਮਿਊਨਿਟੀ ਵਲੋਂ ਵੋਟ ਦਾ ਹੱਕ ਲੈਣ ਲਈ ਜੱਦੋਜਹਿਦ ਚਲਦੀ ਗਈ ਅਤੇ ਬੀ. ਸੀ. ਦੀ ਲਿਬਰਲ ਸਰਕਾਰ ਭਾਰਤੀ-ਕਨੇਡੀਅਨਾਂ ਨੂੰ ਇਹ ਹੱਕ ਨਾ ਦੇਣ ਲਈ ਨਵੇਂ ਨਵੇਂ ਬਹਾਨੇ ਲੱਭਦੀ ਰਹੀ। ਦਸੰਬਰ 1944 ਵਿੱਚ, ਜਦੋਂ ਭਾਰਤੀ-ਕਨੇਡੀਅਨ ਕਮਿਊਨਿਟੀ ਅਗਲੇ ਸਾਲ ਆਉਣ ਵਾਲੇ ਬੀ. ਸੀ. ਦੀ ਅਸੰਬਲੀ ਦੇ ਸੈਸ਼ਨ ਵਿੱਚ ਆਪਣੇ ਵੋਟ ਦੇ ਸਵਾਲ ਨੂੰ ਫਿਰ ਖੜਾ ਕਰਨ ਲਈ ਤਿਆਰੀ ਕਰ ਰਹੀ ਸੀ, ਉਦੋਂ ਕਮਿਊਨਿਟੀ ਵਲੋਂ ਇਕ ਡੈਲੀਗੇਸ਼ਨ ਬੀ. ਸੀ. ਦੇ ਅਟਾਰਨੀ ਜਨਰਲ ਆਰ. ਐਲ ਮੇਟਲੈਂਡ ਨੂੰ ਮਿਲਿਆ। ਡੈਲੀਗੇਸ਼ਨ ਨੂੰ ਮਿਲਣ ਬਾਅਦ ਅਟਾਰਨੀ ਜਨਰਲ ਮੇਟਲੈਂਡ ਨੇ ਇਸ ਸੰਬੰਧ ਵਿੱਚ ਹੇਠਲਾ ਬਿਆਨ ਦਿੱਤਾ:

ਓਰੀਐਂਟਲ ਲੋਕਾਂ ਨੂੰ ਵੋਟ ਦੇ ਹੱਕ ਦਾ ਸਵਾਲ ਇਸ ਸੂਬੇ ਵਿੱਚ 50 ਸਾਲ ਤੋਂ ਨਜਿੱਠਿਆ ਅਤੇ ਸਵੀਕਾਰ ਕੀਤਾ ਜਾ ਚੁੱਕਾ ਹੈ। ਈਸਟ ਇੰਡੀਅਨ ਹੁਣ ਇਕ ਅਜਿਹੀ ਦਲੀਲ ਦੇ ਰਹੇ ਹਨ ਜੋ ਪਿਛਲੇ ਸਮੇਂ ਨਾਲੋਂ ਵੱਖਰੀ ਹੈ। ਪਰ ਮੈਂ ਨਹੀਂ ਸਮਝਦਾ ਕਿ ਅੱਜ ਜਦੋਂ ਸਾਡੇ 50,000 ਨੌਜਵਾਨ ਦੂਰ ਜੰਗ ਲੜ ਰਹੇ ਹਨ ਅਤੇ ਉਹਨਾਂ ਤੋਂ ਪੁੱਛੇ ਬਿਨਾਂ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਕਰਨ ਬਾਰੇ ਸੋਚਣ ਲਈ ਇਹ ਸਮਾਂ ਠੀਕ ਹੈ। ਉਹਨਾਂ ਨੇ ਭਵਿੱਖ ਵਿੱਚ ਜਿਊਣਾ ਹੈ ਅਤੇ ਇਸ ਲਈ ਇਸ ਮੁਲਕ ਦੀ ਸਿਆਸਤ ਅਤੇ ਵਿਚਾਰਧਾਰਾ ਵਿੱਚ ਕਿਸੇ ਵੀ ਤਰ੍ਹਾਂ ਦੀ ਵੱਡੀ ਤਬਦੀਲੀ ਕਰਨ ਤੋਂ ਪਹਿਲਾਂ ਉਹਨਾਂ ਨੂੰ ਵਿਚਾਰ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ।

ਅਟਾਰਨੀ ਜਨਰਲ ਦੀ ਇਹ ਬਹਾਨੇਬਾਜ਼ੀ ਕੈਨੇਡੀਅਨ ਭਾਰਤੀ ਕਮਿਊਨਿਟੀ ਲਈ ਹੈਰਾਨੀ ਭਰੀ ਅਤੇ ਠੇਸ ਪਹੁੰਚਾਉਣ ਵਾਲੀ ਗੱਲ ਸੀ। ਇਸ ਦੇ ਪ੍ਰਤੀਕਰਮ ਵਿੱਚ ਬੋਲਦਿਆਂ ਭਾਰਤੀ ਕਮਿਊਨਿਟੀ ਦੇ ਇਕ ਬੁਲਾਰੇ ਨੇ ਕਿਹਾ ਕਿ ਅਟਾਰਨੀ ਜਨਰਲ ਦਾ ਇਹ ਬਿਆਨ ਲੜਾਈ ਵਿੱਚ ਸਾਡੇ ਲੋਕਾਂ ਦੀ ਬਹਾਦਰੀ ਭਰੀ ਕਾਰਗੁਜ਼ਾਰੀ ਦੀ ਹੱਤਕ ਹੈ। ਭਾਰਤੀ ਲੋਕ ਸੋਚਦੇ ਸਨ ਕਿ ਅਟਾਰਨੀ ਜਨਰਲ ਮੇਟਲੈਂਡ ਦਾ ਬਿਆਨ ਲੋਕਤੰਤਰ ਦੀਆਂ ਕਦਰਾਂ ਕੀਮਤਾਂ ਦੇ ਖਿਲਾਫ ਸੀ। ਵਿਕਟੋਰੀਆ ਡੇਲੀ ਟਾਈਮਜ਼ ਵਿੱਚ ਲਿਖੇ ਇਕ ਖਤ ਵਿੱਚ ਦਰਸ਼ਨ ਸਿੰਘ ਸੰਘਾ (ਕੈਨੇਡੀਅਨ) ਨੇ ਅਟਾਰਨੀ ਜਨਰਲ ਮੇਟਲੈਂਡ ਦੇ ਬਿਆਨ ਬਾਰੇ ਇਹ ਟਿੱਪਣੀ ਕੀਤੀ: ਮਿਸਟਰ ਮੇਟਲੈਂਡ ਦਾਅਵਾ ਕਰਦਾ ਹੈ ਕਿ ਈਸਟ ਇੰਡੀਅਨਾਂ ਨੂੰ ਵੋਟ ਦਾ ਹੱਕ ਦੇਣਾ ਸਮੁੰਦਰੋਂ ਪਾਰ ਗਏ ਨੌਜਵਾਨ ਮਨਜ਼ੂਰ ਨਹੀਂ ਕਰਨਗੇ। ਉਹ ਨੌਜਵਾਨ ਯੂਰਪ ਦੇ ਲੋਕਾਂ ਨੂੰ ਉਹੀ ਅਜ਼ਾਦੀ ਪ੍ਰਦਾਨ ਕਰਨ ਲਈ ਆਪਣੀਆਂ ਜਾਨਾਂ ਵਾਰ ਰਹੇ ਹਨ ਜਿਹੜੀ ਅਜ਼ਾਦੀ ਈਸਟ ਇੰਡੀਅਨ ਇੱਥੇ ਮੰਗਦੇ ਹਨ। ਦਾਨ ਵਾਂਗ ਹੀ, ਅਜ਼ਾਦੀ ਘਰੋਂ ਸ਼ੁਰੂ ਹੁੰਦੀ ਹੈ। ਉਹਨਾਂ ਲੋਕਾਂ, ਜੋ ਕਾਮਨਵੈਲਥ ਦਾ ਹਿੱਸਾ ਹਨ, ਨੂੰ ਲੋਕਤੰਤਰ ਦੇ ਅਧਿਕਾਰ ਦੇਣ ਨਾਲ ਕਨੇਡੀਅਨ ਲੋਕਤੰਤਰ ਘਟੇਗਾ ਨਹੀਂ ਸਗੋਂ ਵਧੇਗਾ ਹੀ।

ਇਸ ਦੇ ਨਾਲ ਨਾਲ ਭਾਰਤੀ ਕਮਿਊਨਿਟੀ ਨੂੰ ਯਕੀਨ ਸੀ ਕਿ ਕਨੇਡਾ ਦੇ ਬਹੁਗਿਣਤੀ ਫੌਜੀ ਅਤੇ ਆਮ ਲੋਕ ਭਾਰਤੀ-ਕੈਨੇਡੀਅਨਾਂ ਨੂੰ ਵੋਟ ਦਾ ਅਧਿਕਾਰ ਦੇਣ ਦੇ ਹੱਕ ਵਿੱਚ ਸਨ। ਉਹਨਾਂ ਦੇ ਇਸ ਵਿਚਾਰ ਦੀ ਪੁਸ਼ਟੀ ਜੇ. ਈ. ਬੁਆਇਡ ਨਾਂ ਦੇ ਇਕ ਵਿਅਕਤੀ ਵਲੋਂ ਵੈਨਕੂਵਰ ਨਿਊਜ਼ ਹੈਰਲਡ ਵਿੱਚ ਛਪੇ ਹੇਠਲੇ ਖਤ ਵਿੱਚ ਦੇਖੀ ਜਾ ਸਕਦੀ ਹੈ। ਜੇ. ਈ. ਬੁਆਇਡ ਲਿਖਦਾ ਹੈ:

ਯੂਰਪ ਲਈ ਰਵਾਨਾ ਹੋਣ ਤੋਂ ਪਹਿਲਾਂ ਮੇਰੇ ਪੁੱਤਰ ਦੇ ਆਖਰੀ ਸ਼ਬਦ ਸਨ, ਡੈਡ! ਫਿਕਰ ਨਾ ਕਰ, ਮੈਂ ਉਹ ਲੜਾਈ ਲੜ ਰਿਹਾ ਹਾਂ ਜਿਸ ਦਾ ਕੁੱਝ ਮਤਲਬ ਹੈ। ਮੈਂ ਦੂਜਿਆਂ ਮਾਪਿਆਂ, ਜਿਹਨਾਂ ਦੇ ਪੁੱਤਰ ਫਾਸ਼ੀਵਾਦ ਨੂੰ ਖਤਮ ਕਰਨ ਲਈ ਜੰਗ ਦੇ ਹਰ ਮੈਦਾਨ ਵਿੱਚ ਆਪਣੀਆਂ ਜਾਨਾਂ ਵਾਰ ਰਹੇ ਹਨ, ਨਾਲ ਉਮੀਦ ਕਰਦਾ ਹਾਂ ਕਿ ਉਹਨਾਂ ਨੂੰ (ਜੰਗ ਵਿੱਚ ਲੜ ਰਹੇ ਪੁੱਤਰਾਂ ਨੂੰ) ਅਟਾਰਨੀ ਜਨਰਲ ਮੇਟਲੈਂਡ ਦਾ ਕੋਰਾ ਇਨਕਾਰ ਸੁਣਾਈ ਨਹੀਂ ਦੇਵੇਗਾ ਜਿਸ ਵਿੱਚ ਉਹ ਈਸਟ ਇੰਡੀਅਨਾਂ ਨੂੰ ਵੋਟ ਦਾ ਹੱਕ ਦੇਣ ਦੀ ਗੱਲ ਸੁਣਨ ਲਈ ਵੀ ਤਿਆਰ ਨਹੀਂ।

ਸਾਡੀਆਂ ਫੌਜਾਂ ਨੂੰ ਦੱਸਿਆ ਗਿਆ ਹੈ ਕਿ ਉਹ ਚਾਰ-ਆਜ਼ਾਦੀਆਂ ਲਈ ਲੜ ਰਹੀਆਂ ਹਨ। ਕੀ ਇਹ ਜਾਣ ਕੇ ਕਿ ਇਕ ਸਰਕਾਰੀ ਅਧਿਕਾਰੀ ਉਹਨਾਂ ਦੀਆਂ ਕੁਰਬਾਨੀਆਂ ਨੂੰ ਰੱਦ ਕਰ ਰਿਹਾ ਹੈ, ਉਹਨਾਂ ਦੇ ਮਨੋਬਲ ਉੱਤੇ ਅਸਰ ਨਹੀਂ ਪਵੇਗਾ...

ਨਸਲੀ ਨਫਰਤ, ਫਾਸ਼ੀਵਾਦ ਦੀ ਜ਼ਹਿਰੀ ਆਤਮਾ ਹੈ ਜਿਸ ਤੋਂ ਬਿਨਾਂ ਫਾਸ਼ੀਵਾਦ ਦੇ ਨਿਸ਼ਾਨਿਆਂ ਨੂੰ ਪੂਰਾ ਨਹੀਂ ਕੀਤਾ ਜਾ ਸਕਦਾ। ਅਤੇ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਨਾਜ਼ੀਆਂ ਵਰਗੇ ਜ਼ਹਿਰੀ ਦੰਦਾਂ ਨੂੰ ਭੰਨ ਸਕੀਏ ਜਿਹੜੇ ਸਾਡੀ ਕੌਮੀ ਏਕਤਾ ਨੂੰ ਦੂਸ਼ਿਤ ਕਰ ਰਹੇ ਹਨ।

ਅਸਾਂਵੇਂ ਮੌਕਿਆਂ ਦੇ ਬਾਵਜੂਦ ਵੀ ਬੀ. ਸੀ..ਨੂੰ ਉਸਾਰਨ ਅਤੇ ਜੰਗ ਵਿੱਚ ਮਦਦ ਕਰਨ ਦੇ ਸ਼ਾਨਦਾਰ ਰੀਕਾਰਡ ਦੇ ਅਧਾਰ ਉੱਤੇ ਹੁਣ ਈਸਟ ਇੰਡੀਅਨ ਵੋਟ ਦੇ ਹੱਕਦਾਰ ਹਨ। ਆਉ! ਉਹਨਾਂ ਵੱਲ ਮਦਦ ਭਰਿਆ ਦੋਸਤਾਨਾ ਹੱਥ ਵਧਾਈਏ।

ਉਸ ਸਮੇਂ ਬੀ. ਸੀ. ਦੇ ਬਹੁਗਿਣਤੀ ਲੋਕਾਂ ਵਿੱਚ ਭਾਰਤੀ-ਕੈਨੇਡੀਅਨ ਲੋਕਾਂ ਦੇ ਵੋਟ ਦੇ ਹੱਕ ਲਈ ਕਿੰਨੀ ਵੱਧ ਹਿਮਾਇਤ ਸੀ, ਇਹ ਦੇਖਣ ਲਈ ਬੀ. ਸੀ. ਦੀ ਟਰੇਡ ਯੂਨੀਅਨ ਲਹਿਰ ਵਲੋਂ ਇਸ ਜੱਦੋਜਹਿਦ ਵਿੱਚ ਪਾਏ ਯੋਗਦਾਨ ਨੂੰ ਦੇਖਿਆ ਜਾ ਸਕਦਾ ਹੈ। ਇਹ ਸੱਚ ਹੈ ਕਿ ਵੀਹਵੀਂ ਸਦੀ ਦੇ ਸ਼ੁਰੂ ਦੇ ਪਹਿਲੇ ਦੋ ਤਿੰਨ ਦਹਾਕਿਆਂ ਦੌਰਾਨ ਬੀ. ਸੀ. ਅਤੇ ਕਨੇਡਾ ਦੇ ਮਜ਼ਦੂਰ ਭਾਰਤੀਆਂ ਦੇ ਕੈਨੇਡਾ ਵਿੱਚ ਆਉਣ ਦੇ ਹੱਕ ਵਿੱਚ ਨਹੀਂ ਸਨ। ਪਰ 1940ਵਿਆਂ ਵਿੱਚ ਹਾਲਾਤ ਬਦਲ ਚੁੱਕੇ ਸਨ। ਇਸ ਦਹਾਕੇ ਦੌਰਾਨ ਬੀ. ਸੀ. ਦੀ ਮਜ਼ਦੂਰ ਲਹਿਰ ਨੇ ਭਾਰਤੀਆਂ ਵਲੋਂ ਵੋਟ ਦੇ ਹੱਕ ਲਈ ਲੜੀ ਜਾਂਦੀ ਜੱਦੋਜਹਿਦ ਵਿੱਚ ਵਧ ਚੜ੍ਹ ਕੇ ਸਾਥ ਦਿੱਤਾ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਵੋਟ ਦੇ ਹੱਕ ਵਾਸਤੇ ਲੜੇ ਘੋਲ ਬਾਰੇ ਹੁਣ ਤੱਕ ਲਿਖੇ ਇਤਿਹਾਸ ਵਿੱਚ ਮਜ਼ਦੂਰ ਲਹਿਰ ਵਲੋਂ ਪਾਏ ਗਏ ਯੋਗਦਾਨ ਨੂੰ ਇਸ ਦਾ ਬਣਦਾ ਸਥਾਨ ਨਹੀਂ ਦਿੱਤਾ ਗਿਆ। ਉਦਾਹਰਨ ਵਜੋਂ, ਖਾਲਸਾ ਦੀਵਾਨ ਸੁਸਾਇਟੀ ਦੀ ਆਪਣੀ ਰਿਪੋਰਟ, ਜਿਸ ਦੀ ਪਹਿਲਾਂ ਗੱਲ ਕੀਤੀ ਗਈ ਹੈ, ਵਿੱਚ ਮਜ਼ਦੂਰ ਲਹਿਰ ਅਤੇ ਉਸ ਦੇ ਨੁਮਾਇੰਦਿਆਂ ਵਲੋਂ ਪਾਏ ਵੱਡਮੁੱਲੇ ਯੋਗਦਾਨ ਦਾ ਜ਼ਿਕਰ ਤੱਕ ਨਹੀਂ ਕੀਤਾ ਗਿਆ।

ਇੰਟਰਨੈਸ਼ਨਲ ਵੁੱਡ ਵਰਕਰਜ਼ ਆਫ ਅਮਰੀਕਾ (ਆਈ. ਡਬਲਿਊ. ਏ.) ਦੇ ਨੰਬਰ 1


# ਤਰਕਸ਼ੀਲ ਸੁਸਾਇਟੀ ਦਾ ਸਲਾਨਾ ਇਜਲਾਸ ਤੇ ਚੋਣ ਸਰਬਸੰਮਤੀ ਨਾਲ ਹੋਈ

ਸਰੀ, ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ ਕੈਨੇਡਾ ਦੇ ਸਕੱਤਰ ਗੁਰਮੇਲ ਗਿੱਲ ਵੱਲੋਂ ਪ੍ਰੈਸ ਦੇ ਨਾਂ ਜਾਣਕਾਰੀ ਜਾਰੀ ਕਰਦਿਆਂ ਦੱਸਿਆ ਗਿਆ ਕਿ ਸੁਸਾਇਟੀ ਦਾ ਸਲਾਨਾ ਇਜਲਾਸ ਇੱਕ ਜੁਲਾਈ ਦਿਨ ਐਤਵਾਰ ਨੂੰ ਸ਼ਾਮ ਪੰਜ ਵਜੇ ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ ਵਿਖੇ ਬਾਈ ਅਵਤਾਰ ਗਿੱਲ ਦੀ ਪ੍ਰਧਾਨਗੀ ਹੇਠ ਹੋਇਆ। ਇਸ ਇਜਲਾਸ ਵਿੱਚ ਸੁਸਾਇਟੀ ਦੀਆਂ ਪਿਛਲੇ ਸਾਲ ਦੀਆਂ ਸਰਗਰਮੀਆਂ ਅਤੇ ਹਿਸਾਬ ਕਿਤਾਬ ਦੀ ਸਾਲਾਨਾ ਰਿਪੋਰਟ ਸਕੱਤਰ ਵਲੋਂ ਪੇਸ਼ ਕੀਤੀ ਗਈ ਜੋ ਕਿ ਬਹਿਸ ਤੋਂ ਬਾਅਦ ਕੁੱਝ ਤਰਮੀਮਾਂ ਸਾਹਿਤ ਪਾਸ ਕਰ ਦਿੱਤੀ ਗਈ। ਉਪਰੰਤ ਸੰਵਿਧਾਨ ਵਿੱਚ ਸੋਧਾਂ ਕਰਨ ਤੋਂ ਬਾਅਦ ਅਗਲੇ ਸਾਲ ਲਈ ਸੁਸਾਇਟੀ ਦੀ ਵਾਗ ਡੋਰ ਸੰਭਾਲਣ ਲਈ ਨਵੀਂ ਐਗਜ਼ੈਕਟਿਵ ਕਮੇਟੀ ਦੀ ਚੋਣ ਕਰਨ ਦੀ ਜ਼ਿਮੇਵਾਰੀ ਪੰਜਾਬ ਦੀ ਅਧਿਆਪਕ ਲਹਿਰ ਦੇ ਆਗੂ ਗੁਰਮੇਲ ਭੁਟਾਲ ਨੂੰ ਸੌਂਪੀ ਗਈ। ਗੁਰਮੇਲ ਭੁਟਾਲ ਦੀ ਦੇਖ ਰੇਖ ਹੇਠ ਇਹ ਚੋਣ ਸਰਬ ਸੰਮਤੀ ਨਾਲ ਮੁਕੰਮਲ ਹੋਈ ਤੇ ਨਵੀਂ ਐਗਜ਼ੈਕਟਿਵ ਕਮੇਟੀ ਇਸ ਪ੍ਰਕਾਰ ਚੁਣੀ ਗਈ :- ਬਾਈ ਅਵਤਾਰ ਗਿੱਲ ਪ੍ਰਧਾਨ, ਜਗਰੂਪ ਧਾਲੀਵਾਲ ਸੀਨੀਅਰ ਮੀਤ ਪ੍ਰਧਾਨ, ਸਾਧੂ ਸਿੰਘ ਗਿੱਲ ਝੋਰੜਾਂ ਮੀਤ ਪ੍ਰਧਾਨ, ਗੁਰਮੇਲ ਗਿੱਲ ਸਕੱਤਰ, ਨਿਰਮਲ ਕਿੰਗਰਾ ਸਹਾਇਕ ਸਕੱਤਰ, ਪਿਆਰਾ ਸਿੰਘ ਚਾਹਿਲ ਪ੍ਰਾਪੇਗੰਡਾ ਸਕੱਤਰ, ਹਰਪਾਲ ਗਰੇਵਾਲ ਕੈਸ਼ੀਅਰ ਅਤੇ ਜਸਵਿੰਦਰ ਹੇਅਰ, ਸਵਰਨ ਚਾਹਿਲ, ਭੈਣ ਦਵਿੰਦਰ ਬਚਰਾ ਤੇ ਪ੍ਰੋ: ਦਰਸ਼ਨ ਸਿੰਘ ਧਾਲੀਵਾਲ ਐਗਜ਼ੈਕਟਿਵ ਕਮੇਟੀ ਮੈਂਬਰ ਚੁਣੇ ਗਏ।

ਇਜਲਾਸ ਵਲੋਂ ਅਗਲੇ ਸਾਲ ਦੀ ਕਾਰਜ ਯੋਜਨਾ ਤਿਆਰ ਕੀਤੀ ਗਈ ਜਿਸ ਵਿੱਚ ਸੁਸਾਇਟੀ ਦੀ ਅੰਧ ਵਿਸ਼ਵਾਸ਼ਾਂ ਖਿਲਾਫ ਲੜਾਈ ਨੂੰ ਹੋਰ ਤੇਜ ਕਰਨ, ਲੋਕਾਂ ਦਾ ਮਾਨਸਿਕ ਪੱਧਰ ਉੱਚਾ ਚੁੱਕਣ ਅਤੇ ਉਨ੍ਹਾਂ ਵਿੱਚ ਵਿਗਿਆਨਿਕ ਸੋਚ ਦਾ ਪਸਾਰਾ ਕਰਨ ਲਈ ਲਗਾਤਾਰ ਸੈਮੀਨਾਰ ਕਰਦੇ ਰਹਿਣ, ਉਸਾਰੂ ਸਾਹਿਤ ਨੂੰ ਕਿਤਾਬਾਂ ਰਾਹੀਂ ਘਰੋ ਘਰ ਪਹੁੰਚਣ, ਮੀਡੀਆ ਦੇ ਇੱਕ ਹਿੱਸੇ ਵਲੋਂ ਕੀਤੀ ਜਾ ਰਹੀ ਅੰਧ ਵਿਸ਼ਵਾਸ਼ ਫੈਲਾਉਣ ਵਾਲੀ ਇਸ਼ਤਿਹਾਰਬਾਜ਼ੀ ਬੰਦ ਕਰਾਉਣ ਲਈ ਸੁਸਾਇਟੀ ਵਲੋਂ ਤਿਆਰ ਕੀਤੀ ਪਟੀਸ਼ਨ ਨੂੰ ਇਸ ਦੇ ਅੰਜ਼ਾਮ ਤੱਕ ਪਹੁੰਚਾਉਣਾ ਸ਼ਾਮਲ ਹਨ। ਇਸ ਤੋਂ ਇਲਾਵਾ ਡਰੱਗ ਦੇ ਦੈਂਤ ਵਲੋਂ ਦਿਨੋ ਦਿਨ ਨਿਗਲੀਆਂ ਜਾ ਰਹੀਆਂ ਕੀਮਤੀ ਨੌਜਵਾਨ ਜਿੰਦਾਂ ਨੂੰ ਬਚਾਉਣ, ਸੰਸਾਰ ਪੱਧਰ ਤੇ ਘੱਟ ਗਿਣਤੀਆਂ ਅਤੇ ਜਾਤ-ਪਾਤ 'ਤੇ ਅਧਾਰਤ ਵਿਤਕਰੇ - ਕਤਲੋਗਾਰਦ, ਜਬਰ ਜਿਨਾਹ ਸਮੇਤ ਕਿਰਤੀਆਂ ਦੀ ਹੁੰਦੀ ਲੁੱਟ ਖਸੁੱਟ ਖਤਮ ਕਰਵਾਉਣ ਆਦਿ ਮੁੱਦਿਆਂ ਤੇ ਕਮਿਊਨਿਟੀ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਤੇ ਹੋਰ ਸਰਗਰਮੀਆਂ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਂਦੇ ਰਹਿਣ ਦਾ ਵੀ ਫ਼ੈਸਲਾ ਲਿਆ ਗਿਆ। ਅੰਤ ਵਿੱਚ ਇਜਲਾਸ ਨੇ ਇਕ ਮਤਾ ਪਾ ਕੇ ਰੇਡੀਓ ਰੈਡ 93.1 ਐਫ ਐਮ ਤੇ ਇਸ ਦੇ ਸੀ ਈ ਓ ਸ਼੍ਰੀ ਕੁਲਵਿੰਦਰ ਸੰਘੇੜਾ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਨੇ ਸੁਸਾਇਟੀ ਦੀ ਅੰਧ ਵਿਸ਼ਵਾਸ਼ ਖ਼ਿਲਾਫ਼ ਲੜਾਈ ਵਿੱਚ ਇਸ ਦਾ ਪੈਰ-ਪੈਰ ਤੇ ਸਾਥ ਦਿੱਤਾ ਅਤੇ ਸੁਸਾਇਟੀ ਦੀ ਅੰਧਵਿਸ਼ਵਾਸ਼ਾਂ ਖਿਲਾਫ ਮੁਹਿੰਮ, ਅਖੌਤੀ ਜੋਤਿਸ਼ੀਆਂ, ਤਾਂਤਰਿਕਾਂ, ਨਗ ਧਾਰਨ ਕਰਵਾਉਣ ਵਾਲਿਆਂ, ਜਾਦੂ ਟੂਣੇ ਆਦਿ ਰਾਹੀਂ ਲੋਕਾਂ ਦੇ ਹਰ ਕਿਸਮ ਦੇ ਮਸਲੇ ਹੱਲ ਕਰ ਦੇਣ ਵਾਲੇ ਝੂਠੇ ਦਾਅਵਿਆਂ ਨੂੰ ਚੁਣੌਤੀ ਦਿੰਦਾ ਸੁਨੇਹਾ ਲਗਾਤਾਰ ਤਿੰਨ ਸਾਲ ਤੋਂ ਰੈਡ 93.1 ਐੱਫ ਐੱਮ ਰਾਹੀਂ (ਮੁਫ਼ਤ) ਲੋਕਾਂ ਤੱਕ ਪਹੁੰਚਾ ਰਹੇ ਹਨ ਅਤੇ ਕਮਿਊਨਿਟੀ ਵਿੱਚ ਵਿਗਿਆਨਿਕ ਸੋਚ ਦਾ ਪਸਾਰਾ ਕਰਨ ਹਿਤ ਜਾਗਰੂਕਤਾ ਪੈਦਾ ਕਰਕੇ ਬਹੁਤ ਵੱਡੀ ਸੇਵਾ ਕਰ ਰਹੇ ਹਨ।

# ਅਣਖਾਂ ਦਾ ਇਤਿਹਾਸਕ ਸੰਘਰਸ਼

ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਲਗਾਤਾਰ ਬਿਨਾਂ ਨਾਗਾ ਚੱਲ ਰਿਹਾ ਹੈ ਮਹਿਲਕਲਾਂ ਦਾ ਔਰਤਾਂ ਦੀ ਮੁਕਤੀ ਦਾ ਸੰਗਰਾਮ। ਇੱਕ ਸਕੂਲੀ ਵਿਦਿਆਰਥਣ ਨੂੰ ਅਗਵਾ ਕਰਨ ਤੋਂ ਬਾਅਦ ਸਮੂਹਿਕ ਬਲਾਤਕਾਰ ਕੀਤਾ ਅਤੇ ਆਪਣੇ ਹੀ ਖੇਤ ਦੇ ਖਾਲ ਹੇਠਾਂ ਦੱਬ ਕੇ ਉਪਰੋਂ ਪਾਣੀ ਚਲਾ ਦਿੱਤਾ ਗਿਆ ਸੀ। ਗੁੰਡਾ ਲਾਣੇ ਨੇ ਲਗਪਗ ਪੰਜਾਹ ਸਾਲਾਂ ਤੋਂ ਇਸ ਇਲਾਕੇ ਵਿੱਚ ਇੱਕ ਤਰ੍ਹਾਂ ਦਾ ਰਾਜ ਕਾਇਮ ਕੀਤਾ ਹੋਇਆ ਸੀ। ਪੂਰੀ ਦਹਿਸ਼ਤ ਦਾ ਮਾਹੌਲ ਸੀ। ਕੋਈ ਵੀ ਵਿਅਕਤੀ ਇਸ ਲਾਣੇ ਅੱਗੇ ਚੂੰ ਨਹੀਂ ਸੀ ਕਰਦਾ। ਪਰ ਇਸ ਘਟਨਾ ਨੇ ਇਸ ਇਲਾਕੇ ਦੀ ਅਣਖ ਨੂੰ ਵੰਗਾਰ ਪਾਈ, ਦੱਬੇ ਹੋਏ ਹਉਕੇ ਬਰੂਦ ਬਣ ਗਏ। ਲੱਖਾਂ ਔਰਤਾਂ-ਮਰਦਾਂ, ਨੌਜਵਾਨ ਬੱਚੇ-ਬੱਚੀਆਂ ਅਤੇ ਬਜੁਰਗਾਂ ਨੇ ਇਸ ਸੱਲ ਨੂੰ ਆਪਣੇ ਤੇ ਹੋਇਆ ਹਮਲਾ ਹੀ ਸਮਝਿਆ ਤੇ ਕਿਰਨਜੀਤ ਨੂੰ ਆਪਣੀ ਧੀ। ਜਦੋਂ ਗੁੰਡਿਆਂ ਦੇ ਖੇਤਾਂ ਵਿੱਚੋਂ ਧੀ ਦੀ ਲਾਸ਼ ਕੱਢੀ ਜਾ ਰਹੀ ਸੀ ਤਾਂ ਲੱਖਾਂ ਲੋਕਾਂ ਦਾ ਠਾਠਾਂ ਮਾਰਦਾ ਇਕੱਠ ਆਕਾਸ਼ ਗੁੰਜਾਊ ਨਾਹਰੇ ਮਾਰ ਰਿਹਾ ਸੀ "ਕਿਰਨਜੀਤ ਤੇਰੇ ਕਾਤਲ ਕੁੱਤੇ, ਬਚ ਕੇ ਜਾਣ ਨਹੀਂ ਦੇਣੇ ਸੁੱਕੇ"। "ਗੁੰਡਿਓ ਥੋਡੀ ਪਾਪੀ ਦੇਹ, ਅਣਖੀ ਲੋਕਾਂ ਦੇਣੀ ਫੇਹ"। "ਸ਼ਹੀਦ ਬੱਚੀ ਕਿਰਨਜੀਤ ਕੌਰ ਅਮਰ ਰਹੇ"। "ਅਣਖੀ ਅਣਖੀ ਲੋਕਾਂ ਦਾ ਏਕਾ ਜਿੰਦਾਬਾਦ"।"ਪੁਲਸ ਸਿਆਸੀ ਗੁੰਡਾ ਗੱਠਜੋੜ ਮੁਰਦਾਬਾਦ"। ਸਰਕਾਰਾਂ ਦੇ ਪਾਲੇ ਹੋਏ ਗੁੰਡਿਆਂ ਦੇ ਢਿੱਡੀਂ ਹੌਲ ਪੈ ਰਹੇ ਸਨ। ਉਸ ਵਕਤ ਲੋਕਾਂ ਦਾ ਗੁੱਸਾ ਭਾਂਬੜ ਬਣ ਰਿਹਾ ਸੀ, ਕੱਠੇ ਹੋਏ ਲੋਕ ਏਨੇ ਗੁੱਸੇ ਵਿੱਚ ਆਏ ਹੋਏ ਸਨ ਕਿ ਉਸ ਵਕਤ ਉਨ੍ਹਾਂ ਸਾਰੇ ਗੁੰਡਾ ਲਾਣੇ ਨੂੰ ਘੜੀਸ-ਘੜੀਸ ਹੀ ਮਾਰ ਦੇਣਾ ਸੀ ਤੇ ਘਰ ਬਾਰ ਵੀ ਫੂਕ ਛੱਡਣਾ ਸੀ। ਪਰ ਬਹੁਤ ਹੀ ਸੰਜੀਦਾ ਅਤੇ ਸਿਆਣੀ ਆਗੂ ਟੀਮ ਨੇ ਆਪਣੀ ਸਿਆਣਪ ਤੋਂ ਕੰਮ ਲਿਆ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹਾ ਨਾ ਕਰਨ। ਕਿਉਂਕਿ ਅਸੀਂ ਉਹਨਾਂ ਨੂੰ ਲੋਕਾਂ ਚੋਂ ਮਾਰਨਾ ਹੈ, ਲੋਕਾਂ ਦੇ ਦਿਲਾਂ ਚੋਂ ਉਨ੍ਹਾਂ ਦਾ ਡਰ ਦੂਰ ਕਰਨਾ ਹੋਵੇਗਾ।ਸਰਕਾਰੇ-ਦਰਬਾਰੇ ਚੰਗੀ ਪੁੱਗਤ ਹੋਣ ਕਰਕੇ ਪੁਲਸ ਅਤੇ ਸਿਆਸੀ ਪਾਰਟੀਆਂ ਨੇ ਉਨ੍ਹਾਂ ਨੂੰ ਬਚਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਪਰ ਲੋਕਾਂ ਨੇ ਵੀ ਆਪਣੇ ਇਕੱਠ ਨੂੰ ਜਰਬਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਲੋਕਾਂ ਦੇ ਏਕੇ ਨੂੰ ਦੇਖਦਿਆਂ ਹੋਇਆਂ ਸਰਕਾਰੀ ਤੰਤਰ ਨੂੰ ਮਜਬੂਰੀ ਵੱਸ ਉਨ੍ਹਾਂ ਨੂੰ ਸੀਖਾਂ ਪਿੱਛੇ ਬੰਦ ਕਰਨਾ ਪਿਆ। ਇਸ ਸ਼ਾਨਦਾਰ ਲਾਮਿਸਾਲ ਸੰਘਰਸ਼ ਨੂੰ ਪਾੜਨ-ਖਿਡਾਉਣ ਦੀਆਂ ਬਹੁਤ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਲੋਕਾਂ ਵਿੱਚ ਐਕਸ਼ਨ ਕਮੇਟੀ ਬਾਰੇ ਗਲਤ ਪ੍ਰਚਾਰ ਵੀ ਕੀਤਾ ਗਿਆ। ਕਮੇਟੀ ਨੇ ਕਰੋੜਾਂ ਰੁਪਏ ਡਕਾਰ ਲਏ ਹਨ, ਮੁੱਖ ਆਗੂਆਂ ਨੇ ਕਾਰਾਂ, ਕੋਠੀਆਂ, ਹਥਿਆਰ ਅਤੇ ਜਮੀਨਾਂ ਖਰੀਦ ਲਈਆਂ ਹਨ। ਪਰ ਪਤਾ ਨਹੀਂ ਕਿਹੜੀ ਮਿੱਟੀ ਦੇ ਬਣੇ ਹੋਏ ਹਨ ਆਗੂ ਸਾਥੀ ਕੋਈ ਵੀ ਇਸ ਸ਼ਾਨਾਮੱਤੇ ਸੰਘਰਸ਼ ਨੂੰ ਖਿੰਡਾ ਨਾ ਸਕਿਆ, ਸਗੋਂ ਇਹ ਲੋਕ ਸੰਘਰਸ਼ ਹੋਰ ਪ੍ਰਚੰਡ ਹੋਇਆ। ਸਮੇਂ ਦੇ ਮੁੱਖ ਮੰਤਰੀ ਜਿੱਥੇ ਗੁੰਡਿਆਂ ਦਾ ਪੱਖ ਪੂਰਦੇ ਸੀ, ਲੋਕ ਰੋਹ ਅੱਗੇ ਝੁਕਣਾ ਪਿਆ ਅਤੇ ਕਿਰਨਜੀਤ ਮਾਸਟਰ ਦਰਸ਼ਨ ਸਿੰਘ ਦੀ ਹੀ ਨਹੀਂ ਸਗੋਂ ਮੇਰੀ ਬੇਟੀ ਹੈ ਵੀ ਕਹਿਣਾ ਪਿਆ। ਗੁੰਡਾ ਸਲਤਨਤ ਦਾ ਕਿਲਾ ਬੁਰੀ ਤਰ੍ਹਾਂ ਨਾਲ ਖਿੰਡ-ਪੁੰਡ ਗਿਆ, ਲੋਕਾਂ ਦੇ ਦਿਲਾਂ ਚੋਂ ਡਰ ਨਿੱਕਲ ਗਿਆ ਤੇ ਆਮ ਸਧਾਰਨ ਲੋਕ ਵੀ ਉਹਨਾਂ ਦੇ ਜੁਲਮਾਂ ਦਾ ਜਬਾਬ ਦੇਣ ਲੱਗੇ। ਜੁਲਮਾਂ ਤੋਂ ਅੱਕੇ ਲੋਕਾਂ ਵੱਲੋਂ ਕਚਹਿਰੀ ਵਿੱਚ ਉਹਨਾਂ ਦੇ ਇੱਕ ਬੁੱਢੇ ਨੂੰ ਪਾਰ ਬੁਲਾ ਦਿੱਤਾ ਗਿਆ ਤੇ ਕਤਲ ਕਰਨ ਵਾਲਿਆਂ ਨੇ ਗਿਰਫਤਾਰੀ ਵੀ ਦੇ ਦਿੱਤੀ ਗਈ ਪਰ ਦੁਸ਼ਮਣਾਂ ਨੂੰ ਮਸਾਂ ਹੀ ਮੌਕਾ ਮਿਲਿਆ ਸੀ ਤੇ ਉਸ ਲਾਣੇ ਨੇ ਪੁਲਸ ਸਿਆਸੀ ਗੁੰਡਾ ਅਤੇ ਅਦਾਲਤੀ ਗੱਠਜੋੜ ਦੇ ਨਾਲ ਹੱਥ ਮਿਲਾ ਲਿਆ। ਇਸ ਐਕਸ਼ਨ ਕਮੇਟੀ ਦੇ ਤਿੰਨ ਆਗੂਆਂ ਸਾਥੀ ਨਰਾਇਣ ਦੱਤ, ਮਨਜੀਤ ਸਿੰਘ ਧਨੇਰ ਅਤੇ ਮਾਸਟਰ ਪ੍ਰੇਮ ਕੁਮਾਰ ਨੂੰ ਝੂਠੇ ਕਤਲ ਕੇਸ ਵਿੱਚ ਫਸਾਇਆ ਗਿਆ। ਲੋਕਾਂ ਨੂੰ ਇਹ ਗੱਲ ਕਦੋਂ ਮਨਜੂਰ ਹੋਣੀ ਸੀ, ਲੋਕਾਂ ਨੇ ਫਿਰ ਸੰਗਰਾਮੀ ਕਾਫਲੇ ਤਿਆਰ ਕਰਕੇ ਸੰਘਰਸ਼ ਨੂੰ ਤਿੱਖਾ ਕੀਤਾ ਤੇ ਗਵਰਨਰ ਤੋਂ ਸਾਥੀਆਂ ਦੀ ਸਜ਼ਾ ਮੁਆਫ ਕਰਵਾਉਣ ਵਿੱਚ ਕਾਮਯਾਬ ਹੋ ਗਏ। ਪਰ ਇੱਕ ਅੱਖੜ-ਕੁੱਢਰ ਕਿਸਮ ਦੇ ਜੱਜ ਨੇ ਮੁੜ ਤੋਂ ਇੱਕ ਸਾਥੀ ਮਨਜੀਤ ਸਿੰਘ ਧਨੇਰ ਨੂੰ ਉਮਰ ਕੈਦ ਦੀ ਸਜ਼ਾ ਬਰਕਰਾਰ ਰੱਖਣ ਦੇ ਹੁਕਮ ਜਾਰੀ ਕਰ ਦਿੱਤੇ ਪਰ ਲੋਕ ਰੋਹ ਸਦਕਾ ਉਸ ਸਾਥੀ ਨੂੰ ਵੀ ਜਮਾਨਤ ਮਿਲ ਗਈ ਹੈ ਪਰ ਹਾਲੇ ਤੱਕ ਕੇਸ ਸੁਪਰੀਮ ਕੋਰਟ ਵਿੱਚ ਚੱਲ ਰਿਹਾ ਹੈ ਉਥੋਂ ਦੇ ਖਰਚੇ ਬਹੁਤ ਹੀ ਜਿਆਦਾ ਹਨ। ਲੋਕਾਂ ਦੀ ਤਾਕਤ ਬਹੁਤ ਵੱਡੀਆਂ ਵੱਡੀਆਂ ਮੁਸ਼ਕਲਾਂ ਹੱਲ ਕਰਨ ਲਈ ਤਿਆਰ ਹੈ। 12 ਅਗਸਤ 2018 ਨੂੰ ਦਾਣਾ ਮੰਡੀ ਮਹਿਲਕਲਾਂ ਉਸ ਸ਼ਹੀਦ ਬੱਚੀ ਦਾ ਸ਼ਰਧਾਂਜਲੀ ਸਮਾਗਮ ਹੋਵੇਗਾ। ਸਭ ਸਾਥੀਆਂ ਸਮੇਤ ਮਾਵਾਂ ਭੈਣਾਂ, ਨੌਜਵਾਨ ਬੱਚੇ-ਬੱਚੀਆਂ ਇਸ ਸੰਗਰਾਮੀ ਕਾਫਲੇ ਦੇ ਸੰਗੀ ਬਣਨੇ ਚਾਹੀਦੇ ਹਨ। ਕਿਉਂਕਿ ਇਹ ਸ਼ਾਨਾਮੱਤਾ ਸੰਘਰਸ਼ ਲੋਕਾਂ ਦੀ ਮੁਕਤੀ ਲਈ ਜੂਝਣ ਦਾ ਅਹਿਦ ਕਰਨਾ ਸਿਖਾਉਂਦਾ ਹੈ। ਪੂਰੇ ਪੰਜਾਬ ਦੇ ਹੀ ਨਹੀਂ ਸਗੋਂ ਬਾਹਰਲੇ ਸੂਬਿਆਂ ਤੋਂ ਵੀ ਅਣਖੀ ਲੋਕ ਇਸ ਪ੍ਰੋਗਰਾਮ ਵਿੱਚ ਆਪਣੀ ਹਾਜ਼ਰੀ ਲਗਵਾਉਂਦੇ ਹਨ। ਬਣੇ ਬਣਾਏ ਲੰਗਰ, ਆਰਥਿਕ ਸਹਾਇਤਾ ਦੀ ਵੀ ਜਰੂਰਤ ਹੈ ਉੱਥੇ ਪਹੁੰਚ ਕੇ ਜਾਂ ਤੁਹਾਡੇ ਤੱਕ ਐਕਸ਼ਨ ਕਮੇਟੀ ਦੇ ਸਾਥੀ ਸੰਪਰਕ ਕਰ ਸਕਦੇ ਹਨ ਉਹਨਾਂ ਨੂੰ ਮਾਇਕ ਸਹਾਇਤਾ ਦੇਣ ਪਰ ਉਸ ਦੀ ਰਸ਼ੀਦ ਜਰੂਰ ਪ੍ਰਾਪਤ ਕਰਨ। ਸੂਬੇ ਭਰ ਤੋਂ ਬਹੁਤ ਸਾਰੇ ਸੂਝਵਾਨ ਬੁਲਾਰੇ ਆਪਣੇ ਵੱਡਮੁੱਲੇ ਵਿਚਾਰ ਰੱਖਣਗੇ। ਲੋਕ-ਪੱਖੀ ਗੀਤ-ਸੰਗੀਤ ਅਤੇ ਲੋਕਾਂ ਦੇ ਦੁੱਖਾਂ-ਦਰਦਾਂ ਦੀ ਬਾਤ ਪਾਉਂਦੇ ਨਾਟਕ ਕੋਰਿਓਗ੍ਰਾਫੀਆਂ ਪੇਸ਼ ਕੀਤੇ ਜਾਣਗੇ। ਬਹੁਤ ਸਾਰੇ ਸਤਿਕਾਰ ਯੋਗ ਸਾਥੀਆਂ ਨੇ ਇਸ ਸੰਘਰਸ਼ ਬਾਰੇ ਗੀਤਾਂ ਦੀਆਂ ਕੈਸਟਾਂ, ਨਾਟਕ ਅਤੇ ਇੱਕ ਡਾਕੂਮੈਂਟਰੀ ਫਿਲਮ ਵੀ ਬਣਾਈ ਗਈ ਹੈ। ਜਿੰਨ੍ਹਾਂ ਨੂੰ ਬਹੁਤ ਹੀ ਭਰਵਾਂ ਹੁੰਗਾਰਾ ਮਿਲਿਆ ਹੈ। ਬਹੁਤ ਸਾਰੇ ਪਿਛਾਂਹ-ਖਿੱਚੂ ਲੋਕਾਂ ਵੱਲੋਂ ਇਸ ਸੰਘਰਸ਼ ਨੂੰ ਲੀਹੋਂ ਲਾਹੁਣ ਦੇ ਯਤਨ ਕੀਤੇ ਜਾ ਰਹੇ ਹਨ, ਪਰ ਐਕਸ਼ਨ ਕਮੇਟੀ ਦੇ ਜੁਝਾਰੂ ਅਤੇ ਬੇਹੱਦ ਸੰਜੀਦਾ ਸਾਥੀਆਂ ਨੇ ਹਰ ਹਸਰਤ ਨੂੰ ਮਿੱਟੀ ਚ ਮਿਲਾ ਦਿੱਤਾ। ਕਈ ਲੋਕ ਸਵਾਲ ਕਰਦੇ ਹਨ ਕਿ ਐਕਸ਼ਨ ਕਮੇਟੀ ਫੰਡ ਖਾ ਗਈ? , ਉਸ ਕੁੜੀ ਦੀ ਮਿੱਟੀ ਕਿਉਂ ਫਰੋਲਦੇ ਹਨ ਹਰ ਵਾਰ? ਇਹ ਕੁੜੀ ਸ਼ਹੀਦ ਕਿਵੇਂ ਹੈ?ਗੁੰਡਾ ਲਾਣਾ ਤਾਂ ਅੱਜ ਵੀ ਸਰਪੰਚੀ ਕਰ ਰਿਹਾ ਹੈ? ਇਹਨਾਂ ਗੱਲਾਂ ਦੇ ਜਬਾਬ ਹਰ ਵਾਰ ਹੀ ਐਕਸ਼ਨ ਕਮੇਟੀ ਦੇ ਸਾਥੀ ਪਿੰਡਾਂ ਦੀਆਂ ਸੱਥਾਂ ਚ ਦਿੰਦੇ ਹਨ ਕਿ ਐਕਸ਼ਨ ਕਮੇਟੀ ਕੋਲ ਲੋਕਾਂ ਦੀ ਕਿਰਤ ਕਮਾਈ ਵਿੱਚੋਂ ਦਿੱਤਾ ਗਿਆ ਪਾਈ-ਪਾਈ ਦਾ ਹਿਸਾਬ ਕਿਤਾਬ ਰੱਖਿਆ ਹੋਇਆ ਹੈ ਕੋਈ ਵੀ ਵਿਅਕਤੀ ਪੁੱਛ ਪੜਤਾਲ ਕਰ ਸਕਦਾ ਹੈ। ਦੂਜੀ ਗੱਲ ਇਹ ਹੈ ਕਿ ਇਸ ਸੰਘਰਸ਼ ਲੋਕਾਂ ਦੀ ਮੁਕਤੀ ਦਾ ਸੰਗਰਾਮ ਹੈ, ਇਹ ਸੰਘਰਸ਼ ਉਦੋਂ ਤੱਕ ਬਹੁਤ ਹੀ ਲਾਜਮੀ ਹੈ ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਨਹੀਂ ਹੁੰਦੀ ਅਤੇ ਧੀਆਂ ਤੇ ਅੱਤਿਆਚਾਰ ਬੰਦ ਨਹੀਂ ਹੋ ਜਾਂਦੇ ਉਦੋਂ ਤੱਕ ਚੱਲਣਾ ਚਾਹੀਦਾ ਹੈ। ਅਗਲੀ ਗੱਲ ਬੱਚੀ ਨੂੰ ਸ਼ਹੀਦ ਕਹਿਣ ਬਾਰੇ ਜਦੋਂ ਬੱਚੀ ਦੀ ਲਾਸ਼ ਦੱਬੀ ਹੋਈ ਕੱਢੀ ਗਈ ਤਾਂ ਉਸਦੇ ਹੱਥਾਂ ਵਿੱਚ ਗੁੰਡਿਆਂ ਦੇ ਪੁੱਟੇ ਹੋਏ ਜੂੰਡੇ ਸਨ, ਇਸਦਾ ਮਤਲਬ ਸਾਫ ਹੋ ਜਾਂਦਾ ਹੈ ਕਿ ਬੱਚੀ ਨੇ ਉਹਨਾਂ ਦਰਿੰਦਿਆਂ ਅੱਗੇ ਈਨ ਨਹੀਂ ਮੰਨੀ। ਪੂਰੀ ਤਰ੍ਹਾਂ ਨਾਲ ਦਸਤ ਪੰਜਾ ਲਿਆ ਅੰਤ ਤੱਕ ਜੂਝਦੀ ਹੋਈ ਆਪਾ ਵਾਰ ਗਈ। ਹਰ ਸਾਲ ਉਸ ਦੇ ਸਰਧਾਂਜਲੀ ਸਮਾਗਮ ਮਨਾਉਣ ਦੀ ਬਹੁਤ ਵੱਡੀ ਜਰੂਰਤ ਹੈ।ਸਾਨੂੰ ਸਾਰਿਆਂ ਨੂੰ ਆਪਣੇ ਆਪਣੇ ਇਲਾਕੇ ਵਿੱਚ ਇਸ ਸੰਘਰਸ਼ ਨੂੰ ਜਗਦਾ-ਮਘਦਾ ਰੱਖਣ ਲਈ ਸੁਹਿਰਦ ਯਤਨਸ਼ੀਲ ਹੋਈਏ। ਮੀਟਿੰਗਾਂ, ਰੈਲੀਆਂ, ਨੁੱਕੜ ਨਾਟਕ ਜਾਂ ਗੀਤ-ਸੰਗੀਤ ਰਾਹੀਂ 12 ਅਗੱਸਤ ਵਾਲੇ ਦਿਨ ਵੱਧ ਤੋਂ ਵੱਧ ਗਿਣਤੀ ਵਿੱਚ ਦਾਣਾ ਮੰਡੀ ਮਹਿਲਕਲਾਂ ਪਹੁੰਚਣ ਲਈ ਸੱਦਾ ਦੇਈਏ।



**ਸ਼ਹੀਦ ਬੱਚੀ ਕਿਰਨਜੀਤ ਅਮਰ ਰਹੇ।**
**ਪੁਲਸ ਸਿਆਸੀ ਗੁੰਡਾ ਅਦਾਲਤੀ ਗੱਠਜੋੜ ਮੁਰਦਾਬਾਦ।**
**ਅਣਖੀ ਲੋਕਾਂ ਦਾ ਏਕਾ ਜਿੰਦਾਬਾਦ।**
**ਚਾਹੁੰਦੇ ਜੇ ਧੀਆਂ ਦੀ ਆਣ, ਬੰਨ੍ਹੋ ਕਾਫਲੇ ਡਟੋ ਮੈਦਾਨ।**

"ਰੰਗਕਰਮੀ ਯਾਦਵਿੰਦਰ ਸਿੰਘ ਠੀਕਰੀਵਾਲਾ"

## ਜਨਮ ਦਿਨ 'ਤੇ

# ਸ਼ਹੀਦ ਚੰਦਰ ਸ਼ੇਖਰ ਆਜ਼ਾਦ



ਅਮਰ ਸ਼ਹੀਦ ਚੰਦਰਸ਼ੇਖਰ ਆਜ਼ਾਦ ਦਾ ਜੀਵਨ ਆਮ ਲੋਕਾਂ ਦੇ ਇਨਕਲਾਬੀ ਜਜ਼ਬੇ ਅਤੇ ਉਹਨਾਂ ਇਨਕਲਾਬ ਰਾਹ 'ਤੇ ਵੱਧਦੇ ਜਾਣ ਦਾ ਪ੍ਰਤੀਕ ਹੋ ਗਿਆ ਹੈ ਤਾਂ ਭਗਤ ਸਿੰਘ ਦੇਸ਼ ਦੇ ਪੜ੍ਹੇ-ਲਿਖੇ ਭਾਵੁਕ ਨੌਜਵਾਨਾਂ ਦੇ ਵਿਕਾਸਸ਼ੀਲ ਇਨਕਲਾਬੀ ਜਜ਼ਬੇ ਦੀ ਚੰਗੀ ਨੁਮਾਇੰਦਗੀ ਕਰਦੇ ਸਨ। ਇਹਨਾਂ ਦੋਨਾਂ ਸ਼ਹੀਦਾਂ ਦਾ ਨਾਂ ਸਾਰੇ ਭਾਰਤ 'ਚ ਹਥਿਆਰਬੰਦ ਇਨਕਲਾਬ ਦੀਆਂ ਪ੍ਰਵਿਰਤੀਆਂ ਅਤੇ ਯਤਨ ਦਾ ਪ੍ਰਤੀਕ ਹੋ ਗਿਆ ਹੈ। ਭਗਤ ਸਿੰਘ ਅਤੇ ਆਜ਼ਾਦ ਮਗਰੋਂ ਜਲਦੀ ਹੀ ਇਨਕਲਾਬ ਦੇ ਯਤਨ ਦੀ ਇਹ ਅਵਸਥਾ ਹੀ ਖਤਮ ਹੋ ਗਈ ਜਿਸ ਨੂੰ ਆਮ ਤੌਰ 'ਤੇ ਇਨਕਲਾਬੀ ਦਹਿਸ਼ਤਗਰਦੀ ਕਿਹਾ ਗਿਆ ਹੈ ਅਤੇ ਜਿਹੜੀ ਸੰਸਥਾ ਦੇ ਰੂਪ 'ਚ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ' (ਭਾਰਤੀ ਸਮਾਜਵਾਦੀ ਪਰਜਾਤੰਤਰ ਸੈਨਾ) ਦੇ ਰੂਪ 'ਚ ਵਿਕਸਿਤ ਅਤੇ ਖਤਮ ਵੀ ਹੋਈ। ਇਤਿਹਾਸਕ ਵਿਕਾਸ ਦੀ ਦ੍ਰਿਸ਼ਟੀ ਤੋਂ ਇਸ 'ਚ ਸਿਧਾਂਤਕ ਪ੍ਰਗਤੀ ਦੀ ਗੱਲ ਪੰਡਿਤ ਰਾਮ ਪ੍ਰਸਾਦ 'ਬਿਸਮਿਲ' ਆਦਿ ਦੀ ਅਗਵਾਈ 'ਚ ਹਿੰਦੁਸਤਾਨ ਰਿਪਬਲਿਕਨ ਐਸੋਸਿਏਸ਼ਨ ਮਗਰੋਂ ਐੱਚ.ਐੱਸ.ਆਰ.ਏ 'ਚ ਇਨਕਲਾਬੀਆਂ ਦਾ ਨਜ਼ਰੀਆ ਸਮਾਜਵਾਦ ਮੁਖੀ ਹੋਣਾ ਸੀ, ਅਤੇ ਸਰਗਰਮੀ ਦੀ ਪ੍ਰਗਤੀਸ਼ੀਲਤਾ ਦੀ ਗੱਲ ਪਾਰਟੀ ਲਈ ਆਰਥਿਕ ਸੰਗ੍ਰਹਿ ਲਈ ਸਧਾਰਣ ਡਕੈਤੀਆਂ ਤੋਂ ਉਤਾਂਹ ਉੱਠ ਕੇ ਅਜਿਹੇ ਦਹਿਸ਼ਤਗਰਦ ਕਾਰਜਾਂ ਦਾ ਹੋਣਾ ਸੀ ਜਿਹਨਾਂ ਦਾ ਟੀਚਾ ਖਾਸ ਕਰਕੇ ਸਰਕਾਰੀ ਸੰਪਤੀ ਸੀ। ਜਥੇਬੰਦਕ ਨਜ਼ਰੀਏ ਤੋਂ ਪ੍ਰਗਤੀਸ਼ੀਲਤਾ ਦੀ ਗੱਲ ਪੁਰਸ਼ਾਂ ਨਾਲ ਔਰਤਾਂ ਦਾ ਵੀ ਗੁਪਤ ਹਥਿਆਰਬੰਦ ਇਨਕਲਾਬੀ ਯਤਨ 'ਚ ਸਰਗਰਮ ਯੋਗਦਾਨ ਦੇਣਾ ਅਤੇ ਪਾਰਟੀ ਦਾ ਵਧੇਰੇ ਕਰਕੇ ਲੋਕਤੰਤਰਿਕ ਨਿਯਮਨ ਹੋ ਜਾਣਾ ਸੀ। ਪਾਰਟੀ ਦਾ ਸੰਚਾਲਨ ਇਕ ਕੇਂਦਰੀ ਕਮੇਟੀ ਦੇ ਹੱਥ 'ਚ ਸੀ ਅਤੇ ਪ੍ਰੋਗਰਾਮ ਸਬੰਧੀ ਗੰਭੀਰ ਫੈਸਲੇ ਇਸੇ ਕਮੇਟੀ ਰਾਹੀਂ ਹੁੰਦੇ ਸੀ। ਵਿਅਕਤੀਗਤ ਨੇਤਾਗਿਰੀ ਦੇ ਧਰਾਤਲ ਤੋਂ ਦਲ ਨਿਯਮਨ ਉਤਾਂਹ ਉਠ ਗਿਆ ਸੀ। ਜ਼ਰੂਰ ਹੀ ਦਲ ਦੇ ਪ੍ਰਮੁੱਖ ਲੋਕਾਂ 'ਚੋਂ ਹੀ ਕੇਂਦਰੀ ਕਮੇਟੀ ਬਣੀ ਸੀ, ਉਸਦੀ ਕੋਈ ਲੋਕਤੰਤਰਿਕ ਚੋਣ ਨਹੀਂ ਹੁੰਦੀ ਸੀ, ਨਾ ਹੋ ਸਕਦੀ ਸੀ, ਫਿਰ ਵੀ ਦਲ ਦੇ ਨਿਸ਼ਚਿਆਂ 'ਚ ਲੋਕਤੰਤਰਿਕਤਾ ਦਾ ਵੱਧ ਤੋਂ ਵੱਧ ਨਿਯਮਨ ਹੁੰਦਾ ਰਿਹਾ ਸੀ, ਐੱਚ.ਐੱਸ.ਆਰ.ਏ ਦੀ ਕੇਂਦਰੀ ਕਮੇਟੀ 'ਚ ਜੇਕਰ ਕੋਈ ਕਿਸੇ ਇੱਕ ਨੂੰ ਹੀ ਬੋਧਿਕ ਆਗੂ ਕਹਿਣਾ ਹੋਵੇ ਤਾਂ ਅਮਰ ਸ਼ਹੀਦ ਭਗਤ ਸਿੰਘ ਨੂੰ ਹੀ ਕਹਿ ਸਕਦੇ ਹਾਂ। ਇਸੇ ਰੂਪ 'ਚ ਇਹ ਦੋਨੋਂ ਅਮਰ ਸ਼ਹੀਦ ਇਨਕਲਾਬ ਦੇ ਯਤਨਾਂ 'ਚ ਪ੍ਰਗਤੀਸ਼ੀਲਤਾ ਦੇ ਪ੍ਰਤੀਕ ਸਨ।

ਆਜ਼ਾਦ ਦੀ ਪ੍ਰਗਤੀਸ਼ੀਲਤਾ ਨੂੰ ਸਮਝਣ ਲਈ ਸਾਨੂੰ ਇਹ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਮੱਧ ਭਾਰਤ ਦੀ ਛੋਟੀ ਜਿਹੀ ਰਿਆਸਤ ਅਲੀਰਾਜਪੁਰ ਦੇ ਇਕ ਪਿੰਡ 'ਚ ਇਕ ਕੱਟੜ ਬ੍ਰਾਹਮਣ ਦੇ ਘਰ ਆਜ਼ਾਦ ਦਾ ਜਨਮ ਹੋਇਆ ਜਿਸਨੂੰ ਜੇਕਰ ਜਾਤ-ਪਾਤ, ਛੂਆ-ਛਾਤ ਅਤੇ ਔਰਤਾਂ ਪ੍ਰਤੀ ਤੇਰਵ੍ਹੀ ਸਦੀ ਦੀ ਮਨੋਬਿਰਤੀ ਵਾਲਾ ਕਿਹਾ ਜਾਵੇ ਤਾਂ ਬਹੁਤ ਅਣਉੱਚਿਤ ਨਹੀਂ ਹੋਵੇਗਾ, ਅਤੇ ਫਿਰ ਇਸ ਵਾਤਾਵਰਣ ਤੋਂ ਪ੍ਰਗਤੀ ਕਰਦੇ-ਕਰਦੇ ਉਹ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਭਾਰਤੀ ਇਨਕਲਾਬੀਆਂ ਦੇ ਮੂਹਰਲੀ ਕਤਾਰ ਦੇ ਆਗੂ ਬਣੇ। ਦਸ-ਬਾਰ੍ਹਾਂ ਸਾਲ ਦੀ ਉਮਰ 'ਚ ਇਕ ਕੱਟੜ ਬ੍ਰਾਹਮਣ ਬਾਲਕ ਦੇ ਰੂਪ 'ਚ ਸੰਸਕ੍ਰਿਤ ਪੜ੍ਹਨ ਲਈ ਉਹ ਘਰ ਤੋਂ ਭੱਜ ਕੇ ਕਾਸ਼ੀ ਪਹੁੰਚੇ, ਉੱਥੇ ਕੌਮੀਂ ਲਹਿਰ 'ਚ ਰੰਗੇ, ਸੱਤਿਆਗ੍ਰਹਿ ਕੀਤਾ, ਬੈਂਤਾਂ ਦੀ ਸਜਾ ਪਾਈ, ਫਿਰ ਇਨਕਲਾਬੀਆਂ 'ਚ ਸ਼ਾਮਿਲ ਹੋਏ। ਅਮਰ ਸ਼ਹੀਦ ਰਾਮਪ੍ਰਸਾਦ ਬਿਸਮਿਲ ਦੀ ਅਗਵਾਈ 'ਚ ਉਹਨਾਂ ਦੇ ਧਾਰਮਿਕ ਵਿਚਾਰਾਂ 'ਚ ਆਰੀਆਸਮਾਜੀਪਣ ਆਇਆ ਅਤੇ ਛੂਆਛਾਤ, ਮੂਰਤੀ ਪੂਜਾ ਆਦਿ ਨੂੰ ਉਹ ਬੁਰਾ ਸਮਝਣ ਲੱਗੇ। ਮਗਰੋਂ ਭਗਤ ਸਿੰਘ ਆਦਿ ਦੀ ਸੰਗਤ 'ਚ ਉਹਨਾਂ ਨੇ ਸਮਾਜਵਾਦਮੁਖੀ ਧਰਮ ਨਿਰਪੇਖ ਨਜ਼ਰੀਏ ਨੂੰ ਹੌਲ਼ੀ-ਹੌਲ਼ੀ ਅਪਣਾਇਆ ਅਤੇ ਭਾਰਤੀ ਸਮਾਜਵਾਦੀ ਪਰਜਾਤੰਤਰ ਸੈਨਾ ਦੇ ਪ੍ਰਧਾਨ ਕਮਾਂਡਰ ਬਣੇ। ਨਿਸ਼ਚੇ ਹੀ ਇਕ ਕੱਟੜ ਬ੍ਰਹਾਮਣਵਾਦੀ ਬਾਲਕ ਤੋਂ ਮੂਹਰਲੀ ਕਤਾਰ ਦੇ ਇਨਕਲਾਬੀ ਅਗਾਂਹਵਧੂ ਨੌਜਵਾਨ ਆਗੂ ਦੇ ਵਿਕਾਸ ਦੀ ਪ੍ਰਗਤੀ ਦੇ ਅਨੇਕਾਂ ਪੱਧਰ ਬਹੁਤ ਥੋੜੇ ਸਮੇਂ 'ਚ ਆਜ਼ਾਦ ਨੇ ਪਾਰ ਕੀਤੇ। ਔਰਤਾਂ ਦੇ ਸਬੰਧ 'ਚ ਆਜ਼ਾਦ ਆਪਣੇ ਵਿਅਕਤੀਗਤ ਜੀਵਨ 'ਚ ਤਾਂ ਸਦਾ ਹੀ ਪੱਕੇ ਬ੍ਰਾਹਮਚਾਰੀ ਜਿਹੇ ਹੀ ਰਹੇ। ਪਹਿਲਾਂ ਉਹ ਪਾਰਟੀ 'ਚ ਔਰਤਾਂ ਦੇ ਪ੍ਰਵੇਸ਼ ਦੇ ਵਿਰੁੱਧ ਵੀ ਸਨ ਅਤੇ ਇਸ ਲਈ ਸਨ ਕਿ ਉਹਨਾਂ ਦੀ ਲੀਡਰਸ਼ਿਪ ਤੋਂ ਪਹਿਲਾਂ ਇਹੀ ਪਰੰਪਰਾ ਸੀ ਪਰ ਮਗਰੋਂ ਉਹਨਾਂ ਦੀ ਹੀ ਅਗਵਾਈ 'ਚ ਔਰਤਾਂ ਨੇ ਪਾਰਟੀ 'ਚ ਕੰਮ ਕੀਤਾ ਅਤੇ ਖੂਬ ਚੰਗੀ ਤਰ੍ਹਾਂ ਕੀਤਾ। 'ਨਾਰੀ ਨਰਕ ਕੀ ਖਾਨ' ਵਾਲੀ ਮਨੋਬਿਰਤੀ ਤੋਂ ਨਾਰੀ ਨੂੰ ਇਕ ਸਰਗਰਮ ਇਨਕਲਾਬੀ, ਬਰਾਬਰ ਸਹਿਯੋਗੀ ਦੇ ਰੂਪ 'ਚ ਮੰਨਣ ਦਰਮਿਆਨ ਦੀਆਂ ਸਾਰੀਆਂ ਮਨੋਦਸ਼ਾਵਾਂ ਆਜ਼ਾਦ ਦੀ ਸਮੇਂ-ਸਮੇਂ 'ਤੇ ਰਹੀਆਂ ਹੋਣਗੀਆਂ, ਇਹ ਸਪੱਸ਼ਟ ਹੈ। ਅੰਤਮ ਦਿਨਾਂ 'ਚ ਆਜ਼ਾਦ ਬਹੁਤ ਉਤਸ਼ਾਹ ਨਾਲ਼ ਪਾਰਟੀ ਦੀਆਂ ਸਾਰੀਆਂ ਔਰਤ ਮੈਂਬਰਾਂ ਨੂੰ ਗੋਲ਼ੀ ਚਲਾਉਣਾ, ਨਿਸ਼ਾਨਾ ਲਗਾਉਣਾ, ਆਦਿ ਸਿਖਾਉਂਦੇ ਸਨ, ਪਾਰਟੀ ਨਾਲ਼ ਹਮਦਰਦੀ ਰੱਖਣ ਵਾਲੇ ਵਿਅਕਤੀਆਂ ਦੇ ਘਰ ਦੀਆਂ ਔਰਤਾਂ ਨੂੰ ਵੀ ਉਹ ਇਸ ਲਈ ਉਤਸ਼ਾਹਿਤ ਕਰਦੇ ਸਨ ਅਤੇ ਇਨਕਲਾਬੀ ਕਾਰਜਾਂ 'ਚ ਆਪਣੇ ਪਤੀ ਦਾ ਸਰਗਰਮ ਸਹਿਯੋਗ ਕਰਨ ਲਈ ਉਹਨਾਂ ਨੂੰ ਵਾਰੀ-ਵਾਰੀ ਤਰਾਂ-ਤਰਾਂ ਦੀ ਪ੍ਰੇਰਣਾ ਦਿੰਦੇ ਸਨ। ਔਰਤਾਂ ਨਾਲ ਉਹਨਾਂ ਦਾ ਵਿਵਹਾਰ ਬਹੁਤ ਸਰਲ ਅਤੇ ਅਪਣੱਤ ਭਰਿਆ ਹੁੰਦਾ ਸੀ। ਇਹ ਸਭ ਹੁੰਦੇ ਹੋਏ ਵੀ ਉਹ ਇਸ ਗੱਲ ਦੇ ਘੋਰ ਦੁਸ਼ਮਣ ਹੀ ਸਨ ਕਿ ਕੋਈ ਦਲ ਦਾ ਮੈਂਬਰ ਔਰਤਾਂ ਵੱਲ ਅਣਉੱਚਿਤ ਰੂਪ ਨਾਲ ਖਿੱਚਿਆ ਗਿਆ ਹੋਵੇ। ਕਿਸੇ ਤਰ੍ਹਾਂ ਦੀ ਯੌਨ-ਕਮਜ਼ੋਰੀ ਤਾਂ ਉਹਨਾਂ ਲਈ ਅਸਹਿ ਸੀ। ਪਰ ਪਤੀ-ਪਤਨੀ ਦੋਨੋਂ ਇਨਕਲਾਬੀ ਕਾਰਜ 'ਚ ਲੱਗਣ, ਇਸ ਤੋਂ ਵੱਧ ਪਿਆਰੀ ਗੱਲ ਉਹਨਾਂ ਲਈ ਹੋਰ ਕੋਈ ਨਹੀਂ ਸੀ। ਦਲ ਨੂੰ ਇਕ 'ਆਨੰਦਮਠ' ਹੀ ਉਹ ਨਹੀਂ ਰੱਖਣਾ ਚਾਹੁੰਦੇ ਸਨ ਜਦੋਂ ਕਿ ਇਨਕਲਾਬੀ ਜੀਵਨ ਦੀ ਸ਼ੁਰੂਆਤੀ ਹਾਲਤ 'ਚ ਉਹਨਾਂ ਨੇ ਅਤੇ ਉਹਨਾਂ ਵਰਗੇ ਹੋਰ ਵੀ ਇਨਕਲਾਬੀਆਂ ਨੂੰ 'ਆਨੰਦਮਠ' ਦੇ ਜ਼ਜਬੇ ਨੇ ਬਹੁਤ ਪ੍ਰਭਾਵਿਤ ਕੀਤਾ ਸੀ।

**-ਭਗਵਾਨ ਦਾਸ ਮਹੌਰ**

## ਕਵਿਤਾ/- ਜਗਸੀਰ ਜੀਦਾ

ਯੁੱਗੋ ਯੁੱਗ ਜਿੰਦਗੀ ਦੇ ਪੈਰੀ ਪਈਆਂ ਬੇੜੀਆਂ
ਰਾਜੇ ਰਾਣੇ ਦੁਖੀ ਕਹਿੰਦੇ ਖੇਡ ਤਕਦੀਰਾਂ ਦੀ।
ਵਹੀਆਂ ਵਿੱਚ ਜਿੰਦਗੀ ਹੈ ਕੈਦ ਮੇਰੇ ਵੀਰਾਂ ਦੀ।

ਯੁੱਗੋ ਯੁੱਗ ਜਿੰਦਗੀ ਦੇ ਪੈਰੀ ਪਈਆਂ ਬੇੜੀਆਂ
ਪੀੜ੍ਹੀ ਦਰ ਪੀੜ੍ਹੀ ਪੀੜਾਂ ਹਾਕਮਾਂ ਸਹੇੜੀਆਂ।
ਮਾਰ ਦੇਣੀ ਚੋਭ ਅਸੀਂ ਅੱਖ ਦੇ ਕਸੀਰਾਂ ਦੀ।

ਲੰਡੇ ਲਿਖੇ ਵਹੀਆਂ ਵਿੱਚ ਜਿੰਦ ਸਾਡੀ ਖਾ ਗਈ।
ਵਹੀਆਂ ਚ ਅੰਗੂਠੇ ਮਜਬੂਰੀਆਂ ਲਗਾ ਗਈ।
ਮੱਝੀਆਂ ਦੇ ਪਾਲੀ ਭੁੱਖ ਢਿੱਡਾਂ ਵਿੱਚ ਖੀਰਾਂ ਦੀ।

ਧਰਤੀ ਦੇ ਚੱਪਾ ਚੱਪਾ ਚੂਪਿਆ ਏ ਡਾਢਿਆਂ।
ਹੱਕਾਂ ਦੀ ਅਵਾਜ ਨੂੰ ਚੁੱਕੀ ਸੱਜਣਾ ਵੇ ਸਾਡਿਆਂ।
ਚਮਚਿਆਂ ਦੇ ਵਾਂਗੂ ਮਾਂਜੇ ਧੌਂਸ ਕੀ ਵਜੀਰਾਂ ਦੀ।

ਸਾੜ ਦੇਣ ਮੰਨੂਵਾਦੀ ਸੋਚਾਂ ਵਹੀਆਂ ਵਿੱਚ ਵੇ।
ਸੋਚ ਅੰਗੜਾਈਆਂ ਲੈਂਦੀ ਸੁਪਨਿਆਂ ਦੀ ਖਿੱਚ ਵੇ।
ਤੋੜਨਾ ਏ ਭੱਤਾ ਟੈ ਜੀਹਦੇ ਵਿੱਚ ਤੀਰਾਂ ਦੀ।

ਵਹੀਆਂ ਵਿੱਚ ਜਿੰਦਗੀ ਹੈ ਕੈਦ ਮੇਰੇ ਵੀਰਾਂ ਦੀ।

# ਕੈਨੇਡਾ ਦੀਆਂ ਮੁਆਫ਼ੀਆਂ-3



ਜਗਦੇਵ ਸਿੰਘ ਸਿੱਧੂ
403-351-1136

ਸਮੇਂ-ਸਮੇਂ ਕੋਈ ਨਾ ਕੋਈ ਮੰਗ ਉੱਠਦੀ ਰਹਿੰਦੀ ਹੈ, ਮਸਲਾ ਮਘਦਾ ਰਹਿੰਦਾ ਹੈ ਅਤੇ ਕਦੇ ਜਾ ਕੇ ਕੋਈ ਮੁਆਫ਼ੀ ਮੰਗ ਲਈ ਜਾਂਦੀ ਹੈ। ਕੈਨੇਡਾ ਅੰਦਰ ਅਜੇ ਵੀ ਕੁਝ ਲੋਕਾਂ ਵੱਲੋਂ ਅਜਿਹੀਆਂ ਕੁਝ ਮੰਗਾਂ ਹਨ, ਜਿਨ੍ਹਾਂ ਬਾਰੇ ਮੁਆਫ਼ੀਆਂ ਮੰਨੀਆਂ ਜਾਣੀਆਂ ਬਕਾਇਆ ਹਨ। ਇਨ੍ਹਾਂ ਵਿੱਚ ਮੋਟੇ ਤੌਰ 'ਤੇ ਕੈਨੇਡਾ ਦੇ ਮਹਾਨ ਲੋਕ ਨਾਇਕ ਦਲੇਰ ਆਗੂ ਅਤੇ ਅਮਰ ਸ਼ਹੀਦ ਲੂਈ ਰੀਲ ਨੂੰ ਫਾਂਸੀ ਦੇਣ ਦੀ ਮੰਗ ਵੀ ਸ਼ਾਮਲ ਹੈ। ਇਸੇ ਤਰ੍ਹਾਂ ਦੀ ਮੰਗ ਯਹੂਦੀਆਂ ਦੇ ਇੱਕ ਜਹਾਜ਼ ਨੂੰ ਕਿਨਾਰੇ ਨਾ ਲੱਗਣ ਬਾਰੇ ਵੀ ਉੱਠੀ ਹੈ। ਪਰ ਕਾਮਾਗਾਟਾ ਮਾਰੂ ਜਹਾਜ਼ ਦੇ ਦੁਖਾਂਤ ਬਾਰੇ ਮੁਆਫ਼ੀ ਮੰਗ ਲਈ ਗਈ ਹੈ, ਜੋ ਸਿਰਫ਼ ਸ਼ਬਦਾਂ ਤੱਕ ਸੀਮਿਤ ਹੈ। ਜਾਪਾਨੀਆਂ ਦੇ ਕੇਸ ਵਾਂਗ ਕੋਈ ਮੁਆਵਜ਼ੇ ਜਾਂ ਨੁਕਸਾਨ ਦੀ ਪੂਰਤੀ ਨਹੀਂ ਕੀਤੀ ਗਈ। ਵੱਖ-ਵੱਖ ਮੌਕਿਆਂ 'ਤੇ ਕੁੱਝ ਮੁਆਫ਼ੀ ਨਾਮਾ ਵਿਹਾਰ ਦੇ ਪਿੱਛੇ ਕੁਝ ਲੋਕਾਂ ਦੇ ਸਿਆਸੀ ਜਾਂ ਨਿੱਜੀ ਮੁਫ਼ਾਦ ਵੀ ਛੁਪੇ ਸਾਹਮਣੇ ਆਏ ਹਨ। ਮਿਸਾਲ ਵਜੋਂ ਪੰਦਰ੍ਹਵੀਂ ਸਦੀ ਵਿੱਚ ਫਰਾਂਸ ਅੰਦਰ ਇੱਕ ਸਾਧਾਰਨ ਕਿਸਾਨ ਦੀ 19 ਸਾਲਾ ਕੁੰਵਾਰੀ ਬੇਟੀ ਨੂੰ ਸਮੇਂ ਦੇ ਚਰਚ ਨੇ ਜਿਉਂਦੀ ਨੂੰ ਅੱਗ ਲਾ ਕੇ ਸ਼ਰੇਆਮ ਸਾੜ ਦਿੱਤਾ ਸੀ। ਇਸ ਜਾਂਬਾਜ਼ ਪਵਿੱਤਰ ਜੋਨ ਆਫ਼ ਆਰਕ ਨੇ ਓਰਲੀਨਜ਼ ਦਾ ਘੇਰਾ ਤੋੜ ਕੇ ਫਰਾਂਸ ਦੇ ਇਲਾਕੇ ਨੂੰ ਬਰਤਾਨਵੀ ਅਤੇ ਗੱਦਾਰ ਫੌਜਾਂ ਤੋਂ ਮੁਕਤ ਕਰਵਾ ਕੇ ਬਾਦਸ਼ਾਹ ਚਾਰਲਸ ਨੂੰ ਰੀਮਜ਼ ਵਿਖੇ ਰਾਜ ਤਿਲਕ ਦੇ ਕੇ ਆਪਣੇ ਮੁਲਕ ਦੀ ਰਾਜਗੱਦੀ 'ਤੇ ਬਿਠਾਇਆ ਸੀ। ਸੱਤ ਜੁਲਾਈ 1456 ਨੂੰ ਇਸੇ ਚਰਚ ਭਾਵ ਪੋਪ ਨੇ ਜੋਨ ਆਫ਼ ਆਰਕ ਨੂੰ ਬੇਕਸੂਰ ਕਰਾਰ ਦੇ ਦਿੱਤਾ। ਇਸ ਤੋਂ ਵੀ ਵਧ ਕੇ 16 ਮਈ 1920 ਨੂੰ ਇਸ ਚਰਚ ਨੇ ਜੋਨ ਨੂੰ 'ਸੰਤ' ਹੋਣ ਦੀ ਉਪਾਧੀ ਦੇ ਦਿੱਤੀ। ਕਾਰਨ ਇਹ ਸੀ ਕਿ ਜੋਨ ਲੋਕਾਂ ਵਿੱਚ ਇੰਨੀ ਹਰਮਨ ਪਿਆਰੀ ਨਾਇਕਾਂ ਵਜੋਂ ਜਾਣੀ ਗਈ ਸੀ। ਕਿ ਚਰਚ ਨੂੰ ਆਪਣੀ ਭਰੋਸੇਯੋਗਤਾ ਅਤੇ ਮਾਨਤਾ ਖੁਰਦੀ ਦਿਸਦੀ ਸੀ।

ਇਸੇ ਕਿਸਮ ਦਾ ਵਰਤਾਰਾ ਮਹਾਨ ਵਿਗਿਆਨੀ ਗੈਲੀਲੀਓ ਨਾਲ ਵੀ ਵਾਪਰਿਆ ਸੀ। ਉਸ ਦੀਆਂ ਧਰਤੀ ਦੇ ਸੂਰਜ ਦੁਆਲੇ ਘੁੰਮਣ ਦੀ ਖੋਜਾਂ ਦਾ ਵੇਰਵਾ ਛਾਪਣ 'ਤੇ ਚਰਚ ਨੇ ਪਾਬੰਦੀ ਲਗਾ ਕੇ ਉਸਨੂੰ ਸਜ਼ਾ-ਯਾਫ਼ਤਾ ਕਰਾਰ ਦੇ ਦਿੱਤਾ ਸੀ। ਗੈਲੀਲੀਓ ਦੀ 1642 ਵਿੱਚ ਮੌਤ ਹੋ ਗਈ। ਮਗਰੋਂ 1835 ਵਿੱਚ ਉਸਦੀ ਇਸੇ ਪੁਸਤਕ 'ਗੈਲੀਲੀਓ ਦਾ ਡਾਇਆਲਾਗ' ਉੱਪਰੋਂ ਉਸੇ ਚਰਚ ਨੇ ਪਾਬੰਦੀ ਹਟਾ ਲਈ ਸੀ। ਫਿਰ 1992 ਵਿੱਚ ਪੋਪ ਜੌਹਨ ਪਾਲ ਦੂਜੇ ਨੇ ਗੈਲੀਲੀਓ ਦੀ ਉਸੇ ਖੋਜ ਨੂੰ ਮਾਨਤਾ ਦੇ ਕੇ ਉਸਦੀ ਪ੍ਰੌੜ੍ਹਤਾ ਕਰ ਦਿੱਤੀ। ਇਹ ਵੀ ਲੋਕ ਰਾਇ ਨੂੰ ਚਰਚ ਤੋਂ ਦੂਰ ਜਾਣ ਤੋਂ ਰੋਕਣ ਲਈ ਕੀਤਾ ਗਿਆ ਸਵਾਰਥੀ ਯਤਨ ਸੀ।

ਕੈਨੇਡਾ ਦੇ ਅਗਲੇ ਬਿਰਤਾਂਤ ਤੋਂ ਪਹਿਲਾਂ ਪਿਛੋਕੜ ਦੱਸਣਾ ਜ਼ਰੂਰੀ ਹੈ। 1930ਵਿਆਂ ਵਿੱਚ ਜਰਮਨ ਦੇ ਡਿਕਟੇਟਰ ਐਡੋਲਫ਼ ਹਿਟਲਰ ਨੇ ਯਹੂਦੀਆਂ ਨੂੰ ਤੰਗ ਪ੍ਰੇਸ਼ਾਨ ਕਰਨ ਅਤੇ ਉਨ੍ਹਾਂ ਦੀ ਨਸਲ-ਕੁਸ਼ੀ ਕਰਨ ਦੇ ਮਨਸੂਬੇ ਬਣਾ ਲਏ ਤਾਂ ਮੁਲਕਾਂ ਵਿੱਚ ਵਿਰੋਧੀ ਸੁਰ ਉੱਠੇ। ਹਿਟਲਰ ਨੇ ਕਿਹਾ ਕਿ ਜੇ ਕੋਈ ਮੁਲਕ ਇਨ੍ਹਾਂ 'ਘਟੀਆ ਅਤੇ ਜ਼ਰਾਇਮ ਪੇਸ਼ਾ' ਲੋਕਾਂ ਨੂੰ ਲੈਣਾ ਚਾਹੁੰਦਾ ਹੈ ਤਾਂ ਮੈਂ ਇਨ੍ਹਾਂ ਨੂੰ ਵਧੀਆ ਜਹਾਜ਼ਾਂ ਵਿੱਚ ਚੜ੍ਹਾ ਕੇ ਭੇਜ ਦਿੰਦਾ ਹਾਂ, ਪਰ ਕਿਸੇ ਨੇ ਵੀ ਹਾਮੀ ਨਹੀਂ ਭਰੀ ਸੀ। ਇਸ ਸੰਦਰਭ ਵਿੱਚ ਇੱਕ ਅਦੁਤੀ ਬਹਾਦਰੀ ਦਾ ਕਾਰਨਾਮਾ ਵੀ ਵਾਪਰਿਆ। ਹਿਟਲਰ ਦੇ ਨਾਜ਼ੀਆਂ ਨੇ ਉੱਤਰ ਵੱਲੋਂ ਫਰਾਂਸ ਨੂੰ ਤੇਜ਼ੀ ਨਾਲ ਕਬਜ਼ੇ ਵਿੱਚ ਲੈਣਾ ਸ਼ੁਰੂ ਕੀਤਾ। ਇੱਥੋਂ ਦੇ ਯਹੂਦੀਆਂ ਨੇ ਦੱਖਣ ਵੱਲ ਭੱਜ ਕੇ ਅਤੇ ਹੱਦ ਪਾਰ ਕਰਕੇ ਸਪੇਨ ਅਤੇ ਪੁਰਤਗਾਲ ਜਾਣ ਦੀ ਕੋਸ਼ਿਸ਼ ਕੀਤੀ। ਇਸ ਮਕਸਦ ਲਈ ਉਨ੍ਹਾਂ ਨੂੰ ਇਨ੍ਹਾਂ ਮੁਲਕਾਂ ਦੇ ਵੀਜ਼ੇ ਚਾਹੀਦੇ ਸਨ। ਹਜ਼ਾਰਾਂ ਯਹੂਦੀਆਂ ਨੇ ਆਪਣੀ ਜਾਨ ਦਾ ਰਾਖਾ ਕਾਗਜ਼, ਵੀਜ਼ਾ ਲੈਣ ਖਾਤਰ ਬੋਰਡੀਊ ਵਿਖੇ ਪੁਰਤਗਾਲੀ ਦੂਤਾਵਾਸ ਦੇ ਸਾਹਮਣੇ ਘੜਮੱਸ ਮਾਰ ਲਿਆ। ਪੁਰਤਗਾਲੀ ਸਰਕਾਰ ਨੇ ਆਪਣੇ ਫਰਾਂਸ ਵਿਚਲੇ ਦੂਤ ਘਰਾਂ ਨੂੰ ਵਿਦੇਸ਼ ਮੰਤਰਾਲੇ ਦੀ ਆਗਿਆ ਬਿਨ੍ਹਾਂ ਵੀਜ਼ੇ ਦੇਣ 'ਤੇ ਰੋਕ ਲਾਉਣ ਦਾ ਹੁਕਮ ਜਾਰੀ ਕਰ ਦਿੱਤਾ, ਪਰ ਬੋਰਡੀਊ ਵਿਚਲੇ ਦੂਤ ਅਰਿਸਟਾਈਡਜ਼ ਡੀ ਸੋਸਾ ਮੈਂਡੀਜ਼ ਨੇ ਆਪਣੇ ਤੀਹ ਸਾਲਾਂ ਦੇ ਡਿਪਲੋਮੈਟਿਕ ਕੈਰੀਅਰ ਨੂੰ ਦਾਂਅ 'ਤੇ ਲਾ ਕੇ ਇਸ ਆਰਡਰ ਨੂੰ ਅਣਗੌਲਿਆਂ ਕਰ ਦਿੱਤਾ। ਜਿਸ ਸਮੇਂ ਨਾਜ਼ੀਆਂ ਦੇ ਟੈਂਕ ਦਰੜਦੇ ਹੋਏ ਤੇਜ਼ੀ ਨਾਲ ਬੋਰਡੀਊ ਵੱਲ ਵੱਧ ਰਹੇ ਸਨ ਤਾਂ ਇਨ੍ਹਾਂ ਦਸਾਂ ਦਿਨਾਂ ਵਿੱਚ ਮੈਂਡੀਜ਼ ਅਤੇ ਉਸਦੀ ਟੀਮ ਯਹੂਦੀਆਂ ਨੂੰ ਵੀਜ਼ੇ ਦੇਣ ਵਿੱਚ ਇਸ ਕਦਰ ਰੁੱਝੀ ਰਹੀ ਕਿ ਉਨ੍ਹਾਂ ਨੇ ਆਪਣੇ ਖਾਣ ਪੀਣ ਅਤੇ ਸੌਣ ਆਦਿ ਦੀ ਵੀ ਪਰਵਾਹ ਨਹੀਂ ਕੀਤੀ। ਉਹ ਲਗਾਤਾਰ ਵੀਜ਼ੇ ਦੇ ਕਾਗਜ਼ਾਂ ਉੱਪਰ ਮੋਹਰਾਂ ਲਾ ਕੇ ਵੀਜ਼ੇ ਜਾਰੀ ਕਰਦੇ ਰਹੇ। ਥੱਕ-ਟੁੱਟ ਕੇ ਡਿੱਗਣ ਤੋਂ ਪਹਿਲਾਂ ਉਨ੍ਹਾਂ ਨੇ ਹਜ਼ਾਰਾਂ ਵੀਜ਼ੇ ਜਾਰੀ ਕਰ ਦਿੱਤੇ। ਇਨ੍ਹਾਂ ਵੀਜ਼ਿਆਂ ਦੀ ਬਦੌਲਤ ਹਜ਼ਾਰਾਂ ਯਹੂਦੀਆਂ ਨੇ ਸਪੇਨ ਅਤੇ ਪੁਰਤਗਾਲ ਪੁੱਜ ਕੇ ਜਾਨਾਂ ਬਚਾਈਆਂ। ਇਨ੍ਹਾਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਇਨ੍ਹਾਂ ਵੀਜ਼ਿਆਂ ਨੂੰ ਮਾਨਤਾ ਦੇ ਦਿੱਤੀ। ਇਉਂ ਤੀਹ ਹਜ਼ਾਰ ਯਹੂਦੀ ਨਾਜ਼ੀਆਂ ਦੇ ਮੌਤ ਪਿੰਜਰੇ 'ਚੋਂ ਬਚ ਨਿਕਲੇ। ਬੇਸ਼ੱਕ ਮੈਂਡੀਜ਼ ਨੂੰ ਬਰਤਰਫ਼ ਕਰਕੇ ਹਿਰਾਸਤ ਵਿੱਚ ਲੈ ਲਿਆ ਗਿਆ ਪਰ ਉਸਦੇ ਇਸ ਦਲੇਰੀ ਭਰੇ ਕਾਰਨਾਮੇ ਨੇ ਇੱਕ ਰਬੜ ਦੀ ਮੋਹਰ ਦੇ ਸਹਾਰੇ ਉੱਥੇ ਵਾਪਰਨ ਵਾਲੇ ਨਸਲਕੁਸ਼ੀ ਤੋਂ ਹਜ਼ਾਰਾਂ ਲੋਕਾਂ ਨੂੰ ਬਾਹਰ ਕੱਢ ਲਿਆ। ਇਹ ਇਕੱਲੇ ਜਣੇ ਵੱਲੋਂ ਇੰਨੀਆਂ ਜਾਨਾਂ ਬਚਾਉਣ ਦਾ ਉਸ ਵੇਲੇ ਦਾ ਸਭ ਤੋਂ ਵੱਡਾ ਕਾਰਨਾਮਾ ਸੀ। ਉਸ ਸਮੇਂ ਇੱਧਰ ਅਮਰੀਕਾ ਅਤੇ ਕੈਨੇਡਾ ਦੀਆਂ ਸਰਕਾਰਾਂ ਦਾ ਰਵੱਈਆਂ ਕੁਝ ਹੋਰ ਹੀ ਸੀ।

ਸੇਂਟ ਲੂਈ ਜਹਾਜ਼ ਦੇ ਯਹੂਦੀਆਂ ਦਾ ਦੁਖਾਂਤ: ਅਜਿਹੇ ਮਾਹੌਲ ਸਮੇਂ ਸੰਨ 1939 ਵਿੱਚ ਜਰਮਨ ਛੱਡ ਕੇ ਆਏ ਕੁਝ ਯਹੂਦੀ ਇੱਕ ਜਹਾਜ਼ ਸੇਂਟ ਲੂਈ 'ਤੇ ਸਵਾਰ ਹੋ ਕੇ ਅਮਰੀਕਾ ਵੱਲ ਆ ਨਿੱਕਲੇ। ਇਸ ਜਹਾਜ਼ ਵਿੱਚ ਸਵਾਰ 937 ਯਾਤਰੀਆਂ ਵਿੱਚੋਂ ਤਕਰੀਬਨ ਸਾਰੇ ਯਹੂਦੀ ਸਨ। ਇਸ ਜਹਾਜ਼ ਨੂੰ ਨਾ ਤਾਂ ਕਿਊਬਾ ਨੇ ਤਣ-ਪੱਤਣ ਲੱਗਣ ਦੀ ਮਨਜ਼ੂਰੀ ਦਿੱਤੀ ਅਤੇ ਨਾ ਹੀ ਮਾਨਵੀ ਅਧਿਕਾਰਾਂ ਦੇ ਅਖੌਤੀ ਸਰਬਰਾਹ ਅਮਰਕੀਨ ਹੁਕਮਰਾਨਾਂ ਨੇ। ਮਾਯੂਸ ਹੋ ਕੇ ਇਹ ਜਹਾਜ਼ ਕੈਨੇਡਾ ਦੀ ਹੈਲੀ ਫੈਕਸ ਬੰਦਰਗਾਹ 'ਤੇ ਪੁੱਜ ਗਿਆ। ਇਨ੍ਹਾਂ ਬੇਸਹਾਰਾ ਲੋਕਾਂ ਨੇ ਕੈਨੇਡੀਅਨ ਸਰਕਾਰ ਤੋਂ ਸ਼ਰਨ ਦੀ ਮੰਗ ਕੀਤੀ। ਸਰਕਾਰ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਕੁਝ ਦਾਨਸ਼ਵਰ ਲੋਕਾਂ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਮਕੈਨਜ਼ੀ ਕਿੰਗ ਨੂੰ ਜ਼ੋਰ ਦੇ ਕੇ ਮਨਾਉਣ ਦੀ ਕੋਸ਼ਿਸ਼ ਕੀਤੀ ਕਿ ਇਨ੍ਹਾਂ ਲੋੜਵੰਦ ਯਾਤਰੀਆਂ ਨੂੰ ਬੰਦਰਗਾਹ 'ਤੇ ਉਤਰਨ ਦੀ ਇਜ਼ਾਜ਼ਤ ਦੇ ਦਿੱਤੀ ਜਾਵੇ। ਕਿੰਗ ਨੇ ਆਪਣੇ ਹਿਜ਼ਰਤ (ਇੰਮੀਗ੍ਰੇਸ਼ਨ) ਮੰਤਰੀ ਫਰੈਡਰਿਕ ਬਲੇਅਰ ਨੂੰ ਇਨ੍ਹਾਂ ਦੀ ਬੇਨਤੀ ਮੰਨਣ ਲਈ ਉਸਦੀ ਤਸੱਲੀ ਕਰਵਾਉਣ ਦਾ ਉਪਰਾਲਾ ਤਾਂ ਕੀਤਾ ਪਰ ਮੰਤਰੀ ਨੇ ਆਖ਼ਰ ਮੰਨਣ ਤੋਂ ਜਵਾਬ ਦੇ ਦਿੱਤਾ। ਬੇ-ਵਾਹ ਹੋ ਕੇ ਇਹ ਹਰ ਪਾਸਿਉਂ ਤਿਸਕਾਰੇ ਹੋਏ ਯਾਤਰੀ ਜਹਾਜ਼ ਨੂੰ ਯੂਰਪ ਵੱਲ ਲੈ ਗਏ। ਇਨ੍ਹਾਂ ਵਿੱਚੋਂ ਕੁਝ ਨੂੰ ਤਾਂ ਬੈਲਜ਼ੀਅਮ, ਫਰਾਂਸ, ਹਾਲੈਂਡ ਅਤੇ ਬਰਤਾਨੀਆਂ ਦੀਆਂ ਸਰਕਾਰਾਂ ਨੇ ਸ਼ਰਨ ਦੇ ਦਿੱਤੀ ਪਰ ਬਾਕੀ ਦੇ 500 ਬਦਕਿਸਮਤਾਂ ਨੂੰ ਜਰਮਨੀ ਮੁੜਨਾ ਪਿਆ ਜਿਨ੍ਹਾਂ ਵਿੱਚੋਂ ਮਗਰੋਂ ਅੱਧੇ ਨਸਲਕੁਸ਼ੀ (ਹਾਲੋਕਾਸਟ) ਦਾ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਜਾ ਪਏ।

ਕਾਫ਼ੀ ਸਮੇਂ ਤੋਂ ਕੈਨੇਡਾ ਦਾ ਲਿਬਰਲ ਪਾਰਲੀਮੈਂਟ ਮੈਂਬਰ ਐਂਥਨੀ ਹਾਊਸ ਫ਼ਾਦਰ ਇਸ ਵਰਤਾਰੇ ਦੇ ਰੋਸ ਵਿੱਚ ਅੱਗੇ ਹੋ ਕੇ ਆਵਾਜ਼ ਉਠਾਉਂਦਾ ਆ ਰਿਹਾ ਹੈ। ਉਸਨੂੰ ਯਕੀਨ ਹੈ ਕਿ ਇੱਕ ਦਿਨ ਕੈਨੇਡਾ ਸਰਕਾਰ ਸੇਂਟ ਲੂਈ ਨਾਲ ਜੁੜੇ ਦੁਖਾਂਤ ਬਾਰੇ ਜ਼ਰੂਰ ਮੁਆਫ਼ੀ ਮੰਗ ਲਵੇਗੀ।

ਕਾਮਾਗਾਟਾ ਮਾਰੂ ਦਾ ਦੁਖਾਂਤ: ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਅੱਧ ਵਿੱਚ ਵਾਪਰਿਆ ਕਾਮਾਗਾਟਾ ਮਾਰੂ ਜਹਾਜ਼ ਦੇ ਯਾਤਰੀਆਂ ਦਾ ਬਿਰਤਾਂਤ ਭਾਰਤ ਦੇਸ਼ ਦੀ ਆਜ਼ਾਦੀ ਲਈ ਵਿਦੇਸ਼ੀ ਖਾਸ ਕਰਕੇ ਅਮਰੀਕਾ ਅਤੇ ਕੈਨੇਡਾ ਗਏ ਗਦਰ ਲਹਿਰ ਦੇ ਸਿਰਲੱਥ ਸੰਗਰਾਮੀਆਂ ਦੇ ਸਿਰੜ ਅਤੇ ਕੁਰਬਾਨੀਆਂ ਦਾ ਅਤਿ ਮੱਹਤਵਪੂਰਨ ਕਾਂਡ ਹੈ। ਉਸ ਸਮੇਂ ਮਹਾਰਾਣੀ ਵਿਕਟੋਰੀਆ ਨੇ 1858 ਵਿੱਚ ਇਹ ਸ਼ਾਹੀ ਫੁਰਮਾਨ ਜਾਰੀ ਕੀਤਾ ਸੀ ਕਿ ਭਾਰਤੀ ਨਾਗਰਿਕਾਂ ਨੂੰ ਬਰਤਾਨਵੀਂ ਸਾਮਰਾਜ ਅੰਦਰ ਬਰਾਬਰ ਦੇ ਹੱਕ ਹਨ। ਕੈਨੇਡਾ ਦਾ ਪ੍ਰਧਾਨ ਮੰਤਰੀ ਵਿਲਫ਼ਰਡ ਲਾਰੀਅਰ ਵੀ ਮੰਨਦਾ ਸੀ ਕਿ ਕਿਸੇ ਵੀ ਨਸਲ ਦੇ ਬਰਤਾਨਵੀਂ ਨਾਗਰਿਕਾਂ ਨੂੰ ਕੈਨੇਡਾ ਅੰਦਰ ਦਾਖ਼ਲ ਹੋਣ ਤੋਂ ਨਹੀਂ ਰੋਕਿਆ ਜਾ ਸਕਦਾ। ਇਸਦੇ ਬਾਵਜੂਦ ਨਸਲੀ ਵਿਤਕਰੇ ਦੇ ਅਧੀਨ ਬ੍ਰਿਟਿਸ਼ ਕੋਲੰਬੀਆ ਅਤੇ ਕੈਨੇਡਾ ਦੀ ਫੈਡਰਲ ਸਰਕਾਰ ਨੇ ਏਸ਼ੀਆ ਖਾਸ ਕਰਕੇ ਭਾਰਤੀ ਲੋਕਾਂ ਦੇ ਦਾਖਲੇ ਉੱਪਰ ਬੰਦਸ਼ਾਂ ਲਾਉਣ ਵਾਲੇ ਆਪਹੁਦਰੇ ਕਾਨੂੰਨ ਲਾਗੂ ਕਰ ਦਿੱਤੇ, ਜਿਨ੍ਹਾਂ ਨੂੰ ਸਿੱਧੀ ਚੁਣੌਤੀ ਦੇਣ ਦੀ ਜੁਰਅਤ ਕਾਮਾਗਾਟਾ ਮਾਰੂ ਦੇ ਰਹਿਬਰਾਂ ਅਤੇ ਮੁਸਾਫ਼ਰਾਂ ਨੇ ਕੀਤੀ। ਲਾਰੀਅਰ ਸਰਕਾਰ ਵੱਲੋਂ ਇਹ ਦੋ ਕਾਨੂੰਨ 1908 ਵਿੱਚ ਲਾਗੂ ਕੀਤੇ ਗਏ। ਇੰਮੀਗ੍ਰੇਸ਼ਨ ਅਧਿਕਾਰੀ 200 ਡਾਲਰ ਤੋਂ ਘੱਟ ਰਕਮ ਰੱਖਣ ਵਾਲੇ ਭਾਰਤੀ ਹਿਜ਼ਰਤੀਆਂ ਨੂੰ ਵਾਪਸ ਕਰ ਸਕਦੇ ਸਨ ਅਤੇ ਭਾਰਤ ਤੋਂ ਕੈਨੇਡਾ ਸਿੱਧੇ ਨਾ ਆਉਣ ਵਾਲਿਆਂ ਨੂੰ ਵਾਪਸ ਭੇਜ ਸਕਦੇ ਸਨ। ਇਹ ਬਰਤਾਨਵੀਂ ਸਾਮਰਾਜੀ ਸਰਕਾਰ ਦੀਆਂ ਨੀਤੀਆਂ ਮੁਤਾਬਕ ਗੈਰ ਸੰਵਿਧਾਨਕ, ਅਣਮਨੁੱਖੀ ਅਤੇ ਅਣ-ਅਧਿਕਾਰਤ ਸਨ।

ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਸਰਹਾਲੀ ਦਾ ਜੰਮਪਲ ਗੁਰਦਿੱਤ ਸਿੰਘ ਸਿੰਘਾਪੁਰ ਅਤੇ ਹਾਂਗਕਾਂਗ ਵਿੱਚ ਇੱਕ ਰੱਜਿਆ-ਪੁੱਜਿਆ ਸਫ਼ਲ ਠੇਕੇਦਾਰ ਸੀ। ਉਸਨੂੰ ਭਾਰਤੀਆ ਦੇ ਕੈਨੇਡਾ ਵਿੱਚ ਦਾਖਲੇ ਉੱਪਰ ਲੱਗੀਆਂ ਪਾਬੰਦੀਆਂ ਦਾ ਪਤਾ ਸੀ ਪਰ ਵੈਨਕੂਵਰ ਅਤੇ ਅਮਰੀਕਾ ਵਿਚਲੇ ਪੰਜਾਬੀਆਂ ਤੋਂ ਇਹ ਵਿਸ਼ਵਾਸ਼ ਮਿਲਿਆ ਸੀ ਕਿ ਇੱਕ ਵਾਰ ਜਹਾਜ਼ ਬੰਦਰਗਾਹ 'ਤੇ ਪਹੁੰਚ ਜਾਏ ਤਾਂ ਅਦਾਲਤਾਂ ਦਾ ਸਹਾਰਾ ਲੈ ਕੇ ਕੈਨੇਡਾ ਦਾ ਦਾਖਲਾ ਮਿਲ ਸਕਦਾ ਹੈ। ਗ਼ਦਰੀਆਂ ਦੇ ਹੱਕ ਵਿੱਚ ਬੋਲਣ ਵਾਲੇ ਗੁਰਦਿੱਤ ਸਿੰਘ ਨੇ ਦੇਸ਼ ਵਾਸੀਆਂ ਦੀ ਮੱਦਦ ਕਰਨ ਦੇ ਜ਼ਜ਼ਬੇ ਅਧੀਨ ਅਤੇ ਜਹਾਜ਼ਰਾਨੀ ਦੇ ਧੰਦੇ ਰਾਹੀਂ ਕਮਾਈ ਕਰਨ ਦੇ ਇਰਾਦੇ ਨਾਲ ਭਾਰਤੀਆਂ ਨੂੰ ਕੈਨੇਡਾ ਪਹੁੰਚਾਉਣ ਦਾ ਫੈਸਲਾ ਕਰ ਲਿਆ। ਉਸਨੇ 25 ਮਾਰਚ 1914 ਨੂੰ ਕਾਮਾਗਾਟਾ ਮਾਰੂ ਨਾਂਅ ਦਾ ਇੱਕ ਜਾਪਾਨੀ ਸਮੁੰਦਰੀ ਜਹਾਜ਼ ਕਿਰਾਏ 'ਤੇ ਲਿਆ। ਇਸਦੇ ਇੱਕ ਹਾਲ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਸ਼ੁਸ਼ੋਭਿਤ ਕੀਤੀ ਗਈ। ਹਾਂਗਕਾਂਗ ਦੇ ਗਵਰਨਰ ਦੀ 4 ਅਪ੍ਰੈਲ ਨੂੰ ਜਹਾਜ਼ ਦੀ ਰਵਾਨਗੀ ਲਈ ਮਨਜ਼ੂਰੀ ਮਿਲਣ ਮਗਰੋਂ ਇਹ ਜਹਾਜ਼ 165 ਮੁਸਾਫ਼ਰਾਂ ਸਮੇਤ 8 ਅਪ੍ਰੈਲ ਨੂੰ ਸ਼ੰਘਾਈ ਅਤੇ 19 ਅਪ੍ਰੈਲ ਨੂੰ ਜਾਪਾਨ ਦੀ ਮੋਜੀ ਬੰਦਰਗਾਹ 'ਤੇ ਪਹੁੰਚ ਗਿਆ। ਹੁਣ ਇਨ੍ਹਾਂ ਪੰਜਾਬ ਤੋਂ ਆਏ ਪਰ ਵੱਖੋ-ਵੱਖ ਥਾਵਾਂ ਤੋਂ ਸਵਾਰ ਹੋਏ ਮੁਸਾਫ਼ਰਾਂ ਦੀ ਗਿਣਤੀ 376 ਹੋ ਗਈ ਜਿਨ੍ਹਾਂ ਵਿੱਚ 337 ਸਿੱਖ, 27 ਮੁਸਲਮਾਨ ਅਤੇ 12 ਹਿੰਦੂ ਸਨ। ਇਨ੍ਹਾਂ ਵਿੱਚ ਗਦਰ ਲਹਿਰ ਦਾ ਇਨਕਲਾਬੀ ਸਾਹਿਤ ਵੰਡਿਆ ਗਿਆ। ਇਹ ਜਹਾਜ਼ ਦੋ ਮਈ ਨੂੰ ਯੋਕੋ ਹਾਮਾ ਦੀ ਬੰਦਰਗਾਹ ਤੋਂ ਕੈਨੇਡਾ ਦੀ ਵਿਕਟੋਰੀਆ ਬੰਦਰਗਾਹ ਲਈ ਰਵਾਨਾ ਹੋਇਆ ਅਤੇ 22 ਮਈ 1914 ਨੂੰ 376 ਮੁਸਾਫ਼ਰਾਂ ਸਮੇਤ ਵੈਨਕੂਵਰ ਦੇ ਨੇੜੇ ਪ੍ਰਸ਼ਾਂਤ ਮਹਾਂਸਾਗਰ ਦੇ ਪਾਣੀਆਂ ਅੰਦਰ ਪਹੁੰਚ ਗਿਆ। ਅਗਲੇ ਦਿਨ ਇਸ ਜਹਾਜ਼ ਨੇ ਬੁਰਾਡ ਨਾਂਅ ਦੇ ਮੁਹਾਣ 'ਤੇ ਲੰਗਰ ਸੁੱਟ ਦਿੱਤੇ।

ਵੈਨਕੂਵਰ ਸਥਿਤ ਇੰਮੀਗ੍ਰੇਸ਼ਨ ਦਫ਼ਤਰ ਦਾ ਮੁਖੀ ਮੈਲਕਮ ਰੀਡ ਅਤੇ ਇੰਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਚਾਰਲਸ ਹਾਪਕਿਨਸਨ ਆਪਣੀ ਟੀਮ ਸਮੇਤ ਜਹਾਜ਼ 'ਤੇ ਪੁੱਜ ਗਏ ਅਤੇ ਕਿਸੇ ਵੀ ਬਾਹਰਲੇ ਵਿਅਕਤੀ ਨੂੰ ਜਹਾਜ਼ 'ਤੇ ਜਾਣ ਤੋਂ ਰੋਕ ਦਿੱਤਾ। ਗੁਰਦਿੱਤ ਸਿੰਘ ਨੇ ਉਨ੍ਹਾਂ ਨੂੰ ਆਪਣੇ ਬ੍ਰਿਟਿਸ਼ ਨਾਗਰਿਕ ਹੋਣ ਦੇ ਨਾਤੇ ਕੈਨੇਡਾ ਅੰਦਰ ਦਾਖਲ ਹੋਣ ਦੇ ਅਧਿਕਾਰ ਦਾ ਵਾਸਤਾ ਪਾਇਆ ਪਰ ਉਨ੍ਹਾਂ 'ਤੇ ਇਸਦਾ ਕੋਈ ਅਸਰ ਨਹੀਂ ਹੋਇਆ। ਮੁਸਾਫ਼ਰਾਂ ਦਾ ਜਹਾਜ਼ ਤੋਂ ਉਤਰਨਾ ਬੰਦ ਕਰ ਦਿੱਤਾ ਅਤੇ ਇਸਦੇ ਦੁਆਲੇ ਇੰਮੀਗ੍ਰੇਸ਼ਨ ਵਿਭਾਗ ਦੇ ਹਥਿਆਰਬੰਦ ਸੁਰੱਖਿਆ ਗਾਰਡ ਕਿਸ਼ਤੀ ਰਾਹੀਂ ਗਸ਼ਤ ਕਰਦੇ ਰਹੇ। ਇੰਮੀਗ੍ਰੇਸ਼ਨ ਅਧਿਕਾਰੀ ਕਿਸੇ ਨਾ ਕਿਸੇ ਬਹਾਨੇ ਸਮਾਂ ਲੰਘਾਈ ਗਏ। ਜਹਾਜ਼ ਦੇ ਮੁਸਾਫ਼ਰਾਂ ਦੀ ਸਿਹਤ ਦਾ ਮੁਆਇਨਾ ਕਰਨ ਦੇ ਬਹਾਨੇ ਇਕੱਲੇ-ਇਕੱਲੇ ਮੁਸਾਫ਼ਰ ਦੀ ਚੈਕਿੰਗ ਕਰਨ ਖਾਤਰ ਕਈ ਦਿਨ ਲੰਘਾ ਦਿੱਤੇ।

ਇਸ ਸਮੇਂ ਵੈਨਕੂਵਰ ਅੰਦਰ ਖਾਲਸਾ ਦੀਵਾਨ ਸੁਸਾਇਟੀ ਦੇ ਕਾਰਕੁੰਨਾਂ ਅਤੇ ਪੜ੍ਹੇ-ਲਿਖੇ ਇੰਮੀਗ੍ਰੇਸ਼ਨ ਤਾਰਕ ਨਾਥ ਦਾਸ, ਕੁਮਾਰ ਰਹੀਮ ਨੇ ਸੋਸ਼ਲਿਸਟ ਪਾਰਟੀ ਆਫ਼ ਕੈਨੇਡਾ ਦੀ ਵੈਨਕੂਵਰ ਸ਼ਾਖਾ ਸਥਾਪਤ ਕੀਤੀ ਹੋਈ ਸੀ। ਭਾਗ ਸਿੰਘ ਇਸਦਾ ਪ੍ਰਧਾਨ ਸੀ। ਬਲਵੰਤ ਸਿੰਘ ਵੈਨਕੂਵਰ ਗੁਰਦੁਆਰੇ ਦਾ ਗ੍ਰੰਥੀ ਸੀ। ਇਨ੍ਹਾਂ ਮੁਸਾਫ਼ਰਾਂ ਦੀ ਪੈਰਵੀ ਕਰਨ ਲਈ ਇਨ੍ਹਾਂ ਵੱਲੋਂ ਤਟੀ ਕਮੇਟੀ ਦਾ ਗਠਨ ਕੀਤਾ ਗਿਆ ਜਿਸਨੇ ਜੇ. ਐਡਵਰਡ ਬਰਡ ਨੂੰ ਵਕੀਲ ਨਿਯੁਕਤ ਕੀਤਾ। ਉਸ ਨੂੰ ਵੀ ਜਹਾਜ਼ 'ਤੇ ਜਾਣ ਤੋਂ ਰੋਕ ਦਿੱਤਾ ਗਿਆ। ਉਸਦੀ ਅਪੀਲ ਨੂੰ ਵੀ ਔਟਵਾ ਸਰਕਾਰ ਨੇ ਨਾ-ਮਨਜ਼ੂਰ ਕਰ ਦਿੱਤਾ। ਫਿਰ ਉਸਨੇ ਸਰਕਾਰੀ ਵਕੀਲਾਂ ਰੌਬੀ. ਐਲ. ਰੀਡ ਅਤੇ ਡਬਲਯੂ. ਬੀ. ਏ. ਰਿਚੀ ਨਾਲ ਕੇਸ ਅਦਾਲਤ ਵਿੱਚ ਲੈ ਜਾਣ ਬਾਰੇ ਗੱਲਬਾਤ ਕੀਤੀ ਜਿਹੜੀ ਕਿਸੇ ਤਣ -ਪੱਤਣ ਨਾ ਲੱਗੀ। ਪੰਜਾਬੀ ਭਾਈਚਾਰੇ ਨੇ ਇਸ ਕਾਰਜ ਖਾਤਰ ਸਤਾਰਾਂ ਹਜ਼ਾਰ ਦੇ ਕਰੀਬ ਡਾਲਰ ਇਕੱਠੇ ਕਰ ਲਏ।

ਮਸਲੇ ਨੂੰ ਹੋਰ ਲਮਕਾਉਣ ਖਾਤਰ ਪਹਿਲੀ ਜੂਨ ਨੂੰ ਮੈਡੀਕਲ ਮੁਆਇਨਾ ਖ਼ਤਮ ਹੋਣ ਉਪਰੰਤ ਹਰੇਕ ਮੁਸਾਫ਼ਰ ਨੂੰ ਇੰਮੀਗ੍ਰੇਸ਼ਨ ਦੇ ਦਫ਼ਤਰ ਵਿੱਚ ਇੱਕਲੇ - ਇੱਕਲੇ ਨੂੰ ਬੁਲਾ ਕੇ ਪਰਖ-ਪੜਤਾਲ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿੱਚੋ ਜਿਹੜੇ ਇੱਕੀ ਮੁਸਾਫ਼ਰ ਪਹਿਲਾਂ ਵੀ ਕੈਨੇਡਾ ਆ ਕੇ ਗਏ ਸਨ, ਉਨਾਂ ਨੂੰ ਜਹਾਜ਼ ਤੋਂ ਉਤਰਨ ਦੀ ਇਜ਼ਾਜ਼ਤ ਮਿਲ ਗਈ। ਵੈਨਕੂਵਰ ਬੰਦਰਗਾਹ ਵਿੱਚ ਠਹਿਰਿਆਂ ਦੂਜੇ ਹਫ਼ਤੇ ਰਾਸ਼ਨ ਪਾਣੀ ਦੀ ਕਮੀ ਆਉਣ ਲੱਗੀ। 6 ਜੂਨ ਨੂੰ ਗੁਰਦਿੱਤ ਸਿੰਘ ਨੇ ਇਸ ਬਾਰੇ ਗਵਰਨਰ ਜਨਰਲ ਅਤੇ ਬਾਦਸ਼ਾਹ ਨੂੰ ਬੇਨਤੀ ਪੱਤਰ ਵੀ ਭੇਜੇ। ਇਸ ਦੌਰਾਨ ਕਦੇ-ਕਦਾਈਂ ਥੋੜ੍ਹਾ-ਬਹੁਤ ਰਾਸ਼ਨ -ਪਾਣੀ ਮਿਲ ਜਾਂਦਾ ਸੀ ਪਰ ਕਦੇ-ਕਦੇ ਤਾਂ ਦਿਨ ਭਰ ਭੁੱਖੇ-ਤਿਹਾਏ ਵੀ ਰਹਿਣਾ ਪੈਂਦਾ ਸੀ। ਗਿਆਰਾਂ ਜੂਨ ਨੂੰ ਤਟਈ ਕਮੇਟੀ ਨੇ ਕਈ ਟਨ ਖਾਣਾ ਭੇਜਿਆ।

ਇਸ ਸਮੇਂ ਜਹਾਜ਼ ਦਾ ਕਿਰਾਇਆ ਜਹਾਜ਼ੀ ਏਜੰਟ ਗਾਰਡਨਰ ਜੌਹਨ ਨੂੰ ਦੇਣ ਬਾਰੇ ਅੜਚਣਾਂ ਆਉਂਦੀਆਂ ਰਹੀਆਂ। ਜੂਨ ਮਹੀਨੇ ਦਾ ਸਾਰਾ ਅਤੇ ਜੁਲਾਈ ਦੇ ਕੁੱਝ ਹਿੱਸੇ ਦਾ ਕਿਰਾਇਆ ਦਿੱਤਾ ਜਾ ਚੁੱਕਾ ਸੀ। ਰੀਡ ਨੂੰ ਉਮੀਦ ਸੀ ਕਿ ਜਹਾਜ਼ ਨੂੰ ਵਾਪਸ ਭੇਜਿਆ ਜਾ ਸਕਦਾ ਹੈ। ਇਸ ਲਈ ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਜਾਂ ਦਖ਼ਲਅੰਦਾਜ਼ੀ ਦੀ ਜ਼ਰੂਰਤ ਨਹੀਂ ਪਵੇਗੀ। ਜਾਪਾਨ ਦੇ ਦੋ ਗਸ਼ਤੀ ਜਹਾਜ਼ ਅਸਾਮਾ ਅਤੇ ਅਜ਼ੂਮਾ ਵੈਨਕੂਵਰ ਬੰਦਰਗਾਹ 'ਤੇ ਪਹੁੰਚਣ ਵਾਲੇ ਸਨ। 16 ਜੂਨ ਨੂੰ ਬੰਦਰਗਾਹ ਇੰਚਾਰਜ ਨੇ ਕਾਮਾਗਾਟਾ ਮਾਰੂ ਦੇ ਕੈਪਟਨ ਯਾਮਾਮੋਟੋ ਨੂੰ ਕਿਹਾ ਕਿ ਉਹ ਜਹਾਜ਼ ਨੂੰ ਪਰੇ ਲੈ ਜਾਵੇ। ਘਬਰਾਏ ਹੋਏ ਮੁਸਾਫ਼ਰਾਂ ਨੇ ਡਾਂਗਾਂ ਸੋਟੇ ਚੁੱਕ ਲਏ ਅਤੇ ਜਹਾਜ਼ ਨੂੰ ਖਿਸਕਾਉਣ ਤੋਂ ਰੋਕ ਲਿਆ। ਅਜੇ ਤੱਕ ਵੈਨਕੂਵਰ ਦੇ ਇੰਮੀਗ੍ਰੇਸ਼ਨ ਬੋਰਡ ਨੇ ਆਪਣੀ ਰਿਪੋਰਟ ਨਹੀਂ ਦਿੱਤੀ ਸੀ ਅਤੇ ਮੁਸਾਫਰਾਂ ਦੀ ਕਿਸਮਤ ਦਾ ਕੋਈ ਫੈਸਲਾ ਨਹੀਂ ਹੋ ਰਿਹਾ ਸੀ। ਰੀਡ ਜਹਾਜ਼ ਨੂੰ ਹਰ ਹਰਬਾ ਵਰਤ ਕੇ ਵਾਪਸ ਭੇਜਣ ਨੂੰ ਬਜ਼ਿਦ ਸੀ। 18 ਜੂਨ ਨੂੰ ਜਹਾਜ਼ ਦੇ ਮਾਲਕਾਂ ਨੇ ਦੋ ਮਹੀਨੇ ਦਾ ਕਿਰਾਇਆ ਦੋ ਦਿਨਾਂ ਅੰਦਰ ਦੇਣ ਦਾ ਅਲਟੀਮੇਟਮ ਦੇ ਦਿੱਤਾ। ਐਨ ਆਖ਼ਰੀ ਸਮੇਂ ਤਟਈ ਕਮੇਟੀ ਦੇ ਰਹੀਮ ਹੁਸੈਨ ਅਤੇ ਭਾਗ ਸਿੰਘ ਭਿੱਖੀਵਿੰਡ ਨੇ 15000 ਡਾਲਰ ਦੀ ਰਕਮ ਗਾਰਡਨਰ ਜੌਹਨਸਨ ਨੂੰ ਦੇ ਦਿੱਤੀ।

21 ਜੂਨ ਨੂੰ ਵੈਨਕੂਵਰ ਗੁਰਦੁਆਰਾ ਸੁਸਾਇਟੀ ਅਤੇ ਯੂਨਾਈਟਿਡ ਇੰਡੀਆ ਲੀਗ ਵੱਲੋਂ ਬੁਲਾਈ ਗਈ ਮੀਟਿੰਗ ਵਿੱਚ 400 ਭਾਰਤੀਆਂ ਅਤੇ 125 ਸ਼ੋਸ਼ਲਿਸਟ ਪਾਰਟੀ ਦੇ ਗੋਰੇ ਮੈਂਬਰਾਂ ਨੇ ਸ਼ਿਰਕਤ ਕੀਤੀ। ਬੜੀਆਂ ਗਰਮ ਤਕਰੀਰਾਂ ਹੋਈਆਂ। ਵਕੀਲ ਬਰਡ ਨੇ ਇੰਮੀਗ੍ਰੇਸ਼ਨ ਅਧਿਕਾਰੀਆਂ ਨੂੰ ਅਰਾਜਕਤਾਵਾਦੀ ਕਿਹਾ। ਹਾਪਕਿਨਜ਼ ਨੇ ਮੀਟਿੰਗ ਦੀ ਜਾਣਕਾਰੀ ਉਪ ਗ੍ਰਹਿ ਮੰਤਰੀ ਨੂੰ ਦਿੰਦਿਆਂ ਭਾਰਤੀ ਇੰਮੀਗ੍ਰੈਂਟਾਂ 'ਤੇ ਕਾਰਵਾਈ ਕਰਨ ਦੀ ਲੋੜ ਬਾਰੇ ਵੀ ਲਿਖਿਆ। ਪ੍ਰਧਾਨ ਮੰਤਰੀ ਅਧਿਕਾਰੀ ਬੋਰਡਨ ਰੀਡ ਦੀ ਇਸ ਚਾਲ ਨਾਲ ਸਹਿਮਤ ਨਹੀਂ ਸੀ ਕਿ ਧੋਖੇਬਾਜ਼ੀ ਨਾਲ ਇਨ੍ਹਾਂ ਮੁਸਾਫ਼ਰਾਂ ਨੂੰ ਅਦਾਲਤਾਂ ਤੋਂ ਪਰ੍ਹਾਂ ਰੱਖ ਕੇ ਵਾਪਸ ਭੇਜ ਦਿੱਤਾ ਜਾਵੇ। ਉਦੋਂ ਤੱਕ ਇਹ ਮਸਲਾ ਅੰਤਰਰਾਸ਼ਟਰੀ ਪੱਧਰ 'ਤੇ ਜਾਣਿਆ ਜਾਂਦਾ ਸੀ, ਖਾਸ ਕਰਕੇ ਬਰਤਾਨੀਆਂ, ਭਾਰਤ ਅਤੇ ਜਾਪਾਨ ਦੀਆਂ ਸਰਕਾਰਾਂ ਅੰਦਰ। ਖਾਨਾਪੂਰਤੀ ਲਈ 25 ਜੂਨ ਨੂੰ ਸਰਕਾਰੀ ਵਕੀਲਾਂ ਨੇ ਰੀਡ ਨੂੰ ਟੈਸਟ ( ਨਮੂਨੇ) ਵਜੋਂ ਦੋ ਮੁਸਾਫ਼ਰ ਜਹਾਜ਼ ਤੋਂ ਲਿਆਉਣ ਲਈ ਕਿਹਾ। ਇਹ ਦੋ ਜਣੇ ਸਨ ਨਰੈਣ ਸਿੰਘ ਪੁੱਤਰ ਬਰਾਕਾ ਸਿੰਘ ਅਤੇ ਮੁਨਸ਼ੀ ਸਿੰਘ ਪੁੱਤਰ ਵਜ਼ੀਰ ਸਿੰਘ। ਇਨ੍ਹਾਂ ਤੋਂ ਹਰੇਕ ਕੋਲ 200 ਡਾਲਰ ਤੋਂ ਘੱਟ ਰਕਮ ਸੀ, ਜੋ ਕਿ ਕਾਨੂੰਨ ਮੁਤਾਬਕ ਦਾਖਲੇ ਲਈ ਲਾਜ਼ਮੀ ਸ਼ਰਤ ਸੀ। ਇਨ੍ਹਾਂ ਵਿੱਚੋ ਬਰਡ ਨੇ ਮੁਨਸ਼ੀ ਸਿੰਘ ਨੂੰ ਇੰਮੀਗ੍ਰੇਸ਼ਨ ਦੇ ਪੜਤਾਲੀਆ ਬੋਰਡ ਅੱਗੇ ਪੇਸ਼ ਕਰ ਦਿੱਤਾ। ਸੁਣਵਾਈ ਮਗਰੋਂ ਬੋਰਡ ਨੇ ਮੁਨਸ਼ੀ ਸਿੰਘ ਦੀ ਅਰਜ਼ੀ ਨੂੰ ਰੱਦ ਕਰਨ ਦਾ ਫੈਸਲਾ ਸੁਣਾ ਦਿੱਤਾ। ਦੇਸ਼ ਨਿਕਾਲਾ ਦੇਣ ਲਈ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਵਕੀਲ ਬਰਡ ਨੇ ਬ੍ਰਿਟਿਸ਼ ਕੋਲੰਬੀਆਂ ਦੀ ਸੁਪਰੀਮ ਕੋਰਟ ਵਿੱਚ ਅਪੀਲ ਦਾਇਰ ਕੀਤੀ। ਇੱਧਰ ਜਹਾਜ਼ ਉੱਪਰ ਪਾਣੀ ਖ਼ਤਮ ਹੋ ਗਿਆ ਸੀ। 27 ਜੂਨ ਨੂੰ ਕੋਈ ਸੌ ਟਨ ਪਾਣੀ ਮਿਲਿਆ। ਇਨ੍ਹਾਂ ਮੁਸਾਫ਼ਰਾਂ ਦੀ ਮੰਦਹਾਲੀ ਦੀਆਂ ਖ਼ਬਰਾਂ ਭਾਰਤ ਪਹੁੰਚੀਆਂ ਤਾਂ ਪੰਜਾਬ ਦੇ ਕਈ ਸ਼ਹਿਰਾਂ 'ਚ ਰੋਹ ਭਰੀਆਂ ਮੀਟਿੰਗਾਂ ਹੋਈਆਂ।

29 ਅਤੇ 30 ਜੂਨ ਨੂੰ ਸੁਣਵਾਈ ਅਤੇ ਬਹਿਸ ਚੱਲਦੀ ਰਹੀ। 6 ਜੁਲਾਈ ਨੂੰ ਅਦਾਲਤ ਦੇ ਪੰਜ ਜੱਜਾਂ ਨੇ ਆਪਣੇ ਫੈਸਲੇ ਰਾਹੀਂ ਪੜਤਾਲੀਆ ਬੋਰਡ ਦੇ ਫੈਸਲੇ ਨੂੰ ਬਰਕਰਾਰ ਰੱਖਿਆ। ਇਸ ਫੈਸਲੇ ਦੇ ਖਿਲਾਫ਼ ਅਪੀਲ ਕੈਨੇਡਾ ਦੀ ਔਟਵਾ ਸਥਿਤ ਸੁਪਰੀਮ ਕੋਰਟ ਅਤੇ ਲੰਡਨ ਸਥਿਤ ਬਰਤਾਨਵੀਂ ਪ੍ਰੀਵੀ ਕੌਂਸਲ ਦੀ ਜੁਡੀਸ਼ੀਅਲ ਕਮੇਟੀ ਕੋਲ ਹੋ ਸਕਦੀ ਸੀ। ਇੰਨੇ ਲੰਮੇ ਸਮੇਂ ਦੀ ਖੱਜਲ ਖੁਆਰੀ ਅਤੇ ਖ਼ਰਚੇ ਲਈ ਨਾ ਤਾਂ ਤਟੀ ਕਮੇਟੀ ਤਿਆਰ ਸੀ ਅਤੇ ਨਾ ਹੀ ਮੁਸਾਫ਼ਰ। ਜਹਾਜ਼ ਉੱਪਰ ਰਾਸ਼ਨ-ਪਾਣੀ ਅਤੇ ਦਵਾਈਆਂ ਵਗੈਰਾ ਦੀ ਆ ਰਹੀ ਘਾਟ ਮੁਸ਼ਕਲਾਂ ਵਿੱਚ ਹੋਰ ਵਾਧਾ ਕਰ ਰਹੀ ਸੀ। ਜਹਾਜ਼ ਨੂੰ ਰੁਕਿਆਂ 33 ਦਿਨ ਹੋ ਗਏ ਸਨ। ਮੁਸਾਫ਼ਰ ਵਾਪਸ ਪਰਤਣ ਦੀ ਦਸ਼ਾ ਵਿੱਚ ਸਨ। 7 ਜੁਲਾਈ ਨੂੰ ਜਦੋਂ ਵਕੀਲ ਬਰਡ ਜਹਾਜ਼ 'ਤੇ ਗਿਆ ਤਾਂ ਬਾਬਾ ਗੁਰਦਿੱਤ ਸਿੰਘ ਅਤੇ ਪੰਜ ਮੈਂਬਰੀ ਕਮੇਟੀ ਨੇ ਦਸਤਖ਼ਤ ਕਰਕੇ ਉਸਨੂੰ ਜਹਾਜ਼ ਦੇ ਵਾਪਸ ਪਰਤਣ ਵਾਲੇ ਫੈਸਲੇ ਦਾ ਪੱਤਰ ਸੌਂਪ ਦਿੱਤਾ। ਬਰਡ ਨੇ ਜਹਾਜ਼ ਨੂੰ ਕੋਇਲਾ ਲਾਹ ਕੇ ਇਮਾਰਤੀ ਲੱਕੜੀ ਲੱਦਣ ਲਈ ਕਿਨਾਰੇ 'ਤੇ ਲੱਗਣ ਬਾਰੇ ਦਲੀਲ ਦਿੱਤੀ। ਉਸਨੇ ਮੁਸਾਫ਼ਰਾਂ ਦੇ ਨਾ ਉਤਰਨ ਦਾ ਭਰੋਸਾ ਵੀ ਦਿੱਤਾ ਪਰ ਰੀਡ ਨਾ ਮੰਨਿਆ। ਐਮ. ਪੀ. ਸਟੀਵਨਜ਼ ਰੀਡ ਅਤੇ ਹਾਪਕਿਨਸਨ ਇਹ ਮੰਨਣ ਲੱਗ ਪਏ ਸਨ

ਕਿ ਜਹਾਜ਼ ਵਿੱਚ ਹਥਿਆਰ ਸਨ ਅਤੇ ਵੈਨਕੂਵਰ ਵਿੱਚ ਰਹਿਣ ਵਾਲੇ ਕੁੱਝ ਪੰਜਾਬੀ ਵੀ ਹਥਿਆਰਬੰਦ ਹੋ ਕੇ ਗੜਬੜ ਕਰ ਸਕਦੇ ਸਨ। ਉਹ ਇਨ੍ਹਾਂ ਨੂੰ ਗਦਰੀਆ ਨਾਲ ਮਿਲੇ ਹੋਏ ਸਮਝਦੇ ਸਨ। ਹਾਪਕਿਨਸਨ ਦਾ ਸੂਹੀਆਂ ਬੇਲਾ ਸਿੰਘ ਅਧਿਕਾਰੀਆਂ ਨੂੰ ਸੱਚੀਆਂ ਝੂਠੀਆਂ ਖ਼ਬਰਾਂ ਸੁਣਾ ਕੇ ਉਨ੍ਹਾਂ ਨੂੰ ਤਟਈ ਕਮੇਟੀ ਦੇ ਖਿਲਾਫ਼ ਕਰਦਾ ਰਹਿੰਦਾ ਸੀ। ਕੁੱਝ ਸੱਚੇ ਝੂਠੇ ਸਬੂਤ ਇੱਕਠੇ ਕਰਕੇ ਇਨ੍ਹਾਂ ਭਾਰਤੀਆ ਅਤੇ ਮੁਸਾਫ਼ਰਾਂ ਬਾਰੇ ਕਾਫ਼ੀ ਵੱਡੀ ਫ਼ਾਈਲ ਤਿਆਰ ਕਰ ਲਈ ਸੀ । ਰੀਡ ਔਟਵਾ ਸਰਕਾਰ ਨੂੰ ਹਰ ਹਫ਼ਤੇ ਅਜਿਹੀਆਂ ਖ਼ਤਰਨਾਕ ਰਿਪੋਰਟਾਂ ਭੇਜਦਾ ਰਿਹਾ। ਔਟਵਾ ਵਿਖੇ ਇੰਮੀਗ੍ਰੇਸ਼ਨ ਸੁਪਰਡੈਂਟ ਡੀ. ਸਕਾਟ ਚਾਹੁੰਦਾ ਸੀ ਕਿ ਰੀਡ ਬੋਰਡ ਦਾ ਨਿਰੀਖਣ ਛੇਤੀ ਖ਼ਤਮ ਕਰੇ ਪਰ ਰੀਡ ਇਸ ਤੋਂ ਬਿਨਾਂ ਹੀ ਜਹਾਜ਼ ਨੂੰ ਮੋੜ ਦੇਣਾ ਚਾਹੁੰਦਾ ਸੀ। ਨਿਰੀਖਣ ਦਾ ਕੰਮ ਨਿਬੇੜਨ ਲਈ ਰੀਡ ਬੋਰਡ ਦੇ ਮੈਂਬਰਾਂ ਨੂੰ ਹਾਪਕਿਨਸਨ ਸਮੇਤ ਜਹਾਜ਼ 'ਤੇ ਲੈ ਗਿਆ, ਭੁੱਖੇ ਤਿਹਾਏ ਮੁਸਾਫ਼ਰਾਂ ਨੇ ਬੋਰਡ ਅੱਗੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਉਹ ਇਸਨੂੰ ਮਹਿਜ਼ ਖਾਨਾਪੂਰਤੀ ਹੀ ਸਮਝਦੇ ਸਨ। ਉਨ੍ਹਾਂ ਨੇ ਰੀਡ ਨੂੰ ਦੱਸਿਆ ਕਿ ਉਹ ਤਿੰਨ ਦਿਨ ਤੋਂ ਭੁੱਖੇ ਬੈਠੇ ਹੋਏ ਹਨ ਅਤੇ ਰਾਤ ਦੇ 9 ਵਜੇ ਤੱਕ ਰਾਸ਼ਨ ਪਹੁੰਚਾਉਣ ਦੀ ਚਿਤਾਵਨੀ ਦਿੱਤੀ। ਰੀਡ ਨੇ ਇਸ ਮਗਰੋਂ ਕੁੱਝ ਰਾਸ਼ਨ-ਪਾਣੀ ਭੇਜ ਦਿੱਤਾ। ਹੁਣ ਉਹ ਗੁਜ਼ਾਰੇ ਜੋਗਾ ਰਾਸ਼ਨ ਪਾਣੀ ਰੋਜ਼ਾਨਾ ਭੇਜਣ ਲੱਗ ਪਿਆ। 14 ਜੁਲਾਈ ਨੂੰ ਔਟਵਾ ਵੱਲੋਂ ਰੀਡ ਨੂੰ ਹਦਾਇਤ ਮਿਲੀ ਕਿ ਵਾਪਸੀ ਯਾਤਰਾ ਸਮੇਂ ਰਾਸ਼ਨ ਦਾ ਭੁਗਤਾਨ ਸਰਕਾਰ ਨੇ ਕਰਨਾ ਸੀ। ਉਸਨੇ 17 ਜੁਲਾਈ ਤੱਕ ਮੁਸਾਫ਼ਰਾਂ ਦੇ ਰਾਹਦਾਰੀ ਅਤੇ ਵਾਪਸੀ ਦੇ ਸਾਰੇ ਦਸਤਾਵੇਜ਼ ਤਿਆਰ ਕਰ ਲਏ ਜਿਹੜੇ ਜਹਾਜ਼ ਦੇ ਏਜੰਟ ਗਾਰਡਨਰ ਜੌਹਨਸਨ ਨੇ ਜਹਾਜ਼ 'ਤੇ ਜਾ ਕੇ ਦਿੱਤੇ ਅਤੇ ਉਨ੍ਹਾਂ ਨੂੰ ਵਾਪਸ ਜਾਣ ਦੀ ਧਮਕੀ ਵੀ ਦੇ ਦਿੱਤੀ। ਮੁਸਾਫ਼ਰਾਂ ਨੂੰ ਅਧਿਕਾਰੀਆਂ ਵੱਲੋਂ ਰਾਸ਼ਨ ਮਿਲਣ ਦੇ ਵਾਅਦੇ 'ਤੇ ਸ਼ੱਕ ਕਾਰਨ ਜਹਾਜ਼ ਖੜ੍ਹਾ ਰਿਹਾ।

ਇਸ ਦੌਰਾਨ ਕੈਨੇਡਾ ਤੋਂ ਚਾਰ ਜਣੇ ਅਮਰੀਕਾ ਗਏ ਅਤੇ ਵਾਪਸ ਪਰਤ ਰਹੇ ਮੇਵਾ ਸਿੰਘ ਲੋਪੋਕੇ ਨੂੰ ਅਸਲੇ ਸਮੇਤ ਗ੍ਰਿਫ਼ਤਾਰ ਕਰ ਲਿਆ। ਦੂਜੇ ਸਾਥੀਆਂ ਬਲਵੰਤ ਸਿੰਘ ਖੁਰਦਪੁਰ ਭਾਗ ਸਿੰਘ ਭਿੱਖੀਵਿੰਡ ਅਤੇ ਹਰਨਾਮ ਸਿੰਘ ਕਾਹਰੀ  ਸਾਹਰੀ ਨੂੰ ਅਮਰੀਕਨ ਸਰਕਾਰ ਨੇ ਗ੍ਰਿਫ਼ਤਾਰ ਕਰਕੇ ਮਗਰੋਂ ਛੱਡ ਦਿੱਤਾ। ਖਦਸ਼ਾ ਪੱਕਾ ਹੋ ਗਿਆ ਕਿ ਹਥਿਆਰ ਕਾਮਾਗਾਟਾ ਮਾਰੂ ਲਈ ਇੱਕਠੇ ਕੀਤੇ ਜਾ ਰਹੇ ਹਨ, ਰੀਡ ਨੇ ਤਾਕਤ ਦੇ ਸਹਾਰੇ ਜਹਾਜ਼ ਨੂੰ ਜ਼ਬਰਦਸਤੀ  ਵਾਪਸ ਭੇਜਣ ਦਾ ਫੈਸਲਾ ਲੈ ਲਿਆ, 18 ਜੁਲਾਈ ਦੀ ਅੱਧੀ ਰਾਤ ਨੂੰ ਰੀਡ 125 ਪੁਲੀਸ ਮੁਲਾਜ਼ਮਾਂ ਅਤੇ 35 ਵਿਸ਼ੇਸ਼ ਇੰਮੀਗ੍ਰੇਸ਼ਨ ਅਧਿਕਾਰੀਆਂ ਨੂੰ ਹਥਿਆਰਬੰਦ ਕਰਕੇ ਕਿਸ਼ਤੀ ਰਾਹੀਂ ਕਾਮਾਗਾਟਾ ਮਾਰੂ ਕੋਲ ਪੁੱਜ ਗਿਆ ਉਸਨੇ ਗੁਰਦਿੱਤ ਸਿੰਘ ਨੂੰ ਆਵਾਜ਼ ਮਾਰੀ ਪਰ ਉਹ ਨਾ ਆਇਆ। ਇੱਕ ਵਜੇ ਰੀਡ ਆਪਣੀ ਟੀਮ ਸਮੇਤ 'ਸੀ ਲਾਈਨ' ਕਿਸ਼ਤੀ ਰਾਹੀਂ ਜਹਾਜ਼ ਵੱਲ ਰਵਾਨਾ ਹੋਇਆ। ਅੱਗੋਂ ਜਹਾਜ਼ ਅੰਦਰ ਮੁਸਾਫ਼ਰ ਡਾਂਗਾਂ ਲਈ ਖੜ੍ਹੇ ਨਾਅਰੇ ਲਾ ਰਹੇ ਸਨ ਅਤੇ ਲੜਨ ਲਈ ਮੁੱਠੀਆਂ ਵਿੱਚ ਥੁੱਕੀ ਖੜ੍ਹੇ ਸਨ। ਉਨ੍ਹਾਂ ਉੱਤੇ ਪਾਣੀ ਦੀਆਂ ਬੁਛਾੜਾਂ ਪਾਈਆਂ ਗਈਆਂ ਜਿਹਦੇ ਜਵਾਬ ਵਿੱਚ ਮੁਸਾਫ਼ਰਾਂ ਨੇ ਪੁਲਸੀਆਂ ਉੱਪਰ ਕੋਲੇ, ਲੋਹੇ ਅਤੇ ਹੋਰ ਸਮਾਨ ਦੀ ਝੜੀ ਲਾ ਦਿੱਤੀ। ਕਈਆਂ ਨੂੰ ਗੰਭੀਰ ਸੱਟਾਂ ਲੱਗੀਆਂ, ਕਈ ਲਹੂ ਲੁਹਾਣ ਹੋਏ। ਉਨ੍ਹਾਂ ਦੀ ਕਿਸ਼ਤੀ ਵੀ ਟੇਢੀ ਹੋ ਗਈ। ਜਹਾਜ਼ ਤੋਂ ਕੁੱਝ ਹਵਾਈ ਫਾਇਰ ਵੀ ਦਾਗੇ ਗਏ। ਘਬਰਾ ਕੇ ਰੀਡ ਨੇ ਕਿਸ਼ਤੀ ਵਾਪਸ ਮੋੜ ਲਈ। ਸਟੀਵਨਜ਼ ਨੇ ਪ੍ਰਧਾਨ ਮੰਤਰੀ ਨੂੰ ਨੇਵੀ ਦੇ ਜਹਾਜ਼ ਦੁਆਰਾ ਦਖਲ ਦੇਣ ਦੀ ਸਿਫ਼ਾਰਸ ਕੀਤੀ। 21 ਜੁਲਾਈ ਨੂੰ ਸਵੇਰ ਵੇਲੇਂ ਰੇਨਬੋ ਨਾਂਅ ਦਾ ਗਸ਼ਤੀ ਜਹਾਜ਼ ਕਾਮਾਗਾਟਾ  ਮਾਰੂ ਤੋਂ ਸੌ ਕੁ ਗਜ ਦੀ ਦੂਰੀ 'ਤੇ ਆ ਟਿਕਿਆ, ਜੋ ਤੋਪਾਂ ਅਤੇ ਮਸ਼ੀਨਗੰਨਾਂ ਨਾਲ ਲੈਸ ਸੀ। ਖੂਨੀ ਮੁੱਠਭੇੜ ਟਾਲਣ ਲਈ ਪ੍ਰਧਾਨ ਮੰਤਰੀ ਵੱਲੋਂ ਭੇਜੇ ਗਏ ਖੇਤੀਬਾੜੀ ਮੰਤਰੀ ਮਾਰਟਿਨ ਬੁਰੈਲ ਨੇ ਸੁਲਾਹ-ਸਫ਼ਾਈ 'ਤੇ ਜ਼ੋਰ ਦਿੱਤਾ। ਤਟਈ ਕਮੇਟੀ ਦੇ ਮੈਂਬਰਾਂ ਨੇ ਜਹਾਜ਼ ਤੇ ਬਾਬਾ ਗੁਰਦਿੱਤ ਸਿੰਘ ਨਾਲ ਗੱਲਬਾਤ ਕਰਨ ਮਗਰੋਂ ਵਕੀਲ ਮੈਂਕਨੀਲ (ਬਰਡ ਦਾ ਸਾਂਝੀਦਾਰ) ਨਾਲ ਸਲਾਹ ਮਸ਼ਵਰਾ ਕਰਕੇ ਮੰਗਾਂ ਦੀ ਸੂਚੀ ਪੇਸ਼ ਕੀਤੀ। ਜਿਸ ਅਨੁਸਾਰ ਰੀਡ ਦੀ ਸੂਚੀ ਨਾਲੋਂ ਦੁੱਗਣੀ ਰਸਦ ਦੀ ਮੰਗ ਸੀ, ਮੁਸਾਫ਼ਰਾਂ ਨੂੰ ਕੱਲਕਤੇ ਭੇਜੇ ਜਾਣ ਦੀ ਮੰਗ ਸੀ, ਕਿਰਾਏ ਨਾਮੇ ਦੀਆਂ ਬੰਦਸ਼ਾਂ ਵਜੋਂ ਖਰਚੇ ਗਏ ਪੈਸਿਆ ਦੀ ਸਰਕਾਰ ਤੋਂ ਵਾਪਸੀ ਦੀ ਮੰਗ ਸੀ। ਬਰੈਲ ਨੇ ਪਹਿਲੀਆਂ ਦੋਵੇਂ ਮੰਗਾਂ ਨਾਲ ਸਹਿਮਤ ਹੋ ਕੇ ਤੀਜੀ ਮੰਗ ਬਾਰੇ ਗੌਰ ਕਰਨ ਦਾ ਭਰੋਸਾ ਦਿੱਤਾ। ਤਟਈ ਕਮੇਟੀ ਦੇ ਮੈਂਬਰਾਂ ਅਤੇ ਜਹਾਜ਼ ਦੇ ਮੁਸਾਫ਼ਰਾਂ ਨੇ ਉਸਦੀ ਪੇਸ਼ਕਸ਼ ਪ੍ਰਵਾਨ ਕਰ ਲਈ ਅਤੇ ਫੌਰੀ ਤੌਰ 'ਤੇ ਵਾਪਸ ਪਰਤਣ ਲਈ ਮੰਨ ਗਏ। ਇਉਂ ਖੂਨ ਖਰਾਬੇ ਦਾ ਖ਼ਤਰਾ ਟਲ ਗਿਆ। 23 ਜੁਲਾਈ ਨੂੰ ਸੁਵੱਖਤੇ ਹੀ ਕਾਮਾਗਾਟਾ ਮਾਰੂ ਬੰਦਰਗਾਹ ਤੋਂ ਲੰਗਰ ਚੁੱਕ ਕੇ ਵਾਪਸੀ ਲਈ ਰਵਾਨਾ ਹੋ ਗਿਆ। ਯੋਕੋਹਾਮਾ ਪਹੁੰਚਣ 'ਤੇ ਗ਼ਦਰ ਪਾਰਟੀ ਦੇ ਸੋਹਣ ਸਿੰਘ ਭਕਨਾ ਨੇ ਪਿਸਤੌਲਾਂ ਦੀ ਇੱਕ ਖੇਪ ਜਹਾਜ਼ ਵਿੱਚ ਲੁਕੋ ਕੇ ਰੱਖ ਦਿੱਤੀ, ਜੋ ਭਾਰਤ ਅੰਦਰ ਇਨਕਲਾਬੀਆਂ ਦੀ ਵਰਤੋਂ ਲਈ ਭੇਜੇ ਗਏ ਸਨ। ਇਸ ਸਮੇਂ ਤੱਕ ਪਹਿਲੇ ਵਿਸ਼ਵ ਯੁੱਧ ਦੀ ਸ਼ੁਰੂਆਤ ਹੋ ਚੁੱਕੀ ਸੀ। ਜਹਾਜ਼ 18 ਅਗਸਤ ਨੂੰ ਯੋਕੋਹਾਮਾ ਤੋਂ ਚੱਲ ਕੇ 21 ਅਗਸਤ ਨੂੰ ਕੋਬੇ ਨਾਂਅ ਦੀ ਬੰਦਰਗਾਹ 'ਤੇ ਲੱਗਿਆ। ਇਸ ਦੌਰਾਨ 188 ਮੁਸਾਫ਼ਰ ਯੋਕੋਹਾਮਾ ਅਤੇ 15 ਕੋਬੇ ਵਿਖੇ ਉੱਤਰ ਗਏ ਸਨ। ਤਿੰਨ ਸਤੰਬਰ ਨੂੰ ਜਹਾਜ਼ ਕੋਬੇ ਤੋਂ ਚੱਲਿਆ। ਸਿੰਘਾਪੁਰ ਪਹੁੰਚਣ 'ਤੇ ਕਿਸੇ ਨੂੰ ਉਤਰਨ ਨਾ ਦਿੱਤਾ ਗਿਆ ਅਤੇ 9 ਸਤੰਬਰ ਨੂੰ ਭਾਰਤ ਵੱਲ ਰਵਾਨਾ ਹੋਇਆ। ਉੱਧਰ ਭਾਰਤ ਸਰਕਾਰ ਨੂੰ ਜਹਾਜ਼ ਵਿੱਚ ਹਥਿਆਰਬੰਦ ਗ਼ਦਰੀ ਹੋਣ ਅਤੇ ਉਨ੍ਹਾਂ ਦੇ ਪਹੁੰਚਣ ਸਮੇਂ ਕੋਈ ਗੜਬੜ ਜਾਂ ਪ੍ਰਦਰਸ਼ਨ ਹੋਣ ਦਾ ਪੱਕਾ ਖ਼ਤਰਾ ਲੱਗਦਾ ਸੀ। ਇੱਧਰ ਚੌਕਸੀ ਵਿਭਾਗ ਦੇ ਅਫ਼ਸਰ ਡੇਵਿਡ ਪੈਟਰੀ ਦੀ ਕਮਾਂਡ ਹੇਠ ਲੁਧਿਆਣਾ ਤੋਂ 25 ਸਿਪਾਹੀ 3, ਪੁਲੀਸ ਅਫ਼ਸਰ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਰਾਬਰਟ ਹੰਫ਼ਰੀ ਹਾਲਾਤ ਨਾਲ ਨਜਿੱਠਣ ਲਈ ਕਲਕੱਤੇ ਤਾਇਨਾਤ ਸਨ। ਉਨ੍ਹਾਂ ਦੀ ਵਿਉਂਤ ਅਨੁਸਾਰ ਮੁਸਾਫ਼ਰਾਂ ਨੂੰ ਜਹਾਜ਼ ਤੋਂ ਉਤਰਨ ਸਾਰ ਪੰਜਾਬ ਨੂੰ ਜਾਣ ਵਾਲੀ ਰੇਲ ਗੱਡੀ ਵਿੱਚ ਚੜ੍ਹਾ ਕੇ ਚੱਲਦਾ ਕਰਨਾ ਸੀ। ਇਸ ਮੰਤਵ ਲਈ ਜਹਾਜ਼ ਨੂੰ ਬਜਬਜ ਘਾਟ ਦੀ ਬੰਦਰਗਾਹ 'ਤੇ ਖੜ੍ਹਾ ਕਰਨ ਦਾ ਫੈਸਲਾ ਲਿਆ ਗਿਆ। ਛੱਬੀਂ ਸਤੰਬਰ ਨੂੰ ਕਾਮਾਗਾਟਾ ਮਾਰੂ ਕੋਲਕਾਤਾ ਤੋਂ ਨੌਂ ਕਿਲੋਮੀਟਰ ਦੂਰ ਪੂਰਬੀ ਤਟ 'ਤੇ ਕਲਪੀ ਪਿੰਡ ਦੇ ਸਾਹਮਣੇ ਪਹੁੰਚ ਗਿਆ ਤਾਂ ਇੱਕ ਕਿਸ਼ਤੀ ਵਿੱਚ ਸਵਾਰ ਅੰਗ੍ਰੇਜ਼ ਅਫਸਰ ਨੇ ਕਿਨਾਰੇ ਤੋਂ ਬਾਹਰ ਇਸਦੇ ਲੰਗਰ ਸੁਟਵਾ ਦਿੱਤੇ। ਅਗਲੇ ਦਿਨ ਪੈਟਰੀ ਨੇ ਪੁਲੀਸ ਟੁਕੜੀ ਨਾਲ ਲੈ ਕੇ ਜਹਾਜ਼ ਦੀ ਤਲਾਸ਼ੀ ਲਈ ਪਰ ਕੋਈ ਨਜ਼ਾਇਜ਼ ਵਸਤੂ ਜਾਂ ਹਥਿਆਰ ਨਾ ਮਿਲਿਆ। ਜਦੋਂ ਉਸਤੋਂ ਅਗਲੇ ਦਿਨ ਵੀ ਤਲਾਸ਼ੀ ਲੈਣ ਸਮੇਂ ਕੁੱਝ ਨਾ ਮਿਲਿਆ ਤਾਂ ਕਾਮਾਗਾਟਾ ਮਾਰੂ ਨੂੰ 29 ਸਤੰਬਰ ਵਾਲੇ ਦਿਨ ਬਜਬਜ ਘਾਟ 'ਤੇ ਲੱਗਣ ਦਿੱਤਾ ਗਿਆ। ਪੁਲੀਸ ਦੀ ਗਸ਼ਤੀ ਕਿਸ਼ਤੀ ਵੀ ਨਾਲ ਆਈ। ਇੱਥੇ ਯਾਤਰੀਆਂ ਨੂੰ ਰੇਲਵੇ ਸਟੇਸ਼ਨ ਦੇ ਸਾਹਮਣੇ ਉਤਾਰ ਕੇ ਰੇਲ ਗੱਡੀ ਵਿੱਚ ਚੜ੍ਹਾਉਣਾ ਸੀ, ਪਰ ਇਹ ਰੇਲਵੇ ਲਾਈਨ ਪੰਜਾਬ ਵੱਲ ਪੱਛਮ ਦੀ ਬਜਾਏ ਉਲਟ ਦਿਸ਼ਾ ਪੂਰਬ ਵੱਲ ਜਾਂਦੀ ਸੀ, ਬਾਬਾ ਗੁਰਦਿੱਤ ਸਿੰਘ ਨੂੰ ਪੁਲੀਸ ਦੀ ਨੀਯਤ 'ਤੇ ਸ਼ੱਕ ਹੋ ਗਿਆ। ਇਸ ਸਮੇਂ ਉਸ ਨਾਲ ਨਾਰਾਜ਼ 17 ਮੁਸਲਮਾਨ ਯਾਤਰੀ ਅਤੇ ਭਾਨ ਸਿੰਘ ਬੜਿੰਗ ਜਹਾਜ਼ ਤੋਂ ਉੱਤਰਕੇ ਰੇਲ ਗੱਡੀ ਜਾ ਚੜ੍ਹੇ। ਬਾਕੀ ਯਾਤਰੀ ਗੁਰਦਿੱਤ ਸਿੰਘ ਦੇ ਸਿਰ ਉੱਪਰ ਸ਼ੁਭਾਇਮਾਨ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੀ ਤਾਬਿਆ ਵਿੱਚ ਸੰਗਤ ਦੇ ਰੂਪ ਵਿੱਚ ਜਹਾਜ਼ ਤੋਂ ਉੱਤਰ ਕੇ ਰੇਲਵੇ ਫਾਟਕ ਕੋਲ ਆ ਕੇ ਰੁਕ ਗਏ। ਉਨ੍ਹਾਂ ਨੇ ਰੇਲਗੱਡੀ ਵਿੱਚ ਚੜ੍ਹਨ ਦੀ ਬਜਾਏ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਕੱਲਕਤੇ ਦੇ ਗੁਰਦੁਆਰੇ ਜਾਣ ਦੀ ਜ਼ਿਦ ਕੀਤੀ। ਕੋਈ 38 ਸਿੱਖ ਅਤੇ 4 ਹਿੰਦੂ ਯਾਤਰੀ ਰੇਲ ਗੱਡੀ ਵਿੱਚ ਸਵਾਰ ਹੋ ਗਏ ਪਰ ਕੋਈ 250 ਯਾਤਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੇਠ ਸੰਗਤ ਦੇ ਰੂਪ ਵਿੱਚ ਕੋਲਕਾਤਾ ਵੱਲ ਕੂਚ ਕਰਨ ਲੱਗੇ। ਇਨ੍ਹਾਂ ਨੂੰ ਰੋਕਣ ਲਈ ਯੂਰੀਪਅਨ ਫੋਰਸ ਅਤੇ ਦੇਸੀ ਪੁਲੀਸ ਦੇ ਸਿਪਾਹੀ ਪੁਲੀਸ ਕਮਿਸ਼ਨਰ ਹਾਲੀ ਡੇ ਅਤੇ ਪੁਲੀਸ ਸੁਪਰਡੈਂਟ ਈਸਟਵੁੱਡ ਦੀ ਕਮਾਂਡ ਹੇਠ ਆ ਧਮਕੇ ਜਿਨ੍ਹਾਂ ਨੇ ਸੰਗਤ ਨੂੰ ਰੋਕਿਆ। ਹਥਿਆਰਬੰਦ ਬਲਾਂ ਨੂੰ ਵੇਖ ਕੇ ਸੰਗਤ ਪਿੱਛੇ ਮੁੜ ਪਈ। ਉਨ੍ਹਾਂ ਨੂੰ ਰੇਲਵੇ ਸਟੇਸ਼ਨ ਕੋਲ ਇੱਕ ਖਾਲੀ ਪਾਰਕ ਵਿੱਚ ਰੋਕਿਆ ਗਿਆ ਜਿਸਦੇ ਇੱਕ ਪਾਸੇ ਪਾਣੀ ਵਾਲੀ ਖਾਈ ਅਤੇ ਦੂਜੇ ਪਾਸੇ ਕੰਡੇਦਾਰ ਤਾਰ ਦੀ ਵਾੜ ਸੀ। ਇੱਕ ਹੋਰ ਪਾਸੇ ਹਥਿਆਰਬੰਦ ਪੁਲੀਸ ਖੜ੍ਹੀ ਸੀ। ਜਿਉਂ ਹੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੇਠ ਸ਼ਾਮ ਦੀ ਅਰਦਾਸ ਹੋਣ ਲੱਗੀ ਤਾਂ ਦੂਰੋਂ ਭੀੜ ਵਾਲੇ ਪਾਸਿਓਂ ਗੋਲੀਆਂ ਚੱਲਣ ਦੀ ਆਵਾਜ਼ ਆਈ। ਜਿਵੇਂ ਹੀ ਈਸਟਵੁੱਡ ਇੱਕ ਲਾਠੀ ਅਤੇ ਰਿਵਾਲਵਰ ਨਾਲ ਗੁਰਦਿੱਤ ਸਿੰਘ ਵੱਲ ਵਧਿਆ ਭੀੜ ਨੇ ਉਸਨੂੰ ਘੇਰ ਕੇ ਥਾਏਂ ਚਿੱਤ ਕਰ ਦਿੱਤਾ। ਪੈਟਰੀ ਨੇ ਪਿਸੌਤਲ ਨਾਲ ਗੋਲੀਆਂ ਚਲਾਈਆਂ ਅਤੇ ਕੁੱਝ ਸਿੱਖਾਂ ਨੇ ਵੀ। ਇੱਕ ਗੋਲੀ ਨੇ ਮੁਸਾਫ਼ਰ ਬਾਦਲ ਸਿੰਘ ਨੂੰ ਜ਼ਖਮੀ ਕਰ ਦਿੱਤਾ, ਇੱਕ ਹੋਰ ਗੋਲੀ ਰੇਲਵੇ ਵਾਲੰਟੀਅਰ ਲੋਮੈਕਸ ਦੇ ਪੇਟ ਵਿੱਚ ਲੱਗੀ, ਇੱਕ ਪੈਟਰੀ ਦੀ ਬਾਂਹ ਅਤੇ ਪੱਟ ਵਿੱਚ ਲੱਗੀ, ਇੱਕ ਹੰਫਰੀ (ਡੀ.ਸੀ.) ਦੇ ਮੱਥੇ ਵਿੱਚ ਲੱਗੀ। ਯਾਤਰੀਆਂ ਅਤੇ ਪੁਲੀਸ ਦਰਮਿਆਨ ਡਾਂਗਾ ਸੋਟੀਆਂ ਨਾਲ ਹੱਥੋ-ਹੱਥ ਝੜਪਾਂ ਹੋਣ ਲੱਗੀਆਂ । ਦੋਵੇਂ ਪਾਸੇ ਕਈ ਜ਼ਖਮੀ ਹੋਏ। ਹਾਲੀਡੇ ਨੇ ਪੁਲੀਸ ਨੂੰ  ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਹਨ੍ਹੇਰੇ ਦੀ ਓਟ ਵਿੱਚ ਕਈ ਯਾਤਰੀ ਜਿੱਧਰ ਥਾਂ ਮਿਲਿਆ ਭੱਜ ਨਿਕਲੇ। ਗੋਲੀ ਲੱਗਣ ਨਾਲ ਦੋ ਯਾਤਰੀਆਂ ਦੀ ਮੌਤ ਹੋ ਗਈ। 25 ਯਾਤਰੀ ਰਾਤ ਨੂੰ ਫੜ ਲਏ ਗਏ। ਅਗਲੀ ਸਵੇਰ ਨੂੰ ਬਾਰਾਂ ਸਿੱਖ ਯਾਤਰੀਆਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਅਤੇ ਮ੍ਰਿਤਕਾਂ ਦੀ ਗਿਣਤੀ 20 ਹੋ ਗਈ ਅਤੇ ਜ਼ਖਮੀਆਂ ਦੀ 22। ਬਾਕੀ ਦੇ ਸਣੇ ਗੁਰਦਿੱਤ ਸਿੰਘ ਦੇ ਕਿਵੇਂ ਨਾ ਕਿਵੇਂ, ਕਿਸੇ ਨਾ ਕਿਸੇ ਭੇਸ ਵਿੱਚ ਬਚ ਕੇ ਨਿਕਲ ਗਏ। ਪੁਲੀਸ ਦੀ ਤਲਾਸ਼ ਜਾਰੀ ਰਹੀ। 19 ਅਕਤੂਬਰ ਤੱਕ ਸਿਰਫ਼ ਚਾਲੀ ਕੁ ਹੀ ਫੜੇ ਜਾਣ ਤੋਂ ਬਚੇ ਰਹੇ। 6 ਅਕਤੂਬਰ ਨੂੰ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਰੂੜ ਸਿੰਘ ਦੀ ਅਗਵਾਈ ਵਿੱਚ ਹੋਈ ਮੀਟਿੰਗ ਸਮੇਂ ਪੰਥ ਦੇ ਆਗੂਆਂ ਨੂੰ ਗ਼ਦਰੀ ਯਾਤਰੀਆਂ ਤੋਂ ਖੁਦ ਨੂੰ ਵੱਖ ਕਰਕੇ ਅੰਗਰੇਜ਼ ਸਰਕਾਰ ਨਾਲ ਵਫ਼ਾਦਾਰੀ ਨਿਭਾਈ ਸੀ।

ਵੇਲੇ ਦੀ ਹੁਕਮਰਾਨ ਸਰਕਾਰ ਨੇ ਰਸਮੀ ਪਰ ਅਖੌਤੀ ਜਾਂਚ ਦੀ ਖਾਨਾਪੂਰਤੀ ਕਰਕੇ ਪੁਲੀਸ ਦੀ ਕਾਰਵਾਈ ਅਤੇ ਉਸ ਦੁਆਰਾ ਗੋਲੀਆਂ ਚਲਾਉਣ ਨੂੰ ਜਾਇਜ਼ ਕਰਾਰ ਦੇ ਦਿੱਤਾ। ਇੱਕ ਹੋਰ ਜਾਂਚ ਕਮੇਟੀ ਨੇ ਵੀ ਸਰਕਾਰ ਦਾ ਪੱਖ ਪੂਰਦਿਆਂ ਸਾਰਾ ਕਸੂਰ ਗੁਰਦਿੱਤ ਸਿੰਘ ਸਿਰ ਮੜ੍ਹ ਦਿੱਤਾ। ਉਸ ਸਮੇਂ ਤੱਕ 203 ਯਾਤਰੀ ਵੱਖੋ-ਵੱਖ ਥਾਵਾਂ 'ਤੇ ਕੈਦ ਵਿੱਚ ਸਨ। ਬਾਬਾ ਗੁਰਦਿੱਤ ਸਿੰਘ ਫਰਾਰ ਸੀ। ਜਾਂਚ ਖ਼ਤਮ ਹੋਣ ਮਗਰੋਂ 4 ਦਸੰਬਰ ਤੱਕ 92 ਯਾਤਰੀ ਕੈਦੀ ਰਿਹਾਅ ਕਰ ਦਿੱਤੇ। ਬਾਬਾ ਗੁਰਦਿੱਤ ਸਿੰਘ ਨੇ ਸੱਤ ਸਾਲ ਰੂਪੋਸ਼ ਰਹਿ ਕੇ ਆਜ਼ਾਦੀ ਅੰਦੋਲਨ ਦੀਆਂ ਗਤੀਵਿਧੀਆਂ ਵਿੱਚ ਸੰਭਵ ਹਿੱਸਾ ਲੈਣ ਬਾਅਦ 16 ਨਵੰਬਰ 1921 ਵਾਲੇ ਦਿਨ ਨਨਕਾਣਾ ਸਾਹਿਬ ਵਿਖੇ ਭਰੇ ਇੱਕਠ ਸਮੇਂ ਆਪਣੇ-ਆਪ ਨੂੰ ਪੁਲੀਸ ਕਮਿਸ਼ਨਰ ਦੇ ਹਵਾਲੇ ਕਰ ਦਿੱਤਾ। ਗਾਂਧੀ ਨੇ ਉਸਦੀ ਪ੍ਰਸ਼ੰਸਾ ਕੀਤੀ। ਉਸ ਨੂੰ 1922 ਦੀ ਫ਼ਰਵਰੀ ਦੇ ਅਖੀਰਲੇ ਦਿਨ ਰਿਹਾਅ ਕੀਤਾ ਗਿਆ। 24 ਜੁਲਾਈ 1954 ਨੂੰ ਬਾਬਾ ਗੁਰਦਿੱਤ ਸਿੰਘ ਅਕਾਲ ਚਲਾਣਾ ਕਰ ਗਏ।

ਇੱਧਰ ਕੈਨੇਡਾ ਅੰਦਰ ਵਾਪਰੇ ਘਟਨਾਕ੍ਰਮ ਅਨੁਸਾਰ 5 ਸਤੰਬਰ 1914 ਨੂੰ ਪੁਲੀਸ ਦੇ ਇੱਕ ਮੁਖਬਰ ਬੇਲਾ ਸਿੰਘ ਨੇ ਵੈਨਕੂਵਰ ਦੇ ਗੁਰਦੁਆਰੇ ਅੰਦਰ ਹਾਜ਼ਰ ਕਈ ਸਿੱਖਾਂ 'ਤੇ ਗੋਲੀਆਂ ਚਲਾਈਆਂ ਜਿਨ੍ਹਾਂ ਨਾਲ 8 ਜਣੇ ਗੰਭੀਰ ਜ਼ਖਮੀ ਹੋਏ  ਜਿਨ੍ਹਾਂ ਵਿੱਚੋਂ ਭਾਗ ਸਿੰਘ ਭਿੱਖੀਵਿੰਡ ਅਤੇ ਬਚਨ ਸਿੰਘ ਦੀ ਮੌਤ ਹੋ ਗਈ। ਬੇਲਾ ਸਿੰਘ ਨੂੰ ਗਲੀ ਵਿੱਚੋਂ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਦੋ ਰਿਵਾਲਵਰ ਬਰਾਮਦ ਕਰ ਲਏ। ਉਹ 4 ਅਦਾਲਤ ਵਿੱਚ ਕੇਸ ਭੁਗਤ ਰਿਹਾ ਸੀ। ਇਸ ਸਮੇਂ ਮੇਵਾ ਸਿੰਘ ਨਾਂਅ ਦੇ ਵਿਅਕਤੀ ਨੇ ਪੁਲੀਸ ਮੁਖਬਰ ਵਿਲੀਅਮ ਹਾਪਕਿਨਸਨ ਨੂੰ ਸੂਬਾਈ ਕਚਹਿਰੀਆਂ ਅੰਦਰ ਗੋਲੀਆਂ ਮਾਰ ਕੇ ਮੌਤ ਦੇ ਘਾਟ ਉੱਤਾਰ ਦਿੱਤਾ। ਉਸ ਵੇਲੇ ਖੁਦ ਨੂੰ ਗ੍ਰਿਫ਼ਤਾਰੀ  ਲਈ ਪੇਸ਼ ਕਰ ਦਿੱਤਾ ਅਤੇ ਆਪਣਾ ਗੁਨਾਹ ਕਬੂਲ  ਲਿਆ ਇਹ ਕਹਿਕੇ ਕਿ ਉਸਨੇ ਹਾਪਕਿਨਸਨ ਦੀ ਜਾਨ ਸਿੱਖਾਂ ਦੀ ਮੁਖਬਰੀ ਕਰਨ ਬਦਲੇ ਲਈ ਸੀ। ਮੇਵਾ ਸਿੰਘ ਨੂੰ ਸਿਰਫ਼  ਦਸ ਦਿਨ ਦੀ ਅਦਾਲਤੀ ਕਾਰਵਾਈ ਮਗਰੋਂ ਮੌਤ ਦੀ ਸੁਜ਼ਾ ਸੁਣਾ ਦਿੱਤੀ ਗਈ ਅਤੇ ਉਸਨੂੰ 11 ਜਨਵਰੀ 1915 ਨੂੰ ਫ਼ਾਂਸੀ ਲਾ ਦਿੱਤਾ ਗਿਆ। ਪਰ ਬੇਲਾ ਸਿੰਘ ਨੂੰ ਸਾਫ਼ ਬਰੀ ਕਰ ਦਿੱਤਾ। ਮਗਰੋਂ ਉਸਨੂੰ ਹਰੀ ਸਿੰਘ ਸੂੰਢ ਨੇ ਉਸਦੇ ਪਿੰਡ ਜਿਆਣ ਦੇ ਬਾਹਰ ਮਾਰ ਦਿੱਤਾ ਸੀ।

ਇਉਂ ਕਾਮਾਗਾਟਾ ਮਾਰੂ ਦੇ ਵੈਨਕੂਵਰ ਪਹੁੰਚਣ ਤੋਂ ਲੈ ਕੇ ਅਖੀਰੀ ਘਟਨਾਕ੍ਰਮ ਤੱਕ ਵੇਲੇ ਦੀਆਂ ਸਰਕਾਰਾਂ ਨੇ ਨਸਲਭੇਦੀ ਵਰਤਾਓ ਦਾ ਨੰਗਾ ਚਿੱਟਾ ਪ੍ਰਗਟਾਵਾ ਕੀਤਾ। ਬਲਕਿ ਪਹਿਲਾ ਨਸਲਭੇਦੀ ਕਾਨੂੰਨ ਬਣਾ ਕੇ ਵੀ ਅਣਮਨੁੱਖੀ ਮਨਸ਼ਾ ਦਾ ਇਜ਼ਹਾਰ ਕੀਤਾ ਜਿਸਨੂੰ ਇੱਕ ਸਭਿਅਕ ਸਮਾਜ ਅੰਦਰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ ।

ਸਮਾਂ ਆਉਣ 'ਤੇ ਗਲਤ-ਠੀਕ ਦਾ ਨਿਰਣਾ ਹੋਣਾ ਹੀ ਸੀ।

ਇਸ ਦਹਾਕੇ (ਇੱਕੀਵੀਂ ਸਦੀ ਦੇ ਦੂਜੇ) ਦੀਆਂ ਕੈਨੇਡੀਅਨ ਸਰਕਾਰਾਂ ਨੇ ਇਸ ਵਧੀਕੀ ਨੂੰ ਕਬੂਲ ਕੀਤਾ। ਪ੍ਰਧਾਨ ਮੰਤਰੀ ਹਾਰਪਰ ਨੇ ਜਨਤਕ ਮੁਆਫ਼ੀ ਦਾ ਇਜ਼ਹਾਰ ਕੀਤਾ ਸੀ ਅਤੇ ਉਸਤੋਂ ਮਗਰੋਂ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬਕਾਇਦਾ ਪਾਰਲੀਮੈਂਟ ਦੇ ਹਾਊਸ ਆਫ਼ ਕਾਮਨਜ਼ ਵਿਖੇ ਇਸ ਦੁਖਾਂਤ ਬਾਰੇ ਸਰਕਾਰ ਵੱਲੋਂ ਮੁਆਫ਼ੀ ਮੰਗ ਲਈ। 18 ਮਈ 2016 ਵਾਲੇ ਦਿਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹਾਊਸ ਆਫ਼ ਕਾਮਨਜ਼ ਵਿਖੇ ਬੋਲੇ, ' ਸ੍ਰੀ ਮਾਨ ਸਪੀਕਰ, ਮੈਂ ਸਦਨ ਅੰਦਰ ਕੈਨੇਡਾ ਦੀ ਸਰਕਾਰ ਦੇ ਕਾਮਾਗਾਟਾ ਮਾਰੂ ਸਾਕੇ ਵਿੱਚ ਨਿਭਾਏ ਰੋਲ ਖਾਤਰ ਸਰਕਾਰ ਦੀ ਤਰਫ਼ੋਂ ਮੁਆਫ਼ੀ ਮੰਗਣ ਲਈ ਖੜ੍ਹਾ ਹੋਇਆ ਹਾਂ " ਉਸਦੇ ਇੰਨਾ ਕਹਿਣ ਦੀ ਦੇਰ ਸੀ ਕਿ ਸਦਨ ਦੇ ਸਾਰੇ ਮੈਂਬਰ ਅਤੇ ਖਾਸ ਤੌਰ 'ਤੇ ਬੁਲਾਏ ਦਰਸ਼ਕ ਉਨ੍ਹਾਂ ਦੀ ਪ੍ਰੋੜ੍ਹਤਾ ਖਾਤਰ ਖੜ੍ਹੇ ਹੋ ਗਏ। ਟਰੂਡੋ ਨੇ ਅੱਗੇ ਕਿਹਾ, ਭਾਵੇਂ ਜਹਾਜ਼ੀਆਂ ਨਾਲ ਵਾਪਰੀ ਹਰੇਕ ਦੁੱਖਦਾਇਕ ਗਲਤੀ ਲਈ ਇਕੱਲਾ ਕੈਨੇਡਾ ਜ਼ਿੰਮੇਵਾਰ ਸੀ। ਜਿਨ੍ਹਾਂ ਨੇ ਇਨ੍ਹਾਂ ਮੁਸਾਫ਼ਰਾਂ ਨੂੰ ਅਮਨਪੂਰਵਕ ਅਤੇ ਸੁਰੱਖਿਅਤ ਤੌਰ 'ਤੇ ਕੈਨੇਡਾ ਅੰਦਰ ਦਾਖਲ ਹੋਣ ਤੋਂ ਰੋਕਿਆ। ਉਨ੍ਹਾਂ ਦੁਆਰਾ ਝੱਲੇ ਗਏ ਦਰਦ ਅਤੇ ਤਕਲੀਫ਼ਾਂ ਨੂੰ ਕੋਈ ਸ਼ਬਦ ਮਿਟਾ ਨਹੀਂ ਸਕਦਾ। ਇਸ ਗੱਲ ਦਾ ਪਛਤਾਵਾ ਹੈ ਕਿ ਸਮੇਂ ਦੇ ਬੀਤਣ ਨਾਲ ਉਨ੍ਹਾਂ (ਮੁਸਾਫ਼ਰਾਂ) ਵਿੱਚੋਂ ਕੋਈ ਵੀ ਸਾਡੀ ਮੁਆਫ਼ੀ ਸੁਨਣ ਲਈ ਜਿੰਦਾ ਨਹੀਂ ਹੈ। , ਕੰਜ਼ਰਵੇਟਿਵ ਅਤੇ ਵਿਰੋਧੀ ਧਿਰ ਦੀ ਆਗੂ ਰੋਨਾ ਅੰਬਰੋਜ਼ ਨੇ ਇਸ ਮੌਕੇ ਮੁਆਫ਼ੀਆਂ 'ਚ ਸ਼ਾਮਲ ਹੁੰਦਿਆਂ ਕਿਹਾ, "ਅਸੀਂ ਭੂਤਕਾਲ ਨੂੰ ਬਦਲ ਤਾਂ ਨਹੀਂ ਸਕਦੇ ਪਰ ਇੰਨਾ ਤਾਂ ਦਰਸਾ ਹੀ ਸਕਦੇ ਹਾਂ ਕਿ ਕੈਨੇਡਾ ਬਦਲ ਚੁੱਕਾ ਹੈ" ਇਸ ਤੋਂ ਇਲਾਵਾ ਐਨ.ਡੀ.ਪੀ ਪਾਰਟੀ ਦੇ ਆਗੂ ਟਾਮ ਮਲਕਾਇਰ, ਬੀ.ਕਿਊ ਪਾਰਟੀ ਦੇ ਆਗੂ ਰੀਲ ਫੋਰਟਿਨ ਅਤੇ ਗਰੀਨ ਪਾਰਟੀ ਦੀ ਆਗੂ ਅਲਿਜ਼ਾਬਥ ਮੇਅ ਨੇ ਵੀ ਖੜ੍ਹੇ ਹੋ ਕੇ ਇਸ ਮੁਆਫ਼ੀ ਨਾਮੇ ਦੀ ਪ੍ਰੋੜ੍ਹਤਾ ਵਿੱਚ ਆਪਣੀ ਸ਼ਮੂਲੀਅਤ ਕੀਤੀ।

**(ਲੜੀ ਸਮਾਪਤ)**

## 'ਗੁੰਡਾ ਟੈਕਸ' ਦਾ ਖ਼ੌਫ਼

# ਏਮਜ਼ ਲਈ ਰੇਲ ਰਸਤੇ ਪੁੱਜਾ ਰੇਤਾ ਬਜਰੀ

**ਚਰਨਜੀਤ ਭੁੱਲਰ**

ਬਠਿੰਡਾ : ਬਠਿੰਡਾ 'ਚ ਹੁਣ ਏਮਜ਼ ਉਸਾਰੀ ਲਈ ਵੀ ਰੇਤਾ ਬਜਰੀ ਰੇਲ ਰਸਤੇ ਪੁੱਜਾ ਹੈ। 'ਗੁੰਡਾ ਟੈਕਸ' ਦਾ ਖ਼ੌਫ਼ ਜਾਪਦਾ ਹੈ ਕਿ ਮੁੱਢਲੇ ਪੜਾਅ 'ਤੇ ਹੀ ਰੇਤਾ ਬਜਰੀ ਰੇਲ ਰੂਟ ਦੇ ਜ਼ਰੀਏ ਪੁੱਜਾ ਹੈ। ਪਹਿਲੋਂ 'ਗੁੰਡਾ ਟੈਕਸ' ਤੋਂ ਖ਼ਫ਼ਾ ਹੋ ਕੇ ਪ੍ਰਬੰਧਕਾਂ ਨੇ ਰਿਫ਼ਾਈਨਰੀ 'ਚ ਰੇਤਾ ਬਜਰੀ ਰੇਲ ਰਸਤੇ 27 ਮਾਰਚ ਨੂੰ ਮੰਗਵਾਇਆ ਸੀ। ਰਿਫ਼ਾਈਨਰੀ ਲਾਗਿਓਂ ਤਾਂ 'ਗੁੰਡਾ ਟੈਕਸ' ਦੇ ਭੈਅ ਦਾ ਯੁੱਗ ਖ਼ਤਮ ਹੋਇਆ ਹੈ ਤੇ ਏਮਜ਼ ਉਸਾਰੀ ਸ਼ੁਰੂ ਹੋਣ ਕਰਕੇ ਇੱਥੇ 'ਗੁੰਡਾ ਟੈਕਸ' ਦਾ ਖ਼ਤਰਾ ਮੰਡਰਾਉਣ ਲੱਗਾ ਹੈ। ਭਾਵੇਂ ਕਿਧਰੇ ਵੀ 'ਗੁੰਡਾ ਟੈਕਸ' ਦੀ ਕੋਈ ਗੱਲ ਸਾਹਮਣੇ ਨਹੀਂ ਆਈ ਪ੍ਰੰਤੂ ਇਸ ਦੇ ਖ਼ੌਫ਼ ਤੋਂ ਠੇਕੇਦਾਰ ਮੁਕਤ ਨਹੀਂ ਜਾਪਦੇ ਹਨ। ਸੂਤਰਾਂ ਅਨੁਸਾਰ ਬਠਿੰਡਾ-ਡਬਵਾਲੀ ਮਾਰਗ 'ਤੇ ਏਮਜ਼ ਉਸਾਰੀ ਦਾ ਕੰਮ ਸ਼ੁਰੂ ਹੋਇਆ ਹੈ ਜਿਸ ਵਾਸਤੇ ਰੇਤਾ ਬਜਰੀ ਦੀ ਪਹਿਲੀ ਖੇਪ ਰੇਲ ਰਸਤੇ ਮੰਗਵਾਈ ਗਈ ਹੈ। ਅੱਜ ਬਠਿੰਡਾ ਜੰਕਸ਼ਨ 'ਤੇ ਸਵੇਰ ਵਕਤ ਪਠਾਨਕੋਟ ਤੋਂ ਰੇਤਾ ਬਜਰੀ ਰੇਲ ਰਸਤੇ ਇੱਥੇ ਪੁੱਜਾ ਹੈ। ਸੂਤਰਾਂ ਅਨੁਸਾਰ ਪਠਾਨਕੋਟ ਦੀ ਕੰਪਨੀ ਏ.ਪੀ.ਮਾਈਲਜ਼ ਪ੍ਰਾਈਵੇਟ ਲਿਮਟਿਡ ਨੇ ਇਹ ਰੈਕ  ਉਸਾਰੀ ਪ੍ਰੋਜੈਕਟ ਖ਼ਾਤਰ ਲਿਆਂਦਾ ਹੈ ਜਿਸ ਨੂੰ ਹੁਣ ਟਰੱਕਾਂ ਜਰੀਏ ਅਣਲੋਡ ਕੀਤਾ ਜਾ ਰਿਹਾ ਹੈ।

ਰੇਲਵੇ ਤਰਫ਼ੋਂ ਅਣਲੋਡ ਲਈ 11 ਘੰਟਿਆਂ ਦਾ ਸਮਾਂ ਮਿਲਿਆ ਹੈ। ਵੇਰਵਿਆਂ ਅਨੁਸਾਰ ਰੇਤਾ ਬਜਰੀ ਦੇ 59 ਡੱਬਿਆਂ ਵਾਲਾ ਰੈਕ ਪੁੱਜਾ ਹੈ ਜਿਸ ਵਿਚ ਰੇਤਾ ਵੀ ਹੈ ਤੇ ਬਜਰੀ ਵੀ। ਜੇ.ਸੀ.ਬੀ ਮਸ਼ੀਨਾਂ ਨਾਲ ਰੈਕ ਨੂੰ ਅਣਲੋਡ ਕੀਤਾ ਜਾ ਰਿਹਾ ਹੈ। ਪ੍ਰਾਈਵੇਟ ਫ਼ਰਮ ਨੂੰ ਰੇਲ ਰਸਤੇ ਰੈਕ ਮੰਗਵਾਉਣ 'ਤੇ ਕਰੀਬ 15 ਲੱਖ ਰੁਪਏ ਦਾ ਰੇਲ ਭਾੜਾ ਪਿਆ ਹੈ। ਨਿਸ਼ਚਿਤ ਸਮੇਂ ਅੰਦਰ ਰੈਕ ਅਣਲੋਡ ਨਾ ਹੋਇਆ ਤਾਂ ਫ਼ਰਮ ਨੂੰ ਜੁਰਮਾਨਾ ਵੀ ਪੈਣਾ ਸ਼ੁਰੂ ਹੋ ਜਾਵੇਗਾ। ਉਸਾਰੀ ਦੇ ਟੈਂਡਰ ਹੋਣ ਮਗਰੋਂ ਕੰਮ ਸ਼ੁਰੂ ਹੋਇਆ ਹੈ। ਇੱਥੇ 700 ਬੈੱਡ ਦੀ ਸਮਰੱਥਾ ਵਾਲੀ ਏਮਜ਼ ਇੰਸਟੀਚੂਟ 925 ਕਰੋੜ ਦੀ ਲਾਗਤ ਨਾਲ ਬਣਨੀ ਹੈ ਜਿਸ ਦੇ ਮੁਕੰਮਲ ਹੋਣ ਦਾ ਟੀਚਾ ਜੂਨ 2020 ਮਿਥਿਆ ਗਿਆ ਹੈ। ਇਸ ਦੀ ਉਸਾਰੀ 'ਚ ਵੱਡੀ ਮਾਤਰਾ 'ਚ ਰੇਤੇ ਬਜਰੀ ਦੀ ਖਪਤ ਹੋਣੀ ਹੈ।  ਟਰੱਕ ਸਨਅਤ ਨੂੰ ਇਸ ਰੈਕ ਨੇ ਚਿੰਤਤ ਕਰ ਦਿੱਤਾ ਹੈ। ਟਰੱਕ ਤੇ ਟਰਾਲਾ ਮਾਲਕ ਆਖਦੇ ਹਨ ਕਿ ਰੇਲ ਰਸਤੇ ਰੇਤਾ ਬਜਰੀ ਕਾਫ਼ੀ ਮਹਿੰਗਾ ਪੈਂਦਾ ਹੈ। ਟਰੱਕ ਮਾਲਕ ਆਖਦੇ ਹਨ ਕਿ ਅਗਰ ਰੇਤਾ ਬਜਰੀ ਰੇਲ ਰਸਤੇ ਹੀ ਆਉਣ ਲੱਗ ਪਿਆ ਤਾਂ ਟਰੱਕ ਸਨਅਤ ਦਾ ਲੱਕ ਟੁੱਟ ਜਾਵੇਗਾ।

ਬਠਿੰਡਾ ਜੰਕਸ਼ਨ ਦੇ ਰੇਲਵੇ ਸੁਪਰਡੈਂਟ ਸ੍ਰੀ ਆਰ.ਐਸ.ਮੀਨਾ ਨੇ ਪੁਸ਼ਟੀ ਕੀਤੀ ਕਿ ਪਠਾਨਕੋਟ ਤੋਂ ਬਠਿੰਡਾ ਲਈ ਰੇਤੇ ਬਜਰੀ ਦਾ ਇੱਕ ਰੈਕ ਅੱਜ ਪੁੱਜਾ ਹੈ। ਰੇਲਵੇ ਦੇ ਮਾਲ ਗੁਦਾਮ ਦੇ ਸੀਨੀਅਰ ਅਧਿਕਾਰੀ ਸ੍ਰੀ ਮਨੋਜ ਰਾਣਾ ਦਾ ਕਹਿਣਾ ਸੀ ਕਿ ਬਠਿੰਡਾ 'ਚ ਪਹਿਲੀ ਵਾਰ ਰੇਲ ਰਸਤੇ ਰੇਤਾ ਬਜਰੀ ਪੁੱਜਾ ਹੈ ਜਿਸ ਨੂੰ ਅਣਲੋਡ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਦਾ ਅੰਦਾਜ਼ਨ ਰੇਲ ਭਾੜਾ 15 ਲੱਖ ਰੁਪਏ ਬਣਦਾ ਹੈ ਅਤੇ ਇਹ ਰੇਤਾ ਬਜਰੀ ਏਮਜ਼ ਵਾਸਤੇ ਮੰਗਵਾਇਆ ਦੱਸਿਆ ਜਾ ਰਿਹਾ ਹੈ। ਦੂਸਰੀ ਤਰਫ਼ ਬਠਿੰਡਾ ਰਿਫ਼ਾਈਨਰੀ 'ਚ ਹੁਣ ਟਰੱਕਾਂ ਤੇ ਟਰਾਲਿਆਂ ਰਾਹੀਂ ਰੇਤਾ ਬਜਰੀ ਆ ਰਿਹਾ ਹੈ। ਰਿਫ਼ਾਈਨਰੀ 'ਚ ਪੈਟਰੋ ਕੈਮੀਕਲ ਯੂਨਿਟ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ। ਪੈਟਰੋ ਕੈਮੀਕਲ ਯੂਨਿਟ ਦੀ ਉਸਾਰੀ 'ਚ ਜੁਟੇ ਠੇਕੇਦਾਰ ਹੁਣ ਤਸੱਲੀ ਵਿਚ ਜਾਪਦੇ ਹਨ। ਸੂਤਰ ਆਖਦੇ ਹਨ ਕਿ ਕਿਸੇ ਕਿਸਮ ਦੇ ਖ਼ੌਫ਼ ਵਿਚ ਨਹੀਂ ਬਲਕਿ ਸੁਵਿਧਾ ਦੀ ਨਜ਼ਰ ਤੋਂ ਰੇਲ ਰਸਤੇ ਨੂੰ ਤਰਜੀਹ ਦਿੱਤੀ ਗਈ ਹੈ। ਵਿਰੋਧੀ ਧਿਰ ਦੇ ਚਰਚੇ ਹਨ ਕਿ ਹਾਕਮ ਧਿਰ ਦੇ ਨੇੜਲਿਆਂ ਦੀ ਅੱਖ ਹੁਣ ਏਮਜ਼ ਉਸਾਰੀ 'ਤੇ ਹੈ।


### ਅਜ਼ਮਾਇਸ਼ੀ ਤੌਰ 'ਤੇ ਰੈਕ ਮੰਗਾਇਆ : ਡਾਇਰੈਕਟਰ


ਪ੍ਰਾਈਵੇਟ ਕੰਪਨੀ ਏ.ਪੀ ਮਾਈਲਜ਼ ਪ੍ਰਾਈਵੇਟ ਲਿਮਟਿਡ ਦੇ ਡਾਇਰੈਕਟਰ ਅਨਿਲ ਕੁਮਾਰ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਅਜ਼ਮਾਇਸ਼ੀ ਤੌਰ ਤੇ ਰੇਤਾ ਬਜਰੀ ਰੇਲ ਰਸਤੇ ਮੰਗਵਾਇਆ ਹੈ ਜੋ ਉਸਾਰੀ ਪ੍ਰੋਜੈਕਟਾਂ ਦੀ ਮੰਗ ਅਨੁਸਾਰ ਸਪਲਾਈ ਕੀਤਾ ਜਾਵੇਗਾ। ਪੰਜ ਸੱਤ ਦਿਨਾਂ ਵਿਚ ਅਜ਼ਮਾਇਸ਼ ਦੇ ਨਤੀਜੇ ਸਾਹਮਣੇ ਆ ਜਾਣਗੇ। ਉਨ੍ਹਾਂ ਇਨਕਾਰ ਕੀਤਾ ਕਿ ਏਮਜ਼ ਉਸਾਰੀ ਲਈ ਰੈਕ ਮੰਗਵਾਇਆ ਹੈ ਪ੍ਰੰਤੂ ਉਨ੍ਹਾਂ ਆਖਿਆ ਕਿ ਜੋ ਵੀ ਰੇਤਾ ਬਜਰੀ ਦੀ ਮੰਗ ਰੱਖੇਗਾ, ਸਪਲਾਈ ਦਿੱਤੀ ਜਾਵੇਗਾ।।


# ਇਨਕਲਾਬੀ ਸ਼ਾਇਰ ਬਾਬਾ ਨਜਮੀ ਨੇ ਆਪਣੇ ਸ਼ਾਇਰੀ ਦੇ ਰੰਗ ਬਿਖੇਰੇ


## *ਮਸਜਿਦ ਮੇਰੀ ਤੂੰ ਕਿਉਂ ਢਾਵੇਂ, ਮੈਂ ਕਿਉਂ ਤੋੜਾਂ ਮੰਦਰ ਨੂੰ। ਆ ਜਾ ਦੋਵੇਂ ਬਹਿ ਕੇ ਪੜ੍ਹੀਏ ਇੱਕ ਦੂਜੇ ਦੇ ਅੰਦਰ ਨੂੰ।*











ਐਡਮਿੰਟਨ : ਪੀ. ਪੀ. ਐਫ. ਈ. (ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ) ਵਲੋਂ ਕਮੇਟੀ ਆਫ਼ ਪ੍ਰੋਗਰੈਸਿਵ ਪਾਕਿਸਤਾਨੀ ਕੈਨੇਡਅਨਜ਼, ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ (ਬਰੰਸਸਟਨ), ਤਰਕਸ਼ੀਲ ਕਲਚਰਲ ਸੁਸਾਇਟੀ ਆਫ਼ ਕੈਨੇਡਾ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਨਾਰਥ ਅਮੇਰੀਕਨ ਤਰਕਸ਼ੀਲ ਸੁਸਾਇਟੀ ਓਂਟਾਰੀਓ, ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ ਵਿਨੀਪੈਗ ਆਦਿ ਦੇ ਸਹਿਯੋਗ ਨਾਲ ਪਹਿਲੀ ਵਾਰ ਕੈਨੇਡਾ ਪਹੁੰਚੇ ਪਾਕਿਸਤਾਨੀ ਪੰਜਾਬ ਦੇ ਸੰਸਾਰ ਪੱਧਰ ਦੇ ਮਸ਼ਹੂਰ ਤੇ ਇਨਕਲਾਬੀ ਸ਼ਾਇਰ ਬਾਬਾ ਨਜਮੀ ਨੇ ਐਡਮਿੰਟਨ ਵਿਖੇ ਆਪਣੀ ਸ਼ਾਇਰੀ ਦੇ ਰੰਗ ਬਿਖੇਰੇ। ਵੈਨਕੂਵਰ ਤੋਂ ਬਾਅਦ ਐਡਮਿੰਟਨ ਵਿਖੇ ਸਫ਼ਲ ਸਮਾਗਮ ਹੋਇਆ।

ਪੀ.ਪੀ.ਐਫ.ਈ. ਵਲੋਂ ਬਜ਼ਮ-ਏ-ਸੁਖਮ ਦੇ ਸਹਿਯੋਗ ਨਾਲ ਆਕਾ ਸੈਂਟਰ ਵਿਖੇ ਐਡਮਿੰਟਨ ਵਿਖੇ ਕਰਵਾਏ ਗਏ ਮੁਸ਼ਾਇਰੇ ਵਿਚ ਬਾਬਾ ਨਜਮੀ ਮੁੱਖ ਸ਼ਾਇਰ ਦੇ ਤੌਰ 'ਤੇ ਪਹੁੰਚੇ। ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਪੀ. ਪੀ. ਐਫ. ਈ. ਦੇ ਸਕੱਤਰ ਕਿਰਤਮੀਤ ਕੁਹਾੜ ਨੇ ਦੱਸਿਆ ਕਿ ਸਮਾਗਮ 'ਚ ਵੱਖ-ਵੱਖ ਭਾਈਚਾਰਿਆਂ ਤੋਂ 300 ਤੋਂ ਵੱਧ ਲੋਕਾਂ ਨੇ ਸ਼ਮੂਲੀਅਲ ਕੀਤੀ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਮੁੱਖ ਮਹਿਮਾਨ ਬਾਬਾ ਨਜ਼ਮੀ, ਸਾਬਕਾ ਐਮ.ਐਲ.ਏ. ਤੇ ਸਾਬਕਾ ਪ੍ਰੋ. ਰਾਜ ਪੰਨੂੰ, ਅਰਪਨ ਲਿਖਾਰੀ ਸਭਾ ਕੈਲਗਰੀ ਵਲੋਂ ਕੇਸਰ ਸਿੰਘ ਨੀਰ, ਪੀ.ਪੀ.ਐਫ.ਈ. ਦੇ ਪ੍ਰਧਾਨ ਡਾ. ਪ੍ਰਿਥਵੀ ਰਾਜ ਕਾਲੀਆ ਅਤੇ ਬਜ਼ਮ-ਏ-ਸੁਖਮ ਦੀ ਪ੍ਰਧਾਨ ਕਿਸ਼ਵਰ ਗਨੀ ਸ਼ਾਮਲ ਸਨ।

ਸਮਾਗਮ ਵਿਚ ਭਾਰਤ ਤੋਂ ਆਏ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਕਾਰਜਕਾਰੀ ਮੈਂਬਰ ਮੱਖਣ ਕੁਹਾੜ, ਇੰਦਰਾ ਗਾਂਧੀ ਓਪਨ ਯੂਨੀਵਰਸਿਟੀ ਦੇ ਦੇਬਾਲ ਕੇ ਸਿੰਘਾਰੋਏ, ਤਰਕਸ਼ੀਲ ਕਲਚਰਲ ਸੁਸਾਇਟੀ ਆਫ਼ ਕੈਨੇਡਾ ਵੈਨਕੂਵਰ ਦੇ ਪ੍ਰਧਾਨ ਬਾਈ ਅਵਤਾਰ ਗਿੱਲ, ਰੇਡੀਓ ਪੰਜਾਬ ਵੈਨਕੂਵਰ ਪ੍ਰੋ: ਗੁਰਵਿੰਦਰ ਧਾਲੀਵਾਲ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸਟੇਜ਼ ਸਕੱਤਰ ਦੀ ਭੂਮਿਕਾ ਦਲਬੀਰ ਸਾਂਗਿਆਣ ਨੇ ਨਿਭਾਈ ਅਤੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ।

ਦੋ ਸੈਸ਼ਨਾਂ ਵਿਚ ਕਰਵਾਏ ਸਮਾਗਮ ਦੇ ਪਹਿਲੇ ਪੜਾਅ ਦੌਰਾਨ ਡਾ. ਕਾਲੀਆ ਵਲੋਂ ਬਾਬੇ ਨਜ਼ਮੀ ਬਾਰੇ ਹਾਜ਼ਰੀਨ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਬਾਬੇ ਨੂੰ ਐਡਮਿੰਟਨ ਵਿਖੇ ਪਹੁੰਚਣ ਅਤੇ ਸਮਾਗਮ 'ਚ ਸ਼ਿਰਕਤ ਕਰਨ ਲਈ ਜੀ ਆਇਆਂ ਕਿਹਾ। ਸਮਾਗਮ ਦੀ ਸ਼ੁਰੂਆਤ ਜੋਗਿੰਦਰ ਰੰਧਾਵਾ ਨੇ ਡਾ. ਜਗਤਾਰ ਦੀ ਨਜ਼ਮ ਗਾ ਕੇ ਕੀਤੀ। ਇਸ ਉਪਰੰਤ ਪਵਿੱਤਰ ਧਾਲੀਵਾਲ ਨੇ ਆਪਣੀ ਨਵੀਂ ਆਈ ਕਿਤਾਬ ਸਮੇਂ ਦਾ ਰਾਗ ਵਿਚੋਂ ਕਵਿਤਾ ਪੜ੍ਹ ਕੇ ਸੁਣਾਈ। ਇਸ ਮੌਕੇ ਪੀ.ਪੀ.ਐਫ.ਈ. ਵਲੋਂ ਸਮਾਗਮ ਨੂੰ ਮੁੱਖ ਰੱਖ ਕੇ ਬਾਬਾ ਨਜਮੀ ਬਾਰੇ ਪੰਜਾਬੀ (ਸ਼ਾਹਮੁਖੀ ਅਤੇ ਗੁਰਮੁਖੀ) ਵਿਚ ਤਿਆਰ ਨਜ਼ਮਾਂ ਸਨ, ਨੂੰ ਲੋਕ ਅਰਪਣ ਕੀਤਾ ਗਿਆ। ਸੰਸਥਾਵਾਂ ਵਲੋਂ ਵੱਖ-ਵੱਖ ਸਮੇਂ 'ਤੇ ਛਪਵਾਈਆਂ ਅੰਗਰੇਜ਼ੀ ਅਤੇ ਪੰਜਾਬੀ (ਅਨੁਵਾਦ) ਕਿਤਾਬਾਂ ਬਾਬਾ ਨਜ਼ਮੀ ਨੂੰ ਭੇਟ ਕੀਤੀਆਂ ਗਈਆਂ। ਇਸ ਉਪਰੰਤ ਬਖਸ਼ ਸੰਘਾ ਵਲੋਂ ਔਰਤਾਂ ਨੂੰ ਇਨਸਾਨ ਨਹੀਂ ਸਮਝਿਆਪੜ੍ਹੀ ਗਈ, ਜਿਸ ਨੂੰ ਖੂਬ ਸਲਾਹਿਆ ਗਿਆ। ਕੇਸਰ ਸਿੰਘ ਨੀਰ ਵਲੋਂ ਪੜ੍ਹੀ ਗ਼ਜ਼ਲ, ਇਕਲਾਬ ਖ਼ਾਨ ਦੀ ਕਵਿਤਾ ਮਜ਼ਦੂਰ ਆਦਿ ਦੀ ਵੀ ਤਾਰੀਫ਼ ਕੀਤੀ ਗਈ।





ਬਾਬਾ ਨਜ਼ਮੀ ਵਲੋਂ ਪਹਿਲੇ ਸ਼ੇਅਰ ਨਾਲ ਲਗਵਾਈ ਹਾਜ਼ਰੀ ਏਨੀ ਪ੍ਰਭਾਵਸ਼ਾਲੀ ਸੀ ਕਿ ਸਰੋਤਿਆਂ ਵਲੋਂ ਲਗਭਗ ਇਕ ਮਿੰਟ ਤਕ ਖੜ੍ਹੇ ਹੋ ਕੇ ਤਾੜੀਆਂ ਨਾਲ ਸੁਆਗਤ ਕੀਤਾ ਗਿਆ, ਜਿਸ ਕਰਕੇ ਬਾਬੇ ਨਜ਼ਮੀ ਨੂੰ ਅਗਲਾ ਸ਼ੇਅਰ ਸੁਣਾਉਣ ਲਈ ਇੰਤਜ਼ਾਰ ਕਰਨਾ ਪਿਆ। 20 ਤੋਂ 25 ਮਿੰਟ ਦੀ ਪ੍ਰਭਾਵਸ਼ਾਲੀ ਸ਼ਾਇਰੀ ਦੌਰਾਨ ਬਾਬੇ ਨਜ਼ਮੀ ਨੇ ਮਸਜਿਦ ਮੇਰੀ ਤੂੰ ਕਿਉਂ ਢਾਵੇਂ, ਮੈਂ ਕਿਉਂ ਤੋੜਾਂ ਮੰਦਰ ਨੂੰ..., ਬੇਹਿੰਮਤੇ ਨੇ ਜੋ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ..., ਜਿਸ ਧਰਤੀ 'ਤੇ ਰੱਜਵਾਂ ਟੁਕਰ ਖਾਂਦੇ ਨਹੀਂ ਮਜ਼ਦੂਰ..., ਝੁੱਗੀਆਂ ਵਿੱਚ ਵੀ ਫੇਰਾ ਪਾ ਕੇ ਵੇਖ ਲਵੇਂ...ਆਪਣੇ ਮੂੰਹ ਨੂੰ ਡੱਕਾ ਲਾ ਓਇ, ਸੀਦੇ ਸ਼ਾਹ... ਆਦਿ ਨਜ਼ਮਾਂ/ਗ਼ਜ਼ਲਾਂ ਸੁਣਾ ਕੇ ਸਮੇਂ ਨੂੰ ਬੰਨੀਂ ਰੱਖਿਆ।



ਸਮਾਗਮ ਦੇ ਦੂਸਰੇ ਪੜਾਅ ਦੀ ਸ਼ੁਰੂਆਤ ਕਿਸ਼ਵਰ ਗਨੀ ਵਲੋਂ ਉਰਦੂ ਦੀ ਨਜ਼ਮ, ਜਮੈਕ ਚੌਧਰੀ, ਰਾਸ਼ਦ ਚੌਧਰੀ, ਜਰਨੈਲ ਕੌਰ, ਵੀਨਾ ਸ਼ਰਮਾ, ਵੰਦਨਾ ਤਿਵਾੜੀ ਆਦਿ ਨੇ ਆਪੋ-ਆਪਣੀਆਂ ਨਜ਼ਮਾਂ ਸੁਣਾਈਆਂ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਕਾਰਜਕਾਰੀ ਮੈਂਬਰ ਮੱਖਣ ਕੁਹਾੜ, ਜਿਨ੍ਹਾਂ ਨੂੰ ਕੇਂਦਰੀ ਸਭਾ ਵਲੋਂ ਸਾਹਿਤਕ ਜਥੇਬੰਧਕ ਸੇਵਾਵਾਂ ਲਈ ਹੀਰਾ ਸਿੰਘ ਦਰਦ ਐਵਾਰਡ ਦਿਤਾ ਜਾ ਰਿਹਾ ਹੈ, ਨੇ ਗ਼ਜ਼ਲ ਉਹ ਬਣਿਆ ਬਾਗ ਦਾ ਰਾਖਾ ਜਿਹਦੇ ਹੱਥ ਵਿਚ ਆਰੀ ਹੈ..., ਮੰਦਰਾਂ ਦੀ ਬਾਤ ਪਾ ਜਾ ਮਸਜਿਦਾਂ ਦੀ ਬਾਤ ਪਾ... ਅਤੇ ਐਪਰ ਸੁਣਿਆ ਜੰਗਲ ਅੰਦਰ ਅਜ਼ਗਰਾਂ ਬਾਘਾਂ ਦੀ ਦੀ ਯਾਰੀ ਹੈ ਸੁਣਾ ਕੇ ਹਾਜ਼ਰੀਨ ਨੂੰ ਦਾਦ ਦੇਣ ਲਈ ਮਜਬੂਰ ਕਰ ਦਿੱਤਾ। ਪੀ.ਪੀ.ਐਫ.ਈ. ਦੇ ਪ੍ਰਧਾਨ ਡਾ. ਪੀ.ਆਰ. ਕਾਲੀਆ ਵੱਲੋਂ ਆਪਣੀ ਹਿੰਦੀ ਦੀ ਕਵਿਤਾ ਮਜ਼ਦੂਰ ਕੇ ਹਾਥਸੁਣਾ ਕੇ ਮਹਿਫ਼ਲ ਨੂੰ ਅਖੀਰ 'ਤੇ ਪਹੁੰਚਾ ਦਿੱਤਾ।

ਦੂਸਰੇ ਸੈਸ਼ਨ ਦੇ ਅੰਤ ਵਿਚ ਬਾਬਾ ਨਜ਼ਮੀ ਨੇ ਆਪਣੀਆਂ ਪਸੰਦੀਦਾ ਗ਼ਜ਼ਲਾਂ/ਨਜ਼ਮਾਂ ਦੀ ਫਿਰ ਸ਼ਹਿਬਰ ਲਾਈ ਅਤੇ ਲੰਬੇ ਸਮੇਂ ਸ੍ਰੋਤਿਆਂ ਨੂੰ ਕੀਲੀ ਰੱਖਿਆ। ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ ਲਿਖੀ ਨਵੀਂ ਨਜ਼ਮ ਨੂੰ ਇਸ ਸਮਾਗਮ 'ਚ ਪਹਿਲੀ ਵਾਰ ਪੜ੍ਹਿਆ।

ਜ਼ਿੰਦਗੀ ਭਰ ਜੁਝਾਰੂ ਲਿਖਦੇ ਰਹਿਣ ਅਤੇ ਸਟੇਜ਼ਾਂ ਉਪਰੋਂ ਹਿੱਕ ਠੋਕ ਕੇ ਬੋਲਦੇ ਰਹਿਣ ਦੇ ਵਾਦੇ ਨਾਲ ਬਾਬੇ ਨਜ਼ਮੀ ਨੇ ਐਡਮਿੰਟਨ ਤੋਂ ਵਿਦਾ ਲਈ। ਇਸੇ ਦੌਰਾਨ ਸ੍ਰੋਤਿਆਂ ਨੇ ਬਾਰ-ਬਾਰ ਖੜ੍ਹੇ ਹੋ ਕੇ ਤਾੜੀਆਂ ਨਾਲ ਬਾਬਾ ਨਜਮੀ ਨੂੰ ਦਾਦ ਦਿੱਤੀ ਅਤੇ ਸਤਿਕਾਰ ਦਿੱਤਾ। ਸਮਾਗਮ ਦੇ ਅੰਤ ਵਿਚ ਪ੍ਰੋ: ਰਾਜ ਪੰਨੂੰ ਹੁਣਾਂ ਨੇ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵਲੋਂ ਅਜਿਹਾ ਪ੍ਰੋਗਰਾਮ ਉਲੀਕਣ ਅਤੇ ਇਸ ਨੂੰ ਸਫਲਤ ਪੂਰਣ ਨੇਪਰੇ ਚਾੜ੍ਹਨ ਤੇ ਵਧਾਈ ਦਿੱਤੀ ਅਤੇ ਸਮਾਗਮ ਵਿੱਚ ਸ਼ਾਮਲ ਸ੍ਰੋਤਿਆਂ ਦਾ ਧੰਨਵਾਦ ਕੀਤਾ।











# ਕੈਲਗਰੀ (ਕਨੇਡਾ) ਵਿੱਚ ਪੰਜਾਬੀ ਗਾਇਕ ਅੰਮ੍ਰਿਤ ਮਾਨ ਦੇ ਸ਼ੋਅ ਬਾਹਰ ਹੋਏ ਭਾਰੀ ਲੋਕ ਪ੍ਰਦਰਸ਼ਨ ਨੂੰ ਦੁਨੀਆਂ ਭਰ ਵਿਚੋਂ ਭਰਵਾਂ ਹੁੰਗਾਰਾ ਮਿਲਿਆ!





ਕੈਲਗਰੀ: ਕੈਲਗਰੀ ਵਿੱਚ ਪਿਛਲੇ ਲੰਬੇ ਸਮੇਂ ਤੋਂ ਪੰਜਾਬੀ ਗਾਇਕੀ ਵਿੱਚ ਆ ਰਹੇ ਵਿਗਾੜਾਂ ਪ੍ਰਤੀ ਜਾਗਰੂਕਤਾ ਮੁਹਿੰਮ ਚਲਾ ਰਹੀਆਂ ਦੋ ਸੰਸਥਾਵਾਂ 'ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਅਤੇ 'ਅਦਾਰਾ ਸਿੱਖ ਵਿਰਸਾ ਇੰਟਨੈਸ਼ਨਲ' ਵਲੋਂ ਆਜੋਯਤ ਕੀਤੇ ਗਏ ਰੋਸ ਪ੍ਰਦਰਸ਼ਨ ਵਿੱਚ ਵੱਡੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਨੇ ਭਾਗ ਲਿਆ।ਇਸ ਰੋਸ ਪ੍ਰਦਰਸ਼ਨ ਵਿੱਚ 5 ਸਾਲ ਦੇ ਬੱਚਿਆਂ ਤੋਂ ਲੈ ਕੇ 85 ਸਾਲ ਬਜੁਰਗਾਂ ਨੇ ਹਿੱਸਾ ਲੈ ਕੇ ਇਹ ਸਾਬਿਤ ਕਰ ਦਿੱਤਾ ਕਿ ਪੰਜਾਬੀ ਭਾਈਚਾਰੇ ਦਾ ਵੱਡਾ ਹਿੱਸਾ ਪੰਜਾਬੀ ਸਭਿਆਚਾਰ, ਗਾਇਕੀ ਤੇ ਬੋਲੀ ਲਈ ਫਿਕਰਮੰਦ ਹੈ।ਪ੍ਰਦਰਸ਼ਨ ਦੀ ਖਾਸੀਅਤ ਇਹ ਸੀ ਕਿ ਇਸ ਵਿੱਚ ਨੌਜਵਾਨਾਂ, ਬੱਚਿਆਂ ਤੇ ਔਰਤਾਂ ਦੀ ਵੱਡੀ ਗਿਣਤੀ ਸੀ।ਸਿਰਫ ਇੱਕ ਦਿਨ ਦੇ ਸੱਦੇ ਤੇ ਕੈਲਗਰੀ ਦੀਆਂ ਅਨੇਕਾਂ ਸਾਹਿਤਕ ਤੇ ਸਮਾਜਿਕ ਸੰਸਥਾਵਾਂ ਨੇ ਭਾਗ ਲਿਆ।ਜਿਨ੍ਹਾਂ ਵਿੱਚ ਪ੍ਰਮੁੱਖ ਤੌਰ ਤੇ 'ਕੈਲਗਰੀ ਵੁਮੈਨ ਕਲਚਰਲ ਐਸੋਸੀਏਸ਼ਨ ਕੈਲਗਰੀ' ਦੀਆਂ ਔਰਤ ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਇਸ ਤੋਂ ਇਲਾਵਾ ਪੰਜਾਬੀ ਲਿਖਾਰੀ ਸਭਾ ਕੈਲਗਰੀ, ਰੌਇਲ ਵੁਮੈਨ ਕਲਚਰਲ ਐਸੋਸੀਏਸ਼ਨ, ਪੰਜਾਬੀ ਸਾਹਿਤ ਸਭਾ ਕੈਲਗਰੀ, ਅਰਪਨ ਲਿਖਾਰੀ ਸਭਾ ਕੈਲਗਰੀ, ਰਾਈਟਰਜ਼ ਫੋਰਮ ਕੈਲਗਰੀ, ਪ੍ਰੌਗਰੈਸਿਵ ਫੋਰਮ ਕੈਲਗਰੀ, ਇੰਡੋ ਕਨੇਡੀਅਨ ਸੀਨੀਅਰਜ਼ ਐਸੋਸੀਏਸ਼ਨ, ਗਲੋਬਲ ਪ੍ਰਵਾਸੀ ਸੀਨੀਅਰਜ਼ ਐਸੋਸੀਏਸ਼ਨ, ਮੌਂਟਰੀ ਪਾਰਕ ਸੀਨੀਅਰਜ਼ ਐਸੋਸੀਏਸ਼ਨ ਆਦਿ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਵੀ ਭਾਗ ਲਿਆ।ਇਸ ਮੌਕੇ ਤੇ ਮੁੱਖ ਬੁਲਾਰਿਆਂ ਮਾਸਟਰ ਭਜਨ ਸਿੰਘ ਤੇ ਹਰਚਰਨ ਸਿੰਘ ਪਰਹਾਰ ਵਲੋਂ ਪੰਜਾਬੀ ਗਾਇਕੀ ਰਾਹੀਂ ਸਮਾਜ ਵਿੱਚ ਫੈਲਾਈ ਜਾ ਰਹੀ ਲੱਚਰਤਾ, ਹਿੰਸਾ, ਨਸ਼ਿਆਂ, ਜਾਤ-ਪਾਤ, ਔਰਤਾਂ ਵਿਰੁੱਧ ਭੱਦੀ ਸ਼ਬਦਾਵਲੀ ਦੀ ਜਿਥੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ, ਉਥੇ ਇਸ ਗਾਇਕੀ ਦੇ ਸਮਾਜ ਤੇ ਖਾਸਕਰ ਨੌਜਵਾਨਾਂ ਤੇ ਪੈ ਰਹੇ ਮਾਰੂ ਪ੍ਰਭਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਮਲਪ੍ਰੀਤ ਕੌਰ ਪੰਧੇਰ, ਗੁਰਚਰਨ ਕੌਰ ਥਿੰਦ, ਸਵਰਨ ਧਾਲੀਵਾਲ, ਜਗਦੀਸ਼ ਚੋਹਕਾ, ਬਲਜਿੰਦਰ ਸੰਘਾ ਆਦਿ ਬੁਲਾਰਿਆਂ ਨੇ ਲੱਚਰ ਗਾਇਕੀ ਤੇ ਆਪਣੇ ਵਿਚਾਰ ਪ੍ਰਗਟ ਕੀਤੇ।ਯਾਦ ਰਹੇ ਇਹ ਰੋਸ ਪ੍ਰਦਰਸ਼ਨ ਪੰਜਾਬੀ ਰੈਪ ਗਾਇਕ ਅੰਮ੍ਰਿਤ ਮਾਨ ਦੇ ਸ਼ੋਅ ਖਿਲਾਫ ਰੱਖਿਆ ਗਿਆ ਸੀ, ਜੋ ਕਿ ਉਨ੍ਹਾਂ ਕੁਝ ਗਾਇਕਾਂ ਵਿਚੋਂ ਇੱਕ ਹੈ, ਜੋ ਸ਼ਰੇਆਮ ਆਪਣੇ ਗੀਤਾਂ ਵਿੱਚ ਨਸ਼ਿਆਂ, ਹਿੰਸਾ, ਜਾਤ-ਪਾਤ, ਗੈਂਗਵਾਦ, ਗੰਨ ਕਲਚਰ, ਡਰੱਗਜ਼, ਔਰਤਾਂ ਵਿਰੁੱਧ ਭੱਦੀ ਸ਼ਬਦਾਵਲੀ ਨੂੰ ਪ੍ਰਮੋਟ ਕਰਦੇ ਹਨ।ਕਿਸੇ ਪੰਜਾਬੀ ਗਾਇਕ ਵਿਰੁੱਧ ਸ਼ਾਇਦ ਇਹ ਪਹਿਲਾ ਪ੍ਰਭਾਵਸ਼ਾਲੀ ਲੋਕ ਮੁਜ਼ਾਹਿਰਾ ਸੀ, ਜਿਸ ਵਿੱਚ ਹਰ ਵਰਗ ਦੇ ਲੋਕਾਂ ਨੇ ਭਾਗ ਲੈ ਕੇ ਅਜਿਹੀ ਗਾਇਕੀ ਵਿਰੁੱਧ ਆਪਣਾ ਫਤਵਾ ਦਿੱਤਾ।ਪ੍ਰਬੰਧਕਾਂ ਵਲੋਂ ਇਹ ਸਪੱਸ਼ਟ ਕੀਤਾ ਗਿਆ ਕਿ ਉਹ ਕਿਸੇ ਇੱਕ ਗਾਇਕ ਜਾਂ ਪ੍ਰਮੋਟਰ ਦੇ ਵਿਰੁੱਧ ਨਹੀਂ, ਸਗੋਂ ਅਜਿਹੀ ਗਾਇਕੀ ਨੂੰ ਪ੍ਰਮੋਟ ਕਰ ਰਹੇ ਸਾਰੇ ਗਾਇਕਾਂ, ਸਪੌਂਸਰਾਂ, ਪ੍ਰਮੋਟਰਾਂ ਖਿਲਾਫ ਆਪਣੀ ਮੁਹਿੰਮ ਜਾਰੀ ਰੱਖਣਗੇ। ਉਨ੍ਹਾਂ ਗਾਇਕਾਂ ਨੂੰ ਤਾੜਨਾ ਕੀਤੀ ਕਿ ਅਜੇ ਵੀ ਸਮਾਂ ਹੈ ਕਿ ਉਹ ਅਜਿਹੀ ਗਾਇਕੀ ਨੂੰ ਬੰਦ ਕਰਨ, ਨਹੀਂ ਤਾਂ ਲੋਕ ਵਿਰੋਧ ਲਈ ਤਿਆਰ ਰਹਿਣ।ਜਿਥੇ ਅੰਮ੍ਰਿਤ ਮਾਨ ਸਮੇਤ ਪੰਜਾਬੀ ਗਾਇਕੀ ਨੂੰ ਬਰਬਾਦ ਕਰ ਰਹੇ ਸਾਰੇ ਗਾਇਕਾਂ ਖਿਲਾਫ ਨਾਹਰੇ ਮਾਰਦਾ ਇਹ ਲੋਕ ਕਾਫਲਾ ਇੱਕ ਘੰਟੇ ਦੇ ਸ਼ਾਂਤਮਈ ਪ੍ਰਦਰਸ਼ਨ ਤੋਂ ਬਾਅਦ ਸਮਾਪਤ ਹੋਇਆ, ਉਥੇ ਪੰਜਾਬੀ ਸਮਾਜ ਲਈ ਸੋਚਣ ਵਾਸਤੇ ਅਨੇਕਾਂ ਤਰ੍ਹਾਂ ਦੇ ਸਵਾਲ ਖੜੇ ਕਰ ਗਿਆ।ਮੁਜਾਹਿਰੇ ਦੀ ਇੱਕ ਖਾਸੀਅਤ ਇਹ ਸੀ ਪ੍ਰਦਰਸ਼ਨਕਾਰੀਆਂ ਨੇ ਰੋਸ ਵਜੋਂ ਕਾਲੇ ਕੱਪੜੇ ਜਾਂ ਮੱਥੇ ਤੇ ਕਾਲੀਆਂ ਪੱਟੀਆਂ ਦੇ ਨਾਲ-ਨਾਲ ਹੱਥਾਂ ਵਿੱਚ ਲੱਚਰ ਗਾਇਕੀ ਖਿਲਾਫ ਪੋਸਟਰ ਚੁੱਕੇ ਹੋਏ ਸਨ।ਇਸ ਰੋਸ ਪ੍ਰਦਰਸ਼ਨ ਨੂੰ ਕਵਰ ਕਰਨ ਲਈ ਪੰਜਾਬੀ ਮੀਡੀਆ ਵਿਚੋਂ ਹਰਬੰਸ ਬੁੱਟਰ (ਪੰਜਾਬੀ ਅਖ਼ਬਾਰ), ਜਸਜੀਤ ਧਾਮੀ (ਅਜੀਤ ਜਲੰਧਰ), ਰਿਸ਼ੀ ਨਾਗਰ (ਰੇਡੀਓ ਰੈਡ ਐਫ ਐਮ), ਬਲਜਿੰਦਰ ਸੰਘਾ (ਮੈਪਲ ਮੀਡੀਆ), ਸਰੋਕਾਰਾਂ ਦੀ ਆਵਾਜ ਤੇ ਸਿੱਖ ਵਿਰਸਾ ਮੈਗਜ਼ੀਨ ਦੇ ਨੁਮਾਇੰਦੇ ਹਾਜ਼ਿਰ ਸਨ। ਬੇਸ਼ੱਕ ਇਸ ਤਰ੍ਹਾਂ ਦਾ ਇਹ ਕੈਲਗਰੀ ਵਿੱਚ ਪਹਿਲਾ ਲੋਕ ਪ੍ਰਦਰਸ਼ਨ ਸੀ, ਪਰ ਜਿਸ ਢੰਗ ਨਾਲ ਇਸਨੂੰ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨੇ ਹੁੰਗਾਰਾ ਦਿੱਤਾ ਹੈ, ਉਸਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਦੇਸ਼-ਵਿਦੇਸ਼ ਦੀਆਂ ਤਕਰੀਬਨ ਸਾਰੀਆਂ ਪੰਜਾਬੀ ਅਖਬਾਰਾਂ, ਮੈਗਜ਼ੀਨਾਂ ਤੇ ਟੀ ਵੀ ਚੈਨਲ਼ਾਂ ਨੇ ਇਸਨੂੰ ਪੂਰੀ ਕਵਰੇਜ ਦਿੱਤੀ ਅਤੇ ਅਨੇਕਾਂ ਰੇਡੀਓ ਸਟੇਸ਼ਨਾਂ ਨੇ ਇਸ ਵਿਸ਼ੇ ਤੇ ਟਾਕ ਸ਼ੋਅ ਕੀਤੇ।ਮੁਜਾਹਿਰੇ ਦੀ ਲਾਈਵ ਵੀਡੀਓ ਨੂੰ ਲੱਖਾਂ ਲੋਕਾਂ ਨੇ ਦੇਖਿਆ।ਆਉ! ਸਾਰੇ ਰਲ਼ ਕੇ ਅਜਿਹੀ ਗਾਇਕੀ ਖਿਲਾਫ ਸਾਰੇ ਸ਼ਹਿਰਾਂ ਵਿੱਚ ਆਵਾਜ ਬੁਲੰਦ ਕਰੀਏ ਤੇ ਸਾਫ ਸੁਥਰੀ ਗਾਇਕੀ ਨੂੰ ਪ੍ਰਮੋਟ ਕਰੀਏ।

ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ)
416-817-7142



ਮਾਸਟਰ ਭਜਨ (ਕੈਲਗਰੀ)
403-455-4220



ਸੁਖਵੀਰ ਗਰੇਵਾਲ (ਵੈਨਕੂਵਰ)
778-979-4978



ਸੁਰਿੰਦਰ ਮਾਵੀ (ਵਿੰਨੀਪੈਗ)
204-510-6284

ਨੋਟ: ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਟੋਰਾਂਟੋ, ਐਡਮਿੰਟਨ ਸ਼ਹਿਰਾਂ ਤੋਂ ਮਾਰਕੀਟਿੰਗ ਲਈ ਪ੍ਰਤੀਨਧਾਂ ਦੀ ਲੋੜ ਹੈ। ਵਾਜਬ ਕਮਿਸ਼ਨ ਦਿੱਤਾ ਜਾਵੇਗਾ। ਐਡਮਿੰਟਨ ਤੋਂ ਪੱਤਰਕਾਰ ਦੀ ਵੀ ਲੋੜ ਹੈ।

CARE Inc.
Home Health Solutions

403-605-6300
ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"

ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।



ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca





Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca Edmonton Store #108-5239 55 Ave. NW, 780-229-3233

BAINS VISION CENTRE

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains



Jaswinder S Bains, Ph.D., OD.

Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English

DR. J.S. BAINS & ASSOCIATES-(OPTOMETRY)
- Complete Eye Exam — ਨਜ਼ਰ ਦੀ ਪੂਰੀ ਜਾਂਚ
- Ocular Health Assessment — ਅੱਖਾਂ ਦੀ ਅੰਦਰਲੀ ਜਾਂਚ
- Contact Lenses — ਕਾਂਨਟੈਕਟ ਲੈਨਜ਼ ਲਗਾਉਣੇ



403-274-4514
deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

Every Monday, 9:30 to 5:00 pm at Dr. Pardeep Dhillon Optometric Corporation
7110 120 St, #102,
Surrey, BC V3W 3M8 604-635-0155

# ਲੋਕਾਂ ਦਾ ਕਵੀ ਬਾਬਾ ਨਜਮੀ ਕੈਲਗਰੀ 'ਚ ਸਰੋਤਿਆਂ ਦੇ ਰੂਬਰੂ

## ਲੋਕਾਂ ਵਲੋਂ ਸਮਾਗਮ ਨੂੰ ਵੱਡਾ ਹੁੰਗਾਰਾ












ਕੈਲਗਰੀ:ਪਾਕਿਸਤਾਨ ਦੇ ਉਘੇ ਸ਼ਾਇਰ ਬਾਬਾ ਨਜਮੀ ਨੇ ਆਪਣੇ ਕੈਨੇਡਾ ਦੌਰੇ ਦੌਰਾਨ ਕੈਲਗਰੀ ਦਾ ਵੀ ਦੌਰਾ ਕੀਤਾ। ਇਹ ਸਮਾਗਮ ਇੰਡੀਅਨ ਐਕਸ-ਸਰਵਿਸਮੈਨ ਸੁਸਾਇਟੀ ਦੇ ਹਾਲ ਵਿੱਚ ਕਰਵਾਇਆ ਗਿਆ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਸਿੱਖ ਵਿਰਸਾ, ਪਾਕਿਸਤਾਨੀ ਕੈਨੇਡੀਅਨ ਚਲਚਰਲ ਐਸੋਸੀਏਸ਼ਨ ਅਲਬਰਟਾ ਅਤੇ ਕਮੇਟੀ ਆਫ ਪ੍ਰੋਗਰੈਸਿਵ ਪਾਕਿਸਤਾਨੀ ਕੈਨੇਡੀਅਨਜ਼ ਵਲੋਂ ਸਾਂਝੇ ਤੌਰ 'ਤੇ ਕਰਵਾਏ ਗਏ ਇਸ ਸਮਾਗਮ ਵਿੱਚ ਕੈਲਗਰੀ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਾਮਿਲ ਹੋ ਕੇ ਬਾਬਾ ਨਜਮੀ ਦੀ ਸ਼ਾਇਰੀ ਦਾ ਆਨੰਦ ਮਾਣਿਆ। ਕੈਲਗਰੀ ਵਿੱਚ ਪਹਿਲੀ ਵਾਰ ਕਿਸੇ ਕਵੀ ਨੂੰ ਸੁਣਨ ਲਈ ਐਨਾ ਭਰਵਾਂ ਇਕੱਠ ਹੋਇਆ।

ਬਾਬਾ ਨਜਮੀ ਨੇ ਆਪਣੀ ਵਿਸ਼ਵ ਪ੍ਰਸਿੱਧ ਸ਼ਾਇਰੀ ਦੀ ਪੇਸ਼ਕਾਰੀ ਨਾਲ਼ ਮਜ਼ਦੂਰ ਵਰਗ, ਪੰਜਾਬੀ ਬੋਲੀ ਤੇ ਔਰਤਾਂ ਦੇ ਹੱਕਾਂ ਦੀ ਗੱਲ ਕੀਤੀ। ਉਹਨਾਂ ਕਿਹਾ ਕਿ ਮੌਜੂਦਾ ਹਾਲਾਤਾਂ ਵਿੱਚ ਮੁਲਕਾਂ ਦੀਆਂ ਸਰਹੱਦਾਂ ਨੂੰ ਮਿਟਾਉਣਾ ਮੁਸ਼ਕਲ ਹੈ ਅਜਿਹੇ ਸਮਾਗਮਾਂ ਨਾਲ਼ ਦੋਵੇਂ ਮੁਲਕਾਂ ਦੇ ਲੋਕਾਂ ਦੇ ਦਿਲਾਂ ਦੀ ਸਾਂਝ ਪਾਈ ਜਾ ਸਕਦੀ ਹੈ। ਉਹਨਾਂ ਕਿਹਾ ਕਿ ਉਹ ਮਜ਼ਦੂਰਾਂ ਦੇ ਹੱਕਾਂ ਦੀ ਗੱਲ ਇਸ ਕਰਕੇ ਕਰਦੇ ਹਨ ਕਿਉਂਕਿ ਉਹਨਾਂ ਖੁਦ ਸੜਕਾਂ ਤੇ ਰੋੜੀ ਕੁੱਟੀ ਹੈ।

ਕੈਲਗਰੀ ਦੇ ਨਾਮਵਰ ਲੇਖਕ ਹਰੀਪਾਲ ਨੇ ਬਾਬਾ ਨਜਮੀ ਦੀਆਂ ਲਿਖਤਾਂ ਬਾਰੇ ਪਰਚਾ ਪੜ੍ਹਿਆ। ਪਾਕਿਸਤਾਨੀ ਕੈਨੇਡੀਅਨ ਚਲਚਰਲ ਐਸੋਸੀਏਸ਼ਨ ਅਲਬਰਟਾ ਵਲੋਂ ਅਸਜ਼ਦ ਬੁਖਾਰੀ ਅਤੇ ਜੁਨੈਦ ਬਹਾਦਰ ਖਾਨ ਨੇ ਬਾਬਾ ਨਜਮੀ ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰੋਗਰੈਸਿਵ ਕਲਾ ਮੰਚ ਵਲੋਂ ਕਮਲਪ੍ਰੀਤ ਪੰਧੇਰ ਨੇ ਕੈਨੇਡਾ ਵਿੱਚ ਮਹਿੰਗਾਈ ਦੇ ਦੌਰ ਵਿੱਚ ਆਮ ਵਿਅਕਤੀ ਵਲੋਂ ਪਰਿਵਾਰ ਲਈ ਕੀਤੇ ਜਾ ਰਹੇ ਸੰਘਰਸ਼ ਦੀ ਗੱਲ ਕੀਤੀ ਤੇ ਬੱਚਿਆਂ ਦੀ ਕੋਰੀਓਗਰਾਫੀ ਵੀ ਇਸ ਸੰਘਰਸ਼ ਨੂੰ ਸਮਰਪਿਤ ਕੀਤੀ। ਬੱਚਿਆਂ ਨੇ ਫੈਜ਼ ਅਹਿਮਦ ਫੈਜ਼ ਦੀ ਰਚਨਾ 'ਹਮ ਮਿਹਨਤਕਸ਼ ਇਸ ਦੁਨੀਆਂ ਜਬ ਅਪਨਾ ਹਿੱਸਾ ਮਾਂਗੇਗੇ' ਤੇ ਆਧਾਰਿਤ ਕੋਰੀਓਗਰਾਫੀ ਪੇਸ਼ ਕੀਤੀ। ਇੰਡੀਅਨ ਐਕਸ-ਸਰਵਿਸਮੈਨ ਸੁਸਾਇਟੀ ਦੇ ਪ੍ਰਧਾਨ ਬਲਕਾਰ ਸਿੰਘ ਸੰਧੂ ਅਤੇ ਡਾ. ਅਹਿਮਦ ਖਾਨ ਨੇ ਵੀ ਵਿਚਾਰ ਪ੍ਰਗਟ ਕੀਤੇ। ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਇਸ ਮੌਕੇ ਲਗਾਈ ਪੁਸਤਕ ਪ੍ਰਦਰਸ਼ਨੀ ਵਿੱਚ ਵੀ ਲੋਕਾਂ ਨੇ ਦਿਲਚਸਪੀ ਦਿਖਾਈ। ਮੰਚ ਸੰਚਾਲਨ ਮਾਸਟਰ ਭਜਨ ਨੇ ਕੀਤਾ।

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange Decoration Party Rentals
Customer satisfaction is our pride!
VIDEO: Video film with single, double & multiple camera system (Broadcast Quality)
PHOTOGRAPHY: Digital Photography (Coloured, black and white) digital enhancement
MUSIC: DJ, Lighting, screen Projector live sound etc.
403-835-2762 or 29 DREAM (37326)
Special Packages Available For All Occasions

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI) Self Employed Taxi Business
Corporate Tax Returns (T2) GST/Payrolls/ROE WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

RC REAL CORE REALTY
FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

# ਦੁਨੀਆਂ ਭਰ ਵਿੱਚ ਨੌਜਵਾਨਾਂ ਵਿੱਚ ਵਧ ਰਹੇ ਨਸ਼ਿਆਂ ਤੇ ਹਿੰਸਾ ਦੇ ਰੁਝਾਨਾਂ ਲਈ ਗਾਇਕ, ਲੀਡਰ ਤੇ ਸਰਮਾਏਦਾਰੀ ਨਿਜ਼ਾਮ ਜ਼ਿਮੇਵਾਰ !

## ਕਾਲੀਆਂ ਪੱਟੀਆਂ ਤੇ ਕਾਲੇ ਕੱਪੜੇ ਪਾ ਕੇ ਕੀਤਾ ਰੋਸ ਪ੍ਰਗਟ








ਕੈਲਗਰੀ: ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਹਰ ਮਹੀਨੇ ਕਰਵਾਏ ਜਾਂਦੇ ਸੈਮੀਨਾਰ ਵਿੱਚ ਅੱਜ ਜੁਲਾਈ ਇੱਕ ਨੂੰ ਪੰਜਾਬੀ ਗਾਇਕੀ ਵਿੱਚ ਲੱਚਰ, ਹਿੰਸਕ, ਜੱਟਵਾਦ, ਨਸ਼ੇ, ਔਰਤਾਂ ਵਿਰੁੱਧ ਭੱਦੀ ਸ਼ਬਦਾਵਲੀ ਤੇ ਗੈਂਗਵਾਦ ਆਦਿ ਦੇ ਨਾਲ-ਨਾਲ ਪੰਜਾਬ ਵਿੱਚ ਨਸ਼ਿਆਂ ਨਾਲ ਮਰ ਰਹੇ ਨੌਜਵਾਨਾਂ ਵਰਗੇ ਗੰਭੀਰ ਮੁੱਦਿਆਂ 'ਤੇ ਭਰਵੀਂ ਚਰਚਾ ਹੋਈ। ਇਸ ਮੌਕੇ ਤੇ ਹਾਜ਼ਰੀਨ ਨੇ ਆਪਣੇ ਸਿਰਾਂ ਅਤੇ ਮੋਢਿਆਂ ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਜਿਥੇ ਪੰਜਾਬ ਵਿੱਚ ਅਨੇਕਾਂ ਸਮਾਜਿਕ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਵਲੋਂ ਚਲਾਈ ਜਾ ਰਹੀ ਮੁਹਿੰਮ 'ਚਿੱਟੇ ਵਿਰੁੱਧ, ਕਾਲਾ ਹਫਤਾ' ਦੇ ਸਹਿਯੋਗ ਦਾ ਪ੍ਰਣ ਕੀਤਾ ਗਿਆ, ਉਥੇ ਸਰਕਾਰਾਂ ਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਨਸ਼ਿਆਂ ਦੇ ਚੱਲ ਰਹੇ ਵਪਾਰ ਦੀ ਸਖਤ ਨਿੰਦਾ ਕੀਤੀ ਗਈ। ਬੁਲਾਰਿਆਂ ਵਲੋਂ ਲੋਕ ਵਿਰੋਧੀ ਸਰਕਾਰਾਂ ਦੀ ਭਰਵੀਂ ਆਲੋਚਨਾ ਕੀਤੀ ਗਈ ਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਕੋਸੋ ਹਾਲ ਵਿੱਚ ਹੋਈ ਇਸ ਮੀਟਿੰਗ ਵਿੱਚ ਸ਼ਾਮਲ ਬੁਲਾਰਿਆਂ ਨੇ ਨਸ਼ਿਆਂ ਦੇ ਨਾਲ-ਨਾਲ ਪੰਜਾਬੀ ਗਾਇਕੀ ਵਿੱਚ ਦਿਨੋ-ਦਿਨ ਆ ਰਹੇ ਨਿਘਾਰ ਤੇ ਭਖਵੀਂ ਚਰਚਾ ਹੋਈ। ਬੁਲਾਰਿਆਂ ਨੇ ਪੰਜਾਬੀ ਗਾਇਕੀ ਰਾਹੀਂ ਨਸ਼ਿਆਂ, ਹਿੰਸਾ, ਗੈਂਗਵਾਦ, ਨਸਲਵਾਦ, ਜਾਤ-ਪਾਤ, ਜੱਟਵਾਦ, ਸ਼ਰਾਬ ਕਲਚਰ, ਔਰਤਾਂ ਵਿਰੁੱਧ ਘਟੀਆ ਸ਼ਬਦਾਵਲੀ ਦੀ ਕੀਤੀ ਜਾ ਰਹੀ ਪ੍ਰਮੋਸ਼ਨ ਤੇ ਚਿੰਤਾ ਪ੍ਰਗਟ ਕਰਨ ਦੇ ਨਾਲ-ਨਾਲ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਮੀਟਿੰਗ ਵਿੱਚ ਅਜਿਹੇ ਗਾਇਕਾਂ ਦੇ ਸ਼ੋਆਂ ਦੇ ਪ੍ਰਮੋਟਰਾਂ, ਸਪੌਂਸਰਾਂ, ਮੀਡੀਆ ਤੇ ਟਿਕਟਾਂ ਵੇਚਣ ਵਾਲਿਆਂ ਨੂੰ ਅਪੀਲ ਕੀਤੀ ਗਈ ਕਿ ਉਹ ਪੈਸੇ ਦੇ ਲਾਲਚ ਜਾਂ ਸਸਤੀ ਸ਼ੋਹਰਤ ਲਈ ਇਨ੍ਹਾਂ ਸਮਾਜ ਵਿਰੋਧੀ ਗਾਇਕਾਂ ਨੂੰ ਪ੍ਰਮੋਟ ਨਾ ਕਰਨ, ਜਿਸ ਨਾਲ ਸਾਡੀ ਨੌਜਵਾਨੀ ਨਸ਼ਿਆਂ ਤੇ ਹਿੰਸਾ ਦੇ ਰਾਹ ਪੈ ਰਹੀ ਹੈ। ਇਸ ਮੌਕੇ 'ਤੇ ਹੋਰਨਾਂ ਤੋਂ ਇਲਾਵਾ ਰਮਨਜੀਤ ਸਿਧੂ (ਰੇਡੀਉ ਰੈਡ ਐਫ ਐਮ), ਜਗਦੇਵ ਸਿਧੂ (ਲੇਖਕ), ਹਰਚਰਨ ਪਰਹਾਰ (ਸੰਪਾਦਕ-ਸਿੱਖ ਵਿਰਸਾ), ਕਮਲਪ੍ਰੀਤ ਪੰਧੇਰ (ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ), ਸੁਰਿੰਦਰ ਗੀਤ (ਪ੍ਰਧਾਨ-ਪੰਜਾਬੀ ਸਾਹਿਤ ਸਭਾ), ਬਲਜਿੰਦਰ ਸੰਘਾ (ਪ੍ਰਧਾਨ-ਪੰਜਾਬੀ ਲਿਖਾਰੀ ਸਭਾ), ਅਵੀ ਜਸਵਾਲ (ਕਵਿਤਰੀ), ਹਰੀਪਾਲ (ਲੇਖਕ), ਸੁਖਦੇਵ ਸਿੰਘ, ਮਾਸਟਰ ਬਚਿੱਤਰ ਗਿੱਲ (ਕਵੀਸ਼ਰ), ਜਸਵੰਤ ਸਿੰਘ ਸੇਖੋਂ (ਕਵੀਸ਼ਰ) ਆਦਿ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਪੰਜਾਬ ਤੋਂ ਆਏ ਪੱਤਰਕਾਰ ਰਾਮ ਦਾਸ ਬੰਗੜ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਈ। ਬੁਲਾਰਿਆਂ ਅਨੁਸਾਰ ਦੁਨੀਆਂ ਭਰ ਵਿੱਚ ਨੌਜਵਾਨਾਂ ਵਿੱਚ ਨਸ਼ਿਆਂ ਤੇ ਹਿੰਸਾ ਆਦਿ ਦੇ ਰੁਝਾਨਾਂ ਲਈ ਸਰਮਾਏਦਾਰੀ ਲੁਟੇਰਾ ਨਿਜ਼ਾਮ ਹੀ ਜ਼ਿੰਮੇਵਾਰ ਹੈ, ਜਦੋਂ ਤੱਕ ਅਸੀਂ ਇਸ ਸਿਸਟਮ ਨੂੰ ਨਹੀਂ ਸਮਝਦੇ ਤੇ ਲਾਮਬੰਦ ਨਹੀਂ ਹੁੰਦੇ, ਸਾਡੀਆਂ ਸਮੱਸਿਆਵਾਂ ਹੱਲ ਨਹੀਂ ਹੋ ਸਕਦੀਆਂ।

ਇਸ ਮੀਟਿੰਗ ਵਿੱਚ ਵਿਚਾਰ ਚਰਚਾ ਤੋਂ ਬਾਅਦ ਅਗਲੇ ਦਿਨਾਂ ਵਿੱਚ ਕੈਲਗਰੀ ਵਿੱਚ ਪੰਜਾਬੀ ਗਾਇਕ ਅੰਮ੍ਰਿਤ ਮਾਨ ਦੇ 7 ਜੁਲਾਈ ਨੂੰ ਮੈਗਨੋਲੀਆ ਹਾਲ ਵਿੱਚ ਹੋ ਰਹੇ ਸ਼ੋਅ ਦੇ ਪ੍ਰਬੰਧਕਾਂ (ਪ੍ਰਮੋਟਰਾਂ) ਨੂੰ ਅਪੀਲ ਕੀਤੀ ਗਈ ਕਿ ਉਹ ਮੀਡੀਏ ਰਾਹੀਂ ਪਬਲੀਕਲੀ ਅਨਾਊਂਸ ਕਰਨ ਕਿ ਅੰਮ੍ਰਿਤ ਮਾਨ ਨੂੰ ਕੈਲਗਰੀ ਵਿੱਚ ਲੱਚਰ, ਹਿੰਸਕ, ਨਸ਼ਿਆਂ, ਸ਼ਰਾਬ, ਜੱਟਵਾਦ, ਗੈਂਗਵਾਦ, ਔਰਤਾਂ ਵਿਰੋਧੀ ਗੀਤ ਨਹੀਂ ਗਾਉਣ ਦਿੱਤੇ ਜਾਣਗੇ। ਜੇ ਪ੍ਰਮੋਟਰਾਂ ਤੇ ਸਪੌਂਸਰਾਂ ਵਲੋਂ ਅਗਲੇ ਇੱਕ ਦੋ ਦਿਨਾਂ ਵਿੱਚ ਹਾਂ-ਪੱਖੀ ਹੁੰਗਾਰਾ ਨਾ ਦਿੱਤਾ ਗਿਆ ਤਾਂ ਅੰਮ੍ਰਿਤ ਮਾਨ ਦਾ ਕੈਲਗਰੀ ਵਿੱਚ ਹਰ ਪੱਧਰ 'ਤੇ ਲੋਕਤੰਤਰੀ ਢੰਗਾਂ ਨਾਲ ਵਿਰੋਧ ਕੀਤਾ ਜਾਵੇਗਾ। ਮੀਟਿੰਗ ਦੇ ਮੁੱਖ ਬੁਲਾਰੇ ਮਾਸਟਰ ਭਜਨ ਸਿੰਘ ਵਲੋਂ ਕੈਲਗਰੀ ਦੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਇਸ ਸ਼ੋਅ ਦਾ ਵਿਰੋਧ ਕਰਨ ਲਈ ਤਿਆਰ ਰਹਿਣ ਦੀ ਅਪੀਲ ਕੀਤੀ। ਮੀਟਿੰਗ ਵਲੋਂ ਸਾਰੇ ਪੰਜਾਬੀਆਂ ਨੂੰ ਪੰਜਾਬ ਵਿੱਚ 1 ਜੁਲਾਈ ਤੋਂ 7 ਜੁਲਾਈ ਤੱਕ 'ਚਿੱਟੇ ਖਿਲਾਫ, ਕਾਲਾ ਹਫਤਾ' ਮੁਹਿੰਮ ਦਾ ਸਾਥ ਦੇਣ ਲਈ ਸਾਰਾ ਹਫਤਾ ਕਾਲੇ ਕੱਪੜੇ ਪਾਉਣ ਜਾਂ ਕਾਲੀਆਂ ਪੱਗਾਂ ਜਾਂ ਚੁੰਨੀਆਂ ਲੈਣ, ਜਾਂ ਕਾਲੀਆਂ ਪੱਟੀਆਂ ਸਿਰਾਂ ਜਾਂ ਬਾਂਹ ਤੇ ਬੰਨਣ ਦੀ ਅਪੀਲ ਵੀ ਕੀਤੀ ਗਈ ਤਾਂ ਕਿ ਅਸੀਂ ਆਪਣੇ ਹਮ ਵਤਨੀ ਪੰਜਾਬੀਆਂ ਨਾਲ ਸਹਿਯੋਗ ਕਰ ਸਕੀਏ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ (ਪੀ.ਸੀ.ਏ.) ਦੀ ਅਗਸਤ ਮਹੀਨੇ ਦੀ ਮੀਟਿੰਗ 5 ਅਗਸਤ ਨੂੰ 2 ਤੋਂ 5 ਵਜੇ ਤੱਕ ਕੋਸੋ ਹਾਲ ਵਿਖੇ ਹੋਵੇਗੀ। ਹੋਰ ਜਾਣਕਾਰੀ ਲਈ ਮਾਸਟਰ ਭਜਨ ਨੂੰ ਫੋਨ ਨੰ. 403-455-4220 'ਤੇ ਸੰਪਰਕ ਕਰ ਸਕਦੇ ਹੋ।

# ਜਥੇਬੰਦਕ ਧਾਰਮਿਕ ਫਿਰਕਿਆਂ ਦਾ ਪੂਜਾ-ਪਾਠ ਤੇ ਸਾਡਾ ਕਿਰਦਾਰ !


ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com



ਮੈਂ ਬਚਪਨ ਤੋਂ ਸਿੱਖ ਪਰਿਵਾਰਾਂ ਵਿੱਚ ਅਕਸਰ ਇਹ ਦੇਖਦਾ ਸੀ ਕਿ ਸਿੱਖੀ ਜਾਂ ਖਾਲਸੇ ਦੇ ਪਹਿਰਾਵੇ ਵਾਲੇ, ਪੂਰਨ ਗੁਰਸਿੱਖ ਦਿਖਣ ਵਾਲੇ, ਪੰਜ ਕਕਾਰਾਂ ਦੇ ਧਾਰਨੀ ਵਿਅਕਤੀਆਂ ਤੋਂ ਆਮ ਲੋਕ ਇਹ ਆਸ ਰੱਖਦੇ ਹਨ ਕਿ ਉਹ ਬਾਹਰੋਂ ਪੂਰਨ ਗੁਰਸਿੱਖ ਦਿਸਣ ਦੇ ਨਾਲ-ਨਾਲ ਅੰਦਰੋਂ ਆਪਣੇ ਵਿਵਹਾਰ ਤੇ ਕਿਰਦਾਰ ਪੱਖੋਂ ਵੀ ਪੂਰੇ ਉਤਰਨ, ਪਰ ਆਮ ਤੌਰ 'ਤੇ ਅਜਿਹਾ ਨਹੀਂ ਹੁੰਦਾ, ਉਹ ਵੀ ਆਮ ਲੋਕਾਂ ਵਰਗੇ ਹੀ ਵਿਅਕਤੀ ਹੁੰਦੇ ਹਨ, ਉਨ੍ਹਾਂ ਵਿੱਚ ਵੀ ਕਾਮ, ਕਰੋਧ, ਲੋਭ, ਮੋਹ, ਹੰਕਾਰ ਰੂਪੀ ਸਾਰੇ ਵਿਕਾਰ ਆਮ ਲੋਕਾਂ ਵਾਂਗ ਹੀ ਹੁੰਦੇ ਹਨ। ਪਰ ਖਾਲਸੇ ਜਾਂ ਸਿੱਖੀ ਦੇ ਪਹਿਰਾਵੇ ਨੂੰ ਦੇਖ ਕੇ ਲੋਕ ਉਨ੍ਹਾਂ ਤੋਂ ਆਸ ਵੱਡੀ ਰੱਖਦੇ ਹਨ, ਜਦਕਿ ਅਸਲੀਅਤ ਇਹੀ ਹੈ ਕਿ ਬਾਹਰੋਂ ਦਿੱਖ, ਪਹਿਰਾਵਾ ਜਾਂ ਪਾਠ-ਪੂਜਾ ਕਰਨ ਨਾਲ ਕੁਝ ਵੀ ਬਦਲਦਾ ਨਹੀਂ, ਜਦੋਂ ਤੱਕ ਬੰਦਾ ਆਪ ਆਪਣੇ ਆਪਨੂੰ ਬਦਲਣ ਦੀ ਕੋਸ਼ਿਸ਼ ਨਹੀਂ ਕਰਦਾ। ਫਿਰ ਲੋਕ ਉਦਾਹਰਣਾਂ ਵੀ ਦਿੰਦੇ ਹਨ ਕਿ ਅਜਿਹੇ ਪਹਿਰਾਵੇ ਵਾਲਿਆਂ ਨਾਲ਼ੋਂ ਤਾਂ ਮੋਨੇ ਜਾਂ ਆਮ ਲੋਕ ਚੰਗੇ ਹਨ, ਅਜਿਹਾ ਬਹੁਤ ਵਾਰ ਹੁੰਦਾ ਵੀ ਹੈ ਕਿ ਕਈ ਆਮ ਲੋਕ ਬਾਹਰੋਂ ਧਰਮੀ ਨਾ ਹੋਣ ਦੇ ਬਾਵਜੂਦ ਵੀ ਆਪਣਾ ਜੀਵਨ ਸਾਦਗੀ, ਇਮਾਨਦਾਰੀ ਤੇ ਹੋਰ ਵਿਕਾਰਾਂ ਤੋਂ ਉਪਰ ਉਠ ਕੇ ਜਿਉਂਦੇ ਹਨ।

ਪਰ ਜਦੋਂ ਅਸੀਂ ਜਥੇਬੰਦਕ ਧਰਮਾਂ ਦਾ ਧਾਰਮਿਕ ਢਾਂਚਾ ਦੇਖਦੇ ਹਾਂ ਤਾਂ ਉੱਥੇ ਸਿਰਫ ਉਨ੍ਹਾਂ ਵਿਅਕਤੀਆਂ ਨੂੰ ਹੀ ਅਹਿਮੀਅਤ ਦਿੱਤੀ ਜਾਂਦੀ ਹੈ, ਜਿਨ੍ਹਾਂ ਕੋਲ ਬਾਹਰੋਂ ਧਰਮ ਦਾ ਪਹਿਰਾਵਾ ਜਾਂ ਦਿਖਾਵਾ ਹੁੰਦਾ ਹੈ। ਅੰਦਰੋਂ ਉਨ੍ਹਾਂ ਦਾ ਵਿਵਹਾਰ ਜਾਂ ਕਿਰਦਾਰ ਕਿਹੋ ਜਿਹਾ ਹੈ, ਇਹ ਗੱਲ ਦੂਜੇ, ਤੀਜੇ ਜਾਂ ਅਖੀਰਲੇ ਨੰਬਰ ਤੇ ਹੁੰਦੀ ਹੈ। ਜਿਸ ਨਾਲ ਅਕਸਰ ਧਾਰਮਿਕ ਸੰਸਥਾਵਾਂ, ਜਥੇਬੰਦੀਆਂ ਜਾਂ ਗੁਰਦੁਆਰਿਆਂ ਆਦਿ ਵਿੱਚ ਉਹ ਲੋਕ ਲੀਡਰਸ਼ਿਪ ਰੋਲ ਵਿੱਚ ਆ ਜਾਂਦੇ ਹਨ, ਜਿਹੜੇ ਉਸ ਪੁਜ਼ੀਸ਼ਨ ਦੇ ਵਿਅਕਤੀਗਤ ਪੱਖੋਂ ਵਿਵਹਾਰ ਤੇ ਕਿਰਦਾਰ ਦੇ ਹਾਣ ਦੇ ਨਹੀਂ ਹੁੰਦੇ। ਧਾਰਮਿਕ ਸੰਸਥਾਵਾਂ ਵਿੱਚ ਤੇ ਖਾਸਕਰ ਸਿੱਖਾਂ ਵਿੱਚ ਵਿਵਹਾਰ, ਕਿਰਦਾਰ ਜਾਂ ਲਿਆਕਤ ਨਾਲ ਤਾਂ ਅਕਸਰ ਸਮਝੌਤਾ ਕਰ ਲਿਆ ਜਾਂਦਾ ਹੈ, ਪਰ ਬਾਹਰੀ ਦਿੱਖ ਜਾਂ ਪਹਿਰਾਵੇ ਨਾਲ ਸਮਝੌਤਾ ਨਹੀਂ ਕੀਤਾ ਜਾਂਦਾ, ਜਿਸ ਨਾਲ ਅਕਸਰ ਧਾਰਮਿਕ ਅਦਾਰੇ ਸਮਾਜ ਵਿੱਚ ਖੜੋਤ ਵਾਲਾ (Status Quo) ਜਾਂ ਪਿਛਾਂਹਖਿਚੂ ਰੋਲ ਅਦਾ ਕਰਦੇ ਹਨ।

ਪਿਛਲੇ ਕੁਝ ਸਾਲਾਂ ਤੋਂ ਦੂਜੇ ਜਥੇਬੰਦਕ ਧਰਮਾਂ ਦੀ ਸਟੱਡੀ ਕਰਨ ਤੋਂ ਬਾਅਦ ਮੈਂ ਇਹੀ ਜਾਣਿਆ ਹੈ ਕਿ ਬੇਸ਼ੱਕ ਸਾਰੇ ਧਾਰਮਿਕ ਫਿਰਕੇ ਦਾਅਵਾ ਤਾਂ ਇਹੀ ਕਰਦੇ ਹਨ ਤੇ ਪ੍ਰਚਾਰ ਵੀ ਕਰਦੇ ਹਨ ਕਿ ਧਰਮ ਦਾ ਮਨੁੱਖ ਦੇ ਜੀਵਨੰ ਵੱਚ ਰੋਲ, ਉਸਨੂੰ ਵਿਵਹਾਰ ਤੇ ਕਿਰਦਾਰ ਪੱਖੋਂ ਇੱਕ ਵਧੀਆ ਇਨਸਾਨ ਬਣਾਉਣਾ ਹੈ, ਪਰ ਵਿਹਾਰਕ ਪੱਖ ਤੋਂ ਇਸਦੇ ਉਲਟ ਕੰਮ ਚੱਲਦਾ ਹੈ। ਵਿਹਾਰ ਤੇ ਕਿਰਦਾਰ ਵਾਲਾ ਪੱਖ ਹਰ ਧਰਮ ਵਿੱਚ ਕਾਫ਼ੀ ਬਾਅਦ ਵਿੱਚ ਆਉਂਦਾ ਹੈ। ਸਭ ਤੋਂ ਪਹਿਲਾਂ ਤੁਸੀਂ ਬਾਹਰੋਂ ਧਰਮੀ ਦਿਖਣੇ ਚਾਹੀਦੇ ਹੋ, ਫਿਰ ਪੂਜਾ-ਪਾਠ ਦਾ ਸਥਾਨ ਹੈ, ਧਾਰਮਿਕ ਮਰਿਯਾਦਾਵਾਂ ਤੇ ਕਰਮਕਾਂਡਾਂ ਨੂੰ ਬਿਨਾਂ ਕਿਸੇ ਤਰਕ ਦੇ ਮੰਨਣਾ ਤੇ ਪੂਰੇ ਅੰਧਵਿਸ਼ਵਾਸ਼ ਨਾਲ ਨਿਭਾਉਣਾ, ਧਰਮ ਵਿੱਚ ਕਿਸੇ ਵੀ ਰੀਤ-ਰਸਮ ਨੂੰ ਆਪਣੇ ਦਿਮਾਗ ਜਾਂ ਤਰਕ ਨਾਲ ਜਾਨਣ ਦੀ ਮਨਾਹੀ ਹੁੰਦੀ ਹੈ ਤੇ ਅੱਖਾਂ ਮੀਟ ਕੇ ਮੰਨਣ ਵਾਲਾ ਹੀ ਸੱਚਾ ਧਰਮੀ ਹੁੰਦਾ ਹੈ। ਵਿਅਕਤੀ ਦੀ ਨਿੱਜੀ ਸ਼ਖ਼ਸੀਅਤ, ਉਸਦੀ ਲਿਆਕਤ, ਦੁਨਿਆਵੀ ਪੜ੍ਹਾਈ-ਲਿਖਾਈ, ਨਿੱਜੀ ਵਿਵਹਾਰ, ਨਿੱਜੀ ਕਿਰਦਾਰ, ਚਾਲ-ਚੱਲਣ ਆਦਿ ਸਭ ਦਾ ਨੰਬਰ ਧਰਮਾਂ ਵਿੱਚ ਕਾਫ਼ੀ ਬਾਅਦ ਵਿੱਚ ਆਉਂਦਾ ਹੈ। ਇਸੇ ਕਰਕੇ ਜਥੇਬੰਦਕ ਧਰਮ ਆਪਣੇ ਪਿਛਲੇ ਤਿੰਨ ਹਜ਼ਾਰ ਸਾਲਾਂ ਦੇ ਇਤਿਹਾਸ ਵਿੱਚ ਚੰਗਾ ਸਮਾਜ ਸਿਰਜਣ ਜਾਂ ਚੰਗੇ ਮਨੁੱਖ ਪੈਦਾ ਕਰਨ ਵਿੱਚ ਅਸਫਲ ਰਹੇ ਹਨ। ਜਥੇਬੰਧਕ ਧਰਮਾਂ ਵਿੱਚੋਂ ਜਦੋਂ ਕਿਸੇ ਨੂੰ ਛੇਕਿਆ ਜਾਂ ਕੱਢਿਆ ਜਾਂਦਾ ਹੈ, ਉਸਦਾ ਆਧਾਰ ਅਕਸਰ ਉਸ ਵਿਅਕਤੀ ਵੱਲੋਂ ਧਰਮ ਦੀਆਂ ਮਰਿਯਾਦਾਵਾਂ, ਪ੍ਰੰਪਰਾਵਾਂ, ਰੀਤੀ ਰਿਵਾਜਾਂ ਜਾਂ ਗ੍ਰੰਥਾਂ ਦੇ ਬਚਨਾਂ ਦੀ ਉਲੰਘਣਾ, ਉਨ੍ਹਾਂ ਦਾਂ ਵਰੋਧ ਆਦਿ ਹੁੰਦਾ ਹੈ, ਅਜਿਹਾ ਕਦੇ ਦੇਖਣ ਨੂੰ ਨਹੀਂ ਮਿਲਦਾ ਕਿ ਕਿਸੇ ਵਿਅਕਤੀ ਨੂੰ ਧਰਮ ਵਿਚੋਂ ਇਸ ਕਰਕੇ ਛੇਕਿਆ ਗਿਆ ਹੋਵੇ ਜਾਂ ਸਮਾਜਿਕ ਬਾਈਕਾਟ ਹੋਵੇ ਕਿ ਇਹ ਵਿਅਕਤੀ ਚੋਰ, ਕਾਤਲ, ਲੁਟੇਰਾ, ਠੱਗ, ਬਦਮਾਸ਼, ਬਦਚਲਣ, ਬਲਾਤਕਾਰੀਆ, ਗਦਾਰ ਆਦਿ ਹੋਵੇ। ਜਥੇਬੰਦਕ ਧਰਮਾਂ ਦੇ ਪੁਜਾਰੀਆਂ ਜਾਂ ਲੀਡਰਾਂ ਨੇ ਹਮੇਸ਼ਾਂ ਅੰਧ-ਵਿਸ਼ਵਾਸ਼ ਤੇ ਹਨ੍ਹੇਰਾ ਫੈਲਾਉਣ ਦੇ ਨਾਲ-ਨਾਲ ਲੋਟੂ ਸਰਮਾਏਦਾਰਾਂ ਤੇ ਲੁਟੇਰਾ ਹਾਕਮ ਜਮਾਤਾਂ ਦਾ ਹੀ ਸਾਥ ਦਿੱਤਾ ਹੈ ਤੇ ਧਾਰਮਿਕ ਫਿਰਕਿਆਂ ਨੇ ਮਨੁੱਖਤਾ ਵਿਰੋਧੀ ਰੋਲ ਅਦਾ ਕੀਤਾ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਧਾਰਮਿਕ ਫਿਰਕਿਆਂ ਵਿੱਚੋਂ ਕੁਝ ਇਨਕਲਾਬੀ ਧਰਮੀ ਪੁਰਸ਼ਾਂ ਨੇ ਮਨੁੱਖਤਾ ਦੇ ਹੱਕ ਵਿੱਚ ਲੜਾਈਆਂ ਲੜੀਆਂ, ਕੁਰਬਾਨੀਆਂ ਕੀਤੀਆਂ, ਸ਼ਹੀਦੀਆਂ ਪਾਈਆਂ, ਪਰ ਉਨ੍ਹਾਂ ਦੀ ਗਿਣਤੀ ਨਾ ਮਾਤਰ ਹੀ ਹੈ, ਉਨ੍ਹਾਂ ਨੂੰ ਜਾਂ ਉਨ੍ਹਾਂ ਦੀਆਂ ਲਹਿਰਾਂ ਨੂੰ ਵੀ ਪੁਜਾਰੀ ਜਮਾਤਾਂ ਲੋਕ ਵਿਰੋਧੀ ਹਾਕਮਾਂ ਨਾਲ ਰਲ ਕੇ ਖਤਮ ਕਰਦੀਆਂ ਰਹੀਆਂ ਹਨ। ਜਥੇਬੰਦਕ ਧਰਮਾਂ ਦਾ ਪਿਛਲੇ ਤਿੰਨ ਹਜ਼ਾਰ ਸਾਲਾਂ ਦਾ ਇਤਿਹਾਸ ਗਵਾਹ ਹੈ ਕਿ ਮਨੁੱਖ ਦੇ ਜਨਮ ਤੋਂ ਮਰਨ ਤੱਕ ਨਿੱਜੀ ਜੀਵਨ ਦੇ ਹਰ ਪੱਖ ਤੋਂ ਲੈ ਕੇ ਸਮਾਜਿਕ, ਆਰਥਿਕ, ਰਾਜਨੀਤਕ ਪੱਖ ਤੇ ਧਰਮ ਦਾ ਡੂੰਘਾ ਤੇ ਜਥੇਬੰਦਕ ਪ੍ਰਭਾਵ ਰਿਹਾ ਹੈ, ਧਾਰਮਿਕ ਫਿਰਕਿਆਂ ਨੇ ਮਨੁੱਖ ਨੂੰ ਮਾਨਸਿਕ ਰੂਪ ਵਿੱਚ ਗੁਲਾਮ ਬਣਾਉਣ ਵਿੱਚ ਕਦੇ ਕੋਈ ਕਸਰ ਨਹੀਂ ਛੱਡੀ, ਪਰ ਇਸ ਸਭ ਦੇ ਬਾਵਜੂਦ ਵੀ ਮਨੁੱਖ ਦਾ ਮਾਨਸਿਕ ਪੱਧਰ 'ਤੇ ਹੇਠਾਂ ਹੀ ਡਿਗਿਆ ਹੈ। ਸਾਇੰਸ ਦੀ ਤਰੱਕੀ ਨੇ ਬਾਹਰੀ ਸਹੂਲਤਾਂ ਤੇ ਮਨੋਰੰਜਨ ਦੇ ਸਾਧਨ ਤਾਂ ਜ਼ਰੂਰ ਪੈਦਾ ਕੀਤੇ ਹਨ, ਪਰ ਮਾਨਸਿਕ ਤੌਰ ਮਨੁੱਖ ਕਮਜ਼ੋਰ ਹੀ ਨਹੀਂ ਹੋਇਆ, ਸਗੋਂ ਪਾਗਲਪਨ ਵੱਲ ਨੂੰ ਵੱਧ ਰਿਹਾ ਹੈ। ਅੱਜ ਅੱਧੀ ਤੋਂ ਵੱਧ ਦੁਨੀਆਂ ਮਾਨਸਿਕ ਰੋਗਾਂ ਦੀਂ ਸ਼ਕਾਰ ਹੈ ਕਿਉਂਕਿ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੇ ਵੱਸ ਪੈ ਕੇ ਧਰਮ ਆਪਣੀ ਮੌਲਿਕਤਾ ਗੁਆ ਚੁੱਕਾ ਹੈ? ਜਦੋਂ ਤੱਕ ਧਰਮ ਦਾ ਜਥੇਬੰਦਕ ਰੂਪ ਖਤਮ ਕਰਕੇ ਧਰਮ ਨੂੰ ਜਮਾਤੀ ਦੀ ਥਾਂ ਜਾਤੀ ਨਹੀਂ ਬਣਾਇਆ ਜਾਂਦਾ, ਮੇਰਾ ਮੰਨਣਾ ਹੈ ਕਿ ਮਨੁੱਖਤਾ ਤਬਾਹੀ ਵੱਲ ਹੀ ਜਾਵੇਗੀ। ਧਰਮ ਨੂੰ ਜਮਾਤ ਦੀ ਲੋੜ ਨਹੀਂ ਹੁੰਦੀ, ਸਗੋਂ ਮਨੁੱਖ ਜਾਂ ਸਮਾਜ ਨੂੰ ਆਪਣੇ ਸਾਂਝੇ ਸਮਾਜਿਕ, ਆਰਥਿਕ ਤੇ ਰਾਜਨੀਤਕ ਮਸਲਿਆਂ ਲਈ ਜਥੇਬੰਦੀ ਦੀ ਲੋੜ ਹੈ।

ਅੱਜ ਮਨੁੱਖਤਾ ਨੂੰ ਤਬਾਹੀ ਤੋਂ ਬਚਾਉਣ ਲਈ ਜਿਥੇ ਮਨੁੱਖ ਨੂੰ ਅਸਲੀ ਧਰਮ ਨਾਲ ਜੁੜਨ ਦੀ ਲੋੜ ਹੈ, ਉੱਥੇ ਧਾਰਮਿਕ ਫਿਰਕਿਆਂ ਨੂੰ ਸਿਆਸਤ ਤੇ ਸਰਮਾਏਦਾਰੀ ਦੀ ਚੁੰਗਲ ਵਿੱਚੋਂ ਕੱਢਣ ਦੀ ਲੋੜ ਹੈ। ਇਹ ਕੰਮ ਇਤਨਾ ਆਸਾਨ ਨਹੀਂ, ਪਰ ਜੇ ਅਸੀਂ ਸਾਰੇ ਆਪਣੇ ਅੰਦਰ ਝਾਤੀ ਮਾਰੀਏ ਤੇ ਦੇਖੀਏ ਕਿ ਸਾਡੇ ਜੀਵਨ ਨੂੰ ਉੱਚਾ ਚੁੱਕਣ, ਕਾਮ, ਕਰੋਧ, ਲੋਭ, ਮੋਹ, ਹੰਕਾਰ, ਈਰਖਾ, ਦਵੈਸ਼, ਨ਼ਫ਼ਰਤ ਆਦਿ ਦੀ ਥਾਂ ਸੱਚਾ-ਸੁੱਚਾ, ਸ਼ਾਂਤੀ, ਸਬਰ-ਸੰਤੋਖ ਵਾਲਾ ਜੀਵਨ ਜੀਣ ਵਿੱਚ ਧਰਮ ਨੇ ਕੀ ਰੋਲ ਅਦਾ ਕੀਤਾ ਹੈ? ਜੇ ਸਾਰੀ ਉਮਰ ਧਰਮ ਨਿਭਾਉਣ ਤੋਂ ਬਾਅਦ ਵੀ ਜੀਵਨ ਵਿੱਚ ਦੋ ਪਲ ਸ਼ਾਂਤੀ ਤੇ ਵਿਕਾਰਾਂ ਤੋਂ ਮੁਕਤ ਹੋ ਕੇ ਨਹੀਂ ਜੀਅ ਸਕੇ ਤਾਂ ਕੀ ਫਿਰ ਧਰਮ ਦੀ ਸਾਡੇ ਜੀਵਨ ਵਿੱਚ ਲੋੜ ਹੈ? ਸਾਨੂੰ ਆਪਣੇ ਆਪ ਨੂੰ ਇਹ ਸਵਾਲ ਪੁੱਛਣ ਦੀ ਲੋੜ ਹੈ? ਬੇਸ਼ੱਕ ਪੁਜਾਰੀਆਂ ਨੇ ਸਾਡੀ ਬਚਪਨ ਤੋਂ ਸਾਡੀ ਅਜਿਹੀ ਕੰਡੀਸ਼ਨਿੰਗ ਤੇ ਬਰੇਨ ਵਾਸ਼ਿੰਗ ਕੀਤੀ ਹੋਈ ਹੈ ਕਿ ਅਸੀਂ ਜੀਵਨ ਦੇ ਹਰ ਖੇਤਰ ਵਿੱਚ ਦਿਮਾਗ ਵਰਤ ਕੇ, ਆਪਣਾ ਭਲਾ ਬੁਰਾ ਸੋਚ ਕੇ ਚੱਲਦੇ ਹਾਂ, ਪਰ ਧਰਮ ਤੇ ਸਮਾਜਿਕ ਰੀਤਾਂ-ਰਸਮਾਂ ਦੇ ਮਾਮਲੇ ਵਿੱਚ ਅਕਸਰ ਦਿਮਾਗ ਬੰਦ ਕਰ ਲੈਂਦੇ ਹਾਂ? ਸਾਨੂੰ ਖੁੱਲ੍ਹੇ ਦਿਮਾਗ ਨਾਲ ਸੋਚਣ ਤੇ ਵਿਚਾਰਨ ਦੀ ਲੋੜ ਹੈ? ਆਪਣੇ ਆਪ ਨੂੰ ਸਵਾਲ ਕਰਨ ਦੀ ਲੋੜ ਹੈ? ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਮਨੁੱਖਤਾ ਦੀ ਤਬਾਹੀ ਵਿੱਚ ਆਪਣਾ ਯੋਗਦਾਨ ਹੀ ਪਾ ਰਹੇ ਹੋਵਾਂਗੇ।

ਪ੍ਰੋ. ਕੁਲਦੀਪ

# ਕੀ ਸੁੱਚਾ ''ਸੂਰਮਾ'' ਸੱਚੀਓਂ ਸੂਰਮਾ ਸੀ?

## ਸੁੱਚੇ ਸੂਰਮੇ ਦੀ ਸੂਰਮਗਤੀ 'ਤੇ ਮੁੜ ਵਿਚਾਰ

ਸੁੱਚੇ ਸੂਰਮੇ ਦੀ ਪੰਜਾਬ ਦੇ ਮਾਲਵਾ ਖਿੱਤੇ (ਸਮਾਂ ਲਗਪਗ 19ਵੀਂ ਸਦੀ ਦਾ ਪਿਛਲਾ ਅੱਧ ਤੇ ਵੀਹਵੀਂ ਸਦੀ ਦਾ ਪਹਿਲਾ ਅੱਧ) ਨਾਲ਼ ਸਬੰਧਿਤ ਇੱਕ ਦੰਤ ਕਥਾ ਚੱਲਦੀ ਆ ਰਹੀ ਹੈ । ਪਰ ਮੁੱਖ ਤੌਰ 'ਤੇ ਪੰਜਾਬੀ ਸਾਹਿਤ ਤੇ ਕਲਾ - ਖ਼ਾਸ ਤੌਰ 'ਤੇ ਗੀਤਾਂ - ਵਿੱਚ ਵੀਂਹਵੀ ਸਦੀ ਦੇ ਪਹਿਲੇ ਅੱਧ ਤੋਂ ਉਸਦੀ ਚਰਚਾ ਇੱਕ ਅਜਿਹੇ ਅਣਖੀ-ਸੂਰਮੇ ਵਜੋਂ ਹੁੰਦੀ ਆ ਰਹੀ ਹੈ ਜਿਸਨੇ ਆਪਣੀ ਭਰਜਾਈ ਨੂੰ ਅਨੈਤਿਕ ਸਬੰਧਾਂ ਕਰਕੇ ਉਸਦੇ ਪ੍ਰੇਮੀ ਘੁੱਕਰ ਸਮੇਤ ਮਾਰ ਦਿੱਤਾ ਸੀ। ਭਾਵੇਂ ਕਿ ਇਸਦੇ ਨਾਲ਼ ਇੱਕ ਇਹ ਕਥਾ ਵੀ ਚੱਲਦੀ ਹੈ ਕਿ ਘੁੱਕਰ ਨੇ ਸੁੱਚੇ ਦੀ ਭਾਬੀ ਬਲਵੀਰੋ ਨਾਲ਼ ਜਬਰਦਸਤੀ ਕੀਤੀ ਸੀ ਪਰ ਪਹਿਲੀ ਕਥਾ ਹੀ ਜ਼ਿਆਦਾਤਰ ਗੀਤਾਂ ਦਾ ਵਿਸ਼ਾ ਬਣੀ ਹੋਈ ਹੈ ਕਿਉਂਕਿ ਇਸ 'ਚ ਔਰਤ ਦੇ ਕਿਰਦਾਰ 'ਤੇ ਚਿੱਕੜ ਉਛਾਲੀ ਕਰਕੇ ਮਰ ਰਹੀ ਜਗੀਰੂ-ਅੰਹਿ ਨੂੰ ਖ਼ੁਰਾਕ ਦੇਣੀ ਜ਼ਿਆਦਾ ਸੰਭਵ ਹੈ। ਇਸ ਤੋਂ ਬਾਅਦ ਸੁੱਚਾ ਘੁੱਕਰ ਤੇ ਬਲਵੀਰੋ ਦਾ ਕਤਲ ਕਰਦਾ ਹੈ ਤੇ ਡਾਕੂ ਬਣ ਜਾਂਦਾ ਹੈ ਤੇ ਅਖ਼ੀਰ ਫਾਹੇ ਲਾ ਦਿੱਤਾ ਜਾਂਦਾ ਹੈ। ਇਸ ਮੱਧਯੁਗੀ ਗਲੀ-ਸੜੀ ਅਣਖੀ ਨੈਤਿਕਤਾ ਦਾ ਗੁਣਗਾਣ ਪੰਜਾਬੀ ਗਾਇਕੀ ਵਿੱਚ ਬਾਬੂ ਰਜ਼ਬ ਅਲੀ ਤੋਂ ਲੈ ਕੇ ਹੋ ਰਿਹਾ ਹੈ। ਸਗੋਂ ਅੱਜ ਇੱਕ ਵਾਰ ਫਿਰ ਸੁੱਚੇ ਸੂਰਮੇ ਦੀ ਸੂਰਮਗਤੀ ਦਾ ਗੁਣਗਾਣ ਕਰਨ ਵਿੱਚ ਕੁਲਵਿੰਦਰ ਬਿੱਲਾ, ਜੇਜ਼ੀ ਬੀ ਆਦਿ ਵਰਗੇ ਕਲਾਕਾਰ ਤਾਂ ਸ਼ਾਮਲ ਹਨ ਹੀ, ਸਗੋਂ ਸੂਫ਼ੀ 'ਗਾਇਕ ਸਤਿੰਦਰ ਸਰਤਾਜ' ਵੀ 'ਸੂਫ਼ੀਆਨਾ ਖੁਮਾਰੀ'ਕੁਝ ਸਮੇਂ ਲਈ ਭੁਲਾ ਕੇ ਸੁੱਚੇ ਸੂਰਮੇ ਦੀ ਸੂਰਮਗਤੀ ਦੀ ਤੂਤਕੀ ਵਜਾਉਣ 'ਚ ਮਸਤ ਹੋ ਜਾਂਦਾ ਹੈ। ਹਾਲ ਹੀ ਵਿੱਚ 'ਸ਼ਿਵ ਦੀ ਕਿਤਾਬ ਵਰਗੀ' ਗੀਤ ਰਾਹੀਂ ਚਰਚਾ 'ਚ ਆਏ ਗਾਇਕ ਗੁਰਵਿੰਦਰ ਬਰਾੜ (ਇਸਦੇ ਇਸ ਗੀਤ ਨੂੰ ਬਹੁਤ ਸਾਰੇ ਅਖੌਤੀ ਅਗਾਂਹ-ਵਧੂ ਬੁੱਧੀਜੀਵੀਆਂ ਨੇ ਬਹੁਤ ਸਲਾਹਿਆ ਸੀ) ਵੀ ਫਿਰ ਸੁੱਚੇ ਦੀ ਸੂਰਮਗਤੀ ਗਾਉਣ ਦੀ ਚੂਹਾ ਦੌੜ 'ਚੋਂ ਕਿਵੇਂ ਪਿੱਛੇ ਰਹਿ ਸਕਦਾ ਸੀ। ਭਾਵੇਂ ਕਿ ਇਸ ਨਾਲ਼ ਗੁਰਵਿੰਦਰ ਬਰਾੜ ਦੇ ਪ੍ਰਸ਼ੰਸਕਾਂ ਨੂੰ ਸ਼ਾਇਦ ਕੁਝ ਝਟਕਾ ਲੱਗਾ ਜਿਹਨਾਂ ਨੂੰ ਗੁਰਵਿੰਦਰ ਬਰਾੜ 'ਚ 'ਪਾਸ਼' ਦੇ ਦਰਸ਼ਨ ਹੋ ਰਹੇ ਸਨ। ਇਸ ਤੋਂ ਬਿਨਾਂ ਅਸ਼ਵੀਰ, ਕੁਲਦੀਪ ਮੰਨੂ, ਜੰਟੀ ਹੀਰਾ, ਦੀਪ ਧਾਲੀਵਾਲ ਆਦਿ ਲੰਡੀ-ਬੁੱਚੀ ਗਾਇਕਾਂ ਨੇ ਸੁੱਚੇ ਦੀ ਸੂਰਮਗਤੀ ਬਾਰੇ ਗਾਇਆ ਹੈ। ਇਹਨਾਂ ਵਿੱਚੋਂ ਜ਼ਿਆਦਾਤਰ ਗੀਤ 2014-15 ਦੌਰਾਨ ਆਏ ਹਨ।

ਅਜਿਹਾ ਕਿਉਂ ਹੋ ਰਿਹਾ ਹੈ? ਅਸੀਂ 'ਲਲਕਾਰ' ਦੇ ਬਹੁਤ ਸਾਰੇ ਲੇਖਾਂ ਵਿੱਚ ਭਾਰਤੀ ਸਰਮਾਏਦਾਰਾ ਵਿਕਾਸ ਬਾਰੇ ਲਿਖ ਚੁੱਕੇ ਹਾਂ ਕਿ ਇੱਥੇ ਜਗੀਰਦਾਰੀ ਤੋਂ ਸਰਮਾਏਦਾਰਾ ਵਿਕਾਸ ਜਗੀਰਦਾਰੀ ਨੂੰ ਇਨਕਲਾਬੀ ਢੰਗ ਨਾਲ਼ ਤਬਾਹ ਨਾ ਕਰਕੇ ਉਸਦੇ ਨਾਲ਼ ਗੰਢ-ਤੁੱਪ ਕਰਕੇ ਹੋਇਆ ਹੈ ਜਿਸ ਕਰਕੇ ਅੱਜ ਜਗੀਰੂ ਮਾਨਸਿਕਤਾ ਜਿਵੇਂ ਪਿੱਤਰਸੱਤਾ, ਔਰਤ ਵਿਰੋਧੀ ਮਾਨਸਿਕਤਾ, ਅੰਧ-ਵਿਸ਼ਵਾਸ ਆਦਿ ਵੱਡੇ ਪੱਧਰ 'ਤੇ ਸਾਡੇ ਸਮਾਜ ਵਿੱਚ ਪਈ ਹੈ। ਹੁਣ ਜਿਵੇਂ-ਜਿਵੇਂ ਸਰਮਾਏਦਾਰਾ ਵਿਕਾਸ ਹੋ ਰਿਹਾ ਹੈ ਤਾਂ ਆਪਣੇ ਆਮ ਨਿਯਮ ਕਰਕੇ ਸਰਮਾਏਦਾਰਾ ਮੁਕਾਬਲਾ ਵੱਡੇ ਪੱਧਰ 'ਤੇ ਛੋਟੇ ਮਾਲਕਾਂ ਨੂੰ ਤਬਾਹ ਕਰ ਰਿਹਾ ਹੈ। ਅਜਿਹੀ ਟੁੱਟ-ਬਣ ਵਿੱਚੋਂ ਆਮ ਤੌਰ 'ਤੇ ਲੋਕ ਅਤੀਤਮੁਖੀ ਹੋ ਜਾਂਦੇ ਹਨ। ਜੋ ਲੋਕ ਜਾਇਦਾਦਵਾਨ ਤੋਂ ਜਾਇਦਾਦ-ਵਿਹੂਣਿਆਂ 'ਚ ਬਦਲ ਜਾਂਦੇ ਹਨ ਉਹਨਾਂ ਨੂੰ ਅਤੀਤ ਦਾ ਸੰਸਾਰ ਚੰਗਾ ਲੱਗਦਾ ਹੈ ਜਦ ਉਹਨਾਂ ਕੋਲ ਜਾਇਦਾਦ ਹੁੰਦੀ ਸੀ। ਤਾਂ ਸੁਭਾਵਿਕ ਹੀ ਅਤੀਤ ਦੀਆਂ ਕਦਰਾਂ-ਕੀਮਤਾਂ ਪ੍ਰਤੀ ਵੀ ਲੋਕਾਂ ਦਾ ਸੁਚੇਤ ਜਾਂ ਅਚੇਤ ਇੱਕ ਹੇਰਵਾ ਪੈਦਾ ਹੁੰਦਾ ਹੈ ਜੋ ਸੰਕਟਾਂ ਦੇ ਸਮੇਂ ਹੋਰ ਗੰਭੀਰ ਹੋ ਜਾਂਦਾ ਹੈ। ਗ਼ਰੀਬੀ, ਬੇਰੁਜਗਾਰੀ, ਭੁੱਖਮਰੀ ਆਦਿ ਵਧਦੀ ਹੈ। ਜੋ ਕੁਝ ਜਗੀਰੂ ਢਾਂਚੇ 'ਚ ਦੱਬਿਆ-ਘੁੱਟਿਆ ਚੱਲ ਰਿਹਾ ਹੁੰਦਾ ਹੈ ਸਰਮਾਏਦਾਰੀ 'ਚ ਸ਼ਰੇਆਮ ਸਾਹਮਣੇ ਆ ਜਾਂਦਾ ਹੈ। ਹਰ ਭਾਈਚਾਰਕ ਰਿਸ਼ਤਿਆਂ 'ਚ ਨੰਗੇ-ਚਿੱਟੇ ਸਰਮਾਏ ਦੇ ਸਬੰਧ ਸਥਾਪਿਤ ਹੁੰਦੇ ਹਨ। ਮਨੁੱਖ ਦਾ ਮਨੁੱਖ ਤੋਂ ਵਿਸ਼ਵਾਸ ਉੱਠਦਾ ਹੈ, ਰਿਸ਼ਤਿਆਂ 'ਚ ਬੇਵਫਾਈ ਵੱਧਦੀ ਹੈ, ਬੇਗਾਨਗੀ ਵੱਧਦੀ ਹੈ। ਆਪਣਿਆਂ ਦੀ ਭੀੜ ਵਿੱਚ ਇਨਸਾਨ ਇਕੱਲਾ-ਇਕੱਲਾ ਮਹਿਸੂਸ ਕਰਦਾ ਹੈ। ਉਸਨੂੰ ਹਰ ਸਮੇਂ ਲੁੱਟੇ ਦਾ ਡਰ ਸਤਾਉਂਦਾ ਹੈ ਆਦਿ। ਸਰਮਾਏ ਦੀ ਗਤੀ ਹਰ ਇਨਸਾਨੀ ਜ਼ਜਬੇ ਨੂੰ ਝੰਜੋੜ ਦਿੰਦੀ ਹੈ। ਅਜੋਕੇ ਦੌਰ 'ਚ ਇੱਕ ਵਾਰ ਫਿਰ ਅਜਿਹੇ ਗੀਤਾਂ ਦੀ ਭਰਮਾਰ ਹੋਣਾ ਇਸੇ ਹੇਰਵੇ ਦਾ ਹੀ ਪ੍ਰਤੌਅ ਹੈ। ਇਸ ਕਰਕੇ ਅੱਜ ਅਸੀਂ ਆਮ ਹੀ ਲੋਕਾਂ ਮੂੰਹੋਂ ਇਹ ਵਾਕ ਸੁਣਦੇ ਰਹਿੰਦੇ ਹਾਂ ਕਿ 'ਬੀਤੇ ਵੇਲ਼ੇ ਚੰਗੇ ਸੀ', 'ਛੋਟਿਆਂ ਨੂੰ ਵੱਡਿਆਂ ਦੀ ਲੱਜ ਸੀ', 'ਲੋਕਾਂ 'ਚ ਸਹਿਚਾਰ ਸੀ', ' ਸਬਰ, ਸੰਤੋਖ ਸੀ' ਆਦਿ-ਆਦਿ। ਪਰ ਬੀਤੇ 'ਤੇ ਹੰਝੂ ਕੇਰਨ ਨਾਲ਼ ਸਮੱਸਿਆ ਹੱਲ ਨਹੀਂ ਹੁੰਦੀ ਜਿਵੇਂ ਬਿਮਾਰ ਬੰਦੇ ਨੂੰ ਰੋ ਕੇ ਠੀਕ ਨਹੀਂ ਕੀਤਾ ਜਾ ਸਕਦਾ।



ਦੂਜਾ ਸੁੱਚੇ ਦੀ ਸੂਰਮਗਤੀ ਦੇ ਸੋਹਲੇ ਬੇਲੋੜੇ, ਬੇਤੁਕੇ ਤੇ ਗ਼ਲਤ ਵੀ ਹਨ। ਪਹਿਲੀ ਗੱਲ ਤਾਂ ਕਿਸੇ ਨੂੰ ਆਪਣਾ ਜੀਵਨ ਸਾਥੀ ਚੁਣਨ ਦੇ ਦੋਸ਼ 'ਚ ਜਾਨੋ ਮਾਰ ਦੇਣਾ ਅੱਜ ਦੇ ਸਮਾਜ ਵਿੱਚ ਵੈਸੇ ਹੀ ਵਹਿਸ਼ੀ ਦਰਿੰਦਗੀ ਮੰਨਿਆ ਜਾਂਦਾ ਹੈ ਅਤੇ ਇੱਥੋਂ ਤੱਕ ਕਿ ਬੁਰਜੂਆ ਕਨੂੰਨ ਜਿਸਦੀ ਸਜ਼ਾ ਦਿੰਦਾ ਹੈ। ਦੂਜਾ ਬੁਰਜੂਆ ਕਨੂੰਨ ਵੀ ਮਨੁੱਖ ਦੀ ਜੀਵਨ ਸਾਥੀ ਚੁਣਨ ਦੀ ਨਿੱਜੀ ਅਜ਼ਾਦੀ ਦਾ ਹਮਾਇਤ ਕਰਦਾ ਹੈ। ਇਸ ਅਨੁਸਾਰ ਕੋਈ ਵੀ ਬਾਲਗ ਮੁੰਡਾ ਜਾਂ ਕੁੜੀ ਆਪਣਾ ਜੀਵਨ ਸਾਥੀ ਖੁਦ ਚੁਣ ਸਕਦੇ ਹਨ। ਭਾਵ ਅੱਜ ਦੇ ਅਜੋਕੇ ਆਧੁਨਿਕ ਬੁਰਜੂਆ ਸਮਾਜ ਵਿੱਚ ਵੀ ਇਸ ਸਮਾਜ ਦਾ ਕਨੂੰਨ ਕਿਸੇ ਵੀ ਇਨਸਾਨ ਨੂੰ ਇਹ ਹੱਕ ਨਹੀਂ ਦਿੰਦਾ ਕਿ ਉਹ ਉਸਨੂੰ ਕੇਵਲ ਇਸ ਕਰਕੇ ਵਹਿਸ਼ੀ ਢੰਗ ਨਾਲ਼ ਮਾਰ ਦੇਵੇ ਕਿ ਉਹਨੇ ਆਪਣੀ ਮਰਜ਼ੀ ਦਾ ਜੀਵਨ ਸਾਥੀ ਚੁਣਿਆ। ਅੱਜ ਦੇ ਔਰਤ-ਮਰਦ ਦੇ ਰਿਸ਼ਤੇ ਨੈਤਿਕਤਾ ਦਾ ਅੱਜ ਇਹੋ ਪੈਮਾਨਾ ਹੋ ਸਕਦਾ ਹੈ ਕਿ ਜੇਕਰ ਦੋ ਇਨਸਾਨਾਂ 'ਚ ਨਹੀਂ ਨਿਭਦੀ ਤਾਂ ਉਹ ਸਬੰਧ ਤੋੜ ਕੇ ਨਵਾਂ ਸਬੰਧ ਬਣਾਉਣ ਲਈ ਅਜ਼ਾਦ ਹਨ ਅਤੇ ਇਹ ਉਹਨਾਂ ਦਾ ਜਮਹੂਰੀ ਹੱਕ ਤੇ ਨਿੱਜੀ ਜੀਵਨ ਦਾ ਮਸਲਾ ਹੈ। ਇਸ ਵਿੱਚ ਕਿਸੇ ਦੂਜੇ ਨੂੰ ਦਖਲ ਦੇਣ ਦਾ ਕੋਈ ਹੱਕ ਨਹੀਂ ਹੈ। ਇਸ ਸਮਾਜ 'ਚ ਇੰਨੀ ਗੱਲ 'ਤੇ ਕਿਸੇ ਨੂੰ ਜਾਨੋ ਮਾਰ ਦੇਣਾ ਇੱਕ ਤਾਂ ਜ਼ੁਰਮ ਹੈ ਤੇ ਦੂਜਾ ਇਹ ਬਰਬਰਤਾ, ਦਰਿੰਦਗੀ, ਪਸ਼ੂਪੁਣੇ ਦਾ ਚਿੰਨ੍ਹ ਹੈ ਜਿਸਦਾ ਜਿੰਨਾ ਹੋ ਸਕੇ ਮਜਾਕ ਉਡਾਇਆ ਜਾਵੇ ਅਤੇ ਮਜਾਕ ਇੰਨਾ ਉਡਾਇਆ ਜਾਵੇ ਕਿ ਕੋਈ ਕਿਸੇ ਇਨਸਾਨ ਦੇ ਨਿੱਜੀ ਮਸਲੇ 'ਚ ਦਖਲ ਦੇਣ ਦੀ ਹਿੰਮਤ ਨਾ ਕਰੇ ਅਤੇ ਸੁੱਚੇ ਸੂਰਮੇ ਦੀ ਸੂਰਮਗਤੀ ਬਾਰੇ ਲਿਖਣ ਦੇ ਤਾਂ ਖ਼ਿਆਲ ਤੋਂ ਵੀ ਲੇਖਕ ਕੰਬ ਜਾਵੇ। ਨਾ ਕਿ ਅਜਿਹੀ ਘਟੀਆਂ, ਘਿਨੌਣੀਆਂ, ਗੰਦੀਆਂ, ਔਰਤ ਵਿਰੋਧੀ, ਕਦਰਾਂ-ਕੀਮਤਾਂ ਜੋ ਇਨਸਾਨ ਨੂੰ ਇਨਸਾਨ ਹੋਣ ਦਾ ਹੱਕ ਦੇਣ ਤੋਂ ਵੀ ਮੁਨਕਰ ਨੇ - ਦਾ ਗੁਣਗਾਨ ਕੀਤਾ ਜਾਵੇ ਜਿਵੇਂ ਅੱਜ ਸੁੱਚੇ ਦੀ ਸੂਰਮਗਤੀ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਕਲਾ ਕਿਰਤ ਤੇ ਕਲਾਕਾਰਾਂ ਨੂੰ ਵੀ ਚਾਹੀਦਾ ਹੈ ਕਿ ਅਣਖ, ਇੱਜਤ ਵਰਗੇ ਗੰਦੇ-ਭੱਦੇ ਵਿਸ਼ੇਸ਼ਣਾਂ ਦੀ ਪੇਸ਼ਕਾਰੀ ਇੰਨੇ ਤਿਰਸਕਾਰ ਭਾਵ ਨਾਲ਼ ਕਰਨ ਕਿ ਲੋਕਾਂ ਨੂੰ ਅਜਿਹੇ ਸ਼ਬਦਾਂ ਤੋਂ ਚਿੜ ਆਉਣ ਲੱਗੇ। ਜਿਵੇਂ ਪੰਜਾਬੀ ਸੱਭਿਆਚਾਰ 'ਚ ਅਣਖ ਨਾਮੀ ਸ਼ਬਦ ਦਾ ਜਿੰਨਾ ਮਜ਼ਾਕ ਉਡਾਇਆ ਜਾਵੇ ਥੋੜ੍ਹਾ ਹੈ ਜਿਸ ਕਰਕੇ ਲੱਖਾਂ ਬੇਗੁਨਾਹ ਔਰਤਾਂ ਦੇ ਹੁਣ ਤੱਕ ਕਤਲ ਹੋ ਚੁੱਕੇ ਹਨ ਤੇ ਹਾਲੇ ਵੀ ਜਾਰੀ ਹਨ।

ਕਲਾ-ਕਿਰਤ 'ਚ ਬੀਤੇ ਦੀ ਕਿਸੇ ਘਟਨਾ ਦੀ ਪੇਸ਼ਕਾਰੀ ਵਰਤਮਾਨ 'ਚ ਹੋ ਸਕਦੀ ਹੈ ਜੇਕਰ ਉਹ ਵਰਤਮਾਨ ਦੀਆਂ ਵਿਰੋਧਤਾਈਆਂ ਨੂੰ ਸਮਝਣ 'ਚ ਮਦਦ ਕਰੇ ਜਾਂ ਇਤਿਹਾਸ ਦੇ ਕਿਸੇ ਵਿਸ਼ੇਸ਼ ਕਾਲਖੰਡ ਤੇ ਉਸਦੀਆਂ ਵਿਰੋਧਤਾਈਆਂ ਨੂੰ ਸਮਝਣ 'ਚ ਸਹਾਈ ਹੋਵੇ ਜਾਂ ਬੀਤੇ ਦੀਆਂ ਬੁਰਾਈਆਂ ਜੋ ਜਿਉਂਦਿਆਂ ਗਲ ਮਰੇ ਸੱਪ ਵਾਂਗ ਪਈਆਂ ਹਨ ਉਹਨਾਂ 'ਤੇ ਹਮਲਾ ਕਰਨ ਨਾ ਕਿ ਉਹਨਾਂ ਦਾ ਗੁਣਗਾਨ ਕਰਨ। ਪਰ ਅਜਿਹੀਆਂ ਊਲ-ਜਲੂਲ ਚੀਜਾਂ ਜੋ ਇਤਿਹਾਸ ਦੇ ਕੂੜੇਦਾਨ 'ਚ ਚਲੀਆਂ ਗਈਆਂ ਹਨ ਅਤੇ ਉਹਨਾਂ ਦਾ ਮਹੱਤਵ ਦੱਬੇ ਮੁਰਦੇ ਪੱਟਣ ਤੋਂ ਵੱਧ ਕੁਝ ਨਹੀਂ। ਕਿਉਂਕਿ ਕਿਸੇ ਸਮੇਂ ਦੇ ਸਮਾਜ ਦਾ ਯਥਾਰਥਵਾਦੀ ਚਿਤਰਨ ਕਿਸੇ ਕਲਾ-ਕਿਰਤ 'ਚ ਹੋਣਾ ਕਲਾਤਮਕ ਸੁਹਜ ਰੱਖਣ ਦੇ ਨਾਲ਼-ਨਾਲ਼ ਇੱਕ ਇਤਿਹਾਸਕ ਦਸਤਾਵੇਜ਼ ਵੀ ਬਣਦਾ ਹੈ। ਹੁਣ ਕੋਈ ਕਲਾਕਾਰ ਬਿਨਾਂ ਕਿਸੇ ਆਲੋਚਨਾਤਮਕ ਵਿਵੇਕ ਦੇ ਬੀਤੇ 'ਤੇ ਹੰਝੂ ਕੇਰੀ ਜਾਵੇ ਤਾਂ ਉਸਦਾ ਰੱਬ ਹੀ ਰਾਖਾ! ਪਰ ਜੇਕਰ ਬੀਤੇ ਦੀ ਕਿਸੇ ਘਟਨਾ ਜਾਂ ਪੱਖ ਦਾ ਵਰਤਮਾਨ ਵਿੱਚ ਵਰਣਨ ਵਾਰ-ਵਾਰ ਹੋ ਰਿਹਾ ਹੈ ਤਾਂ ਇਸਦਾ ਸੰਦਰਭ ਲਾਜ਼ਮੀ ਹੀ ਵਰਤਮਾਨ ਨਾਲ਼ ਜੁੜਦਾ ਹੈ। ਜਿਵੇਂ ਸੁੱਚੇ ਸੂਰਮੇ ਦੀ ਸੂਰਮਗਤੀ ਦੇ ਕਿੱਸੇ ਵੀ ਸਾਡੇ ਸਮਾਜ ਦੇ ਧੀਮੇ ਸਰਮਾਏਦਾਰਾ ਵਿਕਾਸ ਦੀ ਹਾਮੀ ਭਰਦੇ ਹਨ ਜਿੱਥੇ ਸੱਭਿਆਚਾਰਕ ਪੱਧਰ 'ਤੇ ਭਾਰੂ ਜਗੀਰੂ ਕਦਰਾਂ-ਕੀਮਤਾਂ ਪਸਰੀਆਂ ਹੋਈਆਂ ਹਨ। ਅੱਜ ਕਲਾ ਦਾ ਮੁੱਖ ਕੰਮ ਅਜਿਹੀਆਂ ਘਟੀਆ ਤੇ ਅਣ-ਮਨੁੱਖੀ ਕਦਰਾਂ-ਕੀਮਤਾਂ ਦੇ ਵਿਰੋਧ 'ਚ ਬੇਬਾਕੀ ਨਾਲ਼ ਸਟੈਂਡ ਲੈਣਾ ਹੈ, ਇਹਨਾਂ ਤੁੱਛਤਾਵਾਂ 'ਤੇ ਕਟਾਕਸ਼ ਕਰਨਾ ਹੈ। ਅੱਜ ਦੇ ਸਮਾਜ ਵਿੱਚ ਜੇਕਰ ਕੋਈ ਕਲਾ ਜਾਂ ਕਲਾ ਦਾ ਕੋਈ ਰੂਪ ਬੀਤੇ ਦੀ ਇਸ ਸੜਾਂਦ ਦੀ ਪੇਸ਼ਕਾਰੀ ਵਧਾਅ-ਚੜਾਅ ਕੇ ਕਰਦਾ ਹੈ ਤਾਂ ਉਹ ਸਮਾਜ 'ਚ ਸੜਾਂਦ ਖਲਾਰਣ ਤੋਂ ਵੱਧ ਕੁਝ ਨਹੀਂ ਕਰੇਗਾ। ਕਿਉਂਕਿ ਅੱਜ ਦੀਆਂ ਸਮੱਸਿਆਵਾਂ ਦਾ ਹੱਲ ਬੀਤੇ ਦੀ ਰਾਖ 'ਚੋਂ ਨਹੀਂ ਸਗੋਂ ਭਵਿੱਖ ਦੀ ਜਮੀਨ ਤਿਆਰ ਕਰਨ 'ਚ ਹੈ। ਇਹ ਕੰਮ ਨੂੰ ਹੁਣ ਭਵਿੱਖ ਦੀ ਵਾਹਕ ਜਮਾਤ ਮਜ਼ਦੂਰ ਜਮਾਤ ਹੀ ਆਪਣੇ ਹੱਥ ਲਵੇਗੀ ਕਿਉਂਕਿ ਸਰਮਾਏਦਾਰੀ ਨੇ ਜੋ ਇਤਿਹਾਸ 'ਚ ਸਿਰਜਣਾ ਸੀ ਸਿਰਜ ਦਿੱਤਾ। ਹੁਣ ਇਸ ਤੋਂ ਅਜਿਹੇ ਘਟੀਆ ਲੱਚਰਪੁਣੇ ਤੋਂ ਵੱਧ ਉਮੀਦ ਵੀ ਨਹੀਂ ਕੀਤੀ ਜਾ ਸਕਦੀ। ਮਜ਼ਦੂਰ ਜਮਾਤ ਹੀ ਅਜਿਹੀਆਂ ਜਗੀਰੂ ਪ੍ਰੇਤ ਰੂਹਾਂ ਨੂੰ ਇਹਨਾਂ ਦੀ ਅਸਲ ਥਾਂ ਦਿਖਾਵੇਗੀ। (**ਗਿਆਨ ਪ੍ਰਸਾਰ ਸਮਾਜ**)

ਮਨਦੀਪ ਅਜ਼ਾਦ ਰੰਗਮੰਚ

# ਵਿਦੇਸ਼ ਵਿੱਚ ਸਟੂਡੈਂਟ ਜਾਤ



ਵਿਦੇਸ਼ ਵਿੱਚ ਸਟੂਡੈਂਟ (ਵਿਦਿਆਰਥੀ ਜੋ ਭਾਰਤ ਤੋਂ ਪੜਨ ਆਉਂਦੇ ਨੇ) ਨੂੰ ਇੱਕ ਜਾਤ ਦੇ ਤੌਰ 'ਤੇ ਵੇਖਿਆ ਜਾਣ ਲੱਗ ਪਿਆ ਹੈ। ਇਸ ਤਰਾਂ ਵੇਖਿਆ ਜਾਂਦਾ ਹੈ ਕਿ ਇਹਨਾਂ ਦੀ ਆਪਣੀ ਕੋਈ ਵੱਖਰੀ ਕੌਮ ਹੈ। ਇਹ ਗੰਦੇ ਰਹਿੰਦੇ ਨੇ, ਇਹ ਮਹਿੰਗੀਆਂ-ਮਹਿੰਗੀਆਂ ਗੱਡੀਆਂ ਲੈਂਦੇ ਨੇ, ਕੁੜੀਆਂ ਮੁੰਡਿਆਂ ਨੂੰ ਕੋਈ ਸ਼ਰਮ ਨਹੀਂ ਏ ਵਗੈਰਾ-ਵਗੈਰਾ। ਹੁਣ ਇੱਥੇ ਹਰ ਇੱਕ ਪੱਖ ਨੂੰ ਵੇਖਣਾ ਬਣਦਾ ਹੈ ਕਿ ਕੀ ਵਿਦਿਆਰਥੀ ਅਸਲ 'ਚ ਗੰਦ ਪਾਉਂਦੇ ਨੇ? ਜੇ ਪਾਉਂਦੇ ਨੇ ਤਾਂ ਕਿੰਨੇ ਫੀਸਦੀ ਪਾਉਂਦੇ ਨੇ? ਤੇ ਉਹਨਾਂ ਦੇ ਇਸ ਤਰਾਂ ਦੀਆਂ ਅਸੱਭਿਅਕ ਘਟਨਾਵਾਂ ਕਰਨ ਪਿੱਛੇ ਕੀ ਕਾਰਨ ਹਨ? ਲਗਭਗ 100 ਵਿੱਚੋਂ 10 ਫੀਸਦੀ ਉਹ ਹੋਣਗੇ ਜੋ ਭਾਰਤ ਵਿੱਚੋਂ ਵੀ ਸੌਖੀ ਜ਼ਿੰਦਗੀ ਬਤੀਤ ਕਰਦੇ ਆਏ ਨੇ ਤੇ ਇੱਥੇ ਆ ਕੇ ਵੀ ਰੋਜ਼ੀ ਰੋਟੀ ਲਈ ਉਹਨਾਂ ਨੂੰ ਬਾਕੀਆਂ ਜਿੰਨੀ ਮਿਹਨਤ ਕਰਨ ਦੀ ਲੋੜ ਨਹੀਂ ਪਈ ਹੋਵੇਗੀ। ਹੁਣ ਇਹ ਗੱਲ ਸੁਭਾਵਕ ਹੈ ਕਿ ਉਹਨਾਂ ਨੇ ਪ੍ਰਵਾਹ ਕਦੇ ਭਾਰਤ ਵਿੱਚ ਕਿਸੇ ਦੀ ਨੀ ਕੀਤੀ ਇੱਥੇ ਵਿਦੇਸ਼ਾਂ ਵਿੱਚ ਤਾਂ ਕਰਨੀ ਹੀ ਕੀ ਹੈ। ਇਹ ਉਹ ਨੇ ਜੋ ਪੰਜਾਬ ਵਾਂਗ ਕੁੜੀਆਂ ਨੂੰ ਪੈਰ ਦੀ ਜੁੱਤੀ ਸਮਝਦੇ ਹਨ ਤੇ ਜਿਹਨਾਂ ਦੇ ਬਹੁਤੇ ਕਿੱਲਿਆਂ ਵਿੱਚੋਂ ਜੇ ਇੱਕ ਕਿੱਲਾ ਵਿਕ ਵੀ ਜਾਏ ਤਾਂ ਉਹਨਾਂ ਨੂੰ ਕੋਈ ਫਰਕ ਨਹੀਂ ਪੈਂਦਾ। ਉਹਨਾਂ ਦੁਆਰਾ ਇਹ ਅਸੱਭਿਅਕ ਘਟਨਾਵਾਂ ਸਭ ਤੋਂ ਵੱਧ ਕੀਤੀਆਂ ਜਾਦੀਆਂ ਹਨ। ਇਸ ਤਰਾਂ ਗੱਲ ਅੱਗੇ ਤੋਰਨ ਤੋਂ ਪਹਿਲਾਂ ਇਹ ਜਮਾਤੀ ਵੰਡ ਸਮਝ ਲੈਣਾ ਲਾਜ਼ਮੀ ਹੈ।

ਦੂਜੇ ਨੰਬਰ 'ਤੇ ਜੋ ਬਾਕੀ ਬਚਦੇ ਨੇ ਉਹਨਾਂ 'ਤੇ ਪੰਜਾਬ ਦੇ ਗਾਣਿਆਂ ਜਾਂ ਫੁਕਰੇਪੁਣੇ ਵਾਲ਼ੇ ਸੱਭਿਆਚਾਰ ਦਾ ਪ੍ਰਭਾਵ ਬਹੁਤਾ ਰਹਿੰਦਾ ਹੈ। ਬੱਸ ਅੱਡਿਆਂ ਜਾਂ ਰੇਲਵੇ ਸਟੇਸ਼ਨਾ 'ਤੇ ਉੱਚੀ-ਉੱਚੀ ਮਾਂ ਭੈਣ ਦੀਆਂ ਗਾਲ਼ਾ ਕੱਢਣ ਜਾਂ ਕਾਲਜਾ ਵਿੱਚ ਧੜੇ ਬਣਾਕੇ ਰੱਖਣੇ। ਪਰ ਇਹਨਾਂ ਘਟਨਾਵਾਂ ਨੂੰ ਇਸ ਤਰਾਂ ਵੇਖਣਾ ਚਾਹੀਦਾ ਕਿ ਉਹਨਾਂ ਵਿੱਚ ਸੱਭਿਆਚਾਰਕ ਚੇਤਨਾ ਦੀ ਘਾਟ ਹੈ। ਜਿਸ ਪੰਜਾਬ ਤੋਂ ਉਹ ਆਉਂਦੇ ਹਨ, ਛੋਟੀ ਉਮਰ ਤੋਂ ਹੀ ਦਾਬੇ ਵਿੱਚ ਰੱਖੇ ਜਾਂਦੇ ਨੇ, ਕਦੇ ਮਨ ਨੂੰ ਖੋਜੀ ਬਣਾਉਣ ਵਾਲ਼ੀ ਸਿੱਖਿਆ ਨਹੀਂ ਦਿੱਤੀ ਜਾਂਦੀ। ਜੇ ਬਚਪਨ ਤੋਂ ਹੀ ਅਜ਼ਾਦ ਤੇ ਮਨ ਨੂੰ ਖੋਜੀ ਬਣਾਉਣ ਵਾਲ਼ੀ ਸਿੱਖਿਆ ਦਿੱਤੀ ਜਾਵੇ ਤਾਂ ਅੱਧੇ ਤੋਂ ਜ਼ਿਆਦਾ ਵਿਦਿਆਰਥੀ ਵਿਦੇਸ਼ ਜਾਣ ਤੋਂ ਪਹਿਲਾਂ ਉਸ 'ਤੇ ਖੋਜ ਕਰਨਗੇ ਕਿ ਵਿਦੇਸ਼ ਵਿੱਚ ਕਿਹੜੀ ਸਿੱਖਿਆ ਲਈ ਜਾਈਏ ਜਾਂ ਸਿੱਖਿਆ ਤੋਂ ਬਾਅਦ ਰੁਜ਼ਗਾਰ ਦੇ ਕਿੰਨੇ ਕੁ ਮੌਕੇ ਨੇ ਤੇ ਵਿਦੇਸ਼ ਵਿੱਚ ਮਜ਼ਦੂਰਾਂ ਦੀ ਲੁੱਟ ਕਿਵੇਂ ਹੁੰਦੀ ਹੈ। ਵਿਦਿਆਰਥੀਆਂ ਨੂੰ ਬਿਮਾਰ ਕਹਿਕੇ ਉਹਨਾਂ ਖਿਲਾਫ ਰੋਸ ਕਰਕੇ ਕਿਸੇ ਮਸਲੇ ਦਾ ਹੱਲ ਨਹੀਂ ਹੋਣ ਲੱਗਾ, ਉਸ ਬਿਮਾਰੀ ਦੇ ਕਾਰਨ ਪਤਾ ਕਰਕੇ ਉਹਨਾਂ ਦੇ ਹੱਲ ਲਈ ਕੰਮ ਕਰਨਾ ਪਵੇਗਾ। ਬਾਕੀ ਸਾਰੇ ਪੰਜਾਬੀਆਂ ਵਾਂਗ ਵਿਦਿਆਰਥੀ ਭੈਣ ਭਰਾਵਾਂ ਨੂੰ ਵੀ ਪੁਰਾਣਾ ਨਾਲ਼ ਲੈਕੇ ਚੱਲਣ ਦੀ ਆਦਤ ਹੈ। ਪੁਰਾਣੇ ਦੇ ਵੇਲਾ ਵਿਹਾਅ ਚੁੱਕੇ ਅੰਸ਼ਾਂ ਛੱਡ ਨਵੇਂ ਵੱਲ ਨੂੰ ਜਾਣਾ ਜਰੂਰੀ ਹੁੰਦਾ ਹੈ ਤੇ ਸੱਭਿਆਚਾਰਕ ਵਿਕਾਸ ਦੀ ਪ੍ਰਕਿਰਿਆ ਹੌਲ਼ੀ-ਹੌਲ਼ੀ ਚੱਲਦੀ ਹੈ। ਜੋ ਵਿਦਿਆਰਥੀ ਇੱਕ ਸਾਲ ਪਹਿਲਾਂ ਹੁੰਦਾ ਉਹ ਦੂਜੇ ਜਾਂ ਤੀਜੇ ਸਾਲ ਉਹੋ ਜਿਹਾ ਨਹੀਂ ਰਹਿੰਦਾ। ਉਸਨੇ ਵਿਦੇਸ਼ ਦੇ ਤੌਰ ਤਰੀਕਿਆਂ ਨਾਲ਼ ਆਪਣੇ ਆਪ ਨੂੰ ਬਦਲਲਿਆ ਹੁੰਦਾ ਹੈ। ਹੁਣ ਇਸ ਗੱਲ ਨੂੰ ਸਮਝਦਿਆਂ ਕੁੱਤਿਆਂ ਤੇ ਵਿਦਿਆਰਥੀਆਂ ਨੂੰ ਘਰ ਕਿਰਾਏ 'ਤੇ ਨਹੀਂ ਮਿਲੇਗਾ ਇਸ ਤਰਾਂ ਦੇ ਇਸ਼ਤੇਹਾਰ ਲਗਾਉਣਾ ਗਲਤ ਹੈ।

ਕੁੜੀਆਂ ਮੁੰਡਿਆਂ ਦਾ ਇਕੱਠੇ ਬੈਠਣਾ-ਉੱਠਣਾ ਜਾਂ ਬਿਨਾਂ ਵਿਆਹ ਤੋਂ ਇਕੱਠੇ ਰਹਿਣਾ, ਇਹ ਸਭ ਗੀਤਾ ਜੋ ਪੁਰਾਣੇ ਸਮੇਂ ਤੋਂ ਵਿਦੇਸ਼ਾਂ ਵਿੱਚ ਪੰਜਾਬੀ ਰਹਿ ਰਹੇ ਹਨ, ਉਹਨਾਂ ਨੂੰ ਇਹ ਸਭ ਕੁਝ ਕਿਤੇ ਨਾ ਕਿਤੇ ਹਜ਼ਮ ਵੀ ਨਹੀਂ ਹੁੰਦਾ। ਉਹ ਫਿਰ ਤੋਂ ਕੁੜੀਆਂ ਨੂੰ ਘੁੰਡ-ਘੱਡ ਕੇ ਮੰਜੇ ਦੇ ਪਾਵਿਆਂ ਨਾਲ਼ ਬੰਨਣਾ ਚਾਹੁੰਦੇ ਨੇ। ਹੁਣ ਕੌਣ ਸਮਝਾਵੇ ਇਹਨਾਂ ਨੂੰ ਕਿ ਦੁਨੀਆਂ ਚੰਨ 'ਤੇ ਪਹੁੰਚ ਗਈ ਇਹ ਹਾਲੇ ਵੀ ਸਾਡੇ ਮੂੰਹ ਵਿੱਚ ਪੁਰਾਣੇ ਘਟੀਆ ਸੰਸਕਾਰਾਂ ਦੀਆਂ ਬੁਰਕੀਆਂ ਪਾਈ ਜਾਂਦੇ ਨੇ, ਇਹ ਨਾਮੁਮਕਿਨ ਹੈ। ਜਿਵੇਂ ਪਹਿਲਾਂ ਦੱਸਿਆ ਕਿ ਵਿਦਿਆਰਥੀਆਂ ਦੀ ਇੱਕ ਵੱਖਰੀ ਕੌਮ ਬਣਾਕੇ ਸਭ ਨੂੰ ਇੱਕੋ ਰੱਸੇ ਬੰਨਕੇ, ਬਿਨਾਂ ਸਮੱਸਿਆ ਦੀ ਜੜ ਲੱਭੇ, ਵਿਦਿਆਰਥੀਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਫਿਰ ਇਹ ਵਿਰੋਧ ਉਸ ਸਮੇਂ ਕਿਉਂ ਨਹੀਂ ਹੁੰਦਾ ਜਦੋਂ ਪੱਕੇ ਭਾਰਤੀ ਨਸ਼ੇ ਦੀਆਂ ਖੇਪਾਂ ਨਾਲ਼ ਫੜੇ ਜਾਂਦੇ ਨੇ ਜੋ ਉੱਥੇ ਦੀ ਜਵਾਨੀ ਨੂੰ ਵੀ ਪੰਜਾਬ ਵਾਂਗ ਤਬਾਹ ਕਰ ਰਹੇ ਨੇ। ਜੋ ਵਿਦਿਆਰਥੀਆਂ ਖਿਲਾਫ ਰੋਸ ਮੁਜ਼ਾਹਰੇ ਕਰ ਰਹੇ ਨੇ ਉਹਨਾਂ ਨੂੰ ਇੱਕ ਸਵਾਲ ਪੁੱਛਣਾ ਬਣਦਾ ਹੈ ਕਿ ਜਦੋਂ ਵੱਡੇ-ਵੱਡੇ ਵਪਾਰ ਚਲਾਉਣ ਵਾਲ਼ੇ ਪੰਜਾਬੀ ਟੈਕਸ ਚੋਰੀ ਕਰਕੇ, ਉਹਨਾਂ ਹੀ ਵਿਦਿਆਰਥੀਆਂ ਕੋਲ਼ੋ 2-2 ਡਾਲਰ 'ਤੇ ਕੰਮ ਕਰਵਾਉਂਦੇ ਹਨ ਤਾਂ ਇਹ ਰੋਸ ਮੁਜ਼ਾਹਰੇ ਕਿਉਂ ਨਹੀਂ ਹੁੰਦੇ?

ਮੁੱਕਦੀ ਗੱਲ, ਇਹ ਸਮੱਸਿਆ ਨਹੀਂ ਹੈ। ਇਹ ਸਮੱਸਿਆ ਦਾ ਲੱਛਣ ਹੈ। ਸਮੱਸਿਆ ਕਿਤੇ ਹੋਰ ਪਈ ਹੈ। ਵਿਦਿਆਰਥੀ ਜਾਂ ਪ੍ਰਵਾਸੀਆਂ ਦਾ ਆਪਣਾ ਦੇਸ਼ ਛੱਡਕੇ ਆਉਣਾ ਆਖ਼ਰ ਇਸਦੀ ਲੋੜ ਕਿਉਂ ਪੈ ਜਾਂਦੀ ਹੈ। ਅਤੇ ਜੋ ਸੁਪਨੇ ਸਿਰਜਕੇ ਕੋਈ ਆਪਣਾ ਘਰ ਛੱਡਦਾ ਹੈ ਉਸ ਤਰਾਂ ਦਾ ਸਮਾਜ ਅੱਗਿਓਂ ਕਿਉਂ ਨਹੀਂ ਮਿਲ਼ਦਾ। ਇੱਥੇ ਵੀ ਮੂੰਹ ਵਿੱਚ ਜਾਂਦੀ ਰੋਟੀ ਦੀ ਇੱਕ ਇੱਕ ਬੁਰਕੀ ਦਾ ਇੰਨਾ ਮੁੱਲ ਕਿਉਂ ਤਾਰਨਾ ਪੈ ਰਿਹਾ ਹੈ? ਪਹਿਲੀ ਗੱਲ ਭਾਰਤ ਵਿੱਚ ਹੀ ਸਭ ਨੂੰ ਪੜਾਈ ਅਤੇ ਰੁਜ਼ਗਾਰ ਦੇ ਬਰਾਬਰ ਮੌਕੇ ਕਿਉਂ ਨਹੀਂ ਮਿਲ਼ਦੇ? ਕਿਉਂ ਉੱਥੇ ਦੀ ਸਰਕਾਰ ਆਪਣੇ ਨਾਗਰਿਕਾਂ ਨੂੰ ਸੁੱਖ ਸਹੂਲਤਾਂ ਦੇਣ ਤੋਂ ਅਸਮਰੱਥ ਹੈ?

ਦੂਜੀ ਗੱਲ ਭਾਰਤ ਵਿੱਚ ਬੇਰੁਜ਼ਗਾਰੀ, ਭਰਿਸ਼ਟਾਚਾਰ, ਜਾਤ-ਪਾਤ, ਮਜ਼ਦੂਰ ਦੀ ਲੁੱਟ, ਔਰਤਾਂ ਦੀ ਗੁਲਾਮੀ ਵਰਗੀਆਂ ਅਨੇਕਾਂ ਸਾਰੀਆਂ ਕੁਰੀਤੀਆਂ ਹਨ। ਅਸੀਂ ਉੱਥੋਂ ਭੱਜਕੇ ਵਿਦੇਸ਼ਾਂ ਵਿੱਚ ਆ ਜਾਂਦੇ ਹਾਂ। ਇੱਥੇ ਆ ਕੇ ਅੱਗਿਓਂ ਹੋਰ ਆਰਥਿਕ ਮਸਲੇ ਖੜੇ ਹੋ ਜਾਂਦੇ ਹਨ। ਅਸੀਂ ਕਿੰਨੀ ਕੁ ਦੇਰ ਹੋਰ ਭੱਜਾਂਗੇ, ਕਦੇ ਨਾ ਕਦੇ ਤਾਂ ਸੱਚ ਨੂੰ ਸ਼ੀਸ਼ਾ ਬਣਾਉਣਾ ਹੀ ਪਵੇਗਾ। ਵਿਦੇਸ਼ ਵਿੱਚ ਜਾਂ ਭਾਰਤ ਵਿੱਚ ਆਰਥਿਕ ਲੁੱਟ ਦੀ ਕੁੱਖ ਵਿੱਚੋਂ ਪੈਦਾ ਹੋਈਆਂ ਹੋਰ ਬਿਮਾਰੀਆਂ ਦਾ ਹੱਲ ਮਿਲ-ਜੁਲ ਕੇ ਕਰਨਾ ਪਵੇਗਾ। ਅਜਿਹੇ ਮਸਲਿਆਂ ਵਿੱਚ ਉਲਜਕੇ ਆਪਸ ਵਿੱਚ ਲੜਨ ਦੀ ਥਾਂ ਅਸਲ ਮਸਲਿਆਂ ਵੱਲ ਮੋੜਾ ਪਾਈਏ, ਜਿੱਥੇ ਦੁਨੀਆਂ ਦੇ ਕੁਝ ਕੁ ਲੋਕਾਂ ਕੋਲੇ ਦੌਲਤ ਦੇ ਅੰਬਾਰ ਲੱਗ ਰਹੇ ਨੇ ਤੇ ਬਾਕੀ ਸਾਡੇ ਵਰਗੇ ਸਾਰੀ ਜ਼ਿੰਦਗੀ ਸਹਿਕ-ਸਹਿਕ ਕੇ ਕੱਟ ਰਹੇ ਹਨ।

ਦੇਸ਼ ਪਿੱਤਲ ਦਾ, ਪੈੜ ਸੁਨਿਹਰੀ
ਅਸੀਂ ਨੱਪਦੇ-ਨੱਪਦੇ ਤੁਰ ਆਏ
ਸੈਰ ਹਵਾ ਦੀ, ਸੁਪਨੇ ਲੂਣੇ
ਕਈ ਵਿੱਚ ਸਮੁੰਦਰਾਂ ਖੁਰ ਆਏ
ਬੋਲਸੀ ਮਿੱਠੜੇ, ਗਾਉਂਦੇ ਗਾਉਂਦੇ
ਅਸੀਂ ਲਾ ਜ਼ਹਿਰੀਲੇ ਸੁਰ ਆਏ
ਬਜ਼ਾਰ ਹਾਕਮੀਂ, ਮੁੱਲ ਰੂਹਾਂ ਦਾ
ਕਰ ਡਾਲਰਾਂ ਦੇ ਭਾਅ ਖੁੜ ਆਏ
ਦੇਸ਼ ਪਿੱਤਲ ਦਾ ਇਹਦੀ ਪੈੜ ਸੁਨਿਹਰੀ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

# ਕੀ ਵਾਲਾ ਨੂੰ ਝੜਣ ਤੋਂ ਰੋਕਿਆ ਜਾ ਸਕਦਾ ਹੈ?



ਕੁਦਰਤ 'ਚ ਹਰ ਚੀਜ਼ ਦੀ ਆਪਣੀ ਅਹਿਮੀਅਤ ਹੈ। ਜੇ ਅਸੀਂ ਵਾਲਾ ਦੀ ਗੱਲ ਕਰੀਏ ਤਾਂ ਮੌਹਤਵ ਹੋਰ ਵੀ ਸੱਪਸ਼ਟ ਹੋ ਜਾਂਦਾ ਹੈ। ਵਾਲ ਨਾ ਸਿਰਫ ਸਰੀਰਤ ਸੁਰੀਰਕ ਸੁਹੱਪਣ ਦੇ ਸੂਚਕ ਹਨ, ਬਲਕਿ ਇਹ ਸਰੀਰਕ ਤਾਪਮਾਨ ਨੂੰ ਕੰਟਰੋਲ ਕਰਨ 'ਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਕਾਲੇ ਸੰਘਣੇ ਵਾਲ ਕਿਸੇ ਵੀ ਔਰਤ-ਮਰਦ ਨੂੰ ਸੋਹਣਾ ਬਣਾਉਦੇ ਹਨ ਪਰ ਅੱਜ ਕੱਲ ਇਹਨਾਂ ਨਾਲ ਜੁੜੀਆਂ ਸਮੱਸਿਆਵਾਂ ਇਹਨਾਂ ਨੂੰ ਸਮੇਂ ਤੋਂ ਪਹਿਲਾ ਰੋਗ ਗ੍ਰਸਿਤ ਕਰ ਦਿੰਦੀਆਂ ਹਨ। ਵਾਲਾਂ ਦਾ ਸਫੈਦ ਹੋਣਾ ਜਾਂ ਬੇਹੱਦ ਝੜਣ ਦੀ ਸਮੱਸਿਆ ਬਹੁਤ ਦੇਖੀ ਜਾ ਰਹੀ ਹੈ। ਇਸ ਸਮੱਸਿਆ ਦੇ ਕਈ ਕਾਰਣ ਹਨ ਤੇ ਇਹਨਾਂ ਨੂੰ ਦੂਰ ਕਿਵੇਂ ਕੀਤਾ ਜਾਵੇ। ਇਸ ਮਹੱਤਵਪੂਰਨ ਵਿਸ਼ੇ 'ਤੇ ਪੇਸ਼ ਹੈ ਇਹ ਰਚਨਾ ਅਕਸਰ ਕੇਸ਼ ਤੇ ਵਾਲਾ ਦਾ ਅਰਥ ਇਹ ਲਿਆ ਜਾਂਦਾ ਹੈ ਪਰ ਇਹਨਾਂ ਦੋਂਰਾਂ 'ਚ ਫਰਕ ਹੁੰਦਾ ਹੈ। ਅਕਸਰ ਕੇਸ ਸ਼ਬਦ ਦੀ ਵਰਤੋਂ ਸਿਰ ਤੇ ਉੱਗੇ ਵਾਲਾ ਲਈ ਕੀਤੀ ਜਾਂਦੀ ਹੈ। ਜਦ ਵਾਲਾ ਤੋਂ ਭਾਵ ਸਰੀਰ ਦੇ ਕਿਸੇ ਵੀ ਹਿੱਸੇ 'ਤੇ ਉਗੇ ਵਾਲਾ ਤੋਂ ਹੁੰਦਾ ਹੈ। ਕਿਉਂਕਿ ਵਾਲ ਮਨੁੱਖ ਲਈ ਸੁਹੱਪਣ ਦਾ ਸਭ ਤੋਂ ਵਧੀਆ ਸਾਧਨ ਹਨ, ਹਰ ਤਰ੍ਹਾਂ ਦੀ ਇਲਾਜ ਪ੍ਰਣਾਲੀ ਨਾਲ ਵਾਲਾ ਦੀਆਂ ਸਮੱਸਿਆਵਾਂ ਅਤੇ ਰੁਕੀ ਲੰਬਾਈ, ਮੋਟਾਈ, ਪੈਦਾਇਸ਼ ਕਟਣਾ, ਫਟਣਾ, ਝੜਣਾ ਸਿਕਰੀ, ਬਦਰੰਗ ਤੇ ਸਫੈਦ ਵਾਲ ਦੀ ਉਪਜ ਦਾ ਵਿਸ਼ੇਸ ਸਬੰਧ ਏਪੀਡਰਮਾ ਤੇ ਡਰਮਾ ਨਾਲ ਹੁੰਦਾ ਹੈ। ਸਰੀਰ ਇਕ ਰੰਕਦਾਰ ਚਮੜੀ ਜਿਸ ਨਾਲ ਪੂਰਾ ਸਰੀਰ ਢੁੱਕਿਆ ਰਹਿੰਦਾ ਹੈ ਅਤੇ ਜਿਸ 'ਤੇ ਵਾਲ ਹੁੰਦੇ ਹਨ ਉਸ ਨੂੰ ਏਮੀਡ੍ਰਮਾ ਕਿਹਾ ਜਾਂਦਾ ਹੈ ਅਤੇ ਇਸ ਦੇ ਹੇਠਾਂ ਦੀ ਦੂਜੀ ਮੋਟੀ ਚਮੜੀ ਜਿੱਥੋਂ ਵਾਲ ਜਨਮ ਲੈਂਦਾ ਹੈ, ਡਰਮਾ ਅਖਵਾਉਂਦੀ ਹੈ। ਡਰਮਾ 'ਚ ਹੀ ਵਾਲ ਦਾ ਪੋਸ਼ਣ ਭਾਵ ਰੰਗ, ਪੈਦਾਵਾਰ ਗ੍ਰੰਥੀ, ਤੇਲ ਪੈਦਾ ਕਰਨ ਵਾਲੀ ਗ੍ਰੰਥੀ, ਸਫੈਦ ਪੈਦਾਵਾਰ ਗ੍ਰੰਥੀ ਤੇ ਵਿਸ਼ੇਸ ਬਲੱਡ ਸਪਲਾਈ ਹੁੰਦੀ ਹੈ। ਸਿਹਤਮੰਦ ਤੇ ਸੰਘਣੇ ਵਾਲਾਂ ਲਈ ਇਹ ਲਾਜਮੀ ਹੈ ਕਿ ਇਹਨਾਂ ਦੋਹਾਂ 'ਚ ਕਿਸੇ ਵੀ ਕਿਸਮ ਦੀ ਘਾਟ ਜਾਂ ਵਿਗਾੜ ਨਾ ਹੋਵੇ। ਇਹਨਾਂ ਦਾ ਖੁਸ਼ਕ ਹੋਣਾ ਵੀ ਵਾਲਾਂ ਲਈ ਹਾਨੀਕਾਰਕ ਹੈ। ਇਸ ਲਈ ਇਸ 'ਚ ਬੱਲਡ ਸਪਲਾਈ ਭਰਪੂਰ ਹੋਣੀ ਚਾਹੀਦੀ ਹੈ

ਅਤੇ ਨਿਉਰੋਲੋਜੀਕਲ ਸਰਗਰਮੀ ਵੀ ਤੇਜ਼ ਹੋਵੇ। ਨਾਲ ਹੀ ਨਰਵਿਸ ਸਿਸਟਮ ਜਿਸ ਦਾ ਚਮੜੀ ਅੰਦਰ ਜਾਲ ਵਿਛਿਆ ਹੁੰਦਾ ਹੈ, ਬਹੁਤ ਹੀ ਤੇਜ਼ੀ ਨਾਲ ਕੰਮ ਕਰਨ ਵਾਲੀ ਹੋਣੀ ਚਾਹੀਦੀ ਹੈ। ਲੋਕਾਂ ਦੀ ਆਮ ਧਾਰਨਾ ਹੈ ਕਿ ਵਾਲ ਗੋਲ ਹੁੰਦੇ ਹਨ। ਪਰ ਖੁਰਦਬੀਨ ਨਾਲ ਵੇਖਣ 'ਤੇ ਵਾਲਾਂ ਦੀ ਬਣਾਵਟ ਕਈ ਕਿਸਮ ਦੀ ਨਜ਼ਰ ਆਉਂਦੀ ਹੈ ਜਿਵੇਂ ਗੋਲ, ਚਕੋਰ, ਚਪਟੀ ਤੇ ਅੰਡਾਕਾਰ। ਵਾਲਾਂ ਦੀ ਬਣਾਵਟ ਨਸਲ, ਦੇਸ਼ ਪ੍ਰਮਪਾਰਿਕ ਤੇ ਸਰੀਰਕ ਸਥਿਤੀ ਦੇ ਅਨੁਸਾਰ ਵੱਖ-ਵੱਖ ਹੁੰਦੀ ਹੈ। ਜਿਵੇਂ ਕਿ ਅਫ੍ਰੀਕੀ ਨੀਗਰੋ ਦੇ ਵਾਲ, ਮੋਟੇ, ਸਖਤ, ਘੁੰਗਰਾਲੇ ਤੇ ਜਲਦੀ ਟੁਟਣ ਵਾਲੇ ਹੁੰਦੇ ਹਨ। ਇਹ ਪ੍ਰਭਾਵ ਨਸਲ ਤੇ ਦੇਸ਼ ਦਾ ਹੀ ਹੈ। ਇਸ ਤਰ੍ਹਾਂ ਦੇਸ਼ ਅਨੁਸਾਰ ਕਿਤੇ ਵਾਲਾਂ ਦਾ ਰੰਗ ਕਾਲਾ ਹੁੰਦਾ ਹੈ ਤਾਂ ਕਿਧਰੇ ਭੂਰਾ ਤੇ ਸੁਨਹਿਰਾ ਹੁੰਦਾ ਹੈ। ਵਾਲਾ ਦੀ ਲੰਬਾਈ ਵੀ ਇਸ 'ਤੇ ਨਿਰਭਰ ਕਰਦੀ ਹੈ। ਜਿਵੇਂ ਕਿਸੇ ਥਾਂ ਤੇ ਲੋਕਾਂ ਦੇ ਵਾਲ ਲੰਬੇ ਹੁੰਦੇ ਹਨ ਅਤੇ ਕਿਸੇ ਥਾਂ ਇਹ ਟੁਟਦੇ ਰਹਿੰਦੇ ਹਨ, ਜਿਸ ਕਾਰਨ ਇਹ ਲੰਬੇ ਨਹੀਂ ਹੁੰਦੇ ਹਨ ਤੇ ਅੰਗ ਅਨੁਸਾਰ ਵੱਖ-ਵੱਖ ਤਰ੍ਹਾਂ ਦੇ ਵਾਲ ਹੁੰਦੇ ਹਨ। ਸਿਰ ਤੇ ਵਾਲਾਂ ਦੀ ਗਿਣਤੀ ਅਕਸਰ 5 ਲੱਖ ਦੇ ਕਰੀਬ ਹੈ। ਅਕਸਰ ਲੋਕ ਇਹ ਸਮਝਦੇ ਹਨ ਕਿ ਮੱਥੇ 'ਤੇ ਵਾਲ ਨਹੀਂ ਹੁੰਦੇ ਪਰ ਸਰੀਰ ਦਾ ਅਜੇਹਾ ਕੋਈ ਅੰਗ ਨਹੀਂ ਹੈ ਜਿਥੇ ਵਾਲ ਨਾ ਹੋਣ। ਖੁਰਦਬੀਨ ਨਾਲ ਵੇਖਣ ਤੇ ਪਤਾ ਲੱਗਦਾ ਹੈ ਕਿ ਹਰ ਰੋਮ ਤੇ ਵਾਲ ਹੁੰਦੇ ਹਨ ਪਰ ਇਹ ਪਤਲੇ ਤੇ ਸੂਖਮ ਹੁੰਦੇ ਹਨ ਜੋ ਨੰਗੀ ਅੱਖਾਂ ਨਾਲ ਨਜ਼ਰ ਨਹੀਂ ਆਉਂਦੇ। ਇਸ ਤਰ੍ਹਾਂ ਲੋੜ ਮੁਤਾਬਕ ਅੱਖਾਂ ਦੀਆਂ ਪਲਕਾਂ ਤੇ ਭਰਵਟਿਆਂ ਦੇ ਵਾਲ ਛੋਟੇ ਹੁੰਦੇ ਹਨ। ਕਿਉਂਕਿ ਵਾਲਾਂ ਦੀ ਲੰਬਾਈ ਦਾ ਸਬੰਧ ਜੜ੍ਹਾਂ ਤੇ ਪੋਸ਼ਣ ਨਾਲ ਹੁੰਦਾ ਹੈ।

ਕੁਦਰਤੀ ਤੌਰ 'ਤੇ ਹੀ ਪਲਕਾਂ ਤੇ ਭਰਵਾਟੀਆਂ ਦੇ ਵਾਲ ਛੋਟੀ ਜੜ ਵਾਲੇ ਹੁੰਦੇ ਹਨ, ਤਾਂ ਕਿ ਇਹ ਲੰਬਾਈ 'ਚ ਨਾ ਵਧ ਸਕਣ ਕਿਉਂਕਿ ਇਹਨਾਂ ਵਾਲਾ ਦਾ ਸਬੰਧ ਚਿਹਰੇ ਦੀ ਸੁੰਦਰਤਾ ਨਾਲ ਹੁੰਦਾ ਹੈ। ਇਸ ਤਰ੍ਹਾਂ ਜਿਨ੍ਹਾਂ ਔਰਤਾਂ ਦੇ ਚੇਹਰੇ 'ਤੇ ਵਾਲ ਹੁੰਦੇ ਹਨ, ਅਕਸਰ ਉਨ੍ਹਾਂ ਦੀਆਂ ਧੀਆਂ ਦੇ ਚੇਹਰੇ 'ਤੇ ਵੀ ਵਾਲ ਉਗ ਆਉਦੇ ਹਨ। ਵੈਸੇ ਇਸ ਦਾ ਮੁੱਖ ਕਾਰਣ ਹਾਰਮੋਨਜ ਗੜਬੜੀ ਮੰਨਿਆ ਗਿਆ ਹੈ। ਗਰਭ ਅਵਸਥਾ ਦੌਰਾਨ ਜਿਉਂ-ਜਿਉਂ ਚਮੜੀ ਬਣਦੀ ਜਾਂਦੀ ਹੈ, ਤਿਉਂ ਤਿਉਂ ਵਾਲਾ ਦੀ ਉਤਪਤੀ ਵੀ ਹੋ ਜਾਂਦੀ ਹੈ। ਜਨਮ ਪਿਛੋਂ ਵਾਲ ਤੇਜ਼ੀ ਨਾਲ ਵਧਣਾ ਸ਼ੁਰੂ ਕਰ ਦਿੰਦੇ ਹਨ। ਸੁੰਦਰਤਾ ਤੋਂ ਇਲਾਵਾ ਸਰੀਰਕ ਪ੍ਰਣਾਲੀ ਨੂੰ ਸਚਾਰੂ ਰੂਪ ਨਾਲ ਚਲਾਉਣਾ ਲਈ ਸਰੀਰ ਨੂੰ ਵਾਲਾਂ ਦੀ ਬੇਹੱਦ ਲੋੜ ਹੁੰਦੀ ਹੈ। ਤਾਪਮਾਨ ਕੰਟਰੋਲ ਕੰਮ ਸਰੀਰ ਨੇ ਵਾਲਾਂ ਤੇ ਚਮੜੀ ਨੂੰ ਸੌਂਪਿਆ ਹੈ। ਸਾਡੇ ਸਰੀਰ ਦੀ ਚਮੜੀ 'ਚ ਸਿਲਵਟਾਂ ਹੁੰਦੀਆਂ ਹਨ। ਜੇ ਖਿੱਚ ਕੇ ਇਹਨਾਂ ਸਿਲਾਵਟਾਂ ਨੂੰ ਹਟਾਇਆ ਜਾਵੇ ਤਾਂ ਚਮੜੀ ਦਾ ਸਾਈਜ਼ ਦੁਗਣੇ ਤੋਂ ਵੀ ਵੱਧ ਜਾਂਦਾ ਹੈ। ਤਾਪਮਾਨ ਕੰਟਰੋਲ ਦਾ ਕੰਮ ਚਮੜੀ ਤੇ ਵਾਲਾਂ ਰਾਹੀ ਇਸ ਤਰ੍ਹਾਂ ਹੁੰਦਾ ਹੈ। ਸਰੀਰਕ ਤਾਪਮਾਨ ਜੇ ਕਿਸੇ ਕਾਰਨ ਕਰਕੇ ਵਧੇ ਤਾਂ ਚਮੜੀ 'ਚ ਸਥਿਤ ਸਫੇਦ ਗ੍ਰੰਥੀਆਂ ਪਸੀਨਾ ਵੱਧ ਬਣਾਉਣਾ ਸ਼ੁਰੂ ਕਰ ਦਿੰਦੀਆਂ ਹਨ, ਜੋ ਚਮੜੀ ਤੇ ਫੈਲਣਾ ਸ਼ੁਰੂ ਹੋ ਜਾਂਦਾ ਹੈ। ਇਸ ਪਸੀਨੇ ਨਾਲ ਵਾਲ ਵੀ ਗਿੱਲੇ ਹੋਣੇ ਸ਼ੁਰੂ ਹੋ ਜਾਂਦੇ ਹਨ। ਜਿਹਨਾਂ 'ਤੇ ਹਵਾ ਲੱਗਣ ਨਾਲ ਪਸੀਨਾ ਸੁਕਦਾ ਜਾਂਦਾ ਹੈ। ਇਹ ਸਰੀਰਕ ਗਰਮੀ ਬਾਹਰ ਖਿਚਦਾ ਹੈ ਜਿਸ ਨਾਲ ਸਰੀਰਕ ਤਾਪਮਾਨ ਹੇਠਾਂ ਆ ਜਾਂਦਾ ਹੈ। ਜੇ ਤਾਪਮਾਨ ਨਾ ਘਟੇ ਤਾਂ ਸਰੀਰ ਵਧਦੀ ਗਰਮੀ ਨਾਲ ਸੁੱਕਣ ਨਾਲ ਝੁਲਸ-ਝੁਲਸ ਕੇ ਕੇ ਖਤਮ ਵੀ ਹੋ ਸਕਦਾ ਹੈ। ਇਸ ਤਾਪਮਾਨ ਕੰਟਰੋਲ ਲਈ ਸਾਡੇ ਸਰੀਰ 'ਚ ਬਹੁਤ ਹੀ ਸੈਂਸਟਿਵ ਥਰਮੋਸਟੈਟ ਲੱਗੇ ਹੁੰਦੇ ਹਨ ਜੋ ਕਿ ਤਾਪਮਾਨ ਨੂੰ ਇਕ ਨਿਯਮਤ ਹੱਦ ਤੋਂ ਉਪਰ ਹੇਠਾਂ ਨਹੀਂ ਹੋਣ ਦਿੰਦੇ। ਕਿਉਂਕਿ ਵਾਲ ਗਰਮੀ ਤੇ ਬਿਜਲੀ ਦੇ ਸੰਚਾਲਕ ਨਹੀਂ ਹੁੰਦੇ। ਜਿਹਨਾਂ ਬੰਦਿਆਂ ਦੇ ਸਰੀਰ 'ਤੇ ਵਾਲ ਹੁੰਦੇ ਹਨ। ਉਹਨਾਂ ਨੂੰ ਇਹ ਨਾਲ ਗਰਮੀ ਤੇ ਸਰਦੀ ਤੋਂ ਬਚਾਉਦੇਂ ਹਨ। ਭਾਵ ਸਾਡੇ ਸਰੀਰ 'ਤੇ ਵਾਲ ਬਹੁਤ ਵੱਧ ਹੁੰਦੇ ਹਨ, ਜੋ ਕਿ ਸਿਰ ਤੇ ਸਰੀਰ ਨੂੰ ਗਰਮੀ-ਸਰਦੀ ਤੋਂ ਬਚਾਉਦੇ ਹਨ।

ਵਾਲਾਂ ਦਾ ਝੜਣਾ:-

ਦਿਮਾਗ ਤੇ ਸਿਰ ਉੱਪਰ ਉਘੇ ਕੇਸ਼ ਦੀ ਜ਼ਮੀਨ (ਚਮੜੀ) ਤੇ ਉਸ ਉਪਰ ਉੱਗੇ ਵਾਲ ਸਰੀਰ ਦੀ ਦੂਜੀ ਮੰਜ਼ਿਲ 'ਤੇ ਹਨ, ਜਿਸ ਤਰ੍ਹਾਂ ਟੂਟੀ ਦਾ ਪਾਣੀ ਦੂਜੀ ਮੰਜ਼ਿਲ 'ਤੇ ਪਹੁੰਚਣਾ ਮੁਸ਼ਕਿਲ ਹੁੰਦਾ ਹੈ, ਜਦੋਂ ਤੱਕ ਕਿ ਪਾਣੀ ਦਾ ਦਬਾਅ ਨਾ ਵਧਾਇਆ ਜਾਵੇ। ਇਸੇ ਤਰ੍ਹਾ ਸਰੀਰ ਦੀ ਦੂਜੀ ਮਜਿੰਲ ਭਾਵ ਦਿਮਾਗ ਤੇ ਸਰੀਰ ਉਪਰ ਉੱਗੇ ਕੇਸ਼ ਦੀ ਜ਼ਮੀਨ (ਚਮੜੀ) ਤੱਕ ਖੁਰਾਕ ਪਹੁੰਚਾਉਣ ਦਾ ਕੰਮ ਸਾਡਾ ਦਿਲ ਕਰਦਾ ਹੈ। ਜਦੋਂ ਤੱਕ ਦਿਲ ਦਾ ਦਬਾਅ ਦਿਮਾਗ ਵਲੋਂ ਖੂਨ ਭੰਡਾਰ, ਜਿਗਰ, ਹਾਜਮਾ ਤੇ ਦਿਲ ਦੀ ਦੀ ਤਾਕਤ ਨੂੰ ਪੂਰੀ ਤਰ੍ਹਾਂ ਧਿਆਨ 'ਚ ਰਖ ਕੇ ਹੀ ਸਰੀਰ 'ਚ ਵਧਾਇਆ ਜਾ ਸਕਦਾ ਹੈ। ਪਰ ਜੇ ਮਨੁਖ 'ਚ ਖੂਨ ਦੀ ਘਾਟ (ਅਨੀਮੀਆ) ਹੋਵੇ ਭਾਵ ਸਰੀਰ 'ਚ ਖੂਨ ਏਨਾ ਨਾ ਹੋਵੇ ਕਿ ਸਿਰ ਦੀ ਚਮੜੀ ਤੇ ਵਾਲਾਂ ਨੂੰ ਮਿਲੇ ਸਕੇ ਤਾਂ ਵਾਲ ਸੁੱਕ ਕੇ ਝੜ ਜਾਦੇ ਹਨ।

ਬਦਰੰਗ ਵਾਲ –

ਜਦ ਚਮੜੀ 'ਚ ਸਥਿਤ ਪਿਗਮੈਂਟ ਗ੍ਰੰਥੀਆਂ, ਸਫੇਦ ਗ੍ਰੰਥੀਆਂ, ਤੇਲ ਗ੍ਰੰਥੀਆਂ ਤੇ ਮਸਲਸ ਦਾ ਕੰਮ ਖੁਰਾਕ ਨਾ ਮਿਲਣ ਕਰਕੇ ਸੁਸਤ ਹੋ ਜਾਂਦਾ ਹੈ ਤਾਂ ਅਜੇਹੀ ਹਾਲਤ 'ਚ ਪਿਗਮੈਂਟ ਗ੍ਰੰਥੀਆਂ ਰੰਗ ਘੱਟ ਮਾਤਰਾ 'ਚ ਬਣਾਉਦੀਆਂ ਹਨ। ਜਾਂ ਬਣਾਉਣਾ ਬੰਦ ਕਰ ਦਿੰਦੀਆ ਹਨ। ਤਾਂ ਫਿਰ ਜੜ੍ਹਾਂ ਤੋਂ ਪਿਗਮੈਂਟ ਭਰਪੂਰ ਮਾਤਰਾ 'ਚ ਨਾ ਮਿਲਣ ਕਰਕੇ ਵਾਲਾਂ ਦਾ ਰੰਗ ਉਤਰਨ ਲਗਦਾ ਹੈ ਜਿਸ ਕਾਰਣ ਵਾਲ ਭੂਰੇ ਫਿੱਕੇ, ਗੰਦੇ, ਤੇ ਘਸਮੈਲੇ ਰੰਗ ਦੇ ਹੋ ਜਾਂਦੇ ਹਨ ਜੋ ਕਿ ਉਕਤ ਘਾਟ ਪੂਰੀ ਹੋਣ 'ਤੇ ਫਿਰ ਤੋਂ ਆਪਣੇ ਅਸਲੀ ਰੰਗ 'ਚ ਆ ਜਾਦੇ ਹਨ।

ਵਾਲਾ ਦੀ ਸਿਕਰੀ:

ਸਿਰ ਦੀ ਚਮੜੀ 'ਚ ਖੂਨ ਨਾ ਪਹੁੰਚਣ ਕਰਕੇ ਸਭ ਗ੍ਰੰਥੀਆ ਜਿਵੇਂ ਤੇਲ ਉਤਪਾਦਨ ਗ੍ਰੰਥੀ, ਪਸੀਨਾ ਗ੍ਰੰਥੀਆਂ , ਪਿਗਮੈਂਟ ਬਣਾਉਣਾ ਵਾਲੀਆਂ ਗ੍ਰੰਥੀਆਂ ਤੇ ਜੜ੍ਹਾਂ ਨੂੰ ਸਹਾਰਾ ਦੇਣ ਵਾਲੇ ਪੱਠਿਆਂ ਦੀ ਕਾਰਜ ਸ਼ਕਤੀ ਘੱਟ ਜਾਂਦੀ ਹੈ ਜਿਸ ਨਾਲ ਵਾਲਾਂ ਦੀਆਂ ਜੜ੍ਹਾਂ ਤੇ ਚਮੜੀ ਸੁੱਕ ਜਾਂਦੀ ਹੈ। ਜਦ ਇਸ ਸੁੱਕੀ ਹੋਈ ਚਮੜੀ ਨੂੰ ਖੁਰਕਿਆ ਜਾਂਦਾ ਹੈ ਤਾ ਸੁੱਕੀ ਚਮੜੀ ਦੇ ਛੋਟੇ-ਛੋਟੇ ਟੁਕੜੇ ਸਿਰ ਤੋਂ ਨਿਕਲ ਦੇ ਹਨ, ਜੋ ਕਿ ਡੈਂਡਰਫ (ਸਿਕਰੀ) ਫੈਲਾਉਂਦੇ ਹਨ। ਸਿਕਰੀ ਫੈਲਾਉਣ ਦਾ ਕਾਰਣ ਵਾਲਾ 'ਚ ਖੁਰਾਕ ਅਤੇ ਤਾਜੇ ਖੂਨ ਦੀ ਕਮੀ ਹੈ। ਖੁਰਾਕ ਘਟਣ ਨਾਲ ਡਰਮਾ ਦੀ ਮੋਟਾਈ ਘੱਟ ਹੋ ਜਾਂਦੀ ਹੈ ਜਿਸ ਕਾਰਣ ਉਸ 'ਚ ਸਥਿਤ ਵਾਲਾਂ ਦੀਆਂ ਜੜ੍ਹਾਂ ਤੇ ਉਸ ਨਾਲ ਤੇ ਉਸ ਨਾਲ ਸਬੰਧਤ ਗ੍ਰੰਥੀਆਂ ਸੁੱਕ ਕੇ ਛੋਟੀਆਂ ਹੋ ਜਾਂਦੀਆਂ ਹਨ। ਲੰਬੇ ਤੇ ਸੰਘਣੇ ਵਾਲ ਔਰਤਾਂ ਦੀ ਸੁੰਦਰਤਾ ਨੂੰ ਚਾਰ ਚੰਨ ਲਾ ਦਿੰਦੇ ਹਨ। ਵਾਲਾਂ ਦੀ ਲੰਬਾਈ ਨਾ ਵੱਧਣ ਦਾ ਕਾਰਣ ਜਿਵੇਂ ਉੱਪਰ ਦਸਿਆ ਗਿਆ ਹੈ, ਖੁਰਾਕ ਦੀ ਘਾਟ, ਸਬੰਧਿਤ ਗ੍ਰੰਥੀਆਂ ਤੇ ਨਰਵਸ ਦੀ ਸੁਸਤੀ ਤੇ ਸਰਗਰਮੀ 'ਚ ਖੂਨ ਦੀ ਘਾਟ ਆਦਿ ਹਨ। ਜੇ ਇਹ ਸਾਰੇ ਤੱਤ ਪੂਰੀ ਸਰਗਰਮੀ 'ਚ ਹੋਣ ਤਾਂ ਵਾਲ ਬਹੁਤ ਤੇਜ਼ੀ ਨਾਲ ਵਧਦੇ ਹਨ। ਇਕ ਮਹੀਨੇ 'ਚ 3 ਤੋਂ 4 ਸੈਂਟੀਮੀਟਰ ਤੱਕ ਵਲ ਤੱਕ ਵਾਲ ਵਧਾਏ ਜਾ ਸਕਦੇ ਹਨ। ਕਿਸੇ ਵੀ ਬੰਦੇ 'ਚ ਖੁਰਾਕ ਦੀ ਘਾਟ ਕਰਕੇ ਉਸ ਦਾ ਹਰ ਅੰਗ ਕਮਜ਼ੋਰ ਹੋ ਜਾਂਦਾ ਹੈ ਉਸੇ ਤਰ੍ਹਾਂ ਵਾਲ ਵੀ ਕਮਜ਼ੋਰ ਹੋ ਕੇ ਪਤਲੇ ਹੋ ਜਾਂਦੇ ਹਨ। ਵਾਲਾ ਨੂੰ ਫੰਗਸ (ਉਲੀ) ਦੀ ਸਮੱਸਿਆ ਕਿਸੇ ਬੀਮਾਰੀ ਗ੍ਰਸਿਤ ਬੰਦੇ ਦੀ ਕਘੀ ਵਰਤਣ ਨਾਲ ਪੈਦਾ ਹੁੰਦੀ ਹੈ ਇਹ ਇੱਕ ਤਰ੍ਹਾਂ ਦੀ ਇਨਫੈਕਸ਼ਨ ਹੁੰਦੀ ਹੈ। ਉਲੀ ਦੇ ਕਿਰਮੀ ਵਾਲਾਂ 'ਤੇ ਲੰਬਾਈ 'ਚ ਜਾਂ ਕਿਸੇ ਹੋਰ ਥਾਂ 'ਤੇ ਚਿਪਕੇ ਰਹਿੰਦੇ ਹਨ, ਜੋ ਵਾਲਾਂ ਨੂੰ ਉਥੋਂ-ਉਥੋਂ ਕਟਦੇ ਰਹਿੰਦੇ ਹਨ। ਇਸ ਨਾਲ ਵਾਲਾਂ ਦੇ ਟੁਕੜੇ ਵੀ ਆਉਂਦੇ ਹਨ। ਕਈ ਵਾਰ ਤਾ ਜੜ੍ਹ ਦੇ ਨੇੜੇ ਦੀ ਚਮੜੀ ਬਿਲਕੁਲ ਹੀ ਸਾਫ ਹੋ ਜਾਂਦੀ ਜਿਵੇਂ ਕਿਤੇ ਉਥੇ ਕਦੀ ਵਾਲ ਉੱਗੇ ਹੀ ਨਾ ਹੋਣ ਜਿਸ ਨਾਲ ਆਮ ਭਾਸ਼ਾ 'ਚ ਗੰਜਾਪਣ (ਏਲੋਪੇਸ਼ੀਆ) ਕਿਹਾ ਜਾਂਦਾ ਹੈ। ਜਦੋਂ ਚਮੜੀ ਦੀ ਤਹਿ ਦੀ ਮੋਟਾਈ ਪਤਲੀ ਹੋ ਜਾਂਦੀ ਹੈ। ਪਸੀਨਾ, ਪਿਗਮੈਂਟ (ਰੰਗ), ਤੇਲ ਤੇ ਗ੍ਰੰਥ ਫੈਕਟਰ ਆਦਿ ਗ੍ਰੰਥੀਆਂ ਏਮੀਡਰਮਾਂ 'ਚ ਸਥਿਤ ਹੁੰਦੀਆਂ ਹਨ ਜੋ ਕਿ ਖੁਰਾਕ ਭਰਪੂਰ ਮਾਤਰਾ 'ਚ ਨਾ ਮਿਲਣ ਕਰਕੇ ਡਰਮਾ ਦੀ ਪੈਕਿੰਗ ਤੇ ਦੂਸਰੀ ਵੀ ਸੁਕ ਕੇ ਪਤਲੀ ਹੋ ਜਾਦੀ ਹੈ। ਜਿਸ ਕਰਕੇ ਇਹਨਾਂ ਗ੍ਰੰਥੀਆਂ ਦੀ ਲੰਬਾਈ ਵੀ ਸੁੰਘੜ ਜਾਂਦੀ ਹੈ ਅਤੇ ਵਾਲਾਂ ਦੀ ਜੜ੍ਹਾਂ 'ਚ ਜੋ ਤਾਕਤ ਤੇ ਗ੍ਰੋਥ ਫੈਕਟਰ ਹੁੰਦੀ ਹੈ, ਉਸ ਵਿੱਚ ਵੀ ਕਮੀ ਆ ਜਾਂਦੀ ਹੈ। ਸਿਟੇ ਵਜੋਂ ਵਾਲਾਂ ਦਾ ਜੋ ਕਾਰਜ ਹੋਣਾ ਚਾਹੀਦਾ ਸੀ ਉਹ ਪੂਰਾ ਨਹੀਂ ਹੁੰਦਾ ਹੈ। ਲੋਕ ਅਜਕੱਲ ਨੰਗੇ ਸਿਰ ਘੁੰਮਣਾ ਪੰਸਦ ਕਰਦੇ ਹਨ। ਧੂੰਦ ਫੈਕਟਰ ਨਾਲ ਉਡਦੀ ਧੂੜ, ਧੂਆ, ਕਾਰਬਨ ਡਾਈਕਸਾਈਡ, ਕਾਰਬਨ ਮੋਨੋਆਕਸਾਈਡ ਆਦਿ ਵਾਲੀ ਗੰਦਗੀ ਵਾਲਾਂ 'ਤੇ ਜੰਮ ਕੇ ਉਹਨਾਂ ਨੂੰ ਮੋਟਾ ਤੇ ਖੁਰਦਰਾ ਬਣਾ ਦਿੰਦੀ ਹੈ। ਵਾਲਾਂ ਦੀ ਸਫਾਈ ਦੇ ਬੇਹੱਦ ਲੋੜ ਹੁੰਦੀ ਹੈ। ਜਿਸ ਲਈ ਲੋਕ ਸਾਬਣ ਜਾਂ ਸੈਂਪੂ ਦੀ ਵਰਤੋਂ ਕਰਦੇ ਹਨ। ਇਸ 'ਚ ਕੋਈ ਸੱਕ ਨਹੀਂ ਕਿ ਸਾਬਣ ਜਾਂ ਸੈਂਪੂ ਇਸ ਦੀ ਗੰਦਗੀ ਨੂੰ ਪੂਰੀ ਤਰ੍ਹਾਂ ਹਟਾ ਸਕਦੇ ਹਨ। ਪਰ ਨਾਲ ਹੀ ਵਾਲਾਂ ਨੂੰ ਏਨੀ ਸਥਾਈ ਹਾਨੀ ਪਹੁੰਚਾ ਉਦੈ ਹਨ ਕਿ ਜੋ ਜਲਦੀ ਦੂਰ ਨਹੀਂ ਹੋ ਸਕਦੀ ਅਤੇ ਵਾਲਾਂ ਨੂੰ ਵਿਨਾਸ ਦੀ ਹੱਦ ਤੱਕ ਪਹੁੰਚਾ ਦਿੰਦੀ ਹੈ। ਕਿਉਂਕਿ ਸਾਬਣ ਦੋ ਚੀਜ਼ਾ ਦਾ ਮਿਸ਼ਰਣ ਹੈ, ਤੇਲ ਤੇ ਕਾਸਟਿਕ ਸੋਡਾ। ਇਸ ਸਾਬਣ ਨਾਲ ਪੂਰੀ ਸਫਾਈ ਤਾਂ ਹੀ ਹੋ ਸਕਦਾ ਹੈ ਜਦ ਉਸ 'ਚ ਕਾਸਟਿਕ ਸੋਡੇ ਦੀ ਸਿਕਦਾਰ ਵੱਧ ਹੋਵੇ ਪਰ ਇਸ ਕਾਸਟਿਕ ਸੋਡੇ ਦੀ ਥੋੜ੍ਹੀ ਜਿੰਨੀ ਵੀ ਬਹੁਤਾਤ ਹੀ ਵਾਲਾਂ ਦੇ ਨਾਸ਼ ਦਾ ਕਾਰਨ ਬਣ ਜਾਂਦੀ ਹੈ ਭਾਵ ਤੇਲ ਗ੍ਰੰਥੀਆਂ ਵਲੋਂ ਕੱਢਿਆ ਹੋਇਆ ਤੇਲ ਜੋ ਕਿ ਚਮੜੀ 'ਚ ਤੇ ਫੈਲਿਆ ਹੁੰਦਾ ਹੈ ਉਸ ਨੂੰ ਵੀ ਕਾਸਟਿਕ ਸੋਡੇ ਦੇ ਵੱਧ ਮਿਕਦਾਰ ਖਾ ਜਾਂਦੀ ਹੈ ਇਸ ਨੂੰ ਤੁਸੀਂ ਪ੍ਰਤੱਖ ਦੇਖ ਸਕਦੇ ਹੋ। ਜੇ ਵਾਲਾਂ ਨੂੰ ਕਿਸੇ ਕਾਸਟਿਕ ਸੋਡਾ ਯੁਕਤ ਘੋਲ 'ਚ ਡਬੋ ਦਿੱਤਾ ਜਾਵੇ ਤਾਂ ਵਾਲ ਘੁਲ ਕੇ ਖੁਸ਼ਕ ਹੋ ਜਾਣਗੇ। ਵਾਲਾਂ ਨੂੰ ਇਸ ਨੁਕਸਾਨ ਤੋਂ ਬਚਾਉਣ ਲਈ ਵਾਲਾਂ ਨੂੰ ਸਾਬਣ ਤੋਂ ਬਚਾਇਆ ਜਾਵੇ। ਸ਼ੁੱਧ ਆਯੁਰਵੈਦਿਕ (ਹਰਬਲ) ਨੁਕਸੇ ਤੋਂ ਤਿਆਰ ਸ਼ੈਂਪੂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਰੀਠੇ ਸਿਕਾਕਾਈ ਤੋਂ ਤਿਆਰ ਘੋਲ ਵੀ ਵਾਲਾਂ ਨੂੰ ਧੋਣ ਲਈ ਬੇਹਤਰ ਹੋ ਸਕਦਾ ਹੈ। ਕੈਮੀਕਲ ਯੁਕਤ ਸੈਂਪੂ ਭਾਵੇਂ ਉਸ ਤੇ ਲੇਬਲ ਹਰਬਲ ਸੈਂਪੂ ਹੀ ਲਗਾਇਆ ਹੋਵੇ ਹਰਗਿਜ਼ ਨਹੀਂ ਵਰਤਿਆ ਜਾਣਾ ਚਾਹੀਦਾ।



ਡਾ. ਸੁਰਜੀਤ ਸਿੰਘ

# ਪੰਜਾਬੀ ਨੌਜਵਾਨਾਂ ਬਾਰੇ ਫਿਕਰਮੰਦੀ

ਪੰਜਾਬ ਦੇ ਨੌਜਵਾਨ ਵੱਡੀ ਗਿਣਤੀ ਵਿਚ ਵਿਦੇਸ਼ਾਂ ਵਿਚ ਜਾ ਰਹੇ ਹਨ। ਪਿਛਲੇ ਸਾਲ ਦੌਰਾਨ ਨੌਜਵਾਨਾਂ ਦੇ ਪਰਵਾਸ ਬਾਰੇ ਮੌਜੂਦ ਅੰਦਾਜ਼ਿਆਂ ਮੁਤਾਬਿਕ 1 ਲੱਖ ਨੌਜਵਾਨ/ ਵਿਦਿਆਰਥੀ ਵਿਦੇਸ਼ਾਂ ਵਿਚ ਵਿਦਿਆਰਥੀ ਵੀਜ਼ਿਆਂ ਉੱਤੇ ਗਿਆ ਹੈ। ਪ੍ਰਤਿ ਵਿਦਿਆਰਥੀ ਪਹਿਲੀ ਵਾਰ ਔਸਤਨ 16 ਲੱਖ ਰੁਪਏ ਵੀ ਉਨ੍ਹਾਂ ਨਾਲ ਵਿਦੇਸ਼ਾਂ ਵਿਚ ਚਲੇ ਜਾਂਦੇ ਹਨ। ਇਸ ਦਾ ਮਤਲਬ ਇੱਕ ਸਾਲ ਵਿਚ ਹੀ ਪੰਜਾਬ ਦਾ 160 ਹਜ਼ਾਰ ਕਰੋੜ ਰੁਪਿਆ ਇਨ੍ਹਾਂ ਰਾਹੀਂ ਬਾਹਰ ਚਲਾ ਗਿਆ। ਇਸ ਤੋਂ ਪਿਛਲੇ ਸਾਲ ਦਾ ਅਨੁਮਾਨ 70 ਹਜ਼ਾਰ ਕਰੋੜ ਰੁਪਿਆ ਸੀ। ਇਸ ਤੋਂ ਇਲਾਵਾ ਹਰ ਸਾਲ ਪ੍ਰਤਿ ਵਿਦਿਆਰਥੀ ਹੋਰ ਵੀ ਲੱਖਾਂ ਰੁਪਏ ਬਾਹਰ ਜਾਂਦੇ ਹਨ। ਇਸ ਨਾਲ ਪੰਜਾਬ ਦੀ ਬੌਧਿਕਤਾ, ਕਿਰਤ ਸ਼ਕਤੀ ਅਤੇ ਸਰਮਾਏ ਦਾ ਵੱਡੀ ਪੱਧਰ 'ਤੇ ਵਿਦੇਸ਼ਾਂ ਨੂੰ ਨਿਕਾਸ ਹੋ ਰਿਹਾ ਹੈ। ਇਸ ਨਾਲ ਪੰਜਾਬ ਦੇ ਹੋਰ ਬਹੁਤ ਸਾਰੇ ਛੋਟੇ ਵੱਡੇ ਕਾਰੋਬਾਰ ਵੀ ਪ੍ਰਭਾਵਿਤ ਹੋ ਰਹੇ ਹਨ।

ਅਸੀਂ ਇਸ ਵਰਤਾਰੇ ਬਾਰੇ ਅਕਸਰ ਫ਼ਿਕਰ ਕਰਦੇ ਹਾਂ ਪਰ ਇਹ ਸਮਝਣ ਦੀ ਕੋਸ਼ਿਸ਼ ਘੱਟ ਕਰਦੇ ਹਾਂ ਕਿ ਅਜਿਹਾ ਕਿਉਂ ਹੋ ਰਿਹਾ ਹੈ। ਇਸ ਦਾ ਸਿੱਧਾ ਕਾਰਣ ਹੈ ਕਿ ਪੰਜਾਬ ਸਰਕਾਰ ਦੀਆ ਨੀਤੀਆਂ ਨੇ ਪੰਜਾਬ ਵਿਚ 'ਵਧੀਆ ਰੁਜਗਾਰ' ਦੇ ਮੌਕੇ ਲੱਗਭਗ ਖ਼ਤਮ ਕਰ ਦਿੱਤੇ ਗਏ ਹਨ। ਪੰਜਾਬ ਦਾ ਨੌਜਵਾਨ ਪੜ੍ਹ ਲਿਖ ਕੇ ਚੰਗੀ ਉਜਰਤ ਵਾਲੇ ਰੁਜਗਾਰ ਦੇ ਸੁਪਨੇ ਦੇਖਦਾ ਹੈ। ਇਸ ਸਮੇਂ ਪੰਜਾਬ ਦੀਆਂ ਸਾਰੀਆਂ ਸਰਕਾਰੀ/ਅਰਧ ਸਰਕਾਰੀ ਨੌਕਰੀਆਂ ਵਿਚ ਬੰਦੇ ਨੂੰ ਮੂਲ ਤਨਖ਼ਾਹ 'ਤੇ (ਪਹਿਲੇ ਤਿੰਨ ਸਾਲਾਂ ਲਈ ਬਿਨਾ ਕਿਸੇ ਵਾਧੇ ਤੋਂ) ਰੱਖਿਆ ਜਾਂਦਾ ਹੈ। ਇਸ ਦਾ ਮਤਲਬ ਪੰਜਾਬ ਵਿਚ ਡਾਕਟਰ/ ਇੰਜੀਨੀਅਰ/ਪੁਲਿਸ ਅਫ਼ਸਰ/ਅਸਿਸਟੈਂਟ ਪ੍ਰੋਫ਼ੈਸਰ ਅਤੇ ਹੋਰ ਸਾਰੀਆਂ ਪਹਿਲੇ ਦਰਜੇ ਦੀਆਂ ਅਸਾਮੀਆਂ ਉੱਤੇ 15600/ਰੁਪਏ (ਇਸ ਵਿਚੋਂ 1560/-ਰੁਪਏ ਜੀਪੀਐਫ਼. ਦੇ ਕੱਟੇ ਜਾਂਦੇ ਹਨ, ਮਤਲਬ ਅਸਲ ਤਨਖ਼ਾਹ 14540/- ਹੀ ਹੈ।) ਮਹੀਨਾਵਾਰ ਤਨਖ਼ਤਹ ਦਿੱਤੀ ਜਾਂਦੀ ਹੈ। ਕੀ ਵੱਡੀਆਂ ਵੱਡੀਆਂ ਡਿਗਰੀਆਂ ਕਰਨ, ਮੁਕਾਬਲੇ ਦੇ ਇਮਤਿਹਾਨ ਪਾਸ ਕਰਨ ਅਤੇ ਕੋਰਸਾਂ ਉੱਤੇ ਲੱਖਾਂ ਰੁਪਏ ਖ਼ਰਚ ਕਰਨ ਉਪਰੰਤ ਸਾਡੇ ਮਿਹਨਤੀ ਅਤੇ ਪੜ੍ਹੇ ਲਿਖੇ ਨੌਜਵਾਨ ਇਹੀ ਹੱਕ ਰੱਖਦੇ ਹਨ? ਇਹ ਵੀ ਜਾਣ ਲਿਆ ਜਾਵੇ ਕਿ ਤਨਖ਼ਾਹ ਦਾ ਇਹ ਸਿਸਟਮ ਪੰਜਾਬ ਤੋਂ ਬਾਹਰ ਕਿਸੇ ਵੀ ਸੂਬੇ ਵਿਚ ਨਹੀਂ ਹੈ। ਬਾਕੀ ਸਭ ਰਾਜਾਂ ਵਿਚ ਇਨ੍ਹਾਂ ਨੌਕਰੀਆਂ ਉੱਤੇ ਮੁੱਢ ਵਿਚ ਹੀ 50 ਤੋਂ 60 ਹਜ਼ਾਰ ਮਹੀਨਾਵਾਰ ਤਨਖ਼ਾਹ ਦਿੱਤੀ ਜਾਂਦੀ ਹੈ। ਇਸ ਹਾਲਤ ਵਿਚ ਪੰਜਾਬ ਦਾ ਨੌਜਵਾਨ ਕਿੱਥੇ ਜਾਵੇ? ਇਸ ਸਭ ਦੇ ਚੱਲਦਿਆਂ ਇਹ ਵੀ ਹੋਣਾ ਹੈ ਕਿ ਜਿਹੜੇ ਬਾਹਰ ਨਹੀਂ ਜਾ ਸਕਦੇ ਪਰ ਉਂਝ ਲਾਇਕ ਅਤੇ ਸਮਰੱਥ ਹਨ, ਉਹ ਭਾਰਤ ਦੇ ਹੋਰ ਸੂਬਿਆਂ ਵਿਚ ਜਾਣ ਲਈ ਮਜਬੂਰ ਹੋਣ ਗੇ ਅਤੇ ਪੰਜਾਬ ਦਾ ਬੌਧਿਕ ਅਤੇ ਵਿੱਤੀ ਦਿਵਾਲਾ ਨਿੱਕਲ ਜਾਵੇਗਾ।

ਇਹ ਪੰਜਾਬ ਦੇ ਲੋਕਾਂ ਨਾਲ ਸਰਾਸਰ ਧੋਖਾ ਹੈ। ਇਹ ਪੰਜਾਬ ਨੂੰ ਬਰਬਾਦ ਕਰਨ ਅਤੇ ਦਰ ਦਰ ਦਾ ਭਿਖਾਰੀ ਬਣਾਉਣ ਦੀ ਸਾਜਿਸ਼ ਹੈ। ਇਹ ਸਬੂਤ ਹੈ ਇਸ ਗੱਲ ਦਾ ਕਿ ਪੰਜਾਬ ਦੀ ਰਾਜਨੀਤੀ ਵਿਚ ਭਾਈਵਾਲ ਧਿਰਾਂ ਪੰਜਾਬ ਅਤੇ ਪੰਜਾਬੀਆਂ ਦੀਆਂ ਕੁੱਝ ਨਹੀਂ ਲੱਗਦੀਆ ਕਿਉਂਕਿ ਇਨ੍ਹਾਂ ਮਸਲਿਆਂ ਬਾਰੇ ਇਨ੍ਹਾਂ ਦੀ ਪਹੁੰਚ/ਨੀਤੀ ਵਿਚ ਏਕਤਾ ਹੈ।

ਇਸ ਰਾਹੀਂ ਪੰਜਾਬ ਵਿਚ ਨਿੱਜੀ (ਪ੍ਰਾਈਵੇਟ) ਕਾਲਜ/ਯੂਨੀਵਰਸਿਟੀਆਂ, ਹਸਪਤਾਲ, ਅਤੇ ਹੋਰ ਕੰਪਨੀਆਂ ਚਲਾ ਰਹੇ ਵਪਾਰੀਆਂ/ਧਨਾਡਾਂ ਨੂੰ ਕਰੋੜਾਂ ਰੁਪਏ ਦਾ ਮੁਨਾਫ਼ਾ ਦਿੱਤਾ ਜਾ ਰਿਹਾ ਹੈ। ਇਹ ਉਨ੍ਹਾਂ ਦੀ ਸਹੂਲਤ ਲਈ ਹੀ ਕੀਤਾ ਗਿਆ ਹੈ ਕਿ ਉਨ੍ਹਾਂ ਨੂੰ ਸਰਕਾਰੀ ਪ੍ਰਵਾਣਿਤ ਸਕੇਲਾਂ ਉੱਤੇ ਕਰਮਚਾਰੀ/ਅਧਿਕਾਰੀ ਨਾ ਰੱਖਣੇ ਪੈਣ। ਇਸ ਲਈ ਇਹ ਸਭ ਪੰਜਾਬ ਦੇ ਲੋਕਾਂ ਦੀ ਹੋਣੀ ਨੂੰ ਵੇਚ ਵੱਟ ਕੇ ਆਪਣੇ ਘਰ ਭਰਨ ਦੀ ਯੋਜਨਾਬੰਦੀ ਹੈ।

ਕੀ ਅਸੀਂ ਚਰਚਾ-ਕਚੀਰਾ ਕਰਕੇ, ਰੋ ਧੋ ਕੇ, ਇਵੇਂ ਹੀ ਹੱਥ 'ਤੇ ਹੱਥ ਧਰ ਕੇ ਬੈਠੈ ਰਹਾਂਗੇ ਕਿ ਕੋਈ ਅਜਿਹੀ ਲਹਿਰ ਖੜ੍ਹੀ ਕਰਨ ਦੀ ਚਾਰਾਜੋਈ ਕਰਾਂਗੇ ਕਿ ਪੰਜਾਬ ਦਾ ਨੌਜਵਾਨ ਪੰਜਾਬ ਵਿਚ ਹੀ ਮਾਣਮੱਤੀ ਅਤੇ ਭਰੀਪੂਰੀ ਜ਼ਿੰਦਗੀ ਜਿਉਂ ਸਕੇ ਅਤੇ ਪੰਜਾਬ ਨੂੰ ਹਰ ਪੱਖੋਂ ਕੰਗਾਲ ਹੋਣ ਤੋਂ ਬਚਾਇਆ ਜਾ ਸਕੇ?

ਸੰਵੇਦਨਸ਼ੀਲ ਅਤੇ ਵੱਡੇ ਸੁਪਨੇ ਦੇਖਣ ਵਾਲੇ ਪੰਜਾਬੀਓ! ਅਸੀਂ ਹੋਰ ਬਹੁਤ ਸਾਰੇ ਮਸਲਿਆਂ ਉੱਤੇ ਗਰਮੀ/ ਸਰਗਰਮੀ ਦਿਖਾਉਂਦੇ ਹਾਂ। ਕੀ ਅਸੀਂ ਪੰਜਾਬ ਅਤੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਲਈ ਕੋਈ ਪਹਿਲਕਦਮੀ ਨਹੀਂ ਕਰ ਸਕਦੇ।

SHAHEED BHAGAT SINGH BOOK CENTRE
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220

Best Mobile Signs
All kinds of mobile sign board
best mobile sign
call for yours
Kamal Sidhu
403-966-7167
bestmobilesigns@gmail.com

PUNJABI SWEETS House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

Commitment to Excellent Services
Punjab Insurance Inc
Punjab Insurance Inc
Your Insurance Advisor
Super Visa Insurance
Disability Insurance | Life Insurance | Critical Illness Insurance | Mortgage Insurance Segregated Funds | RRSP & TFSA | RESP |
Email : dharbans@hotmail.com www.numberoneinsurance.ca
Harbans Singh
416-817-7142

# ਤਸਵੀਰਾਂ ਬੋਲਦੀਆਂ

## (ਕਿਸ਼ਤ-ਅੱਠਵੀਂ)

ਅਦਾਰਾ 'ਸਰੋਕਾਰਾਂ ਦੀ ਆਵਾਜ਼' ਵਲੋਂ ਸ਼ੁਰੂ ਕੀਤੇ ਇਸ ਕਾਲਮ ਨੇ ਪਾਠਕਾਂ ਦੇ ਅੰਦਰਲੇ ਕਵੀ ਨੂੰ ਹਲੂਣਿਆ ਹੈ। ਇਸ ਕਾਲਮ ਵਿੱਚ ਪਿਛਲੇ ਅੰਕ ਦੀ ਤਸਵੀਰ ਅਤੇ ਪਾਠਕਾਂ ਦੁਆਰਾ ਭੇਜੇ ਕੈਪਸ਼ਨ ਛਾਪ ਰਹੇ ਹਾਂ। ਅਗਸਤ ਅੰਕ ਲਈ ਤਸਵੀਰ ਛਾਪ ਰਹੇ ਹਾਂ। ਪਾਠਕਾਂ ਦੀ ਸਹੂਲਤ ਲਈ ਇਸ ਤਸਵੀਰ ਬਾਰੇ ਕੁਝ ਸਤਰਾਂ ਵੀ ਛਾਪ ਰਹੇ ਹਾਂ। ਇਸ ਤਸਵੀਰ ਲਈ ਸਤਰਾਂ 20 ਅਗਸਤ ਤੱਕ ppapmg@gmail.com ਜਾਂ sukhviryyc@gmail.com 'ਤੇ ਭੇਜੀਆਂ ਜਾ ਸਕਦੀਆਂ ਹਨ।



ਤਜ਼ਰਬਿਆਂ ਦੀ ਜ਼ਿੰਦਗੀ ਹੰਢਾ ਲਈ ਬਥੇਰੀ। ਇਸੇ ਲਈ ਨਵੀਂ ਪੀੜ੍ਹੀ ਨੂੰ ਦੇਵਾਂ ਹੱਲਾ ਸ਼ੇਰੀ।

**ਪਿਛਲੇ ਅੰਕ ਦੇ ਹੁੰਗਾਰੇ:**

### ਕੈਪਸ਼ਨ ਮੁਕਾਬਲਾ-7



1. ਇਕ ਰੁੱਖ ਉਹਨਾਂ ਕੱਟਿਆ,
ਫਿਰ ਬਹਿ ਗਏ ਮੇਰੀ ਛਾਂ।
ਜਦ ਜੰਮਿਆ ਸੀ ਤੂੰ ਸੋਹਣਿਆ,
ਦਰ ਪੱਤੇ ਬੰਨੇ ਸੀ ਤੇਰੀ ਮਾਂ।
ਅੱਜ ਆਪਣਾ ਘਰ ਵਸਾਉਣ ਲਈ,
ਕਸਾਈਆ! ਵੱਢ ਦਿੱਤੀ ਮੇਰੀ ਮਾਂ।
ਸਾਡੇ ਜਿਸਮਾਂ ਨੂੰ ਵੇਚ- ਵੇਚ ਕੇ,
ਕੋਠੀ ਕਰ ਲਈ ਹੋਰ ਉਤਾਂਹ।
ਸਾਡੇ ਪੰਛੀ ਰੋਂਦੇ ਤੇ ਕੁਰਲਾਵਾਂਦੇ,
ਨਾ ਕੋਈ ਫੜ੍ਹੇ ਇਹਨਾਂ ਦੀ ਬਾਂਹ।
ਤੜਫ਼ ਮਰੇਂਗਾ , ਬਿਨ ਸ਼ੁੱਧ ਹਵਾ ਦੇ,
ਜਦ ਮੈਂ ਮੁੱਕ ਗਿਆ ਸ਼ਹਿਰ ,ਗਰਾਂ।

-ਮਾ: ਸੁਰਿੰਦਰ ਸਿੰਘ 'ਡਾਬਾ'
-9478296778

2. ਇਹ ਰੁੱਖ ਕੁਝ ਕਹਿਣਾ ਚਾਹੁੰਦੇ ਨੇ।
ਕਦੇ ਹੱਸਦੇ ਨੇ ਤੇ ਕਦੇ ਗਾਉਣਾ ਚਾਹੁੰਦੇ ਨੇ।
ਖੁਸ਼ੀ ਵਿੱਚ ਝੂਮਦੇ ਤੇ ਮੁਸਕਰਾਉਂਦੇ ਨੇ।
ਸਾਨੂੰ ਕਰਕੇ ਠੰਢੀਆਂ ਛਾਵਾਂ,
ਆਪ ਕੜਕ ਧੁੱਪਾਂ ਵੀ ਹੰਢਾਉਂਦੇ ਨੇ।
ਜਦੋਂ ਚਲਦੀ ਸੀਨੇ ਤੇ ਆਰੀ ਆ,
ਨੈਣੋਂ ਨੀਰ ਵੀ ਵਹਾਉਂਦੇ ਨੇ।
ਚੰਦ ਸਿੱਕਿਆਂ ਦੀ ਖਾਤਿਰ,
ਲੋਕੀ ਸਾਨੂੰ ਮਾਰ ਮੁਕਾਉਂਦੇ ਨੇ।
ਆਪਣਾ ਆਪ ਕਟਾ ਕੇ ਵੀ,
ਘਰਾਂ ਦੀ ਸ਼ਾਨ ਵਧਾਉਂਦੇ ਨੇ।
ਇੱਕ ਖੂੰਜੇ ਵਿੱਚ ਪਏ ਇਹ ਰੁੱਖ ,
ਸਾਨੂੰ ਕੁਝ ਕਹਿਣਾ ਚਾਹੁੰਦੇ ਨੇ।

-ਰੁਪਿੰਦਰਪਾਲ ਪੰਧੇਰ
ਕੈਲਗਰੀ (ਕੈਨੇਡਾ)

3. ਕੱਲਾ-ਕੱਲਾ ਰੁੱਖ ਵੱਢ ਕੇ,
ਜਿਹਨਾਂ ਭਰ ਲਈ ਲਾਸ਼ਾਂ ਦੀ ਟਰਾਲੀ।
ਇਹ ਕੌਣ ਨੇ ਰੁੱਖਾਂ ਦੇ ਕਾਤਿਲ
ਜਿਹੜੇ ਕਰ ਚੱਲੇ ਬਾਗ ਨੂੰ ਖਾਲੀ।

-ਗੁਰਪ੍ਰੀਤ ਸੇਖੋਂ
ਸਰੀ (ਬ੍ਰਿਟਿਸ਼ ਕੋਲੰਬੀਆ)

# ਕਾਮੇਡੀ ਨਾਟਕ 'ਨੀਮ-ਹਕੀਮ' ਦੀ ਪੇਸ਼ਕਾਰੀ 9 ਸਤੰਬਰ ਨੂੰ

ਟੋਰਾਂਟੋ : ਕੈਨੇਡਾ ਵਿੱਚ ਲੰਬੇ ਸਮੇਂ ਤੋਂ ਰੰਗਮੰਚ ਸਰਗਰਮੀਆਂ ਕਰ ਰਹੀ ਸੰਸਥਾ ਹੈਰੀਟੇਜ਼ ਆਰਟਸ ਐਂਡ ਥੀਏਟਰ ਸੋਸਾਇਟੀ ਆਫ਼ ਯੂਨਾਈਟਡ ਪ੍ਰੋਡਕਸ਼ਨਜ਼ (ਹੈਟਸ-ਅੱਪ) ਵੱਲੋਂ ਪੰਜਾਬੀ ਕਾਮੇਡੀ ਨਾਟਕ ਨੀਮ-ਹਕੀਮ ਦੀ ਪੇਸ਼ਕਾਰੀ 9 ਸਤੰਬਰ ਨੂੰ ਕੀਤੀ ਜਾਵੇਗੀ। ਹੈਟਸ-ਅੱਪ ਦੁਆਰਾ ਮਿਲੀ ਜਾਣਕਾਰੀ ਅਨੁਸਾਰ ਡਾ ਹੀਰਾ ਰੰਧਾਵਾ ਦੁਆਰਾ ਲਿਖੇ ਤੇ ਨਿਰਦੇਸ਼ਿਤ ਉਕਤ ਨਾਟਕ ਨਿਰਧਾਰਿਤ ਮਿਤੀ 9 ਸਤੰਬਰ 2018, ਦਿਨ ਐਤਵਾਰ ਨੂੰ ਸ਼ਾਮ ਦੇ 5 ਵਜੇ ਬਰੈਂਪਟਨ ਦੇ ਰੋਜ਼ ਥੀਏਟਰ ਵਿੱਚ ਪੇਸ਼ ਕੀਤਾ ਜਾਵੇਗਾ। ਨਿਰਦੇਸ਼ਕ ਨੇ ਦੱਸਿਆ ਕਿ ਉਕਤ ਨਾਟਕ ਦਰਸ਼ਕਾਂ ਨੂੰ ਹਸਾ ਹਸਾ ਕੇ ਉਹਨਾਂ ਦੇ ਢਿਡੀਂ ਪੀੜਾਂ ਪਾਉਣ ਦੇ ਸਮਰੱਥ ਹੋਣ ਕਰਕੇ ਦਰਸ਼ਕਾਂ ਦਾ ਭਰਪੂਰ ਮੰਨੋਰੰਜਨ ਕਰੇਗਾ। ਇਸ ਨਾਟਕ ਪੇਸ਼ਕਾਰੀ ਵਿੱਚ ਟੋਰਾਂਟੋ ਖ਼ੇਤਰ ਦੇ ਜਾਣੇ ਪਛਾਣੇ



ਰੰਗਕਰਮੀ ਸ਼ਿੰਗਾਰਾ ਸਮਰਾ, ਪਰਮਜੀਤ ਦਿਓਲ, ਅੰਤਰਪ੍ਰੀਤ ਧਾਲੀਵਾਲ, ਤਰੁਣ ਵਾਲੀਆ, ਜੋਅ ਸੰਘੇੜਾ, ਕਰਮਜੋਤ ਦਿਓਗਣ, ਰਿੰਟੂ ਭਾਟੀਆ, ਮਨਪ੍ਰੀਤ ਦਿਓਲ, ਰਾਬੀਆ ਰੰਧਾਵਾ, ਡੇਵਿਡ ਸੰਧੂ, ਕਰਮਜੀਤ ਗਿੱਲ, ਆਦਿ ਕੰਮ ਕਰ ਰਹੇ ਹਨ ਅਤੇ ਨਾਟਕ ਦਾ ਸੰਗੀਤ ਹਰਿੰਦਰ ਸੋਹਲ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ। ਇਸ ਨਾਟਕ ਨੂੰ ਸਪਾਂਸਰ ਕਰਨ ਜਾਂ ਟਿਕਟਾਂ ਸਮੇਤ ਵਧੇਰੇ ਜਾਣਕਾਰੀ ਲਈ 416-319-0551 ਤੇ ਫੋਨ ਕੀਤਾ ਜਾ ਸਕਦਾ ਹੈ।


MAXVALUE REALTY LTD
To Sell and Buy Real Estate is a
Big Decision to Make
It is important to have
Knowledgeable Experienced Professional
Real Estate Associate on your side call
Call Dan Sidhu
Real Estate Broker
With 20 Years Experinced
e-mail:dansidhu@gmail.com
403-560-6300

Punjab Insurance Inc.
Call For Free Quote...
Super-Visa Insurance
For best service and expert advice
• Visitor Visa/Travel insurance
• Life and Mortgage Insurance
• Disability Insurance
• Critical illness Insurance
• RESP (education plan), RRSP
• Medical & Dental plans
Hardeep Atwal
Insurance Advisor
416-209-6363
e-mail: weprotecturfamily@gmail.com


HomeLife Silver City
Realty Inc., Brokerage
EACH OFFICE ENDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
New / Experienced Real Estate Sales Representative / Brokers
Office: 905-913-8500
11775 Bramalea Rd # 201, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
HARJINDER DHILLON
Manager/Broker
AJIT GARCHA
BROKER / PRESIDENT
www.homelifesilvercityteam.com
"All agents are Salespersons/Brokers/Unless otherwise stated. Not intended to solicit salespersons/brokers under contract. Some conditions apply."

# ਕੈਲਗਰੀ ਦੇ ਛੇਵੇਂ ਪੁਸਤਕ ਮੇਲੇ ਨੂੰ ਭਰਵਾਂ ਹੁੰਗਾਰਾ

## ਨਵੇਂ ਪਾਠਕ ਕਿਤਾਬ ਲਹਿਰ ਨਾਲ਼ ਜੁੜੇ



ਕੈਲਗਰੀ:ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਛੇਵਾਂ ਪੁਸਤਕ ਮੇਲਾ ਕੈਲਗਰੀ ਦੇ ਗਰੀਨ ਪਲਾਜ਼ਾ (ਭੁੱਲਰ ਪਲਾਜ਼ਾ) ਵਿੱਚ ਲਗਾਇਆ ਗਿਆ। ਬੈਲ ਕੁਨੈਕਸ਼ਨ, ਢਿਲੋਂ ਫੈਸ਼ਨਜ਼ ਅਤੇ ਲਵਲੀ ਸਵੀਟਜ਼ ਦੇ ਵਰਾਂਡੇ ਵਿੱਚ ਲਗਾਏ ਦੋ ਰੋਜ਼ਾ ਇਸ ਮੇਲੇ ਦੀ ਇਸ ਵਾਰ ਖਾਸੀਅਤ ਇਹ ਰਹੀ ਕਿ ਕਈ ਨੌਜਵਾਨ ਪਾਠਕ ਇਸ ਕਿਤਾਨ ਲਹਿਰ ਨਾਲ਼ ਜੁੜ ਗਏ। ਪੁਸਤਕ ਮੇਲੇ ਦਾ ਉਦਘਾਟਨ ਉਘੇ ਪਾਕਿਸਤਾਨੀ ਕਵੀ ਬਾਬਾ ਨਜਮੀ ਨੇ ਕੀਤਾ। ਉਹਨਾਂ ਪੁਸਤਕ ਸਭਿਆਚਾਰ ਪੈਦਾ ਕਰਨ ਲਈ ਕੀਤੇ ਜਾ ਰਹੇ ਹੰਭਲ਼ੇ ਦੀ ਭਰਵੀਂ ਤਾਰੀਫ ਕੀਤੀ। ਮੇਲੇ ਦੇ ਸੰਚਾਲਕ ਮਾਸਟਰ ਭਜਨ ਨੇ ਦੱਸਿਆ ਕਿ ਪੰਜ ਸਾਲ ਪਹਿਲਾਂ ਸ਼ੁਰੂ ਕੀਤੀ ਕਿਤਾਬ ਲਹਿਰ ਵਿੱਚ ਵਿਕਰੀ ਵੱਧਣ ਦਾ ਮਤਲਬ ਹੈ ਕਿ ਲੋਕ ਚੰਗਾ ਤੇ ਉਸਾਰੂ ਸਾਹਿਤ ਪੜਨਾ ਚਾਹੁੰਦੇ ਹਨ। ਇਸ ਪੁਸਤਕ ਮੇਲੇ ਵਿੱਚ ਤਰਕਸ਼ੀਲ, ਧਾਰਮਿਕ ਅਤੇ ਆਮ ਕਿਤਾਬਾਂ ਰੱਖੀਆਂ ਗਈਆਂ ਸਨ। ਦੋਵੇਂ ਦਿਨ ਸਾਹਿਤ ਪ੍ਰੇਮੀਆਂ ਨੇ ਪੁੱਜ ਕੇ ਕਿਤਾਬਾਂ ਖਰੀਦੀਆਂ। ਇਸ ਮੌਕੇ ਹਰੀਪਾਲ, ਲ਼ਿਖਾਰੀ ਸਭਾ ਦੇ ਪ੍ਰਧਾਨ ਬਲਜਿੰਦਰ ਸੰਘਾ, ਕਮਲਜੀਤ ਪੰਧੇਰ, ਰਿਸ਼ੀ ਨਾਗਰ, ਕਮਲਜੀਤ ਗਰੇਵਾਲ, ਸੁਖਵਿੰਦਰ ਤੂਰ, ਅਹਿਜ਼ਦ ਬੁਖਾਰੀ, ਡਾ. ਅਹਿਮਦ ਖਾਨ, ਜੁਨੈਦ, ਗੋਪਾਲ ਜੱਸਲ, ਰਣਜੀਤ ਲਾਡੀਅਗਲਾ ਪੁਸਤਕ ਮੇਲਾ ਸਤੰਬਰ ਦੇ ਮਹੀਨੇ ਲਗਾਇਆ ਜਾਵੇਗਾ।


ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.)
ਵਲੋਂ
9ਵਾਂ ਸਲਾਨਾ ਨਾਟਕ ਸਮਾਗਮ 29 ਸਤੰਬਰ 2018
ਦਿਨ ਸ਼ਨੀਵਾਰ ਨੂੰ ਦੁਪਹਿਰ 1 ਵਜੇ, ਸੇਂਟ ਕਾਲਜ ਦੇ ਆਰਫੀਅਸ ਥੀਏਟਰ ਵਿਚ ਹੋਵੇਗਾ
ਸੋਹਨ ਮਾਨ ਯਾਦਗਾਰੀ ਐਵਾਰਡ ਦੇਣ ਦਾ ਐਲਾਨ
ਹਰਕੇਸ਼ ਚੌਧਰੀ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਨਿਰਦੇਸ਼ਨਾ ਹੇਠ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਵਲੋਂ ਦੋ ਨਾਟਕ, ਬੱਚਿਆਂ ਦੀ ਕੋਰੀਓਗਰਾਫ਼ੀ, ਐਕਸ਼ਨ ਗੀਤ ਅਤੇ ਉਸਾਰੂ ਲੋਕ ਬੋਲੀਆਂ ਤੇ ਔਰਤਾਂ ਦੀ ਟੀਮ ਵਲੋਂ ਗਿੱਧਾ ਵਿਸ਼ੇਸ਼ ਖਿਚ ਦਾ ਕੇਂਦਰ ਹੋਵੇਗਾ।
ਨੋਟ : ਨਾਟਕ ਵਿਚ ਭਾਗ ਲੈਣ ਲਈ ਸੰਪਰਕ :
ਕਮਲਪ੍ਰੀਤ ਪੰਧੇਰ ਫੋਨ : 403-479-4220
ਹੋਰ ਜਾਣਕਾਰੀ ਲਈ ਸੰਪਰਕ:
ਮਾਸਟਰ ਭਜਨ: 403-455-4220

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

B & B AUTO REPAIRS
All Makes & Models
Complete Mechanical Service & Tires Tune-Ups, Breaks, Oil Changes, Etc.
WE ALWAYS STOCK ENGINES, TRANSMISSIONS & REAR AXLES
LUCKY
KULDIP
OPEN 7 DAYS A WEEK (9am)
46 Racine Road, Etobicoke, ON M9W 2Z3
Tel 416-745-7745 • 416-745-4000

SHAAN CONSTRUCTION LTD.
25+ years of experience
Call for a Free Estimate
MALKIT SWAICH
778.889.9526
• General Contracting
• Quality Custom Homes
• Quality Framing
• 2-5-10 Year Warranty
2-5-10 Year Warranty

WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
• Pre-Engineered Roof and Floor Trusses
• Metal Web Floor Trusses
• Custom Heavy Timber Trusses and Timber Framing Kits
• Curved Roof and Ceiling Trusses
• Curved Timber and Laminated Joists
• Curved Fascias and Trims
• Pre-Fab Barreled and Double Barreled Vaulted Ceilings
• Pre-Fab Dome and Elliptical Ceilings
• Structural Engineering and Inspection Services (BC, Alberta & Saskatchewan)
10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194

FIVE STAR INSURANCE
Save up to 51%
• Auto • Home
• Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555